# ਜਾਂਬਾਜ਼ ਰਾਖਾ

## (ਸੰਤ ਜਰਨੈਲ ਸਿੰਘ ਭਿੰਡਰਾਂਵਾਲਾ)




ਲੇਖਕ:

ਏ. ਆਰ. ਦਰਸ਼ੀ

ਪੰਜਾਬੀ ਅਨੁਵਾਦ : ਪ੍ਰੋ: ਕੁਲਬੀਰ ਸਿੰਘ

ਲੇਖਕ



ਏ. ਆਰ. ਦਰਸ਼ੀ

ਸ੍ਰੀ ਏ. ਆਰ. ਦਰਸ਼ੀ, ਸਾਬਕਾ ਪੀ.ਸੀ.ਐੱਸ. ਅਫ਼ਸਰ ਰਹੇ ਹਨ ਅਤੇ ਉਹ ਪੰਜਾਬ ਸਰਕਾਰ ਦੇ ਜਾਇੰਟ-ਸਕੱਤਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ। ਪ੍ਰਸ਼ਾਸਨ ਵਿੱਚ ਅਹਿਮ ਅਹੁਦਿਆਂ 'ਤੇ ਰਹਿੰਦਿਆਂ ਉਨ੍ਹਾਂ ਸਰਕਾਰ ਦੇ ਕਾਰਜ-ਢੰਗ ਅਤੇ ਕੂਟਨੀਤੀਆਂ ਨੂੰ ਬੜਾ ਨੇੜਿਓਂ ਤੱਕਿਆ ਹੈ। ਇਸ ਦੇ ਸਿੱਟੇ ਵਜੋਂ ਹੀ ਉਨ੍ਹਾਂ ਨੇ ਹੱਥਲੀ ਪੁਸਤਕ ਦੇ ਰੂਪ ਵਿੱਚ ਪੰਜਾਬ ਦੇ ਇਕ ਅਹਿਮ ਵਰਤਾਰੇ ਦੇ ਪੂਰੇ ਘਟਨਾਕ੍ਰਮ ਦੇ ਸੱਚ ਦਾ ਇਤਿਹਾਸਕ ਦਸਤਾਵੇਜ਼ ਪਾਠਕਾਂ ਦੇ ਰੂਬਰੂ ਕੀਤਾ ਹੈ। ਆਪਣੀ ਇਸ ਵੱਡਮੁੱਲੀ ਕਿਰਤ ਦੇ ਰੂਪ ਵਿੱਚ ਕੀਤੀ ਗਈ ਇਤਿਹਾਸਕ ਸੇਵਾ ਲਈ ਉਹ ਸਿੱਖ ਕੌਮ ਵੱਲੋਂ ਵਧਾਈ ਦੇ ਹੱਕਦਾਰ ਹਨ। ਜਲਦੀ ਹੀ ਉਨ੍ਹਾਂ ਦੀ ਇਕ ਹੋਰ ਪੁਸਤਕ *'The Lost Glory of Shudras'* (ਸ਼ੂਦਰਾਂ ਦੀ ਖੁੱਸੀ ਹੋਈ ਸ਼ਾਨ) ਪ੍ਰਕਾਸ਼ਤ ਹੋ ਕੇ ਪਾਠਕ ਜਗਤ ਤੱਕ ਪਹੁੰਚ ਰਹੀ ਹੈ। ਉਮੀਦ ਹੈ ਕਿ ਇਹ ਪੁਸਤਕ ਵੀ ਹੱਥਲੀ ਪੁਸਤਕ ਦੀ ਤਰ੍ਹਾਂ ਅਨੇਕਾਂ ਪ੍ਰਚਲਤ ਮਿੱਥਾਂ ਨੂੰ ਤੋੜੇਗੀ ਅਤੇ ਇਤਿਹਾਸ ਦੀਆਂ ਅਦਿੱਖ ਪਰਤਾਂ 'ਚੋਂ ਕਈ ਨਵੇਂ ਸੱਚ ਦ੍ਰਿਸ਼ਟੀ ਗੋਚਰ ਕਰੇਗੀ।

# ਜਾਂਬਾਜ਼ ਗਾਥਾ

(ਸੰਤ ਜਰਨੈਲ ਸਿੰਘ ਭਿੰਡਰਾਂਵਾਲਾ)

ਲੇਖਕ-

ਏ. ਆਰ. ਦਰਸ਼ੀ

(ਅਨੁਵਾਦਕ- ਪ੍ਰੋ. ਕੁਲਬੀਰ ਸਿੰਘ)

ਪ੍ਰਕਾਸ਼ਕ

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

JAANBAAZ RAAKHA (The Gallant Defander)
By A. R. Darshi, PCS (Retd.)
Punjabi translation by Prof. Kulbir Singh

© ਪ੍ਰਕਾਸ਼ਕ

ISBN : 81-7601-451-6

ਤੇਰ੍ਹਵੀਂ ਐਡੀਸ਼ਨ ਦਸੰਬਰ 2008 (1000)

ਚੌਦ੍ਹਵੀਂ ਐਡੀਸ਼ਨ ਅਪ੍ਰੈਲ 2009 (1000)

ਮੁੱਲ : 120/-

*Author* :
**A. R. Darshi** PCS (Retd.)
M.A. (Political Science) M.A. (Psychology) B.T.
B-XX-2939, Gurdev Nagar,
Civil Lines, Ludhiana-141 001, Punjab (India)
Ph. : 0161-2401424, 2424762

ਪ੍ਰਕਾਸ਼ਕ:

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ/ਫੈਕਸ : (0183) 2542346, 2547974, 2557973

E-mail : cjgroup77@yahoo.com, csjsexports@vsnl.com
: csjssales@hotmail.com

Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ।

ਫੋਨ : 2705003, 5095774

Printed in India

# ਸਮਰਪਣ

ਖ਼ਾਲਸੇ ਦੀ ਸਿਰਜਣਾ ਦੀ ਤ੍ਰੈ-ਸ਼ਤਾਬਦੀ
ਮੌਕੇ, ਸਿੱਖ-ਸਿਧਾਂਤਾਂ ਅਤੇ ਖ਼ਾਲਸਾਈ
ਪਰੰਪਰਾਵਾਂ ਦੀ ਰੱਖਿਆ ਕਰਦੇ ਹੋਏ
ਸ਼ਹੀਦ ਹੋਣ ਵਾਲੇ ਵੀਹਵੀਂ ਸਦੀ ਦੇ
ਮਹਾਨ ਸਿੱਖ, ਸੰਤ ਜਰਨੈਲ ਸਿੰਘ
ਭਿੰਡਰਾਂਵਾਲਿਆਂ ਦੀ ਯਾਦ ਨੂੰ

# ਤਤਕਰਾ


| | |
|---|---|
| ਦੋ ਸ਼ਬਦ | 5 |
| ਅਨੁਵਾਦਕ ਵੱਲੋਂ | 9 |
| ਪੰਜਾਬੀ ਐਡੀਸ਼ਨ ਬਾਰੇ | 11 |
| ਪਰਿਚੈ | 12 |
| ਭੂਮਿਕਾ | 15 |
| ਅਧਿਆਇ-1 : ਸੰਤ ਜਰਨੈਲ ਸਿੰਘ ਦਾ ਉਭਾਰ | 31 |
| ਅਧਿਆਇ-2 : ਸੰਤ ਭਿੰਡਰਾਂਵਾਲੇ ਅਤੇ ਅਕਾਲੀ ਆਗੂਆਂ ਦਰਮਿਆਨ ਕਸ਼ਮਕਸ਼ | 47 |
| ਅਧਿਆਇ-3 : ਸੰਤ ਭਿੰਡਰਾਂਵਾਲਾ ਦੀ ਵਿਚਾਰਧਾਰਾ ਅਤੇ ਮਿਸ਼ਨ | 52 |
| ਅਧਿਆਇ-4 : ਸੰਤ ਭਿੰਡਰਾਂਵਾਲਾ ਅਤੇ ਧਰਮ ਯੁੱਧ ਮੋਰਚਾ | 66 |
| ਅਧਿਆਇ-5 : ਸੰਤ ਭਿੰਡਰਾਂਵਾਲੇ ਖ਼ਿਲਾਫ਼ ਇੰਦਰਾਂ ਗਾਂਧੀ ਦੇ ਸਿਆਸੀ ਦਾਅ-ਪੇਚ | 82 |
| ਅਧਿਆਇ-6 : ਸੰਤ ਭਿੰਡਰਾਂਵਾਲੇ ਵਿਰੁੱਧ ਫ਼ੌਜੀ ਹਮਲੇ ਦੀ ਕੂਟਨੀਤਕ ਤਿਆਰੀ | 94 |
| ਅਧਿਆਇ-7 : ਅਪ੍ਰੇਸ਼ਨ ਨੀਲਾ ਤਾਰਾ/ਫ਼ੌਜੀ ਹਮਲਾ | 97 |
| ਅਧਿਆਇ-8 : ਅਸਾਵੀਂ ਜੰਗ | 120 |
| ਅਧਿਆਇ-9 : ਅਪ੍ਰੇਸ਼ਨ ਵੁੱਡ ਰੋਜ਼ | 122 |
| ਅਧਿਆਇ-10 : ਅਕਾਲ ਤਖ਼ਤ ਉੱਪਰ ਫ਼ੌਜੀ ਹਮਲੇ ਦਾ ਬਦਲਾ | 125 |
| ਅਧਿਆਇ-11 : ਅਪ੍ਰੇਸ਼ਨ ਨੀਲਾ ਤਾਰਾ, ਵੁੱਡ-ਰੋਜ਼ ਅਤੇ ਨਸਲਕੁਸ਼ੀ ਤੋਂ ਪਿੱਛੋਂ | 130 |
| ਅੰਤਿਕਾ (1 - 4) | 140 |

# ਦੋ ਸ਼ਬਦ

ਸਮਕਾਲੀ ਇਤਿਹਾਸ ਨੂੰ ਲਿਖਣਾ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਦੀ ਪੜਚੋਲ ਕਰਨੀ ਬੜਾ ਹੀ ਕਠਿਨ ਕੰਮ ਹੈ। ਆਪਣੀਆਂ ਮਾਨਤਾਵਾਂ, ਨਿੱਜੀ ਹਿੱਤਾਂ ਅਤੇ ਲਾਲਚਾਂ ਨੂੰ ਤਿਆਗ ਕੇ ਸਮਕਾਲੀ ਇਤਿਹਾਸ ਦੀਆਂ ਘਟਨਾਵਾਂ ਨਾਲ ਜੁੜੀ ਸਚਾਈ ਨੂੰ ਬਿਆਨ ਕਰਨ ਦਾ ਜ਼ੋਖਮ ਉਠਾਉਣਾ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦਾ ਹੈ। ਖਾਸ ਕਰਕੇ ਜਦੋਂ ਸਰਕਾਰੀ ਜਬਰ ਦਾ ਟਾਕਰਾ ਕਰਨ ਵਾਲਿਆਂ ਅਤੇ ਗੋਲੀਆਂ ਮੂਹਰੇ ਹਿੱਕਾਂ ਤਾਣ ਦੇਣ ਵਾਲਿਆਂ ਦੀ ਗੱਲ ਚਲਦੀ ਹੋਵੇ ਤਾਂ ਵੱਡਿਆਂ-ਵੱਡਿਆਂ ਦੀ ਕਲਮ ਡੋਲਣ ਲੱਗ ਜਾਂਦੀ ਹੈ। ਏਸੇ ਕਰਕੇ ਤਾਂ ਇਹ ਧਾਰਨਾ ਹੈ ਕਿ ਸਹੀ ਇਤਿਹਾਸ ਘਟਨਾਵਾਂ ਬੀਤਣ ਤੋਂ ਬਹੁਤ ਲੰਬਾ ਸਮਾਂ ਬਾਅਦ ਹੀ ਲਿਖਿਆ ਜਾਂਦਾ ਹੈ। ਜਦੋਂ ਸੰਬੰਧਤ ਪਾਤਰਾਂ 'ਚੋਂ ਕੋਈ ਵੀ ਕਿਸੇ 'ਤੇ ਗੈਰ-ਵਾਜਬ ਅਸਰ ਪਾਉਣ ਲਈ ਦੁਨੀਆਂ 'ਤੇ ਮੌਜੂਦ ਨਹੀਂ ਰਹਿੰਦਾ। ਪਰ ਕੁੱਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਸੱਚ ਨੂੰ ਬਿਆਨ ਕਰਦਿਆਂ ਇਹਨਾਂ ਚੁਣੌਤੀਆਂ ਦੀ ਪ੍ਰਵਾਹ ਨਹੀਂ ਕਰਦੇ। ਹੱਥਲੀ ਕਿਤਾਬ "THE GALLANT DEFENDER" (ਜਾਂਬਾਜ਼ ਰਾਖ਼ਾ) ਦੇ ਲੇਖਕ ਸ੍ਰੀ ਏ. ਆਰ. ਦਰਸ਼ੀ ਦੀ ਕਲਮ ਪੰਜਾਬ ਦੁਖਾਂਤ ਨਾਲ ਜੁੜੀਆਂ ਅਹਿਮ ਘਟਨਾਵਾਂ ਪਿਛਲੇ ਕੌੜੇ ਸੱਚ ਨੂੰ ਬਿਆਨ ਕਰਦਿਆਂ ਕਿਤੇ ਥਰਥਰਾਉਂਦੀ ਨਜ਼ਰ ਨਹੀਂ ਆਉਂਦੀ। ਇਹ ਪੁਸਤਕ ਪੰਜਾਬ ਦੀ ਰਾਜਸੀ ਸਮੱਸਿਆ ਦੇ ਪਿਛੋਕੜ ਦੀ ਜਾਣਕਾਰੀ ਦੇਣ ਤੋਂ ਇਲਾਵਾ 13 ਅਪਰੈਲ, 1978 ਨੂੰ ਅੰਮ੍ਰਿਤਸਰ ਵਾਪਰੇ ਖ਼ੂਨੀ ਸਾਕੇ ਤੋਂ ਲੈ ਕੇ ਸਿੱਖ ਹਿਰਦਿਆਂ ਨੂੰ ਵਲੂੰਧਰਣ ਵਾਲੀ ਘਟਨਾ ਨੀਲਾ ਤਾਰਾ ਘੱਲੂਘਾਰੇ ਜਿਹੇ ਦੁਖਦਾਈ ਵਰਤਾਰਿਆਂ ਨਾਲ ਜੁੜੇ ਘਟਨਾ ਕ੍ਰਮ ਪਿਛਲੀਆਂ ਕੌੜੀਆਂ ਸੱਚਾਈਆਂ ਨੂੰ ਉਜਾਗਰ ਕਰਨ ਦਾ ਇਕ ਇਮਾਨਦਾਰੀ ਭਰਿਆ ਯਤਨ ਆਖਿਆ ਜਾ ਸਕਦਾ ਹੈ।

ਖਾਸ ਕਰਕੇ ਇਹ ਕਿਤਾਬ ਇਕ ਅਜਿਹੇ ਸ਼ੇਰਦਿਲ ਮਨੁੱਖ ਦੀ ਸ਼ਖ਼ਸੀਅਤ 'ਤੇ ਝਾਤ ਪਵਾਉਂਦੀ ਹੈ, ਜੋ ਆਪਣੇ ਸਿਧਾਂਤਕ ਅਮਲਾਂ ਸਦਕਾ ਵੀਹਵੀਂ ਸਦੀ ਦੇ ਅਖੀਰਲੇ ਢਾਈ ਦਹਾਕਿਆਂ ਦੀ ਸਿੱਖ ਸਿਆਸਤ 'ਤੇ ਹੀ ਨਹੀਂ ਛਾਇਆ ਰਿਹਾ ਸਗੋਂ ਉਸਨੇ ਇਸ ਸਮੇਂ ਦੌਰਾਨ ਪੂਰੇ ਭਾਰਤ ਦੀ ਰਾਜਨੀਤੀ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਜਦੋਂ ਸੰਤ ਜਰਨੈਲ ਸਿੰਘ ਦੀ ਗੱਲ ਛਿੜਦੀ ਹੈ ਤਾਂ ਹਿੰਦੁਸਤਾਨੀ ਮੀਡੀਏ, ਰਾਜਨੀਤੀ ਅਤੇ ਅਖੌਤੀ ਦਾਨਿਸ਼ਵਰਾਂ ਵੱਲੋਂ ਉਨ੍ਹਾਂ ਦੀ ਪਛਾਣ ਨਾਲ 'ਅੱਤਵਾਦੀ', ਵੱਖਵਾਦੀ', 'ਦੇਸ਼ਧ੍ਰੋਹੀ', 'ਕਾਤਲ', 'ਬਾਗੀ', ਅਤੇ ਪਤਾ ਨਹੀਂ ਹੋਰ ਇਹੋ ਜਿਹਾ ਕਿੰਨਾ ਕੁੱਝ ਜੋੜ ਦਿੱਤਾ ਜਾਂਦਾ ਹੈ। ਵੈਸੇ ਇਹ ਫ਼ਿਤਰਤ ਕੋਈ ਨਵੀਂ ਨਹੀਂ ਹੈ। ਰਾਜਸੀ ਅਜ਼ਾਦੀ ਲਈ ਜਦੋ-ਜਹਿਦ ਕਰਨ ਵਾਲੀ ਕਿਸੇ ਵੀ ਕੌਮ ਦੇ ਇਮਾਨਦਾਰ, ਦ੍ਰਿੜ੍ਹ, ਸੂਰਮੇ, ਵਚਨ ਦੇ ਪੱਕੇ, ਧਰਮੀ ਅਤੇ ਨੇਕਦਿਲ ਆਗੂ ਨੂੰ ਸਮੇਂ ਦੇ ਹਰੇਕ ਸੱਤਾਧਾਰੀ ਵਲੋਂ ਅਜਿਹੇ ਫ਼ਤਵਿਆਂ ਨਾਲ ਨਿਵਾਜਿਆ ਗਿਆ ਹੈ। ਪਰ ਇਲੈਕਟਰਾਨਿਕ ਮੀਡੀਏ ਦੇ ਇਸ ਯੁੱਗ 'ਚ ਸਰਕਾਰਾਂ ਵੱਲੋਂ ਕਿਸੇ ਲੋਕ-ਨਾਇਕ ਲਈ ਫ਼ੈਲਾਈਆਂ ਝੂਠੀਆਂ ਅਫ਼ਵਾਹਾਂ ਵੀ ਲੋਕਾਂ ਦੀ ਮਾਨਸਿਕਤਾ 'ਤੇ ਅਸਰ ਛੱਡ ਜਾਂਦੀਆਂ

ਹਨ। ਸੰਤ ਜਰਨੈਲ ਸਿੰਘ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਅਦੁੱਤੀ ਸ਼ਹਾਦਤ ਬਾਰੇ ਭੰਬਭਲੂਸੇ ਖੜ੍ਹੇ ਕਰਨ ਦੀਆਂ ਸਾਜ਼ਿਸ਼ਾਂ ਦੀ ਦਾਸਤਾਨ ਬਹੁਤ ਲੰਬੀ ਹੈ। ਆਸ ਹੈ ਕਿ ਹੱਥਲੀ ਪੁਸਤਕ ਸਰਕਾਰ, ਫ਼ਿਰਕਾਪ੍ਰਸਤ ਕਲਮਾਂ ਅਤੇ ਮੌਕਾਪ੍ਰਸਤ ਸਿਆਸਤਦਾਨਾਂ ਵੱਲੋਂ ਸੰਤ ਜਰਨੈਲ ਸਿੰਘ ਦੀ ਸ਼ਖ਼ਸੀਅਤ ਬਾਰੇ ਖੜ੍ਹੇ ਕੀਤੇ ਭਰਮ-ਭੁਲੇਖਿਆਂ ਨੂੰ ਚਕਨਾ-ਚੂਰ ਕਰਨ 'ਚ ਅਸਰਦਾਰ ਰੋਲ ਨਿਭਾਏਗੀ।

ਵਰਤਮਾਨ ਸਮੇਂ ਦੀਆਂ ਘਟਨਾਵਾਂ ਦੀ ਪੇਸ਼ਕਾਰੀ ਕਰਦੇ ਹੋਏ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਖ਼ਸੀਅਤ ਬਾਰੇ ਬਿਆਨ ਕਰਦਿਆਂ ਲੇਖਕ ਦੀ ਸਭ ਤੋਂ ਵੱਧ ਖ਼ੂਬਸੂਰਤੀ ਇਹ ਰਹੀ ਹੈ ਕਿ ਉਸਨੇ ਬੀਤੇ ਸਮੇਂ ਦੇ ਸਿੱਖ ਇਤਿਹਾਸ ਨੂੰ ਵਰਤਮਾਨ ਨਾਲ ਅਤੇ ਵਰਤਮਾਨ ਵਰਤਾਰਿਆਂ ਦਾ ਪੁਰਾਤਨ ਸਿੱਖ ਇਤਿਹਾਸ ਨਾਲ ਪ੍ਰਸਪਰ ਸਬੰਧ ਬਣਾਈ ਰਖਿਆ ਹੈ। ਇਸ ਤੋਂ ਇਲਾਵਾ ਸਮਕਾਲੀ ਘਟਨਾਵਾਂ ਦਾ ਵੇਰਵਾ ਦੇਂਦਿਆ ਲੇਖਕ ਨੇ ਇਹਨਾਂ ਨੂੰ ਸਿੱਖ ਧਰਮ ਅਤੇ ਫ਼ਲਸਫ਼ੇ ਦੀ ਕਸਵੱਟੀ 'ਤੇ ਪਰਖ ਕੇ ਹੀ ਹਰੇਕ ਨਿਰਣਾ ਲਿਆ ਹੈ। ਇਸ ਕਿਤਾਬ ਦਾ ਲੇਖਕ ਜਦੋਂ ਸੰਤ ਜਰਨੈਲ ਸਿੰਘ ਨੂੰ ਇਕ ਇਤਿਹਾਸਕ ਸ਼ਖ਼ਸੀਅਤ ਕਰਾਰ ਦੇ ਰਿਹਾ ਹੁੰਦਾ ਹੈ ਤਾਂ ਉਸਦੀ ਇਹ ਗੱਲ ਪੜ੍ਹ ਕੇ ਇਹ ਬਿਲਕੁਲ ਨਹੀਂ ਜਾਪਦਾ ਕਿ ਉਸਦੇ ਵਿਚਾਰਾਂ ਵਿੱਚ ਕਿਸੇ ਤਰ੍ਹਾਂ ਦਾ ਕੋਈ ਉਲਾਰ ਹੈ। ਕਿਤਾਬ ਵਿਚਲੀ ਹਰੇਕ ਗੱਲ ਦਲੀਲ, ਸਿਧਾਂਤ ਅਤੇ ਇਤਿਹਾਸ ਦੀ ਹਰ ਕਸਵੱਟੀ ਤੇ ਖਰੀ ਉਤਰਦੀ ਹੈ। ਇਸ ਕਿਤਾਬ ਨੂੰ ਪੜ੍ਹ ਕੇ ਲੇਖਕ ਦਾ ਇਹ ਸ਼ਿਕਵਾ ਸੱਚ ਜਾਪਦਾ ਹੈ ਕਿ ਸਿੱਖ ਆਗੂਆਂ ਨੇ ਸੰਤ ਜਰਨੈਲ ਸਿੰਘ ਦੀਆਂ ਸਿੱਖਾਂ ਲਈ ਨਿਭਾਈਆਂ ਵਿਲੱਖਣ ਅਤੇ ਗੌਰਵਮਈ ਸੇਵਾਵਾਂ ਨੂੰ ਸਹਿਜੇ ਹੀ ਵਿਸਾਰ ਦਿੱਤਾ ਹੈ। ਸੰਤ ਜਰਨੈਲ ਸਿੰਘ ਦਾਂ ਅਸਧਾਰਣ ਯੋਗਤਾਵਾਂ ਦੇ ਧਾਰਨੀ ਹੋਣ ਕਰਕੇ ਲੇਖਕ ਨੂੰ ਰਵਾਇਤੀ ਅਕਾਲੀ ਲੀਡਰਸ਼ਿਪ ਅਜਿਹੇ ਗੁਣਾਂ ਦੇ ਨੇੜ-ਤੇੜ ਵੀ ਖੜ੍ਹੀ ਨਜ਼ਰ ਨਹੀਂ ਆਉਂਦੀ। ਇਸ ਦਾ ਵੱਡਾ ਕਾਰਨ ਇਹ ਵੀ ਜਾਪਦਾ ਹੈ ਕਿ ਰਵਾਇਤੀ ਅਕਾਲੀ ਲੀਡਰਸ਼ਿਪ ਦੇ ਕਿਰਦਾਰ ਨੂੰ ਨੇੜਿਓਂ ਹੋ ਕੇ ਤੱਕਣ ਕਾਰਨ ਲੇਖਕ ਦਾ ਅਕਾਲੀ ਲੀਡਰਸ਼ਿਪ ਪ੍ਰਤੀ ਰਵਈਆ ਵਿਦਰੋਹੀ ਹੀ ਰਿਹਾ ਹੈ। ਲੇਖਕ ਦਾ ਅਕਾਲੀ ਆਗੂਆਂ ਪ੍ਰਤੀ ਇਹ ਰੱਵਈਆ ਸਿੱਖ ਮਾਨਸਿਕਤਾ 'ਚ ਅਕਾਲੀ ਦਲ ਪ੍ਰਤੀ ਸਿੱਖਾਂ ਦੇ ਮੋਹ ਅਤੇ ਅਕਾਲੀ ਆਗੂਆਂ ਪ੍ਰਤੀ ਉਹਨਾਂ ਦੀ ਨਿਰਾਸ਼ਤਾ ਦਾ ਪ੍ਰਤੀਕ ਜਾਪਦਾ ਹੈ। ਸਿੱਖ ਅੱਜ ਵੀ ਅਕਾਲੀ ਦਲ ਨੂੰ ਪੰਥਕ ਜਜ਼ਬਿਆਂ ਦੀ ਅਗਵਾਈ ਵਾਲੀ ਜਮਾਤ ਤਾਂ ਸਮਝਦੇ ਹਨ ਪਰ ਮੌਜੂਦਾ ਅਕਾਲੀ ਆਗੂਆਂ ਨੂੰ ਉਹ ਆਪਣੇ ਧਾਰਮਿਕ, ਰਾਜਸੀ ਅਤੇ ਆਰਥਿਕ ਮਸਲਿਆਂ ਦੇ ਹਾਣ ਦੇ ਨਹੀਂ ਸਮਝਦੇ। ਹੱਥਲੀ ਕਿਤਾਬ ਪੜ੍ਹ ਕੇ ਅਕਾਲੀ ਦਲ ਦਾ ਇਤਿਹਾਸ ਲਿਖਣ ਵਾਲੇ ਨਾਮਵਰ ਲੇਖਕ ਦੀਆਂ ਇਹ ਦੋ ਪੰਕਤੀਆਂ ਯਾਦ ਆ ਜਾਂਦੀਆਂ ਹਨ। "ਅਕਾਲੀ ਦਲ ਦਾ ਇਤਿਹਾਸ ਸਿੱਖ ਸੰਗਤਾਂ ਦੀਆਂ ਕੁਰਬਾਨੀਆਂ ਦਾ ਭਰਿਆ ਇਤਿਹਾਸ, ਅਕਾਲੀ ਦਲ ਦਾ ਇਤਿਹਾਸ ਸਿੱਖ ਲੀਡਰਾਂ ਦੀਆਂ ਗੱਦਾਰੀਆਂ ਦਾ ਭਰਿਆ ਇਤਿਹਾਸ"। ਇਹ ਕਿਤਾਬ ਅਕਾਲੀ ਆਗੂਆਂ ਦੀਆਂ ਸਿੱਖ ਕੌਮ ਨਾਲ ਇਸ ਸਦੀ ਦੇ ਅਖੀਰਲੇ ਦਹਾਕਿਆਂ ਦੌਰਾਨ ਕਮਾਈਆਂ ਗੱਦਾਰੀਆਂ ਦਾ ਪਾਠਕਾਂ ਨੂੰ ਬੜਾ ਬਖ਼ੂਬੀ ਗਿਆਨ ਕਰਵਾਉਂਦੀ ਹੈ, ਜਿਨ੍ਹਾਂ ਨੂੰ ਜਾਣ ਕੇ ਹਰੇਕ ਪੰਥਕ ਦਰਦੀ ਦੀ ਰੂਹ ਕੰਬ ਉੱਠੇਗੀ। ਇਸ ਤੋਂ ਇਲਾਵਾ ਵੀਹਵੀਂ ਸਦੀ ਦੇ ਮਹਾਨ ਸਿੱਖ ਅਤੇ ਸੂਰਬੀਰ ਆਗੂ ਸੰਤ ਜਰਨੈਲ ਸਿੰਘ ਨੂੰ ਸਰੀਰਕ ਤੌਰ 'ਤੇ ਖਤਮ ਕਰਨ ਦੀਆਂ

ਅਕਾਲੀ ਆਗੂਆਂ ਦੀਆਂ ਸਾਜ਼ਿਸ਼ਾਂ ਦਾ ਵੀ ਲੇਖਕ ਨੇ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਇਸ ਸਭ ਨੂੰ ਪੜ੍ਹ ਕੇ ਪਾਠਕਾਂ ਦੇ ਮਨਾਂ ਵਿਚ ਇਕ ਸੁਆਲ ਜ਼ਰੂਰ ਵਾਰ-ਵਾਰ ਉੱਠੇਗਾ ਕਿ ਆਖ਼ਰ ਉਸ ਮਨੁੱਖ, ਸੰਤ ਜਰਨੈਲ ਸਿੰਘ, ਵਿਚ ਅਜਿਹਾ ਕੀ ਸੀ ਕਿ ਸਰਕਾਰ ਅਤੇ ਅਖੌਤੀ ਪੰਥਕ ਆਗੂ ਉਸ ਨੂੰ ਸਰੀਰਕ ਤੌਰ 'ਤੇ ਖਤਮ ਕਰਨ 'ਤੇ ਤੁਲੇ ਹੋਏ ਸਨ। ਇਸ ਸੁਆਲ ਦਾ ਜਵਾਬ ਦੇਣ ਲਈ ਲੇਖਕ ਨੇ ਸਿੱਖ ਰਾਜਨੀਤੀ ਦੀਆਂ ਵਰਤਮਾਨ ਘਟਨਾਵਾਂ ਦੀ ਤੁਲਨਾ ਸਿੱਖ ਇਤਿਹਾਸ ਨਾਲ ਕਰਦਿਆਂ ਨਿਰਣਾ ਦੇਣ ਤੋਂ ਕੋਈ ਸੰਕੋਚ ਨਹੀਂ ਕੀਤਾ।

ਸੰਤ ਜਰਨੈਲ ਸਿੰਘ ਖ਼ਾਲਸਾ ਪੰਥ ਅੰਦਰ ਸਿਧਾਂਤਕ ਰਾਜਸੀ-ਧਾਰਮਿਕ ਨਵਚੇਤਨਾ ਦੇ ਮੋਢੀ ਸਨ। ਉਨ੍ਹਾਂ ਨੇ ਸਿੱਖ ਰਾਜਨੀਤੀ ਨੂੰ ਇਸਦੀ ਆਪਣੀ ਨਿਵੇਕਲੀ ਪ੍ਰਤਿਭਾ ਅਨੁਸਾਰ ਦਿਸ਼ਾ ਦੇਣ ਦਾ ਕਠਿਨ ਮਿਸ਼ਨ ਅਪਨਾਇਆ ਹੋਇਆ ਸੀ, ਤਾਂ ਜੋ ਸਿੱਖ ਵਿਅਕਤਿਤਵ ਅਤੇ ਸਿੱਖ ਹੋਂਦ ਸੁਰੱਖਿਅਤ ਰਹਿ ਸਕੇ। ਇਸ ਸਿਧਾਂਤ ਦਾ ਉਹਨਾਂ ਨੇ ਆਪਣੀ ਉਮਰ ਦੇ ਅਖ਼ੀਰਲੇ ਦਮ ਤਕ ਦ੍ਰਿੜ੍ਹ ਇਰਾਦੇ ਨਾਲ ਪ੍ਰਚਾਰ ਹੀ ਨਹੀਂ ਕੀਤਾ, ਸਗੋਂ ਇਸਨੂੰ ਅਮਲੀ ਰੂਪ ਦੇਣ ਲਈ ਹਰ ਪਲ ਯਤਨਸ਼ੀਲ ਰਹੇ। 1978 'ਚ ਸੰਤ ਜਰਨੈਲ ਸਿੰਘ ਦੀ ਸ਼ਖ਼ਸੀਅਤ ਦੇ ਉਭਾਰ ਤੋਂ ਲੈ ਕੇ 6 ਜੂਨ, 1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਉਨ੍ਹਾਂ ਦੀ ਅਦੁੱਤੀ ਸ਼ਹਾਦਤ ਤੱਕ ਸਿੱਖਾਂ ਦੇ ਧਾਰਮਿਕ, ਰਾਜਸੀ, ਸਮਾਜਿਕ ਅਤੇ ਸਭਿਆਚਾਰਕ ਖ਼ੇਤਰ 'ਚ ਬੜੀ ਤੇਜ਼ੀ ਨਾਲ ਹੋਏ ਪਰਿਵਰਤਨਾਂ, ਹਿਲ-ਜੁਲ ਅਤੇ ਉੱਥਲ-ਪੁੱਥਲ ਕਾਰਨ ਇਹ ਸਮਾਂ ਸਿੱਖ ਇਤਿਹਾਸ ਦਾ ਇਕ ਧੜਕਦਾ ਕਾਂਡ ਹੋ ਨਿਬੜਿਆ ਹੈ। ਸੰਜੋਗ ਵੱਸ ਹੱਥਲੀ ਕਿਤਾਬ ਦੇ ਲੇਖਕ ਸ੍ਰੀ ਏ. ਆਰ. ਦਰਸ਼ੀ ਇਸ ਸਮੇਂ ਦੌਰਾਨ ਪੰਜਾਬ ਸਰਕਾਰ ਦੇ ਵੱਖ-ਵੱਖ ਉੱਚ ਅਹੁਦਿਆਂ 'ਤੇ ਰਹਿ ਕੇ ਇਹਨਾਂ ਸਾਰੇ ਹਾਲਾਤਾਂ ਨੂੰ ਬੜੀ ਨੇੜਿਓਂ ਹੋ ਕੇ ਦੇਖ ਰਹੇ ਸਨ। ਉਨ੍ਹਾਂ ਦਾ ਆਪਣੇ ਸੇਵਾਕਾਲ ਦੌਰਾਨ ਉੱਚ ਸਰਕਾਰੀ ਰੁਤਬਿਆਂ 'ਤੇ ਰਹੇ ਹੋਣਾ ਅਤੇ ਗੈਰ-ਸਿੱਖ ਹੋਣਾ, ਹੱਥਲੀ ਕਿਤਾਬ ਦੀ ਨਿਰਪੱਖਤਾ ਨੂੰ ਹੋਰ ਵਧੇਰੇ ਯਕੀਨੀ ਬਣਾਏਗਾ।

ਇਤਿਹਾਸ ਦਾ ਹਮੇਸ਼ਾ ਸਿਆਸੀਕਰਨ ਹੁੰਦਾ ਆਇਆ ਹੈ ਅਤੇ ਅੱਜ ਵੀ ਹੋ ਰਿਹਾ ਹੈ। ਸੱਤਾਧਾਰੀ ਵਰਗ ਆਪਣੀ ਜਕੜ ਨੂੰ ਕਾਇਮ ਰੱਖਣ ਲਈ ਇਤਿਹਾਸਕ ਘਟਨਾਵਾਂ ਨੂੰ ਹਮੇਸ਼ਾ ਵਿਗਾੜ ਕੇ ਪੇਸ਼ ਕਰਦੇ ਆਏ ਹਨ। ਇਸ ਤਰ੍ਹਾਂ ਇਤਿਹਾਸ 'ਚ ਕੀ ਸੱਚ ਹੈ ਅਤੇ ਕੀ ਝੂਠ ਹੈ, ਕਈ ਵਾਰ ਇਸ ਸੰਬੰਧੀ ਕਿਸੇ ਠੋਸ ਸਿੱਟੇ 'ਤੇ ਪੁੱਜਣ ਲਈ ਰੁਕਾਵਟ ਬਣਦਾ ਹੈ। ਇਥੋਂ ਤੱਕ ਕਿ ਵਰਤਮਾਨ ਸਾਰਿਆਂ ਦੇ ਸਨਮੁੱਖ ਹੁੰਦਾ ਹੋਇਆ ਵੀ ਸਭ ਦੀ ਸਮਝ ਨਹੀਂ ਪੈਂਦਾ। ਸਾਡੇ ਜੀਵਨ 'ਚ ਵਾਪਰਨ ਵਾਲੀਆਂ ਘਟਨਾਵਾਂ ਦੇ ਬਾਰੇ ਵੀ ਕਈ ਵਾਰ ਅਸੀਂ ਹਨੇਰੇ 'ਚ ਹੁੰਦੇ ਹਾਂ। ਜਦ ਕੋਈ ਘਟਨਾ ਵਾਪਰਦੀ ਹੈ ਤਾਂ ਸਾਡੇ ਤੱਕ ਪਹੁੰਚਦਿਆਂ ਕੁੱਝ ਸਮਾਂ ਲੰਘ ਜਾਂਦਾ ਹੈ। ਜਿਨ੍ਹਾਂ ਸਾਧਨਾਂ ਅਤੇ ਮਾਧਿਅਮਾਂ ਰਾਹੀਂ ਇਹ ਸਾਡੇ ਤੱਕ ਪੁੱਜੇਗੀ, ਉਨ੍ਹਾਂ ਮਾਧਿਅਮਾਂ ਦਾ ਰੰਗ ਉਸ ਉੱਤੇ ਚੜ੍ਹ ਚੁੱਕਾ ਹੋਵੇਗਾ। ਹੱਥਲੀ ਕਿਤਾਬ ਇਸ ਸੰਦਰਭ 'ਚ ਪਾਠਕਾਂ ਨੂੰ ਕਈ ਅਹਿਮ ਜਾਣਕਾਰੀਆਂ ਪ੍ਰਦਾਨ ਕਰੇਗੀ, ਜਿਹਨਾਂ ਨੂੰ ਜਾਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸ੍ਰੀ ਏ. ਆਰ. ਦਰਸ਼ੀ ਵੀ ਉਹਨਾਂ ਲੋਕਾਂ ਵਿੱਚੋਂ ਹਨ, ਜੋ ਇਤਿਹਾਸਕ ਘਟਨਾਵਾਂ ਦੇ ਤੱਥਾਂ ਨੂੰ ਇੰਨ-ਬਿੰਨ ਪੇਸ਼ ਕਰਨ 'ਚ ਵਿਸ਼ਵਾਸ ਰੱਖਦੇ ਹਨ। ਉਹਨਾਂ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਵਿਦਵਤਾ ਦੀ ਆਤਮਾ ਬਿਲਕੁਲ

ਨਹੀਂ ਮਰਦੀ ਅਤੇ ਕੁੱਝ ਲੋਕ ਆਪਣੇ ਸੱਚ ਕਹਿਣ ਅਤੇ ਸੁਨਣ ਦੇ ਸੁਭਾਅ ਸਦਕਾ ਵੱਡੇ ਤੋਂ ਵੱਡਾ ਜ਼ੋਖਮ ਉਠਾਉਣ ਤੋਂ ਵੀ ਨਹੀਂ ਟਲਦੇ।

ਹਥਲੀ ਕਿਤਾਬ "THE GALLANT DEFENDER" ਨੂੰ ਉਹਨਾਂ 1985 'ਚ ਹੀ ਲਿਖ ਲਿਆ ਸੀ, ਪਰ ਆਪਣੇ ਸਰਕਾਰੀ ਸੇਵਾਕਾਲ ਅਤੇ ਸਿਆਸੀ ਪ੍ਰਸਥਿਤੀਆਂ ਨੂੰ ਧਿਆਨ 'ਚ ਰੱਖਦੇ ਹੋਏ ਉਹਨਾਂ ਇਸ ਨੂੰ ਖ਼ਾਲਸੇ ਦੀ ਤ੍ਰੈ-ਸ਼ਤਾਬਦੀ ਮੌਕੇ 1999 'ਚ ਪ੍ਰਕਾਸ਼ਤ ਕਰਵਾਇਆ। ਇਹ ਕਿਤਾਬ ਮੂਲ ਰੂਪ 'ਚ ਅੰਗਰੇਜੀ 'ਚ ਲਿਖੀ ਅਤੇ ਛਪੀ ਸੀ। ਮੌਜੂਦਾ ਸਿੱਖ ਸੰਘਰਸ਼ 'ਚ ਸਰਕਾਰੀ ਜਬਰ ਨੂੰ ਆਪਣੇ ਪਿੰਡੇ 'ਤੇ ਹੰਢਾ ਚੁੱਕੇ ਮੇਰੇ ਨਜ਼ਦੀਕੀ ਦੋਸਤ ਅਤੇ ਇਸ ਕਿਤਾਬ ਦੇ ਅਨੁਵਾਦਕ ਪ੍ਰੋ. ਕੁਲਬੀਰ ਸਿੰਘ ਨੇ ਪਹਿਲੀ ਵਾਰ ਮੈਨੂੰ ਇਸ ਕਿਤਾਬ ਦੀ ਸਿਫ਼ਤ ਕਰਦਿਆਂ ਇਸ ਨੂੰ ਪੜ੍ਹਨ ਲਈ ਪ੍ਰੇਰਿਆ। ਕਿਤਾਬ ਨੂੰ ਅੰਗਰੇਜੀ ਭਾਸ਼ਾ ਦੇ ਗਿਆਨ ਦੀਆਂ ਆਪਣੀਆਂ ਸੀਮਾਵਾਂ 'ਚ ਰਹਿ ਕੇ ਪੜ੍ਹਨ ਤੋਂ ਬਾਅਦ ਮੈਂ ਉਪਰ ਪ੍ਰਗਟਾਏ ਆਪਣੇ ਵਿਚਾਰਾਂ ਤੋਂ ਕਿਤੇ ਜਿਆਦਾ ਪ੍ਰਭਾਵਤ ਹੋਇਆ ਅਤੇ ਇਹ ਇੱਛਾ ਉਤਪੰਨ ਹੋਈ ਕਿ ਇਸ ਕਿਤਾਬ ਦਾ ਪੰਜਾਬੀ 'ਚ ਉਲੱਥਾ ਕਰਵਾ ਕੇ ਪੰਜਾਬੀ ਪਾਠਕਾਂ ਤੱਕ ਪਹੁੰਚਾਇਆ ਜਾਵੇ। ਸਹਿਯੋਗੀ ਦੋਸਤਾਂ ਨਾਲ ਮਿਲ ਕੇ ਇਹ ਕੋਸ਼ਿਸ ਆਰੰਭਦਿਆਂ ਮੇਰੇ ਲਈ ਇਹ ਬੇਹੱਦ ਖੁਸ਼ੀ ਦੀ ਗੱਲ ਸੀ ਕਿ ਪੁਸਤਕ ਦੇ ਪੰਜਾਬੀ ਅਨੁਵਾਦ ਦੀ ਚੁਣੌਤੀ ਨੂੰ ਪ੍ਰੋ. ਕੁਲਬੀਰ ਸਿੰਘ ਨੇ ਕਬੂਲ ਕਰਨ ਦੀ ਜ਼ਿੰਮੇਵਾਰੀ ਉਠਾਉਣ ਦੀ ਪੇਸ਼ਕਸ਼ ਕੀਤੀ। ਭਾਵੇਂ ਕਿ ਇਸ ਤੋਂ ਪਹਿਲਾਂ ਪ੍ਰੋ. ਕੁਲਬੀਰ ਸਿੰਘ ਦਾ ਅਨੁਵਾਦ ਕਰਨ ਦੇ ਮਾਮਲੇ 'ਚ ਕੋਈ ਵਿਸ਼ੇਸ਼ ਤਜ਼ਰਬਾ ਨਹੀਂ ਸੀ, ਪਰ ਮੇਰਾ ਯਕੀਨ ਸੀ ਕਿ ਉਹਨਾਂ ਦੀ ਇਸ ਕਿਤਾਬ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦੀ ਇੱਛਾ-ਸ਼ਕਤੀ, ਸੰਤ ਜਰਨੈਲ ਸਿੰਘ ਦੀ ਸ਼ਖ਼ਸੀਅਤ ਪ੍ਰਤੀ ਪਿਆਰ ਅਤੇ ਉਨ੍ਹਾਂ ਅੰਦਰਲਾ ਪੰਥਕ ਜਜ਼ਬਾ ਅਨੁਵਾਦ ਦੇ ਕਠਿਨ ਕੰਮ ਨੂੰ ਆਸਾਨ ਅਤੇ ਸਿਫ਼ਤੀ ਤੌਰ 'ਤੇ ਵਧੀਆ ਬਣਾਉਣ 'ਚ ਸਹਾਈ ਹੋਵੇਗਾ। ਪ੍ਰੋ. ਕੁਲਬੀਰ ਸਿੰਘ ਵੱਲੋਂ ਇਸ ਕੰਮ ਨੂੰ ਮੁਕੰਮਲ ਕਰ ਲੈਣ ਤੋਂ ਬਾਅਦ ਮੇਰਾ ਯਕੀਨ ਪੂਰੀ ਤਰ੍ਹਾਂ ਸੱਚ ਸਾਬਤ ਹੋਇਆ। ਪ੍ਰੋ. ਕੁਲਬੀਰ ਸਿੰਘ ਵੱਲੋਂ ਇਸ ਕਿਤਾਬ ਦਾ ਕੀਤਾ ਉਲੱਥਾ ਤਾਰੀਫ਼ ਦੇ ਕਾਬਲ ਹੈ, ਅਨੁਵਾਦ ਕਰਦਿਆਂ ਉਹ ਕਿਤੇ ਵੀ ਲੇਖਕ ਦੀ ਮੂਲ-ਭਾਵਨਾ ਤੋਂ ਲਾਂਭੇ ਨਹੀਂ ਗਿਆ। ਇਸ ਤੋਂ ਵੱਧ ਖੁਸ਼ੀ ਦੀ ਗੱਲ ਹੈ ਕਿ ਇਸ ਕਿਤਾਬ ਦੇ ਉਲੱਥਾ ਦੇ ਤਜਰਬੇ ਨੇ ਪ੍ਰੋ. ਕੁਲਬੀਰ ਸਿੰਘ ਦੇ ਮਨ ਅੰਦਰ ਇਤਿਹਾਸਕ ਸਮੱਗਰੀ ਅਤੇ ਮਹੱਤਵਪੂਰਨ ਪੁਸਤਕਾਂ ਨੂੰ ਪੰਜਾਬੀ 'ਚ ਅਨੁਵਾਦ ਕਰਨ ਦੀ ਹੋਰ ਸੇਵਾ ਕਰਨ ਦਾ ਚਾਅ ਉਤਪੰਨ ਕੀਤਾ ਹੈ।

ਮੈਂ ਆਪਣੇ ਸਾਥੀ ਦੀ ਮਿਹਨਤ ਪਰਵਾਨ ਚੜ੍ਹਨ ਅਤੇ ਪੁਸਤਕ ਦੇ ਪ੍ਰਕਾਸ਼ਤ ਹੋ ਜਾਣ ਦੀ, ਉਸਨੂੰ ਬਹੁਤ ਵਧਾਈ ਦੇਂਦਾ ਹਾਂ। ਪ੍ਰੋ. ਕੁਲਬੀਰ ਸਿੰਘ ਅਤੇ ਇਸ ਪੁਸਤਕ ਦੇ ਪ੍ਰਕਾਸ਼ਕ ਇਸ ਕਰਕੇ ਵਧਾਈ ਦੇ ਯੋਗ ਹਨ ਕਿ ਉਹਨਾਂ ਸ੍ਰੀ ਏ. ਆਰ. ਦਰਸ਼ੀ ਦੀ ਇਸ ਬਹੁਮੁੱਲੀ ਕਿਰਤ ਨੂੰ ਪੰਜਾਬੀ ਪੜ੍ਹਨ ਵਾਲਿਆਂ ਅਤੇ ਖ਼ਾਸ ਕਰਕੇ ਸਿੱਖ-ਜਗਤ ਦੇ ਸਾਹਮਣੇ ਲਿਆਂਦਾ ਹੈ। ਮੈਨੂੰ ਆਸ ਹੈ ਕਿ ਹੱਥਲੀ ਕਿਤਾਬ ਅਤੇ ਇਸਦਾ ਪੰਜਾਬੀ ਅਨੁਵਾਦ ਪਾਠਕਾਂ ਨੂੰ ਅਵੱਸ਼ ਪਸੰਦ ਆਵੇਗਾ।

**ਅਮਰੀਕ ਸਿੰਘ ਮੁਕਤਸਰ**

# ਅਨੁਵਾਦਕ ਵੱਲੋਂ

1999 ਦਾ ਵਰ੍ਹਾ ਖ਼ਾਲਸਾ ਪੰਥ ਦੀ ਸਾਜਨਾ ਦੀ ਤ੍ਰੈ-ਸ਼ਤਾਬਦੀ ਵਜੋਂ ਮਨਾਇਆ ਜਾ ਰਿਹਾ ਸੀ। ਸਿੱਖਾਂ ਦੀਆਂ ਪੰਥਕ ਕਹਾਉਣ ਵਾਲੀਆਂ ਧਿਰਾਂ ਲੰਮੇਂ ਸਮੇਂ ਤੋਂ ਇਸ ਅਵਸਰ ਨੂੰ ਮਨਾਉਣ ਲਈ ਦੁਹਾਈ ਪਾ ਰਹੀਆਂ ਸਨ। ਲੋਕਾਂ ਨੂੰ ਖ਼ਾਲਸਾ ਸਾਜਨਾ ਦੇ ਉਦੇਸ਼ਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਸੀ। ਅੰਮ੍ਰਿਤ ਛਕਣ ਅਤੇ ਗੁਰੂ ਸਾਹਿਬਾਨ ਵੱਲੋਂ ਉਜਾਗਰ ਕੀਤੇ ਗਏ ਸੰਤ -ਸਿਪਾਹੀ ਦੇ ਸੰਕਲਪ ਨੂੰ ਅਪਨਾਉਣ ਦੀ ਪ੍ਰੇਰਨਾ ਦਿੱਤੀ ਜਾ ਰਹੀ ਸੀ। ਸਰਕਾਰੀ ਧਿਰ ਨੇ ਵੀ ਕਰੋੜਾਂ ਰੁਪਏ ਖ਼ਰਚ ਕਰਕੇ ਅਨੰਦਪੁਰ ਦੀ ਧਰਤੀ 'ਤੇ ਇੱਕ ਵੱਡਾ ਆਡੰਬਰ ਰਚਿਆ ਅਤੇ ਉੱਥੇ 'ਨਿਸ਼ਾਨੇ-ਏ-ਖ਼ਾਲਸਾ' ਵਰਗੇ ਸਨਮਾਨ-ਚਿੰਨ੍ਹਾਂ ਨਾਲ ਕੁੱਝ ਲੋਕਾਂ ਨੂੰ ਸਨਮਾਨਤ ਕਰਕੇ ਖ਼ਾਲਸਈ ਰਹੁ-ਰੀਤਾਂ ਦੀਆਂ ਧੱਜੀਆਂ ਉਡਾਈਆਂ। ਅਕਾਲ ਤਖ਼ਤ ਦੇ ਸਿਧਾਂਤਾਂ ਦੀ ਪਹਿਰੇਦਾਰ ਹੋਣ ਦਾ ਦਾਅਵਾ ਕਰਨ ਵਾਲੀ ਧਿਰ ਵੀ ਆਪੋ-ਵਿੱਚੀ ਸਿਰੋਪਿਆਂ ਦਾ ਆਦਾਨ-ਪ੍ਰਦਾਨ ਕਰਨ ਅਤੇ ਵੱਡੇ-ਵੱਡੇ ਦਮਗਜ਼ੇ ਮਾਰਨ ਤੱਕ ਹੀ ਸੀਮਤ ਰਹੀ। ਇਹ ਸਾਰੇ ਯਤਨ ਨਿਰਾਰਥਕ ਪ੍ਰਤੀਤ ਹੋਏ ਕਿਉਂਕਿ ਵੀਹਵੀਂ ਸਦੀ ਦੇ ਮਹਾਨ ਸੰਤ-ਸਿਪਾਹੀ ਸੰਤ ਜਰਨੈਲ ਸਿੰਘ ਦਾ ਨਾਮ ਇਸ ਸਾਰੇ ਰੌਲੇ-ਰੱਪੇ ਵਿਚ ਸੁਣਨ ਨੂੰ ਵੀ ਨਾ ਮਿਲਿਆ। ਸਿੱਖੀ ਦੇ ਇਨਕਲਾਬੀ ਤੱਤ ਨੂੰ ਅਤੀਤ ਦੇ ਇਤਿਹਾਸ ਦੇ ਪੰਨਿਆਂ ਤੱਕ ਸੀਮਤ ਕਰ ਦੇਣ ਅਤੇ ਸਿੱਖ ਕੌਮ ਨਾਲ ਵਾਪਰ ਚੁੱਕੇ ਵੱਡੇ ਦੁਖਾਂਤ ਨੂੰ ਭੁਲ-ਭੁਲਾ ਜਾਣ ਦੀ ਕੁਚੇਸ਼ਟਾ ਵਿੱਚੋਂ ਬੇਈਮਾਨੀ ਵੱਸ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਨਾਮ ਲੈਣ ਜਾਂ ਉਨ੍ਹਾਂ ਦੀ ਯਾਦ ਤਾਜ਼ਾ ਕਰਨ ਤੋਂ ਗੁਰੇਜ਼ ਕੀਤਾ ਗਿਆ। ਖ਼ਾਲਸਾ ਪੰਥ ਦੇ ਹਰ ਸੁਹਿਰਦ ਹਿੱਸੇ ਨੂੰ ਇਹਨਾਂ ਅਖੌਤੀ ਪੰਥਕ ਧਿਰਾਂ ਦੀ ਇਹ ਚਾਲ ਸੂਲ ਵਾਂਗ ਰੜਕਦੀ ਰਹੀ ਅਤੇ ਇਹ ਸਾਰੇ ਜਸ਼ਨ ਫਿੱਕੇ ਜਿਹੇ ਜਾਪਦੇ ਰਹੇ। ਆਪਣੇ ਸਮੇਂ ਦੇ ਸੱਚ ਤੋਂ ਅੱਖਾਂ ਮੀਟ ਕੇ ਅਤੇ ਰਾਜਸੀ ਸੁਆਰਥਾਂ ਵੱਸ ਖ਼ਾਲਸਾ ਪੰਥ ਦੀਆਂ ਮਹਾਨ ਹਸਤੀਆਂ ਨੂੰ ਪਿੱਠ ਦੇ ਕੇ ਖ਼ਾਲਸਾ ਸਾਜਨਾ ਦੀ ਇਖ਼ਲਾਕੀ ਮਹੱਤਤਾ ਨੂੰ ਪੁੱਠਾ ਗੇੜ ਦਿੱਤਾ ਗਿਆ। ਸ਼ਾਇਦ ਇਸੇ ਕਾਰਨ ਹੀ ਅਖ਼ਬਾਰਾਂ ਵਿਚ ਅਜਿਹੇ ਕਾਵਿ-ਵਿਅੰਗ ਪੜ੍ਹਨ ਨੂੰ ਮਿਲੇ ;

*ਬਹੁਤ ਖ਼ੂਬ ਨੇ ਇਹ ਜਸ਼ਨਾਂ ਦੀਆਂ ਮੋਮਬੱਤੀਆਂ*
*'ਤੇ ਭਾਸ਼ਣਾਂ ਦਾ ਕੇਕ,*
*ਪਰ ਜਿਸ ਦਾ ਜਨਮ ਦਿਨ ਮਨਾ ਰਹੇ ਹੋ,*
*ਉਹ ਖ਼ਾਲਸਾ ਕਿੱਥੇ ਹੈ?*

ਪਰ ਤਾਂਹੀਓਂ ਹੀ ਅਚਾਨਕ ਇੱਕ ਦਿਨ ਹੱਥਲੀ ਪੁਸਤਕ ਅੰਗ੍ਰੇਜ਼ੀ ਰੂਪ 'ਚ ਮੇਰੇ ਹੱਥ ਲੱਗੀ ਤਾਂ ਮੈਂ ਅਚੰਭਿਤ ਹੋ ਉੱਠਿਆ। ਲੇਖਕ ਦੇ ਨਾਂ ਉਪਰ ਨਿਗਾਹ ਪਈ ਤਾਂ ਹੋਰ ਵੀ ਹੈਰਾਨੀ ਹੋਈ। ਝਟਪਟ ਪੁਸਤਕ ਦੇ ਪੰਨੇ ਪਰਤੇ ਅਤੇ ਲੇਖਕ ਦੀ ਪਹਿਚਾਣ ਜਾਣਨੀ ਚਾਹੀ। ਜਾਣਨ 'ਤੇ ਹੈਰਾਨੀ ਅਤੇ ਖ਼ੁਸ਼ੀ ਦਾ ਜੋ ਰਲਿਆ-ਮਿਲਿਆ ਆਭਾਸ ਹੋਇਆ,

ਉਹ ਵਰਣਨ ਤੋਂ ਬਾਹਰਾ ਹੈ। ਮੈਂ ਪੰਨੇ ਪਰਤਦਾ ਗਿਆ ਅਤੇ ਲੇਖਕ ਦੇ ਅੰਦਾਜ਼ੇ-ਬਿਆਂ ਨੂੰ ਵੇਖ-ਵੇਖ ਖੁਸ਼ੀ ਨਾਲ ਖੀਵਾ ਹੁੰਦਾ ਗਿਆ। ਇਉਂ ਜਾਪਦਾ ਸੀ ਕਿ ਕੂੜ-ਕਸੁੱਤ ਦੇ ਘੁੱਪ-ਹਨੇਰ ਵਿੱਚ ਜਿਵੇਂ ਕੋਈ ਦਮਕਦਾ ਹੋਇਆ ਸੂਰਜ ਆਣ ਚੜ੍ਹਿਆ ਹੋਵੇ।

ਕਿਤਾਬ ਪੜ੍ਹਨ ਅਤੇ ਇਸ ਬਾਰੇ ਨਜ਼ਦੀਕੀ ਦੋਸਤਾਂ ਮਿੱਤਰਾਂ ਨਾਲ ਚਰਚਾ ਕਰਨ ਤੋਂ ਬਾਅਦ ਇਸ ਦੇ ਪੰਜਾਬੀ 'ਚ ਅਨੁਵਾਦ ਦੀ ਲੋੜ ਉਭਰ ਕੇ ਸਾਹਮਣੇ ਆਈ। ਮਨ ਹੀ ਮਨ 'ਚ ਮੈਂ ਇਸ ਕਿਤਾਬ ਦਾ ਅਨੁਵਾਦ ਕਰਨ ਦੀ ਜ਼ਿੰਮੇਵਾਰੀ ਉਠਾਉਣ ਬਾਰੇ ਸੋਚਣ ਲੱਗ ਪਿਆ। ਕਹਿੰਦੇ ਹਨ ਕਿ ਜੇਕਰ ਮਨ 'ਚ ਚਾਹਤ ਹੋਵੇ ਤਾਂ ਰਾਹ ਆਪਣੇ-ਆਪ ਨਿਕਲ ਆਉਂਦਾ ਹੈ। ਅਚਾਨਕ ਇਸ ਕਿਤਾਬ ਦੇ ਲੇਖਕ ਸ੍ਰੀ ਏ. ਆਰ. ਦਰਸ਼ੀ ਨਾਲ ਜਲੰਧਰ ਮਿਲਾਪ ਹੋਣਾ ਇਕ ਸੰਜੋਗ ਹੀ ਸੀ। ਕਿਤਾਬ ਦੀ ਚਰਚਾ ਕਰਨ ਦੌਰਾਨ ਮੈਂ ਉਹਨਾਂ ਨੂੰ ਇਸ ਦੇ ਉੱਲਥੇ ਦੀ ਜ਼ਿੰਮੇਵਾਰੀ ਨਿਭਾਉਣ ਦੀ ਪੇਸ਼ਕਸ਼ ਕੀਤੀ, ਜੋ ਉਨ੍ਹਾਂ ਤੁਰੰਤ ਪ੍ਰਵਾਨ ਕਰ ਲਈ। ਸਹਿਯੋਗੀ ਦੋਸਤਾਂ ਤੋਂ ਮਿਲੇ ਸਹਿਯੋਗ ਅਤੇ ਕੰਮ ਆਰੰਭਣ ਤੋਂ ਬਾਅਦ ਦਿੱਤੇ ਉਤਸ਼ਾਹ ਸਦਕਾ ਮੈਂ ਅਨੁਵਾਦ ਦੇ ਇਸ ਕਠਿਨ ਕੰਮ ਨੂੰ ਸਹਿਜੇ ਹੀ ਮੁਕੰਮਲ ਕਰ ਲਿਆ।

ਮੈਨੂੰ ਫ਼ਖ਼ਰ ਹੈ ਕਿ ਮੈਂ ਉਸ ਸੱਤਵਾਦੀ ਮਹਾਂਪੁਰਖ—ਕੂੜ-ਕੁਸੱਤ ਜਿਸਦੇ ਕਦੇ ਨੇੜੇ ਵੀ ਨਹੀਂ ਸੀ ਢੁੱਕਿਆ, ਕੇਵਲ ਗੁਰਬਾਣੀ ਅਤੇ ਗੁਰੂ-ਇਤਿਹਾਸ ਹੀ ਜਿਸਦੇ ਮਾਰਗ ਦਰਸ਼ਕ ਸਨ, ਜੋ ਸਰਬ-ਸ੍ਰੇਸ਼ਟ ਸਿੱਖ-ਧਰਮ-ਫ਼ਲਸਫ਼ੇ ਦਾ ਰਖ਼ਵਾਲਾ ਬਣ ਕੇ ਬਹੁੜਿਆ, ਖ਼ਾਲਸਾ ਪੰਥ ਦਾ ਜੋ ਬੇਤਾਜ ਬਾਦਸ਼ਾਹ ਬਣ ਚਮਕਿਆ, ਕੌਮ ਦੀ ਪੀੜਾ ਨੂੰ ਜਿਸਨੇ ਆਪਣੇ ਲਹੂ ਦੀ ਹਰਕਤ ਨਾਲ ਜੋੜੀ ਰੱਖਿਆ, ਮੌਤ ਦੀਆਂ ਅੱਖਾਂ 'ਚ ਅੱਖ ਪਾ ਕੇ ਝਾਕਣ ਦਾ ਜਿਸਨੂੰ ਵੱਲ ਸੀ, ਜਿਸ ਤੋਂ ਬਿਨਾਂ ਕਈ ਇਤਿਹਾਸਕ ਘਟਨਾਵਾਂ ਕੇਵਲ ਕਿਤਾਬੀ ਕਹਾਣੀਆਂ ਹੀ ਬਣ ਕੇ ਰਹਿ ਜਾਣੀਆਂ ਸਨ ਅਤੇ ਜਿਸਦੀਆਂ ਯਾਦਾਂ ਸਾਡੇ ਸਾਹਾਂ ਵਿਚ ਵਸੀਆਂ ਹੋਈਆਂ ਹਨ—ਦੀ ਅਸਲ ਤਸਵੀਰ ਲੋਕਾਂ ਤੱਕ ਪਹੁੰਚਾਣ ਦਾ ਸਾਧਨ ਬਣਿਆ ਹਾਂ, ਜਿਸਨੂੰ ਤਾਕਤ ਦੇ ਜ਼ੋਰ ਵਿਗਾੜ ਕੇ ਪੇਸ਼ ਕੀਤਾ ਰਿਹਾ ਜਾਂਦਾ ਹੈ।

ਮੈਂ ਅਨੁਵਾਦ ਕਰਦੇ ਸਮੇਂ ਮਿਲੇ ਅਥਾਹ ਸਹਿਯੋਗ ਸਦਕਾ ਬੇਹੱਦ ਸਤਿਕਾਰਯੋਗ ਪ੍ਰੋਫ਼ੈਸਰ ਅਜੀਤ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਤੰਗ ਕਰ ਲੈਣਾ, ਸਨੇਹ ਵਜੋਂ, ਮੈਂ ਆਪਣਾ ਹੱਕ ਸਮਝਦਾ ਹਾਂ। ਪ੍ਰੋ. ਦਵਿੰਦਰ ਸਿੰਘ ਜੀ ਵੱਲੋਂ ਮਿਲੇ ਸੁਝਾਅ ਵੀ ਮੇਰੇ ਲਈ ਬਹੁਤ ਬਾਮਾਅਨਾ ਸਨ, ਉਨ੍ਹਾਂ ਦਾ ਧੰਨਵਾਦ ਵੀ ਜ਼ਰੂਰੀ ਹੈ।

ਅੰਤ ਵਿਚ ਮੈਂ ਇਹ ਪੁਸਤਕ ਪਾਠਕਾਂ ਦੀ ਖ਼ਿਦਮਤ 'ਚ ਪੇਸ਼ ਕਰਦਿਆਂ ਕੌਮ ਦੇ ਨੌਜਵਾਨ ਵਰਗ ਨੂੰ ਸੱਦਾ ਦਿੰਦਾ ਹਾਂ ਕਿ ਆਓ ਬੌਧਿਕ ਵਿਕਾਸ ਵੱਲ ਤਰਾਂਘੀਏ ਅਤੇ ਕੌਮ ਦੀ ਹੋਣੀ ਸੰਵਾਰਨ ਦੇ ਉਪਰਾਲੇ 'ਚ ਜੁਟੀਏ। ਕਿਤੇ ਅਜਿਹਾ ਨਾ ਹੋਵੇ ਕਿ ਹਜ਼ਾਰਾਂ ਸ਼ਹੀਦਾਂ ਦਾ ਖ਼ੂਨ ਅਤੇ ਸੰਤ ਜਰਨੈਲ ਸਿੰਘ ਬ੍ਰਹਿਮੰਡ ਦੇ ਕਿਸੇ ਅਦਿੱਖ ਗੋਸ਼ੇ 'ਚੋਂ ਕੌਮ ਨੂੰ ਇਹ ਮਿਹਣਾ ਮਾਰ ਕੇ ਸ਼ਰਮਿੰਦਾ ਕਰੇ ਕਿ :

*ਤੇਹ ਤੇਰੀ ਦੀ ਸੀਮਾ ਤਾਂ ਸੀ ਇੱਕ ਦੋ ਬੂੰਦਾਂ ਪਾਣੀ,*
*ਬੱਸ ਐਵੇਂ ਹੀ ਪਿਘਲ ਗਿਆ ਸਾਂ ਮੈਂ ਸਾਰੇ ਦਾ ਸਾਰਾ।*

***ਪ੍ਰੋ. ਕੁਲਬੀਰ ਸਿੰਘ***
***ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ***

# ਪੰਜਾਬੀ ਐਡੀਸ਼ਨ ਬਾਰੇ

ਪ੍ਰੋ. ਕੁਲਬੀਰ ਸਿੰਘ ਨਾਲ ਜਲੰਧਰ ਵਿਖੇ ਮੇਰੀ ਮੁਲਾਕਾਤ ਇੱਕ ਕੁਦਰਤੀ ਸਬੱਬ ਹੀ ਸੀ। ਜਦੋਂ ਅਸੀਂ 'ਦਾ ਗੈਲੇਂਟ ਡਿਫੈਂਡਰ' (THE GALLANT DEFENDER) ਪੁਸਤਕ ਦਾ ਪੰਜਾਬੀ ਅਨੁਵਾਦ ਕਰਨ ਸੰਬੰਧੀ ਵਿਚਾਰ-ਵਟਾਂਦਰਾ ਕਰ ਰਹੇ ਸਾਂ ਤਾਂ ਪ੍ਰੋ. ਕੁਲਬੀਰ ਸਿੰਘ ਨੇ ਇਸ ਜ਼ਿਮੇਂਵਾਰੀ ਦਾ ਭਾਰ ਉਠਾਉਣ ਦੀ ਤੀਬਰ ਇੱਛਾ ਪ੍ਰਗਟ ਕੀਤੀ। ਇਸ ਬਿਖ਼ਮ ਕਾਰਜ ਦਾ ਬੋਝ ਆਪਣੇ ਮੋਢਿਆਂ 'ਤੇ ਉਠਾਉਣ ਲਈ ਉਸਦੇ ਉਤਸ਼ਾਹ ਨੂੰ ਦੇਖ ਕੇ ਮੈਂ ਬਹੁਤ ਜ਼ਿਆਦਾ ਪ੍ਰਭਾਵਤ ਹੋਇਆ। ਭਾਵੇਂ ਕਿ ਮੈਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਕਿਸੇ ਕਰਮਚਾਰੀ ਵੱਲੋਂ ਪੁਸਤਕ ਦਾ ਪੰਜਾਬੀ ਵਿਚ ਤਰਜਮਾ ਕੀਤੇ ਜਾਣ ਸੰਬੰਧੀ ਪਹਿਲਾਂ ਹੀ ਜਾਣਕਾਰੀ ਮਿਲ ਚੁੱਕੀ ਸੀ ਤਾਂ ਵੀ ਮੈਨੂੰ ਇਉਂ ਪ੍ਰਤੀਤ ਹੋਇਆ ਕਿ ਪ੍ਰੋ. ਕੁਲਬੀਰ ਸਿੰਘ ਖ਼ਾਲਸਈ ਜਜ਼ਬੇ ਤੋਂ ਪ੍ਰੇਰਿਤ ਹੈ ਜੁ ਇਸ ਨੇ ਇਸ ਮੁਸ਼ਕਲ ਕੰਮ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਹਨ ; ਅਤੇ ਇਸ ਲਈ ਮੈਂ ਬੜੀ ਖ਼ੁਸ਼ੀ ਨਾਲ ਇਹ ਜ਼ਿਮੇਂਵਾਰੀ ਉਸਨੂੰ ਸੌਂਪ ਦਿੱਤੀ।

ਜਦੋਂ, ਕਰੀਬ ਮਹੀਨਾ ਕੁ ਪਿੱਛੋਂ, ਉਹ ਪੁਸਤਕ ਦੇ ਪੰਜਾਬੀ ਅਨੁਵਾਦ ਦੇ ਕੁਝ ਹਿੱਸੇ ਸਹਿਤ ਮੈਨੂੰ ਮਿਲਿਆ ਤਾਂ ਮੈਨੂੰ ਉਸਦੇ ਕੰਮ ਦੀ ਨਿਪੁੰਨਤਾ 'ਤੇ ਪੂਰੀ ਤਸੱਲੀ ਮਹਿਸੂਸ ਹੋਈ। ਇਹ ਪ੍ਰਤੱਖ ਦਿਸਦਾ ਸੀ ਕਿ ਉਸਨੇ ਆਪਣੇ ਕਾਰਜ ਨੂੰ ਪੂਰੀ ਲਗਨ ਅਤੇ ਵਚਨਬੱਧਤਾ ਨਾਲ ਨਿਭਾਇਆ ਸੀ। ਇਸ ਤੋਂ ਪਿੱਛੋਂ ਉਸ ਨੇ ਸਮੁੱਚੀ ਪੁਸਤਕ ਦੇ ਪੰਜਾਬੀ ਰੂਪ ਨੂੰ ਨੇਪਰੇ ਚਾੜ੍ਹਿਆ। ਉਸਦੀ ਕਰੜੀ ਘਾਲਣਾ ਨੇ ਅਨੁਵਾਦ ਨੂੰ ਅਜਿਹਾ ਰੰਗ ਚਾੜ੍ਹਿਆ ਹੈ ਕਿ ਇਹ ਪੁਸਤਕ ਦੇ ਵਿਸ਼ਾ-ਵਸਤੂ ਅਤੇ ਤੱਤ-ਭਾਵ ਦਾ ਪੂਰਾ-ਪੂਰਾ ਸੰਚਾਰ ਕਰਦਾ ਹੈ। ਮੈਨੂੰ ਉਮੀਦ ਹੈ ਕਿ 'ਦਾ ਗੈਲੇਂਟ ਡਿਫੈਂਡਰ' ਪੁਸਤਕ ਦਾ ਹਥਲਾ ਪੰਜਾਬੀ ਰੂਪ ਪਾਠਕਾਂ ਦੀ ਆਤਮਾ ਨੂੰ ਟੁੰਬੇਗਾ।

ਮੈਂ ਉਨ੍ਹਾਂ ਸੱਜਣਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਕੀਮਤੀ ਸੁਝਾਅ ਦਿੱਤੇ ਅਤੇ ਕੁਝ ਹੋਰ ਵਧੀਕ ਜਾਣਕਾਰੀ ਦਿੱਤੀ, ਜਿਸਦਾ ਪੁਸਤਕ ਦੇ ਪੰਜਾਬੀ ਰੂਪ ਵਿਚ ਉਲੇਖ ਆਵੇਗਾ। ਕੁਝ ਹੋਰ ਲੋੜੀਂਦੀਆਂ ਸੋਧਾਂ ਵੀ ਕੀਤੀਆਂ ਗਈਆਂ ਹਨ, ਜੋ ਅੰਗਰੇਜ਼ੀ ਐਡੀਸ਼ਨ ਛਪਵਾਉਣ ਸਮੇਂ ਕਾਹਲ ਵਿਚ ਹੋਣ ਕਾਰਨ ਅਣਗੌਲੀਆਂ ਰਹਿ ਗਈਆਂ ਸਨ।

ਅਖ਼ੀਰ ਵਿਚ ਮੈਂ ਭਾਈ ਅਮਰੀਕ ਸਿੰਘ ਮੁਕਤਸਰ ਦੇ ਉਤਸ਼ਾਹ ਪੂਰਨ ਯੋਗਦਾਨ ਅਤੇ ਤੀਬਰਤਾ ਦੀ ਵੀ ਕਦਰ ਕਰਨਾ ਚਾਹਾਂਗਾ ਜੋ ਇਸ ਪੁਸਤਕ ਦੇ ਪੰਜਾਬੀ ਰੂਪ ਨੂੰ ਜਲਦੀ ਤੋਂ ਜਲਦੀ ਸਾਕਾਰ ਦੇਖਣ ਦਾ ਇੱਛੁਕ ਹੈ ਤਾਂ ਕਿ ਇਹ ਉਹਨਾਂ ਪਾਠਕਾਂ ਦੇ ਹੱਥਾਂ 'ਚ ਪੁੱਜ ਸਕੇ ਜੋ ਅੰਗਰੇਜ਼ੀ ਦਾ ਮਾਮੂਲੀ ਜਿਹਾ ਬੋਧ ਹੀ ਰੱਖਦੇ ਹਨ।

***ਏ.ਆਰ.ਦਰਸ਼ੀ***

# ਪਰਿਚੈ

ਮੈਂ ਇਹ ਕਿਤਾਬ ਲਿਖਣ ਦਾ ਜ਼ੋਖਮ ਉਠਾਉਣ ਦਾ ਨਿਮਾਣਾ ਜਿਹਾ ਯਤਨ ਕਰਨ ਦੀ ਦਲੇਰੀ ਕੁਝ ਲਾਜ਼ਮੀ ਕਾਰਨਾਂ ਅਤੇ ਅਰਥਪੂਰਨ ਮਕਸਦ ਹਿਤ ਕੀਤੀ ਹੈ। ਪਹਿਲਾ ਕਾਰਨ ਇਹ ਹੈ ਕਿ ਪੰਜਾਬ ਵਿਚ ਬਤੌਰ ਜੁਡੀਸ਼ੀਅਲ ਮੈਜਿਸਟਰੇਟ, ਸਬ-ਡਿਵੀਜ਼ਨਲ ਮੈਜਿਸਟਰੇਟ, ਐਡੀਸ਼ਨਲ ਡਿਪਟੀ ਕਮਿਸ਼ਨਰ ਅਤੇ ਪੰਜਾਬ ਸਰਕਾਰ ਦੇ ਜਾਇੰਟ ਸਕੱਤਰ ਵਜੋਂ ਆਪਣੇ ਲੰਬੇ ਸੇਵਾ-ਕਾਲ ਦੌਰਾਨ, ਪ੍ਰਤਾਪ ਸਿੰਘ ਕੈਰੋਂ ਦੇ ਰਾਜ ਤੋਂ ਲੈ ਕੇ ਪ੍ਰਕਾਸ਼ ਸਿੰਘ ਬਾਦਲ ਦੀ ਮੌਜੂਦਾ ਸਰਕਾਰ ਤੱਕ, ਮੈਂ ਸਮੁੱਚੇ ਸਿਆਸੀ-ਧਾਰਮਿਕ ਅੰਦੋਲਨਾਂ ਅਤੇ ਇਨ੍ਹਾਂ ਦੇ ਸਿੱਟੇ ਵਜੋਂ ਉਪਜੇ ਹਾਲਾਤਾਂ ਨੂੰ ਬਹੁਤ ਜਾਗਰੂਕਤਾ ਤੇ ਸਾਵਧਾਨੀ ਪੂਰਵਕ ਵਾਚਦਾ ਅਤੇ ਇਨ੍ਹਾਂ ਦਾ ਨਿਰੀਖਣ ਕਰਦਾ ਰਿਹਾ ਹਾਂ। ਦੂਜਾ ਕਾਰਨ ਮੇਰੇ ਸੇਵਾਕਾਲ ਦੀ ਲੰਬੀ ਸਮਾਂ-ਸੀਮਾ ਦੌਰਾਨ ਸਾਰੀਆਂ ਰਾਜਸੀ ਪਾਰਟੀਆਂ, ਖ਼ਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ, ਦੇ ਚੋਟੀ ਦੇ ਨੇਤਾਵਾਂ ਨਾਲ ਪੈਦਾ ਤੇ ਵਿਕਸਤ ਹੋਏ ਮੇਰੇ ਗੂੜ੍ਹੇ, ਸਨੇਹਪੂਰਨ ਤੇ ਨਿੱਘੇ ਸੰਬੰਧ ਹਨ। ਮੈਨੂੰ ਸੰਤ ਜਰਨੈਲ ਸਿੰਘ ਦੇ ਪਿਤਾ ਬਾਬਾ ਜੋਗਿੰਦਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ 1977 ਤੋਂ 1980 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ ਜਥੇਦਾਰ ਜਗਦੇਵ ਸਿੰਘ ਤਲਵੰਡੀ, ਜੋ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਹਨ, ਨਾਲ ਗੂੜ੍ਹੇ ਨਿੱਜੀ ਸੰਬੰਧ ਹੋਣ ਦਾ ਲਾਭ ਹਾਸਲ ਹੈ। ਤੀਸਰਾ ਕਾਰਨ ਰਾਜਨੀਤੀ-ਸ਼ਾਸਤਰ ਅਤੇ ਮਨੋਵਿਗਿਆਨ ਦੇ ਵਿਸ਼ੇ ਵਿਚ ਪੋਸਟ-ਗੈਰਜੂਏਟ ਹੋਣ ਨਾਤੇ ਸਿਆਸੀ ਮਾਮਲਿਆਂ ਅਤੇ ਰੋਜ਼ਮੱਰਾ ਦੀ ਰਾਜਨੀਤੀ ਸਬੰਧੀ ਮੇਰੇ ਅੰਦਰ ਵਿਕਸਤ ਹੋ ਚੁੱਕੀ ਤੀਬਰ ਰੁਚੀ ਹੈ ਅਤੇ ਇਸ ਲਈ ਮੈਂ ਪਿਛਲੇ ਤਿੰਨ ਦਹਾਕਿਆਂ ਤੋਂ ਸਾਰੀਆਂ ਰਾਜਨੀਤਕ ਗਤੀਵਿਧੀਆਂ ਦੀ ਉਤਸੁਕਤਾ ਪੂਰਵਕ ਪੜਚੋਲ ਕਰਦਾ ਰਿਹਾ ਹਾਂ। ਮੇਰੀ ਪੰਜਾਬ ਵਿਚ ਬਤੌਰ ਪੀ. ਸੀ. ਐਸ. ਅਫ਼ਸਰ ਦੇ ਨੌਕਰੀ ਤਾਂ ਮਹਿਜ਼ ਇਤਫ਼ਾਕ ਸੀ। ਇਸ ਲਈ ਜੋ ਵੀ ਸਮਗਰੀ ਮੈਂ ਇਸ ਪੁਸਤਕ ਵਿਚ ਸ਼ਾਮਲ ਕੀਤੀ ਹੈ ਉਹ ਜਾਂ ਤਾਂ ਸਿਆਸੀ ਨੇਤਾਵਾਂ ਨਾਲ ਹੋਈ ਮੇਰੀ ਵਿਅਕਤੀਗਤ ਗੁਫਤਗੂ ਦੇ ਆਧਾਰ ਉੱਤੇ ਹੈ ਅਤੇ ਜਾਂ ਸਿਆਸੀ ਅਤੇ ਹੋਰ ਘਟਨਾਕ੍ਰਮ ਤੋਂ ਉਤਪੰਨ ਮੇਰੇ ਸਿੱਧੇ ਅਨੁਭਵ 'ਤੇ ਆਧਾਰਤ ਹੈ।

ਇਨ੍ਹਾਂ ਘਟਨਾਵਾਂ ਵਿਚ ਅਕਾਲੀ ਨੇਤਾਵਾਂ ਦਰਮਿਆਨ ਵਿਆਪਕ ਅੰਤਰ-ਵਿਰੋਧ, ਉਨ੍ਹਾਂ ਦਾ ਪੱਖਪਾਤੀ ਕਾਂਗਰਸੀ ਸਰਕਾਰਾਂ ਨਾਲ ਟਕਰਾਓ, ਉਨ੍ਹਾਂ ਦਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਬਿਖੇੜਾ ਅਤੇ ਆਖਰੀ ਪਰ ਸਭ ਤੋਂ ਮਹੱਤਵਪੂਰਨ ਘਟਨਾ ਸੰਤ ਭਿੰਡਰਾਂਵਾਲੇ ਵੱਲੋਂ ਸਿੱਖੀ-ਵਿਰੋਧੀ ਨਿਰੰਕਾਰੀ ਹੱਲੇ ਵਿਰੁੱਧ ਵਿੱਢੀ ਗਈ ਜੱਦੋ-ਜਹਿਦ ਹੈ।

ਅਕਾਲੀਆਂ ਦੀਆਂ ਪਰਦੇ ਪਿੱਛੇ ਅੰਦਰਖਾਤੇ ਚਲਾਈਆਂ ਜਾਂਦੀਆਂ ਸਰਗਰਮੀਆਂ ਦਾ ਭੇਤ ਮੈਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਗੁਰਚਰਨ ਸਿੰਘ ਟੌਹੜਾ, ਮਰਹੂਮ ਬਲਵੰਤ ਸਿੰਘ ਅਤੇ ਹੋਰਨਾਂ ਤੋਂ ਮਿਲਦਾ ਰਿਹਾ ਹੈ ਜਦੋਂ ਕਿ ਦਰਬਾਰਾ ਸਿੰਘ ਅਤੇ ਬੇਅੰਤ ਸਿੰਘ ਜਿਹੇ ਕਾਂਗਰਸੀ ਨੇਤਾ (ਦੋਵੇਂ ਸਾਬਕਾ ਮੁੱਖ ਮੰਤਰੀ) ਮੇਰੇ ਕੋਲ ਆਪਣੀਆਂ

ਕਾਰਜਨੀਤੀਆਂ ਅਤੇ ਪੈਂਤੜੇਬਾਜ਼ੀਆਂ ਦਾ ਭੇਤ ਖੋਲ੍ਹਦੇ ਸਨ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਜਿਸ ਨਾਲ ਮੇਰੇ ਸੰਬੰਧ ਸਭ ਤੋਂ ਪੁਰਾਣੇ ਹਨ, ਮੈਨੂੰ ਰਾਸ਼ਟਰੀ ਅਤੇ ਸੂਬਾ ਪੱਧਰ ਤੇ ਹੁੰਦੇ ਸਿਆਸੀ ਜੋੜ-ਤੋੜ ਅਤੇ ਹੋਰ ਘਟਨਾਵਾਂ ਦੀ ਜਾਣਕਾਰੀ ਦਿੰਦੇ ਰਹਿੰਦੇ ਸਨ। ਕਾਮਰੇਡ ਸੁਰਜੀਤ, ਜੋ ਇਕ ਬਹੁਤ ਸਿਆਣਾ ਤੇ ਚਤੁਰ ਸਿਆਸਤਦਾਨ ਹੈ ਅਤੇ ਖ਼ੁਦ ਨੂੰ ਹਮੇਸ਼ਾ ਸੰਤੁਲਨ ਬਿੰਦੂ ਦੀ ਅਵਸਥਾ ਵਿਚ ਰੱਖਦਾ ਹੈ, ਨੇ ਅੱਜ ਤੱਕ ਬਾਦਲ, ਟੌਹੜਾ, ਤਲਵੰਡੀ ਅਤੇ ਸੁਰਜੀਤ ਸਿੰਘ ਬਰਨਾਲਾ ਨਾਲ ਨੇੜਲੇ ਸੰਬੰਧ ਕਾਇਮ ਰੱਖੇ ਹੋਏ ਹਨ। ਮਰਹੂਮ ਬਲਵੰਤ ਸਿੰਘ ਅਤੇ ਲੌਂਗੋਵਾਲ ਸਾਰੇ ਮਾਮਲਿਆਂ ਵਿਚ ਉਸ ਦੀ ਰਾਇ ਮੰਗਦੇ ਸਨ। ਇਹ ਸਾਰੇ ਭਾਂਤ-ਭਾਂਤ ਦੇ ਨੇਤਾ ਅਕਸਰ ਹੀ ਰਾਜਸੀ ਹਿਤਾਂ ਵਾਲੇ ਮੁੱਦੇ ਆਪਸ ਵਿਚ ਇਕੱਠੇ ਹੋ ਕੇ ਅਤੇ ਇਕੱਲੇ-ਇਕੱਲੇ ਵਿਚਾਰਦੇ ਰਹਿੰਦੇ ਸਨ। ਇਸ ਲਈ ਮੈਨੂੰ ਇਨ੍ਹਾਂ ਨੇਤਾਵਾਂ ਰਾਹੀਂ ਲਗਾਤਾਰ ਤਾਜ਼ਾ ਸਿਆਸੀ ਘਟਨਾਵਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਰਹਿੰਦੀ ਸੀ।

ਇਸੇ ਲਈ, ਜਦ ਮੈਂ 1977 ਵਿਚ ਬਾਦਲ, ਟੌਹੜਾ ਅਤੇ ਤਲਵੰਡੀ ਦਰਮਿਆਨ ਟੌਹੜਾ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਲਈ ਹੋਏ ਸਮਝੌਤੇ ਵਰਗੇ ਨਾਜ਼ੁਕ ਤੇ ਸੰਵੇਦਨਸ਼ੀਲ ਮਾਮਲੇ ਦੀ ਗੱਲ ਕੀਤੀ ਹੈ ਤਾਂ ਇਹ ਕਿਸੇ ਤਰ੍ਹਾਂ ਦੀ ਵੀ ਕਹੀ-ਸੁਣੀ ਕਹਾਣੀ ਨਹੀਂ ਹੈ। ਟੌਹੜਾ ਅਤੇ ਤਲਵੰਡੀ ਦੋਹਾਂ ਨੇ, ਗੁਪਤ ਤੌਰ 'ਤੇ ਪਰ ਅਲੱਗ-ਅਲੱਗ, ਮੈਨੂੰ ਭਰੋਸੇ ਅਤੇ ਬੇਇਤਬਾਰੀ ਵਾਲੇ ਇਸ ਕਾਂਡ ਦਾ ਭੇਤ ਦਿੱਤਾ ਅਤੇ ਇਸ ਦੀ ਪੁਸ਼ਟੀ ਕੀਤੀ। ਟੌਹੜਾ ਨਾਲ ਕਪਟ-ਭਰਪੂਰ ਤਰੀਕੇ ਰਾਹੀਂ ਵਾਅਦਾ-ਖਿਲਾਫ਼ੀ ਕਰਕੇ ਉਸ ਨੂੰ ਮੁੱਖ ਮੰਤਰੀ ਦੀ ਕੁਰਸੀ ਸੰਭਾਲਣ ਦੇ ਹੱਕ ਤੋਂ ਵਾਂਝਾ ਕੀਤਾ ਗਿਆ ਸੀ। ਇਵੇਂ ਹੀ ਜਦੋਂ ਮੈਂ ਪੰਜਾਬ ਸੰਬੰਧੀ 1983 ਵਿਚ ਹੋਈ ਤ੍ਰੈ-ਧਿਰੀ ਮੀਟਿੰਗ ਦੌਰਾਨ ਹੋਏ ਸਮਝੌਤੇ ਦਾ ਜ਼ਿਕਰ ਕੀਤਾ ਹੈ, ਜਿਸ ਤੋਂ ਬਾਅਦ ਵਿਚ ਇੰਦਰਾ ਗਾਂਧੀ ਪਿੱਛੇ ਹੱਟ ਗਈ ਸੀ ਤਾਂ ਇਹ ਵੀ ਕੋਈ ਅਖ਼ਬਾਰੀ ਕਥਾ ਨਹੀਂ ਹੈ। ਇਹ ਭੇਤ ਮੈਨੂੰ ਨਿੱਜੀ ਤੌਰ 'ਤੇ ਕਾਮਰੇਡ ਸੁਰਜੀਤ ਤੋਂ ਹਾਸਲ ਹੋਇਆ ਸੀ, ਜਿਸ ਨੇ ਤਿੰਨ-ਧਿਰੀ ਵਾਰਤਾ ਵਿਚ ਹਿੱਸਾ ਲਿਆ ਸੀ।

ਪੁਸਤਕ ਲਿਖਣ ਦੇ ਦੋ ਮਕਸਦ ਹਨ। ਪਹਿਲਾ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੱਲੋਂ ਪਾਏ ਗਏ ਸ਼ੋਮਣੀ ਯੋਗਦਾਨ ਨੂੰ ਤਾਜ਼ਾ ਕਰਨਾ ਤੇ ਉਸ ਦੀ ਯਾਦਗਾਰ ਕਾਇਮ ਕਰਨਾ ਹੈ, ਜਿਸ ਨੇ ਖ਼ਾਲਸੇ ਦੀ ਰੂਹ ਨੂੰ ਜਗਾਇਆ। ਦੂਜਾ, ਇਹ ਸੰਤ ਭਿੰਡਰਾਂਵਾਲੇ ਦੀ ਨਿੱਘੀ ਯਾਦ ਵਿਚ ਹੈ, ਜਿਸ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਬੜੇ ਚਾਅ ਨਾਲ ਸਿਰਜੇ ਅਤੇ ਪ੍ਰਫੁੱਲਤ ਕੀਤੇ ਖ਼ਾਲਸੇ ਦੇ ਧਰਮ ਅਤੇ ਸਿਧਾਂਤ ਦੀ ਰੱਖਿਆ ਕਰਦੇ ਹੋਏ ਲਾਸਾਨੀ ਅਤੇ ਅਨਮੋਲ ਕੁਰਬਾਨੀ ਦਿੱਤੀ।

ਭਾਵੇਂ ਇਹ ਪੁਸਤਕ 1985 ਵਿਚ ਲੌਂਗੋਵਾਲ ਦੇ ਕਤਲ ਤੋਂ ਪਿਛੋਂ ਲਿਖੀ ਗਈ ਸੀ, ਪ੍ਰੰਤੂ ਤਦ ਇਸ ਨੂੰ ਛਪਵਾਇਆ ਨਹੀਂ ਸੀ ਜਾ ਸਕਿਆ। ਹੁਣ ਮੈਂ ਇਸ ਨੂੰ ਛਪਵਾਉਣ ਲਈ ਤਿਆਰ-ਬਰ-ਤਿਆਰ ਹਾਂ ਤਾਂ ਕਿ ਇਹ ਖ਼ਾਲਸੇ ਦੀ ਸਿਰਜਣਾ ਦੀ ਤ੍ਰੈਸ਼ਤਾਬਦੀ ਤੋਂ ਪਹਿਲਾਂ ਜਾਂ ਤ੍ਰੈਸ਼ਤਾਬਦੀ ਜਸ਼ਨਾਂ ਦੇ ਨਾਲ ਮੌਕਾ-ਮੇਲ ਕਰਕੇ ਜਾਰੀ ਹੋ ਸਕੇ। ਮੈਨੂੰ ਇਹ ਦੇਖ ਕੇ ਗਹਿਰਾ ਦੁੱਖ ਪਹੁੰਚਿਆ ਹੈ ਕਿ ਜਿਹੜੇ ਨੇਤਾ ਸੰਤ ਭਿੰਡਰਾਂਵਾਲੇ ਸਮੇਂ ਪੰਥ-ਵਿਰੋਧੀ ਭੂਮਿਕਾ ਨਿਭਾਉਂਦੇ ਰਹੇ ਸਨ, ਉਹ ਹੁਣ ਮੋਹਰੀ ਬਣੇ ਬੈਠੇ ਹਨ ਅਤੇ ਖ਼ਾਲਸੇ ਦੀ ਤ੍ਰੈਸ਼ਤਾਬਦੀ ਵਰਗੇ ਮੁਬਾਰਕ ਮੌਕੇ 'ਤੇ ਜਸ਼ਨ ਮਨਾਉਣ ਦਾ ਪ੍ਰਬੰਧ ਕਰ ਰਹੇ ਹਨ।

ਇਨ੍ਹਾਂ ਅਸਫ਼ਲ ਨੇਤਾਵਾਂ ਵਿੱਚੋਂ ਕਿਸੇ ਨੇ ਵੀ ਉਸ ਨੂੰ ਯਾਦ ਕਰਨ ਜਾਂ ਉਸ ਦੇ ਨਾਮ ਦਾ ਜ਼ਿਕਰ ਤੱਕ ਕਰਨ ਦੀ ਜ਼ਹਿਮਤ ਨਹੀਂ ਉਠਾਈ।

ਇਨ੍ਹਾਂ ਨੇਤਾਵਾਂ ਨੇ ਸੰਤ ਭਿੰਡਰਾਂਵਾਲੇ ਵੱਲੋਂ ਅਦਾ ਕੀਤੀਆਂ ਵਿਲੱਖਣ ਸੇਵਾਵਾਂ ਨੂੰ ਬੜਾ ਸੌਖੇ ਹੀ ਵਿਸਾਰ ਦਿੱਤਾ ਹੈ, ਜਿਸ ਨੇ ਆਪਣੇ ਖ਼ੂਨ ਨਾਲ ਖ਼ਾਲਸੇ ਦੀ ਬੇਸੁਧ ਆਤਮਾ ਨੂੰ ਮੁੜ ਸੁਰਜੀਤ ਕੀਤਾ। ਇਸ ਲਈ ਇਹ ਪੁਸਤਕ ਇਸ ਮੁਬਾਰਕ ਮੌਕੇ 'ਤੇ ਉਸ 'ਜਾਂਬਾਜ਼ ਰਾਖੇ' ਦੀ ਭੁੱਲੀ-ਵਿਸਰੀ ਯਾਦ ਨੂੰ ਮੁੜ ਤਾਜ਼ਾ ਕਰਨ ਅਤੇ ਪੁਨਰ-ਜੀਵੰਤ ਕਰਨ ਹਿਤ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

**ਏ. ਆਰ. 'ਦਰਸ਼ੀ'**
1 ਜਨਵਰੀ, 1999



ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਇੱਕ ਮੁਸਕਰਾਹਟ ਭਰੇ ਦਿਲਕਸ਼ ਅੰਦਾਜ਼ ਵਿੱਚ।



ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਆਪਣੇ ਨਜ਼ਦੀਕੀ ਸਾਥੀਆਂ ਸ਼ਹੀਦ ਬਾਬਾ ਠਾਰ੍ਹਾ ਸਿੰਘ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਨਾਲ।



ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਧਰਮ-ਯੁੱਧ ਮੋਰਚੇ 'ਚ ਗ੍ਰਿਫ਼ਤਾਰੀ ਦੇਣ ਜਾ ਰਹੇ ਵਲੰਟੀਅਰਾਂ ਨੂੰ ਦੀਵਾਨ ਹਾਲ ਮੰਜੀ ਸਾਹਿਬ ਦੀ ਸਟੇਜ ਤੋਂ ਸੰਬੋਧਨ ਕਰਦੇ ਹੋਏ।

# ਭੂਮਿਕਾ

ਤਬਦੀਲੀ ਅਤੇ ਵਿਕਾਸ ਕੁਦਰਤ ਦਾ ਬੁਨਿਆਦੀ ਅਸੂਲ ਹੈ। ਤਰਕ ਰੂਪ ਵਿਚ ਇਸ ਦਾ ਭਾਵ ਹੈ ਕਿ ਕੁਦਰਤ ਆਪਣੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਦੀ ਪਰਵਾਹ ਕੀਤੇ ਬਿਨਾ ਬੇਰੋਕ ਵਿਕਾਸ ਕਰਦੀ ਹੈ। ਕਿਉਂ ਜੁ ਕੁਦਰਤ ਸਰਬ-ਵਿਆਪਕ ਹੈ, ਉਹ ਜਾਨਦਾਰ ਅਤੇ ਨਿਰਜਿੰਦ ਆਕਾਰਾਂ ਅਤੇ ਸਮੁੱਚੇ ਪ੍ਰਾਣੀਆਂ ਰਾਹੀਂ ਮੂਰਤੀਮਾਨ ਹੁੰਦੀ ਹੈ। ਮਨੁੱਖ ਕੁਦਰਤ ਦਾ ਸਭ ਤੋਂ ਸ਼ੁੱਧ ਅਤੇ ਸੂਝਵਾਨ ਪ੍ਰਗਟਾਓ ਹੈ। ਕੁਦਰਤ ਦੇ ਮੂਲ ਸਿਧਾਂਤ ਅਨੁਸਾਰ ਹੀ ਮਨੁੱਖ ਵੀ ਬੇਰੋਕ ਵਿਕਾਸ ਕਰਦਾ ਜਾਂਦਾ ਹੈ ਅਤੇ ਇੰਜ ਨਾਲ ਹੀ ਉਸ ਦੇ ਸੰਕਲਪ, ਵਿਚਾਰਧਾਰਾ, ਸਭਿਆਚਾਰ, ਧਾਰਮਿਕ ਵਿਸ਼ਵਾਸ, ਆਰਥਿਕ ਤੇ ਸਮਾਜਿਕ ਵਿਵਸਥਾ ਵੀ ਵਿਕਾਸ ਕਰਦੇ ਹਨ। ਜਦੋਂ ਪੁਰਾਣੀਆਂ ਵਿਚਾਰਧਾਰਾਵਾਂ ਅਤੇ ਸਮਾਜਿਕ ਕਦਰਾਂ-ਕੀਮਤਾਂ ਵੇਲਾ ਵਿਹਾਅ ਜਾਂਦੀਆਂ ਹਨ ਤਾਂ ਮਹਾਨ ਵਿਅਕਤੀਆਂ ਵੱਲੋਂ ਵਿਕਸਤ ਕੀਤੀਆਂ ਕ੍ਰਾਂਤੀਕਾਰੀ ਪ੍ਰਣਾਲੀਆਂ ਉਨ੍ਹਾਂ ਦੀ ਜਗ੍ਹਾ ਲੈਂਦੀਆਂ ਹਨ। ਇਵੇਂ ਹੀ ਜਦੋਂ ਬ੍ਰਾਹਮਣਵਾਦ ਜਾਂ ਆਮ ਭਾਸ਼ਾ ਵਿਚ ਹਿੰਦੂਮਤ (ਜੋ ਮੁੱਢਲੇ ਰੂਪ ਵਿਚ ਵਰਨ ਅਤੇ ਜਾਤ ਪ੍ਰਬੰਧ 'ਤੇ ਆਧਾਰਤ ਹੈ), ਜੋ ਮਾਨਵਤਾ ਦਰਮਿਆਨ ਛੂਤ-ਛਾਤ ਅਤੇ ਨਫ਼ਰਤ ਫੈਲਾਉਂਦਾ ਸੀ, ਸਮਾਜ ਦੇ ਅਣਗੌਲੇ ਹਿੱਸੇ ਲਈ ਅਸਹਿਣਯੋਗ ਅਤੇ ਅਪ੍ਰਾਸੰਗਕ ਬਣ ਗਿਆ ਤਾਂ 1469 ਵਿਚ ਮਹਾਨ ਕ੍ਰਾਂਤੀਕਾਰੀ ਗੁਰੂ ਨਾਨਕ ਨੇ ਜਨਮ ਲਿਆ ਜਿਸ ਨੇ ਦੇਸ਼ ਦੇ ਗਲ-ਸੜ ਚੁੱਕੇ ਤੰਤਰ (ਪ੍ਰਬੰਧ) ਵਿਚ ਕ੍ਰਾਂਤੀਕਾਰੀ ਸੁਧਾਰ ਲਿਆ ਕੇ ਦੱਬੇ-ਕੁਚਲੇ, ਅਣਗੌਲੇ ਅਤੇ ਤ੍ਰਿਸਕਾਰੇ ਹੋਏ ਲੋਕਾਂ ਦਾ ਨਿਸਤਾਰਾ ਕਰਨ ਦਾ ਉਪਰਾਲਾ ਕੀਤਾ। ਗੁਰੂ ਨਾਨਕ ਪਹਿਲੇ ਅਜਿਹੇ ਮਹਾਨ ਪੈਗੰਬਰ ਸਨ, ਜਿਨ੍ਹਾਂ ਹਿੰਦੂ ਸਮਾਜ ਦੇ ਨਿਰਾਲੇ ਪ੍ਰੰਤੂ ਘ੍ਰਿਣਾਯੋਗ ਵਰਣ-ਜਾਤੀ ਪ੍ਰਬੰਧ ਦਾ ਗੰਭੀਰ ਨੋਟਿਸ ਲਿਆ। ਉਨ੍ਹਾਂ ਨੇ ਸਪੱਸ਼ਟ ਰੂਪ ਵਿਚ ਪੱਖਪਾਤੀ ਵਰਣ ਅਤੇ ਜਾਤ-ਪ੍ਰਬੰਧ ਨੂੰ ਰੱਦ ਕੀਤਾ ਅਤੇ ਐਲਾਨ ਕੀਤਾ ਕਿ ਜਾਤ, ਰੰਗ ਅਤੇ ਸੰਪਰਦਾਇਕਤਾ ਦੇ ਭੇਦ-ਭਾਵ ਤੋਂ ਬਿਨਾ ਸਭ ਮਨੁੱਖ ਬਰਾਬਰ ਹਨ। ਆਪਣੇ ਫ਼ਲਸਫ਼ੇ ਨੂੰ ਅਮਲੀ ਜਾਮਾ ਪਹਿਨਾਉਣ ਖ਼ਾਤਰ ਉਨ੍ਹਾਂ ਆਪਣੇ ਨਵੇਂ ਮੱਤ ਦੇ ਦਰਵਾਜ਼ੇ ਸਭ ਧਰਮਾਂ, ਜਾਤਾਂ ਅਤੇ ਰੰਗਾਂ ਦੇ ਲੋਕਾਂ ਲਈ ਖੋਲ੍ਹ ਦਿੱਤੇ।

ਬ੍ਰਾਹਮਣਾਂ ਦਾ ਇਹ ਵਿਸ਼ਵਾਸ ਅਤੇ ਪ੍ਰਚਾਰ ਸੀ ਕਿ ਵੇਦ ਦੈਵੀ ਬਾਣੀ ਹਨ ਭਾਵੇਂ ਕਿ ਇਹ ਕਥਿਤ ਰੱਬੀ ਇਲਹਾਮ ਵਾਲੇ ਧਰਮ-ਗ੍ਰੰਥ ਘ੍ਰਿਣਾਯੋਗ ਵਰਨ-ਪ੍ਰਬੰਧ ਅਤੇ ਮਨੁੱਖਤਾ ਦੀ ਬਣਾਉਟੀ ਵੰਡ ਦੇ ਸਰੋਤ ਹਨ। ਗੁਰੂ ਨਾਨਕ ਨੇ ਬੁੱਤ-ਪੂਜਾ ਨੂੰ ਰੱਦ ਕੀਤਾ ਅਤੇ ਹਿੰਦੂਆਂ ਵੱਲੋਂ ਅਪਣਾਏ ਅਤੇ ਪ੍ਰਚਾਰੇ ਜਾਂਦੇ ਸਾਰੇ ਗੈਰ-ਕੁਦਰਤੀ ਰਸਮੋ-ਰਿਵਾਜਾਂ ਦਾ ਤਿਆਗ ਕੀਤਾ। ਉਨ੍ਹਾਂ ਹਿੰਦੂ ਸਮਾਜ ਵਿਚ ਪ੍ਰਚਲਿਤ ਰਹੱਸਵਾਦ ਅਤੇ ਅੰਧ-ਵਿਸ਼ਵਾਸਾਂ ਨੂੰ ਵੀ ਠੁਕਰਾਇਆ। ਮੁੱਕਦੀ ਗੱਲ ਕਿ ਉਨ੍ਹਾਂ ਨੇ ਸਾਫ਼ ਸ਼ਬਦਾਂ ਵਿਚ ਹਿੰਦੂ ਧਰਮ ਨੂੰ ਮੰਨਣ ਤੋਂ ਇਨਕਾਰ ਕੀਤਾ। ਖ਼ੁਦਾ-ਨ-ਖ਼ਾਸਤਾ, ਜੇ ਉਨ੍ਹਾਂ ਨੇ ਵੇਦਾਂ, ਸ਼ਾਸਤਰਾਂ ਅਤੇ ਪੁਰਾਣਾਂ ਦਾ ਖੰਡਨ ਅਤੇ ਹਿੰਦੂ ਧਰਮ ਦੀ ਨਿਖੇਧੀ ਹਿੰਦੂ ਰਾਜ ਜਾਂ ਰਾਮ ਰਾਜ ਦੌਰਾਨ

ਕੀਤੀ ਹੁੰਦੀ ਤਾਂ ਉਨ੍ਹਾਂ ਨੂੰ ਕਾਫ਼ਰ ਕਹਿ ਕੇ ਸੂਲੀ ਚੜ੍ਹਾ ਦਿੱਤਾ ਜਾਂਦਾ। ਅਜਿਹਾ ਹੋਣਾ ਇਸ ਲਈ ਸੰਭਵ ਸੀ ਕਿਉਂਕਿ ਹਿੰਦੂ ਹੰਕਾਰੀ ਅਤੇ ਤੰਗ-ਦਿਲ ਹਨ ਭਾਵੇਂ ਕਿ ਉਹ ਦਾਅਵਾ ਅਤੇ ਦਿਖਾਵਾ ਇਸ ਤੋਂ ਉਲਟ ਕਰਦੇ ਹਨ। ਗੁਰੂ ਸਾਹਿਬ ਕੋਲ ਅਲੌਕਿਕ ਅਨੁਭਵ ਸ਼ਕਤੀ ਅਤੇ ਦੂਰ-ਦ੍ਰਿਸ਼ਟੀ ਸੀ। ਇਸੇ ਕਾਰਨ ਹੀ ਉਨ੍ਹਾਂ ਆਪਣੇ ਪੁੱਤਰ ਸ੍ਰੀ ਚੰਦ ਨੂੰ ਆਪਣਾ ਜਾਨਸ਼ੀਨ ਨਹੀਂ ਸੀ ਥਾਪਿਆ ਕਿਉਂਕਿ ਉਹ ਜਾਣਦੇ ਸਨ ਕਿ ਸ੍ਰੀ ਚੰਦ ਦਾ ਰਹੱਸਵਾਦੀ ਹਿੰਦੂ ਧਰਮ ਵੱਲ ਝੁਕਾਅ ਸੀ, ਜਿਸ ਹਿੰਦੂ ਧਰਮ ਨੂੰ ਗੁਰੂ ਸਾਹਿਬ ਪਹਿਲਾਂ ਹੀ ਰੱਦ ਕਰ ਚੁੱਕੇ ਸਨ। ਉਨ੍ਹਾਂ ਗੁਰੂ ਗੱਦੀ ਭਾਈ ਲਹਿਣਾ ਜੀ, ਜਿਨ੍ਹਾਂ ਦਾ ਨਾਮ ਬਾਅਦ ਵਿਚ ਅੰਗਦ ਰੱਖਿਆ ਗਿਆ, ਨੂੰ ਸੌਂਪੀ। ਜੇ ਸ੍ਰੀ ਚੰਦ ਨੇ ਆਪਣੇ ਪਿਤਾ ਦੀ ਜਗ੍ਹਾ ਲਈ ਹੁੰਦੀ ਤਾਂ ਸਿੱਖ ਧਰਮ ਮੁੜ ਹਿੰਦੂ ਧਰਮ ਵਿਚ ਪਲਟ ਗਿਆ ਹੁੰਦਾ। ਇਹ ਤੌਖ਼ਲਾ ਠੀਕ ਸਾਬਤ ਹੋਇਆ ਕਿਉਂਕਿ ਸ੍ਰੀ ਚੰਦ ਨੇ ਇਕ ਹਿੰਦੂ ਸੰਪਰਦਾਇ ਉਦਾਸੀ ਦੀ ਸਥਾਪਨਾ ਕੀਤੀ ਜਿਸ ਦੇ ਅਨੁਯਾਈ ਉਦਾਸੀਨ ਅਤੇ ਵੈਰਾਗੀ ਸਾਧੂ ਹਨ। ਇਥੋਂ ਪ੍ਰਤੱਖ ਹੈ ਕਿ ਸ੍ਰੀ ਚੰਦ ਦੀ ਉਦਾਸੀ ਸੰਪਰਦਾਇ ਗੁਰੂ ਨਾਨਕ ਦੇ ਮੱਤ ਅਤੇ ਫ਼ਲਸਫ਼ੇ ਨਿਸ਼ੇਧ ਸੀ।

ਫਰੀਦਕੋਟ ਜ਼ਿਲ੍ਹੇ ਦੀ ਮੁਕਤਸਰ ਸਬ-ਡਵੀਜ਼ਨ ਦੇ ਪਿੰਡ ਨਾਂਗੇ ਦੀ ਸਰਾਂ ਵਿਖੇ 31 ਮਾਰਚ, 1504 ਨੂੰ ਜਨਮੇ ਗੁਰੂ ਅੰਗਦ, ਅੰਮ੍ਰਿਤਸਰ ਦੇ ਬਾਸਰਕੇ ਪਿੰਡ ਵਿਚ 5 ਮਈ, 1479 ਨੂੰ ਜਨਮੇ ਗੁਰੂ ਅਮਰਦਾਸ ਅਤੇ 24 ਸਤੰਬਰ, 1534 ਨੂੰ ਜਨਮੇ ਗੁਰੂ ਰਾਮ ਦਾਸ ਜੀ ਨੇ ਪਹਿਲੇ ਗੁਰੂ ਦੁਆਰਾ ਜਗਾਈ ਜੋਤ ਨੂੰ ਉਤਸ਼ਾਹ ਅਤੇ ਲਗਨ ਨਾਲ ਅੱਗੇ ਤੋਰਿਆ। ਗੁਰੂ ਰਾਮ ਦਾਸ ਜੀ ਨੇ 1579 ਵਿਚ ਗਿਲਵਾਲੀ, ਸੁਲਤਾਨਵਿੰਡ ਅਤੇ ਗੁਮਟਾਲੀ ਪਿੰਡ ਦੇ ਵਸਨੀਕਾਂ ਤੋਂ 700 ਰੁਪਿਆਂ ਬਦਲੇ ਇਕ ਜ਼ਮੀਨ ਦਾ ਟੁਕੜਾ ਖਰੀਦਿਆ ਅਤੇ ਇਸ ਵਿਚ ਪਵਿੱਤਰ ਸਰੋਵਰ ਦੀ ਨੀਂਹ ਰੱਖੀ।

ਗੁਰੂ ਅਰਜਨ ਦੇਵ ਜੀ, ਜਿਨ੍ਹਾਂ 15 ਅਪ੍ਰੈਲ, 1563 ਵਿਚ ਗੋਇੰਦਵਾਲ ਵਿਖੇ ਜਨਮ ਲਿਆ, ਨੇ 30 ਮਈ, 1606 ਨੂੰ ਆਪਣੇ ਮੱਤ ਦੀ ਰਾਖੀ ਲਈ ਬਲੀਦਾਨ ਦੇ ਕੇ ਸਿੱਖ ਧਰਮ ਦੇ ਵਿਕਾਸ ਵਿਚ ਅਨੂਠਾ ਅਤੇ ਇਤਿਹਾਸਕ ਯੋਗਦਾਨ ਪਾਇਆ। ਉਨ੍ਹਾਂ ਆਦਿ-ਗ੍ਰੰਥ ਦੀ ਸੰਪਾਦਨਾ ਕੀਤੀ ਪਰ ਹਠ ਧਰਮੀ ਅਤੇ ਤੁਅੱਸਬੀ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਪਵਿੱਤਰ ਗ੍ਰੰਥ ਵਿਚੋਂ ਉਹਦੇ ਵੱਲੋਂ ਇਤਰਾਜ਼ਯੋਗ ਸਮਝੀ ਜਾਂਦੀ ਕੁਝ ਵਿਚਾਰ-ਸਾਮਗਰੀ ਕੱਟਣ ਲਈ ਕਿਹਾ ਪਰ ਗੁਰੂ ਸਾਹਿਬ ਨੇ ਇਨਕਾਰ ਕਰ ਦਿਤਾ। ਉਨ੍ਹਾਂ ਦੇ ਦੋ ਟੁਕ ਇਨਕਾਰ ਨੇ ਬਾਦਸ਼ਾਹ ਨੂੰ ਕ੍ਰੋਧਿਤ ਕਰ ਦਿੱਤਾ। ਸੂਬਾ ਲਾਹੌਰ ਦੀ ਖ਼ਿਦਮਤ ਵਿਚ ਨੌਕਰੀ ਕਰ ਰਹੇ ਬ੍ਰਾਹਮਣ ਮੰਤਰੀ ਚੰਦੂ ਸ਼ਾਹ ਨੇ ਬਾਦਸ਼ਾਹ ਨੂੰ ਇਹ ਕਹਿ ਕੇ ਹੋਰ ਭੜਕਾਇਆ ਕਿ ਗੁਰੂ ਸਾਹਿਬ ਬਾਗ਼ੀਆਨਾ ਬਿਰਤੀ ਰੱਖਦੇ ਹਨ। ਇਸ ਲਈ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਉਪਰ ਬਗ਼ਾਵਤ ਦਾ ਦੋਸ਼ ਲਾ ਦਿੱਤਾ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਭਾਰੀ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਪਰ ਗੁਰੂ ਸਾਹਿਬ ਨੇ ਉਹਦੇ ਅੱਗੇ ਝੁਕਣ ਤੋਂ ਨਾਂਹ ਕਰ ਦਿੱਤੀ। ਕ੍ਰੋਧ ਵਿਚ ਆਏ ਬਾਦਸ਼ਾਹ ਨੇ ਚੰਦੂ ਸ਼ਾਹ ਨੂੰ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ, ਉਨ੍ਹਾਂ ਨੂੰ ਆਦਿ-ਗ੍ਰੰਥ ਵਿਚੋਂ 'ਇਤਰਾਜ਼ਯੋਗ' ਸਮਗਰੀ ਕੱਟਣ ਲਈ ਮਜਬੂਰ ਕਰਨ ਅਤੇ ਉਨ੍ਹਾਂ ਤੋਂ ਜੁਰਮਾਨਾ ਵਸੂਲ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਵੱਲੋਂ ਜਹਾਂਗੀਰ ਦੀਆਂ ਅਣਉਚਿਤ ਮੰਗਾਂ ਅਸਵੀਕਾਰ ਕਰਨ 'ਤੇ ਚੰਦੂ ਸ਼ਾਹ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਬਲਦੇ ਪਾਣੀ ਦੀ ਦੇਗ਼ ਵਿਚ

ਡੁਬੋਇਆ ਅਤੇ ਫਿਰ ਉਨ੍ਹਾਂ ਨੂੰ ਭਖਦੀ ਹੋਈ ਲੋਹੇ ਦੀ ਤੱਤੀ ਤਵੀ 'ਤੇ ਬਿਠਾਇਆ ਅਤੇ ਸਿਰ ਵਿਚ ਤੱਤੀ ਰੇਤਾ ਪਾਈ। ਇਸ ਤਰ੍ਹਾਂ ਗ਼ੱਦਾਰ ਚੰਦੂ ਸ਼ਾਹ ਨੇ ਗੁਰ ਸਾਹਿਬ ਨੂੰ 30 ਮਈ, 1606 ਨੂੰ ਸ਼ਹੀਦੀ ਪ੍ਰਾਪਤ ਕਰਨ ਤੱਕ ਬੇਰਹਿਮੀ ਨਾਲ ਤਸੀਹੇ ਦਿੱਤੇ।

ਇਥੇ ਇਸ ਗੱਲ ਵੱਲ ਧਿਆਨ ਦੇਣਾ ਬਹੁਤ ਮਹੱਤਵਪੂਰਨ ਹੈ ਕਿ ਗੁਰੂ ਅਰਜਨ ਦੇਵ ਜੀ ਪਹਿਲੇ ਸਿੱਖ-ਗੁਰੂ ਸਨ ਜਿਨ੍ਹਾਂ ਨੂੰ ਦਿੱਲੀ ਦਰਬਾਰ ਵੱਲੋਂ ਬਗ਼ਾਵਤ ਦਾ ਦੋਸ਼ ਲਾ ਕੇ ਬਰਹਿਮੀ ਨਾਲ ਤਸੀਹੇ ਦੇ ਕੇ ਮਾਰਿਆ ਗਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਧਰਮ ਦੇ ਵਿਕਾਸ ਵਿਚ ਅਹਿਮ ਮੋੜ ਵਾਲੀ ਘਟਨਾ ਸੀ। ਉਨ੍ਹਾਂ ਵੱਲੋਂ ਅਤੇ ਉਨ੍ਹਾਂ ਦੇ ਪੂਰਵਵਰਤੀ ਗੁਰੂਆਂ ਵੱਲੋਂ ਸ਼ਾਨਦਾਰ ਬਹਾਦਰੀ ਨਾਲ ਅਮਲ ਵਿਚ ਲਿਆਂਦਾ ਗਿਆ ਅਹਿੰਸਾ ਅਤੇ ਸ਼ਾਂਤੀ ਦਾ ਹਥਿਆਰ ਮੁਗ਼ਲ ਹਾਕਮਾਂ ਦੇ ਦਿਲਾਂ ਨੂੰ ਅਸਰ ਅੰਦਾਜ਼ ਕਰਨ ਵਿੱਚ ਮੁਕੰਮਲ ਰੂਪ ਵਿਚ ਨਾਕਾਮ ਹੋ ਗਿਆ ਸੀ। ਹੁਣ ਉਨ੍ਹਾਂ ਦੇ ਜਾਨਸ਼ੀਨ ਵੱਲੋਂ ਗੁਰੂ ਨਾਨਕ ਦੇ ਮੱਤ ਨੂੰ ਮਹਿਫ਼ੂਜ਼ ਰੱਖਣ ਲਈ ਕੋਈ ਅਸਰਦਾਰ ਢੰਗ-ਤਰੀਕੇ ਵਿਉਂਤਣ ਦੀ ਤੀਬਰ ਜ਼ਰੂਰਤ ਸੀ। ਸ਼ਹਾਦਤ ਤੋਂ ਪਹਿਲਾਂ ਹੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਅਤੇ ਜਾਨਸ਼ੀਨ ਗੁਰੂ ਹਰਗੋਬਿੰਦ ਸਾਹਿਬ ਨੂੰ ਆਪਣੀ ਅਤੇ ਆਪਣੇ ਧਰਮ ਦੀ ਦੁਸ਼ਮਣ ਤੋਂ ਰੱਖਿਆ ਵਾਸਤੇ ਫ਼ੌਜ ਖੜ੍ਹੀ ਕਰਨ ਦੀ ਹਦਾਇਤ ਦੇ ਦਿੱਤੀ ਸੀ। ਉਨ੍ਹਾਂ ਇਹ ਵੀ ਹਦਾਇਤ ਕੀਤੀ ਸੀ ਕਿ ਦੁਸ਼ਮਣ ਦੀ ਗਰਿਫ਼ਤ ਵਿਚ ਆਉਣ ਅਤੇ ਤਸੀਹੇ ਝੱਲਣ ਦੀ ਬਜਾਏ ਲੜਦੇ ਹੋਏ ਸ਼ਹੀਦ ਹੋਣਾ ਬਿਹਤਰ ਹੈ। ਉਸ ਸਮੇਂ ਤੱਕ ਗੁਰੂ ਹਰਗੋਬਿੰਦ ਸਾਹਿਬ ਨੂੰ ਪੂਰੀ ਤਰ੍ਹਾਂ ਇਹ ਅਨੁਭਵ ਹੋ ਚੁੱਕਾ ਸੀ ਕਿ ਰਾਜਸੀ ਸ਼ਕਤੀ ਤੋਂ ਬਿਨਾਂ ਕੋਈ ਵੀ ਧਰਮ ਮਹਿਫ਼ੂਜ਼ ਨਹੀਂ ਰਹਿ ਸਕਦਾ। ਇਸ ਲਈ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਹਥਿਆਰਬੰਦ ਜੁਝਾਰੂ ਸਿੱਖਾਂ ਦੀ ਇਕ ਸੈਨਿਕ-ਟੁਕੜੀ ਕਾਇਮ ਕੀਤੀ। ਉਨ੍ਹਾਂ ਦੀ ਫ਼ੌਜ ਵਿਚ 800 ਘੋੜ ਸਵਾਰ ਅਤੇ 300 ਹਥਿਆਰਬੰਦ ਸੇਵਕ ਸ਼ਾਮਲ ਸਨ, ਜੋ ਲਗਾਤਾਰ ਉਨ੍ਹਾਂ ਕੋਲ ਹਾਜ਼ਰ ਰਹਿੰਦੇ ਸਨ। ਸਿੱਖ ਫ਼ੌਜ ਨੂੰ ਮਜ਼ਬੂਤ ਬਣਾਉਣ ਦੇ ਸਿਲਸਿਲੇ ਵਜੋਂ ਉਨ੍ਹਾਂ ਆਪਣੇ ਸੇਵਕਾਂ ਨੂੰ ਅਕਾਲ ਤਖ਼ਤ ਵਿਖੇ ਕੀਮਤੀ ਤੋਹਫ਼ੇ ਭੇਟ ਕਰਨ ਦੀ ਬਜਾਏ ਸ਼ਸਤਰ ਅਤੇ ਘੋੜੇ ਭੇਟ ਕਰਨ ਲਈ ਆਦੇਸ਼ ਦਿੱਤਾ।

ਆਪਣੇ ਨਵੇਂ ਸਿਧਾਂਤ ਨੂੰ ਸਥਾਈ ਰੂਪ ਪ੍ਰਦਾਨ ਕਰਨ ਹਿਤ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੇ ਸੰਕਲਪ ਦੀ ਸਥਾਪਨਾ ਕੀਤੀ ਅਤੇ ਇਸ ਦੋਹਰੀ ਪ੍ਰਭੁਤਾ ਨੂੰ ਪ੍ਰਤੱਖ ਕਰਨ ਲਈ ਉਨ੍ਹਾਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ਸ੍ਰੀ ਦਰਬਾਰ ਸਾਹਿਬ ਦੇ ਠੀਕ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕੀਤੀ, ਜਿਥੇ ਇਸ ਦੋਹਰੀ ਪ੍ਰਭੁਤਾ ਦੇ ਚਿੰਨ੍ਹ ਵਜੋਂ ਉਨ੍ਹਾਂ ਦੋ ਨਿਸ਼ਾਨ ਸਾਹਿਬ ਗੱਡ ਦਿੱਤੇ। ਮੀਰੀ-ਪੀਰੀ ਦਾ ਸੰਕਲਪ ਇਸ ਵਿਚਾਰ ਨੂੰ ਪ੍ਰਗਟਾਉਂਦਾ ਹੈ ਕਿ ਦੁਨਿਆਵੀ ਸੱਤਾ ਦੇ ਪ੍ਰਯੋਗ ਤੋਂ ਬਿਨਾਂ ਧਰਮ ਪ੍ਰਫੁੱਲਤ ਨਹੀਂ ਹੋ ਸਕਦਾ ਅਤੇ ਧਰਮ ਦੀ ਰਹਿਨੁਮਾਈ ਤੋਂ ਬਗੈਰ ਸੰਸਾਰਕ ਸੱਤਾ ਨੂੰ ਸਹੀ ਦਿਸ਼ਾ ਵਿਚ ਨਹੀਂ ਵਰਤਿਆ ਜਾ ਸਕਦਾ। ਇਸ ਤੋਂ ਮਗਰੋਂ ਸੰਸਾਰਕ ਅਤੇ ਰੂਹਾਨੀ ਤਾਕਤਾਂ ਸਿੱਖ ਧਰਮ ਦੇ ਅਨਿੱਖੜ ਅੰਗ ਅਤੇ ਥੰਮ੍ਹ ਬਣ ਗਈਆਂ। ਇਸੇ ਕਾਰਨ ਹੀ ਗੁਰੂ ਹਰਗੋਬਿੰਦ ਸਾਹਿਬ ਨੂੰ ਸੰਤ-ਸਿਪਾਹੀ ਵਜੋਂ ਯਾਦ ਕੀਤਾ ਜਾਂਦਾ ਹੈ।

ਇਸ ਨਵੀਂ ਸਥਿਤੀ ਤੋਂ ਭੈ-ਭੀਤ ਹੋਏ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਆਪਣੀ ਫ਼ੌਜ ਤੋੜਨ ਅਤੇ ਫ਼ੌਜੀ ਅਭਿਆਸ ਕਰਨ ਤੋਂ ਬਾਜ਼ ਆਉਣ ਲਈ

ਕਿਹਾ ਪ੍ਰੰਤੂ ਉਨ੍ਹਾਂ ਨੇ ਇਹ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ। ਇਸ ਦੇ ਫ਼ਲਸਰੂਪ ਉਨ੍ਹਾਂ ਨੂੰ ਅਚਾਨਕ ਛਾਪਾ ਮਾਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਗਵਾਲੀਅਰ ਜੇਲ੍ਹ ਵਿਚ ਕੈਦ ਕਰ ਦਿੱਤਾ। ਜਦੋਂ ਗੁਰੂ ਹਰਗੋਬਿੰਦ ਸਾਹਿਬ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਤਾਂ ਉਹ ਪਹਿਲਾਂ ਨਾਲੋਂ ਜ਼ਿਆਦਾ ਸੁਚੇਤ ਅਤੇ ਸਾਵਧਾਨ ਹੋ ਗਏ ਅਤੇ ਉਸ ਤੋਂ ਬਾਅਦ ਕਦੇ ਵੀ ਦੁਬਾਰਾ ਮੁਗਲਾਂ ਦੇ ਹੱਥ ਨਹੀਂ ਆਏ, ਭਾਵੇਂ ਕਿ ਉਨ੍ਹਾਂ ਮੁਗ਼ਲਾਂ ਨਾਲ ਕਈ ਜੰਗਾਂ ਲੜੀਆਂ। ਇਹ ਉਨ੍ਹਾਂ ਦੀ ਫ਼ੌਜੀ ਪ੍ਰਤਿਭਾ ਦੀ ਨਿਪੁੰਨਤਾ ਦਾ ਹੀ ਸਬੂਤ ਹੈ ਕਿ ਉਨ੍ਹਾਂ ਜਿੰਨੀ ਵਾਰੀ ਵੀ ਮੁਗ਼ਲ ਫ਼ੌਜ ਨਾਲ ਜੰਗ ਲੜੀ ਓਨੀ ਵਾਰ ਹੀ ਮੁਗ਼ਲਾਂ ਨੂੰ ਹਰਾਇਆ। ਉਨ੍ਹਾਂ ਆਪਣੀਆਂ ਸਫਲ ਫ਼ੌਜੀ ਸਰਗਰਮੀਆਂ ਦੇ ਬਲਬੂਤੇ ਅਸਲ ਵਿਚ ਮੁਗ਼ਲ ਸਲਤਨਤ ਦੇ ਅੰਦਰ ਇਕ ਵੱਖਰਾ ਰਾਜ ਹੀ ਸਥਾਪਤ ਕਰ ਲਿਆ ਸੀ। ਇਸ ਪ੍ਰਾਪਤੀ ਸਦਕਾ ਸਿੱਖਾਂ ਦਰਮਿਆਨ ਉਨ੍ਹਾਂ ਦੀ ਸਾਖ਼ ਅਤੇ ਰੁਤਬੇ ਵਿਚ ਭਾਰੀ ਵਾਧਾ ਹੋਇਆ। ਆਪਣੇ ਸੇਵਕਾਂ ਦਰਮਿਆਨ ਉਨ੍ਹਾਂ ਦੇ ਅਦਬ-ਸਤਿਕਾਰ ਦਾ ਪ੍ਰਭਾਵ ਅਜਿਹਾ ਲੋੜ੍ਹੇ ਦਾ ਬਣ ਗਿਆ ਸੀ ਕਿ ਜਦੋਂ ਸ਼ਾਂਤੀ ਦੇ ਦਿਨਾਂ ਵਿਚ 19 ਫਰਵਰੀ, 1645 ਨੂੰ ਉਹ ਸੰਸਾਰ ਤਿਆਗ ਗਏ ਤਾਂ ਉਨ੍ਹਾਂ ਦੇ ਕਈ ਅਨੁਯਾਈਆਂ ਨੇ ਅੰਤਮ-ਸੰਸਕਾਰ ਸਮੇਂ ਚਿਖ਼ਾ ਦੀਆਂ ਲਾਟਾਂ ਵਿਚ ਛਾਲਾਂ ਮਾਰ ਦਿੱਤੀਆਂ ਅਤੇ ਮਰ ਮਿਟੇ।

ਅਕਾਲ ਚਲਾਣੇ ਤੋਂ ਪਹਿਲਾਂ ਗੁਰੂ ਹਰਗੋਬਿੰਦ ਸਾਹਿਬ ਨੇ ਅਜਿਹੀ ਤਕੜੀ ਤੇ ਅਜਿੱਤ ਫ਼ੌਜ ਕਾਇਮ ਕਰ ਲਈ ਸੀ ਜੋ ਉਨ੍ਹਾਂ ਨੂੰ ਆਪਣੇ ਧਰਮ ਅਤੇ ਵਜੂਦ ਦੀ ਰੱਖਿਆ ਕਰਨ ਵਿਚ ਸਹਾਈ ਹੋਈ। ਇਸ ਤਰ੍ਹਾਂ ਮੀਰੀ-ਪੀਰੀ ਦਾ ਸੰਕਲਪ ਪੂਰਨ ਤੌਰ 'ਤੇ ਸਥਾਪਤ ਹੋ ਗਿਆ। ਫਿਰ ਵੀ, ਉਨ੍ਹਾਂ ਦੇ ਦੋ ਉਤਰਾਧਿਕਾਰੀ, ਗੁਰੂ ਹਰ ਰਾਏ ਅਤੇ ਗੁਰੂ ਹਰਕ੍ਰਿਸ਼ਨ ਸਾਹਿਬ ਅਹਿੰਸਾ ਅਤੇ ਸ਼ਾਂਤੀ ਦੇ ਪੁਰਾਣੇ ਅਮਲ ਵੱਲ ਪਰਤੇ।

1664 ਈਸਵੀ ਵਿਚ ਗੁਰੂ ਤੇਗ਼ ਬਹਾਦਰ ਜੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਉਤਰਾਧਿਕਾਰੀ ਬਣੇ ਤਾਂ ਉਨ੍ਹਾਂ ਆਪਣੇ ਪਿਤਾ ਵਾਲੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਗੁਰੂ ਸਾਹਿਬ ਭਗਤੀ ਅਤੇ ਸ਼ਕਤੀ ਦਾ ਸੁਮੇਲ ਸਨ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਹੀ ਪਹਿਲੇ ਗੁਰੂ ਸਨ ਜਿਨ੍ਹਾਂ ਸਾਰੇ ਭਾਰਤ ਦੀ ਯਾਤਰਾ ਕੀਤੀ ਅਤੇ ਲੋਕਾਂ ਨੂੰ ਹਰ ਪੱਧਰ 'ਤੇ ਧੱਕੇਸ਼ਾਹੀ, ਅੱਤਿਆਚਾਰ ਅਤੇ ਪੱਖਪਾਤ ਨਾਲ ਲੜਨ ਲਈ ਪ੍ਰੇਰਿਆ। ਉਨ੍ਹਾਂ ਦਾ ਸੰਦੇਸ਼ ਸੀ, "ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ।" ਤੁਅੱਸਬੀ ਬਾਦਸ਼ਾਹ ਔਰੰਗਜ਼ੇਬ ਵੱਲੋਂ ਹਿੰਦੂਆਂ 'ਤੇ ਕੀਤੇ ਜਾ ਰਹੇ ਜ਼ੁਲਮ ਨੇ ਬ੍ਰਾਹਮਣਾਂ ਵਿਚ ਦਹਿਸ਼ਤ ਫ਼ੈਲਾ ਦਿਤੀ ਅਤੇ ਕਿਸੇ ਮੁਕਤੀ-ਦਾਤਾ ਦੀ ਭਾਲ ਵਿਚ ਕਸ਼ਮੀਰੀ ਪੰਡਤਾਂ ਦੇ ਇਕ ਵਫ਼ਦ ਨੇ ਕਿਰਪਾ ਰਾਮ ਬ੍ਰਾਹਮਣ ਦੀ ਅਗਵਾਈ ਹੇਠ ਗੁਰੂ ਤੇਗ਼ ਬਹਾਦਰ ਜੀ ਕੋਲ ਬਚਾਓ ਵਾਸਤੇ ਪਹੁੰਚ ਕੀਤੀ। ਉਨ੍ਹਾਂ ਦਾ ਦੁੱਖ ਭਰਿਆ ਵਿਰਲਾਪ ਸੁਣ ਕੇ ਗੁਰੂ ਸਾਹਿਬ਼ ਨੇ ਹਿੰਦੂਆਂ ਦੇ ਤਿਲਕ ਅਤੇ ਜੰਞੂ ਦੀ ਰਾਖੀ ਦੇ ਮਿਸ਼ਨ ਦਾ ਬੀੜਾ ਚੁੱਕਣ ਦਾ ਨਿਰਣਾ ਲਿਆ। ਇਹ ਪਹਿਲੀ ਅਤੇ ਆਖਰੀ ਵਾਰ ਸੀ ਕਿ ਕਿਸੇ ਹੋਰ ਧਰਮ ਦੇ ਪੈਗੰਬਰ ਨੇ ਕਿਸੇ ਦੂਜੇ ਧਰਮ ਦੇ ਅਨੁਯਾਈਆਂ ਦੇ ਮਨੁੱਖੀ ਹੱਕਾਂ ਅਤੇ ਧਾਰਮਿਕ ਵਿਸ਼ਵਾਸ ਦੀ ਬਹਾਲੀ ਲਈ ਸੰਘਰਸ਼ ਕੀਤਾ। ਇਹ ਧਰਮ ਅਤੇ ਨਿਆਂਖ਼ਾਤਰ ਨਿਰਾਲੇ ਢੰਗ ਦੀ ਜੱਦੋ-ਜਹਿਦ ਸੀ। ਗੁਰੂ ਤੇਗ਼ ਬਹਾਦਰ ਜੀ ਨੇ 11 ਨਵੰਬਰ, 1675 ਨੂੰ ਆਪਣੇ ਸਿੱਖਾਂ-ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ-ਸਮੇਤ ਸ਼ਹੀਦੀ ਪ੍ਰਾਪਤ ਕੀਤੀ। ਇਹ ਕੇਹੀ ਵਿਡੰਬਨਾ ਹੈ

ਕਿ ਜਦੋਂ ਕਿ ਗੁਰੂ ਤੇਗ ਬਹਾਦਰ ਜੀ ਨੇ ਤਾਂ ਕਸ਼ਮੀਰੀ ਪੰਡਤਾਂ ਦੇ ਕਾਜ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ, ਪ੍ਰੰਤੂ ਇਨ੍ਹਾਂ ਹੀ ਪੰਡਤਾਂ ਦੀ ਸੰਤਾਨ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਇਸ ਦਾ ਇਨਾਮ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰਕੇ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨਵੰਬਰ 1675 ਵਿਚ ਤਦ ਆਪਣੇ ਪਿਤਾ ਦੇ ਉਤਰਾਧਿਕਾਰੀ ਬਣੇ ਜਦੋਂ ਜਨੂੰਨੀ ਅਤੇ ਜ਼ਾਲਮ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀਆਂ ਬੇਮੁਹਾਰੀਆਂ ਦਮਨਕਾਰੀ ਫ਼ੌਜਾਂ ਦੁਆਰਾ ਸਿੱਖ ਧਰਮ ਅਤੇ ਸਿੱਖ ਫ਼ੌਜਾਂ ਨੂੰ ਲਗਪਗ ਸਿਥਲ ਕਰ ਦਿੱਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਵਾਸਤੇ ਹੁਣ ਸਿਥਲ ਹੋਈ ਸਿੱਖ ਫ਼ੌਜ ਨੂੰ ਪੁਨਰ-ਗਠਿਤ ਅਤੇ ਪੁਨਰ-ਉਤਸ਼ਾਹਿਤ ਕਰਨਾ ਬਹੁਤ ਔਖਾ ਕੰਮ ਸੀ ਕਿਉਂਕਿ ਗੁਰਗੱਦੀ ਸੰਭਾਲਣ ਸਮੇਂ ਉਹ ਅਜੇ ਕਿਸ਼ੋਰ ਅਵਸਥਾ ਵਿਚ ਸਨ।

ਵਹਿਸ਼ੀਆਨਾ ਤਸੀਹਿਆਂ ਰਾਹੀਂ ਆਪਣੇ ਪਿਤਾ ਦੀ ਹੋਈ ਸ਼ਹਾਦਤ ਨੇ ਗੁਰੂ ਗੋਬਿੰਦ ਦੇ ਕਿਸ਼ੋਰ ਮਨ ਉਪਰ ਡੂੰਘਾ ਅਤੇ ਅਮਿੱਟ ਪ੍ਰਭਾਵ ਪਾਇਆ। ਉਨ੍ਹਾਂ ਦੀ ਮਨੋ-ਅਵਸਥਾ ਅਤੇ ਨਾਲ ਉਨ੍ਹਾਂ ਦੀ ਸੰਪਰਦਾਇ ਅਤੇ ਦੇਸ਼ ਦੀ ਨਿਘਰੀ ਹੋਈ ਹਾਲਤ, ਇਨ੍ਹਾਂ ਸਭ ਸਥਿਤੀਆਂ ਨੇ ਮਿਲ ਕੇ ਉਨ੍ਹਾਂ ਨੂੰ ਅੱਤਿਆਚਾਰ ਕਰਨ ਵਾਲਿਆਂ ਦਾ ਕੱਟੜ ਦੁਸ਼ਮਣ ਬਣਾ ਦਿੱਤਾ। ਉਨ੍ਹਾਂ ਪਿੱਛਲ-ਝਾਤ ਮਾਰਨ ਹਿਤ ਲਗਾਤਾਰ ਕਈ ਸਾਲ ਸਿੱਖ ਪੰਥ ਦੀ ਹਾਲਤ ਨੂੰ ਘੋਖਿਆ, ਵਿਚਾਰਿਆ ਅਤੇ ਇਸ ਦਾ ਵਿਸ਼ਲੇਸ਼ਣ ਕੀਤਾ। ਅਖ਼ੀਰ ਉਨ੍ਹਾਂ ਸਿਥਲ ਹੋ ਚੁੱਕੇ ਆਪਣੇ ਧਰਮ ਅਤੇ ਸੰਪਰਦਾਇ ਨੂੰ ਇਕ ਨਵੇਂ ਰੂਪ ਵਿਚ ਉਸਾਰਨ ਅਤੇ ਢਾਲਣ ਲਈ ਇਕ ਨਵਾਂ ਤੇ ਉੱਤਮ ਸੰਕਲਪ ਸੋਚਿਆ। ਉਨ੍ਹਾਂ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਆਪਣੇ ਪੈਰੋਕਾਰਾਂ ਨੂੰ ਇਕੱਤਰ ਕੀਤਾ ਅਤੇ ਆਪਣੇ ਮਿਸ਼ਨ ਦੇ ਸ਼ਾਨਦਾਰ ਮਨੋਰਥ ਦਾ ਐਲਾਨ ਕੀਤਾ। ਉਨ੍ਹਾਂ ਘੋਸ਼ਣਾ ਕੀਤੀ ਕਿ "ਹੁਣ ਕੇਵਲ ਖ਼ਾਲਸੇ ਦਾ ਬੋਲਬਾਲਾ ਹੋਵੇਗਾ, ਸਭ ਮਨੁੱਖਾਂ ਨੂੰ ਲਾਜ਼ਮੀ ਤੌਰ 'ਤੇ ਇਕ ਬਰਾਬਰ ਹੋਣਾ ਪਵੇਗਾ, ਊਚ-ਨੀਚ ਸਭ ਬਰਾਬਰ ਹਨ, ਜਾਤ ਖਤਮ ਕਰਨੀ ਪਵੇਗੀ, ਉਨ੍ਹਾਂ ਨੂੰ ਪਾਹੁਲ ਪ੍ਰਾਪਤ ਕਰਨੀ ਪਵੇਗੀ ਅਤੇ ਚਾਰੇ ਜਾਤੀਆਂ ਨੂੰ ਇਕ ਜਗ੍ਹਾ ਅਤੇ ਇਕ ਭਾਂਡੇ ਵਿਚੋਂ ਖਾਣਾ ਹੋਵੇਗਾ। ਜ਼ਾਲਮਾਂ ਦਾ ਨਾਸ਼ ਕਰਨਾ ਪਵੇਗਾ ਅਤੇ ਬੁੱਤ ਪੂਜਾ ਬੰਦ ਕਰਨੀ ਹੋਵੇਗੀ। ਹਿੰਦੂ ਪ੍ਰਥਾ ਨੂੰ ਤਿਆਗਣਾ ਪਵੇਗਾ ਬ੍ਰਾਹਮਣਾਂ ਦੇ ਜਨੇਊ ਨੂੰ ਰੱਦ ਕਰਨਾ ਪਵੇਗਾ ਅਤੇ ਕੇਵਲ ਖ਼ਾਲਸਾ ਰੂਪ ਰਾਹੀਂ ਹੀ ਨਿਜਾਤ ਮਿਲ ਸਕਦੀ ਹੈ।"

## ਰੂਹਾਨੀ ਬੁਲੰਦੀ ਦੇ ਪੰਜ ਸਿਧਾਂਤ

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਰੂਹਾਨੀ ਬੁਲੰਦੀ ਦੇ ਪੰਜ ਸਿਧਾਂਤ ਪ੍ਰਸਤੁਤ ਕੀਤੇ। ਉਨ੍ਹਾਂ ਐਲਾਨ ਕੀਤਾ ਕਿ "ਖ਼ਾਲਸਾ ਪੂਰਨ ਰੂਪ ਵਿਚ ਆਪਣੇ ਮੱਤ ਨੂੰ ਸਮਰਪਿਤ ਹੋਵੇ ਅਤੇ ਇਸ ਨੂੰ ਹੀ ਆਪਣਾ ਰਹਿਬਰ ਜਾਣੇ। ਕਿਰਤ ਨਾਸ਼, ਕੁਲ ਨਾਸ਼, ਕਰਮ ਨਾਸ਼, ਧਰਮ ਨਾਸ਼ ਅਤੇ ਸਰਵ ਨਾਸ਼ ਦੇ ਸਿਧਾਂਤ ਦੀ ਪਾਲਣਾ ਕਰੇ, ਭਾਵ ਕਿ ਉਹ ਆਪਣੇ ਪਿਛਲੇ ਵੰਸ਼, ਖਾਨਦਾਨ ਅਤੇ ਪੇਸ਼ੇ ਦਾ ਹੰਕਾਰ ਤਿਆਗੇ, ਪਿਛਲੇ ਸੰਸਕਾਰਾਂ, ਧਰਮ ਅਤੇ ਸਭ ਦੁਨਿਆਵੀ ਮੋਹ ਦਾ ਤਿਆਗ ਕਰੇ।"

ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ 'ਅਜਿਹਾ ਕਰੋ' ਅਤੇ 'ਸਾਰਾ ਸੰਸਾਰ ਤੁਹਾਡਾ ਹੋਵੇਗਾ।' ਇਸ ਤੋਂ ਬ੍ਰਾਹਮਣ ਅਤੇ ਕਸ਼ਤਰੀ ਤਿਲਮਲਾ ਉੱਠੇ। ਪ੍ਰੰਤੂ ਫ਼੍ਰਿਸਕਾਰੀਆਂ ਅਤੇ

ਦੁਰਕਾਰੀਆਂ ਜਾਤੀਆਂ ਪ੍ਰਸੰਨ ਹੋ ਉਠੀਆਂ। ਦੱਬੀਆਂ-ਕੁਚਲੀਆਂ ਜਾਤਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਆਪਣੀ ਪੂਰਨ ਸ਼ਰਧਾ ਅਤੇ ਸੇਵਾਵਾਂ ਦਾ ਭਰੋਸਾ ਦਿੱਤਾ। ਪਰ ਸਵਰਨ ਜਾਤੀਆਂ (ਦਵਿਜ) ਦੀ ਤਿਲਮਿਲਾਹਟ ਹੋਰ ਭੜਕੀ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਗੁਰੂ ਸਾਹਿਬ ਨੂੰ ਛੱਡ ਗਏ ਪ੍ਰੰਤੂ ਗੁਰੂ ਸਾਹਿਬ ਨੇ ਹੋਕਾ ਦਿਤਾ ਕਿ 'ਨੀਵਿਆਂ ਨੂੰ ਉੱਚਾ ਚੁੱਕਣਾ ਚਾਹੀਦਾ ਹੈ ਅਤੇ ਹੁਣ ਤੋਂ ਤ੍ਰਿਸਕਾਰੇ ਹੋਏ ਲੋਕ ਉਨ੍ਹਾਂ ਦੇ ਅੰਗ-ਸੰਗ ਰਹਿਣਗੇ।' ਇੰਜ ਦੱਬੇ ਹੋਏ ਵਰਗਾਂ ਦੇ ਬਹੁਤ ਸਾਰੇ ਲੋਕਾਂ ਨੇ ਸਿੱਖ ਧਰਮ ਨੂੰ ਅਪਣਾਇਆ ਅਤੇ ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਗਏ।

## ਪੰਜ ਬਾਹਰੀ ਚਿੰਨ੍ਹ

ਗੁਰੂ ਗੋਬਿੰਦ ਸਿੰਘ ਜੀ ਨੇ ਇਕ ਲੋਹੇ ਦੇ ਬਾਟੇ ਵਿਚ ਪਾਣੀ ਪਾਇਆ, ਉਸ ਵਿਚ ਪਤਾਸੇ ਮਿਲਾਏ, ਬਾਣੀ ਪੜ੍ਹਦਿਆਂ ਖੰਡੇ ਨਾਲ ਉਸ ਨੂੰ ਹਿਲਾਇਆ ਅਤੇ ਪੰਜ ਪਿਆਰਿਆਂ ਤੇ ਛਿੜਕਿਆ। ਇਸ ਰਸਮ-ਕਿਰਿਆ ਨੂੰ 'ਪਾਹੁਲ' ਦਾ ਨਾਮ ਦਿੱਤਾ ਗਿਆ ਅਤੇ ਇਹ ਸਿੱਖਾਂ ਦਾ ਧਰਮ-ਪ੍ਰਵੇਸ਼ ਦਾ ਸੰਸਕਾਰ ਹੈ। ਬਾਅਦ ਵਿਚ ਗੁਰੂ ਨੇ ਪੰਜ-ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਛਕਿਆ। ਇਸ ਤਰ੍ਹਾਂ ਖ਼ਾਲਸੇ ਦੀ ਸਥਾਪਨਾ ਕੀਤੀ ਗਈ ਅਤੇ ਸਿੱਖਾਂ ਨੂੰ ਸਿੰਘਾਂ (ਸ਼ੇਰਾਂ) ਵਿਚ ਬਦਲ ਦਿੱਤਾ। ਫਿਰ ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਹੁਣ ਤੋਂ ਖ਼ਾਲਸੇ ਦਾ ਨਾਅਰਾ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਹੋਵੇਗਾ। ਉਹ ਅਕਾਲ ਪੁਰਖ ਤੋਂ ਇਲਾਵਾ ਕੇਵਲ 'ਗੁਰੂ ਗ੍ਰੰਥ ਸਾਹਿਬ' ਅੱਗੇ ਸ਼ਰਧਾ ਪ੍ਰਗਟਾਉਣਗੇ ਅਤੇ ਸਿਰ ਝੁਕਾਉਣਗੇ। ਉਨ੍ਹਾਂ ਹੋਰ ਕਿਹਾ ਕਿ ਖ਼ਾਲਸਾ ਪੰਥ ਦਾ ਹਰੇਕ ਮੈਂਬਰ ਪੰਜ ਕਕਾਰ – ਕੇਸ, ਕੰਘਾ, ਕਛਹਿਰਾ, ਕੜਾ ਅਤੇ ਕਿਰਪਾਨ ਧਾਰਨ ਕਰੇਗਾ। ਉਹ ਆਪਣੇ ਨਾਮ ਨਾਲ 'ਸਿੰਘ' ਸ਼ਬਦ ਲਗਾਉਣਗੇ ਅਤੇ ਆਪਣੀ ਅਨੰਤ ਇੱਛਾ ਸ਼ਕਤੀ ਦੇ ਬਲਬੂਤੇ ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿਚ ਦ੍ਰਿੜਤਾ ਪੂਰਵਕ ਡਟਣਗੇ। ਸ਼ਸਤਰ ਉਨ੍ਹਾਂ ਦੀ ਸ਼ਖ਼ਸੀਅਤ ਦੀ ਸ਼ਾਨ ਵਧਾਉਣ, ਉਹ ਹਰ ਸਮੇਂ ਤਿਆਰ-ਬਰ-ਤਿਆਰ ਰਹਿਣ, ਜ਼ਾਲਮਾਂ ਦਾ ਨਾਸ਼ ਕਰਨਾ ਉਨ੍ਹਾਂ ਦਾ ਪਰਮ-ਧਰਮ ਹੋਵੇ ਅਤੇ ਦੁਸ਼ਮਣ ਦੀ ਗ੍ਰਿਫ਼ਤ 'ਚ ਆ ਜਾਣ 'ਤੇ ਵੀ ਚੜ੍ਹਦੀ ਕਲਾ 'ਚ ਰਹਿਣ। ਇਸ ਤਰ੍ਹਾਂ ਉਨ੍ਹਾਂ ਖ਼ਾਲਸੇ ਨੂੰ ਇਕ ਵਿਲੱਖਣ ਪਹਿਚਾਣ ਦਾ ਮਾਲਕ ਬਣਾਇਆ।

ਖ਼ਾਲਸੇ ਦੀ ਸ਼ੁੱਧੀ ਨੂੰ ਕਾਇਮ ਰੱਖਣ ਦੇ ਸਿਲਸਿਲੇ ਵਜੋਂ ਉਨ੍ਹਾਂ ਗੱਦਾਰਾਂ ਅਤੇ ਮਤਭੇਦ ਰੱਖਣ ਵਾਲਿਆਂ ਦੇ ਪੰਜ ਫ਼ਿਰਕਿਆਂ ਨੂੰ ਸਿੱਖ ਧਰਮ ਵਿਚੋਂ ਛੇਕ ਦਿੱਤਾ। ਇਨ੍ਹਾਂ ਵਿੱਚ ਰਾਮਰਾਈਏ, ਧੀਰਮੱਲੀਏ, ਮੀਣੇ (ਪ੍ਰਿਥੀਏ ਦੀ ਔਲਾਦ- ਜਿਨ੍ਹਾਂ ਗੁਰੂ ਅਰਜਨ ਦੇਵ ਜੀ ਨਾਲ ਵਿਸ਼ਵਾਸਘਾਤ ਕੀਤਾ ਅਤੇ ਉਨ੍ਹਾਂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ), ਮਸੰਦ (ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅਧਿਕਾਰ ਨੂੰ ਚੁਣੌਤੀ ਦਿੱਤੀ ਸੀ) ਅਤੇ ਗੰਗੂਸ਼ਾਹੀਏ ਸ਼ਾਮਲ ਸਨ।

ਜਦੋਂ 1704 ਈ. ਵਿਚ ਔਰੰਗਜ਼ੇਬ ਦੀਆਂ ਸ਼ਾਹੀ ਫ਼ੌਜਾਂ ਅਤੇ ਪਹਾੜੀ ਰਾਜਾਂ ਦੇ ਦਗ਼ਾਬਾਜ਼ ਹਿੰਦੂ ਰਾਜਿਆਂ ਵੱਲੋਂ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੇ ਕਿਲ੍ਹੇ ਦੀ ਘੇਰਾਬੰਦੀ ਕੀਤੀ ਗਈ ਤਾਂ ਨੌਂ ਮਹੀਨੇ ਲੜਾਈ ਚੱਲਦੀ ਰਹੀ। ਬੇਅੰਤ ਔਕੜਾਂ ਦੇ ਬਾਵਜੂਦ ਵੀ ਗੁਰੂ ਸਾਹਿਬ ਨੇ ਦਿਲ ਨਾ ਛੱਡਿਆ ਅਤੇ ਵੀਰਤਾ ਪੂਰਵਕ ਜੰਗ ਲੜਦੇ ਰਹੇ। ਸ਼ਾਹੀ ਫ਼ੌਜਾਂ ਵਲੋਂ ਕਿਲ੍ਹਾ ਛੱਡਣ ਦੀ ਸੂਰਤ ਵਿੱਚ ਹਮਲਾ ਨਾ ਕਰਨ ਦੇ ਸਮਝੌਤੇ ਦੀ

ਪੇਸ਼ਕਸ ਕਰਨ ਉੱਤੇ ਭੁੱਖ ਅਤੇ ਹੋਰ ਤੰਗੀਆਂ ਦੇ ਸਤਾਏ ਹੋਏ ਸਿੰਘਾਂ ਵਿੱਚੋਂ ਬਹੁਤਿਆਂ ਨੇ ਗੁਰੂ ਸਾਹਿਬ ਨੂੰ ਇਹ ਪੇਸ਼ਕਸ਼ ਮਨਜ਼ੂਰ ਕਰਕੇ ਕਿਲ੍ਹਾ ਛੱਡਣ ਦੀ ਰਾਏ ਦਿੱਤੀ, ਤਾਂ ਵੀ ਚਾਲੀ ਸਿੰਘਾਂ ਨੇ ਕਿਲ੍ਹਾ ਨਾ ਛੱਡਣ ਲਈ ਜ਼ੋਰ ਦਿੱਤਾ। ਅਖ਼ੀਰ ਗੁਰੂ ਸਾਹਿਬ ਨੇ ਖ਼ਾਲਸੇ ਦੀ ਬਹੁਸੰਮਤੀ ਦੇ ਫ਼ੈਸਲੇ ਨੂੰ ਸਵਿਕਾਰਦੇ ਹੋਏ ਕਰੀਬ 700 ਸਿੰਘਾਂ ਸਮੇਤ ਕਿਲ੍ਹਾ ਛੱਡ ਦਿੱਤਾ। ਪਰ, ਉਨ੍ਹਾਂ ਨੂੰ ਧੋਖੇ ਨਾਲ ਚਮਕੌਰ ਸਾਹਿਬ ਦੇ ਅਸਥਾਨ 'ਤੇ ਘੇਰ ਲਿਆ ਗਿਆ। ਉੱਥੇ ਗੁਰੂ ਸਾਹਿਬ ਦੇ ਦੋ ਬਹਾਦਰ ਸਾਹਿਬਜ਼ਾਦਿਆਂ ਨੇ ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਮੁਗਲ ਫ਼ੌਜ ਨਾਲ ਲੜਦਿਆਂ ਆਪਣੀਆਂ ਜਾਨਾਂ ਵਾਰੀਆਂ। ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦੇ ਉਨ੍ਹਾਂ ਦੇ ਧੋਖ਼ੇਬਾਜ਼ ਰਸੋਈਏ ਗੰਗੂ ਬ੍ਰਾਹਮਣ ਦੀ ਮੱਕਾਰੀ ਕਾਰਨ ਸਰਹੰਦ ਦੇ ਨਵਾਬ ਵੱਲੋਂ ਜਿਊਂਦੇ ਦੀਵਾਰਾਂ ਵਿੱਚ ਚਿਣ ਦਿੱਤੇ ਗਏ।

ਜਦ ਗੁਰੂ ਗੋਬਿੰਦ ਸਿੰਘ ਚਮਕੌਰ ਸਾਹਿਬ ਤੋਂ ਬਚ ਨਿਕਲੇ ਤਾਂ ਉਨ੍ਹਾਂ ਨੂੰ ਪੀਰ ਮੁਹੰਮਦ, ਜਿਸ ਨਾਲ ਗੁਰੂ ਸਾਹਿਬ ਨੇ ਫ਼ਾਰਸੀ ਦੀ ਵਿੱਦਿਆ ਪ੍ਰਾਪਤ ਕੀਤੀ ਸੀ, ਨੇ ਲੁਧਿਆਣਾ ਜ਼ਿਲ੍ਹੇ ਦੀ ਸਮਰਾਲਾ ਤਹਿਸੀਲ ਦੇ ਪਿੰਡ ਬਹਿਲੋਲਪੁਰ ਵਿਖੇ ਆਪਣੇ ਕੋਲ ਠਹਿਰਾਇਆ। ਗੁਰੂ ਸਾਹਿਬ ਨੇ ਪੀਰ ਮੁਹੰਮਦ ਨਾਲ ਭੋਜਨ ਕੀਤਾ ਅਤੇ ਖ਼ਾਲਸੇ ਨੂੰ ਹਦਾਇਤ ਕੀਤੀ ਕਿ ਉਹ ਨੇਕ ਮੁਸਲਮਾਨਾਂ ਤੋਂ ਦੂਰ ਨਾ ਰਹਿਣ ਅਤੇ ਉਨ੍ਹਾਂ ਨਾਲ ਰੋਟੀ ਦੀ ਸਾਂਝ ਬਣਾਈ ਰੱਖਣ। ਗੁਰੂ ਸਾਹਿਬ ਨੇ ਮੁਸਲਿਮ ਦਰਵੇਸ਼ਾਂ ਵਾਲਾ ਨੀਲਾ ਬਾਣਾ ਪਹਿਨਿਆ ਅਤੇ ਦਮਦਮਾ ਸਾਹਿਬ ਨੂੰ ਚਲੇ ਗਏ, ਜਿਥੇ ਉਨ੍ਹਾਂ ਨੂੰ ਔਰੰਗਜ਼ੇਬ ਨੇ ਮਿਲਣ ਲਈ ਸੱਦਾ-ਪੱਤਰ ਭੇਜਿਆ ਪਰ ਉਨ੍ਹਾਂ ਉਸ ਦੀ ਪੇਸ਼ਕਸ਼ ਠੁਕਰਾ ਦਿੱਤੀ। ਉਨ੍ਹਾਂ ਔਰੰਗਜ਼ੇਬ ਨੂੰ ਇਹ ਕਹਿ ਭੇਜਿਆ ਕਿ ਉਨ੍ਹਾਂ ਨੂੰ ਉਸ 'ਤੇ ਭਰੋਸਾ ਨਹੀਂ ਹੈ ਅਤੇ ਖ਼ਾਲਸਾ ਜ਼ਾਲਮਾਂ ਵਿਰੁੱਧ ਜੰਗ ਜਾਰੀ ਰੱਖੇਗਾ। ਉਨ੍ਹਾਂ ਔਰੰਗਜ਼ੇਬ ਨੂੰ ਪ੍ਰਸਿੱਧ 'ਜ਼ਫ਼ਰਨਾਮਾ' ਵੀ ਭੇਜਿਆ ਜਿਸ ਰਾਹੀਂ ਉਨ੍ਹਾਂ ਔਰੰਗਜ਼ੇਬ ਨੂੰ ਹੱਥੋ-ਹੱਥੀ ਦੁਵੱਲੀ ਲੜਾਈ ਲੜਨ ਦੀ ਚੁਣੌਤੀ ਦਿੱਤੀ ਅਤੇ ਉਸ ਦੇ ਕਪਟ ਅਤੇ ਜ਼ੁਲਮਾਂ ਲਈ ਉਸ ਨੂੰ ਕੋਸਿਆ।

1706-1707 ਵਿਚ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਨਾਲ ਬਹਾਦਰ ਸ਼ਾਹ ਗੱਦੀ 'ਤੇ ਬੈਠਿਆ। ਉਸ ਨੇ ਗੁਰੂ ਸਾਹਿਬ ਦਾ ਸਨਮਾਨ ਕੀਤਾ, ਜੋ ਕਿ ਬਾਅਦ ਵਿਚ ਨੰਦੇੜ ਸਾਹਿਬ ਵੱਲ ਚਲੇ ਗਏ, ਜਿਥੇ ਉਹ 1708 ਵਿਚ ਜੋਤੀ ਜੋਤ ਸਮਾ ਗਏ। ਇਸ ਤੋਂ ਪਹਿਲਾਂ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਕਿਹਾ ਕਿ 'ਉਨ੍ਹਾਂ ਖ਼ਾਲਸੇ ਨੂੰ ਅਕਾਲ ਪੁਰਖ, ਜੋ ਅਕਾਲ ਮੂਰਤਿ ਹੈ (ਅਨਾਸ਼ਵਾਨ), ਦੇ ਸੁਪਰਦ ਕਰ ਦਿੱਤਾ ਹੈ, ਜੋ ਗੁਰੂ ਦੇ ਦਰਸ਼ਨ ਕਰਨਾ ਚਾਹੇ ਉਹ ਗੁਰੂ ਗ੍ਰੰਥ ਸਾਹਿਬ ਦੀ ਖੋਜ ਕਰੇ। ਗੁਰੂ ਖ਼ਾਲਸੇ ਦੇ ਅੰਗ-ਸੰਗ ਰਹੇਗਾ, ਨਿਸ਼ਚਾ ਅਤੇ ਵਿਸ਼ਵਾਸ ਰੱਖਣਾ। ਜਿਥੇ ਵੀ ਪੰਜ ਸਿੰਘ (ਪੰਜ ਪਿਆਰੇ) ਇਕੱਠੇ ਹੋਣਗੇ, ਉਥੇ ਵੀ ਮੈਂ ਹਾਜ਼ਰ ਰਹਾਂਗਾ।'

### ਬਾਬਾ ਬੰਦਾ ਬਹਾਦਰ ਸਿੰਘ ਦੀ ਅਗਵਾਈ ਦਾ ਦੌਰ

ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਨੂੰ ਫ਼ੌਜੀ ਲੀਹਾਂ 'ਤੇ ਜਥੇਬੰਦ ਕੀਤਾ ਅਤੇ ਇਨਕਲਾਬ ਲਿਆਉਣ ਅਤੇ ਘੱਟੋ-ਘੱਟ ਪੰਜਾਬ ਵਿਚ ਖ਼ਾਲਸਾ ਰਾਜ ਦੀ ਸਥਾਪਤੀ ਵਿਚ ਸਹਾਈ ਹੋਣ ਵਾਲੇ ਹਾਲਾਤ ਪੈਦਾ ਕੀਤੇ। ਉਨ੍ਹਾਂ ਆਪਣੇ ਦੁਆਲੇ ਬਹਾਦਰ ਸਿੱਖ ਕਿਸਾਨੀ ਅਤੇ ਦੱਬੇ-ਕੁਚਲੇ ਲੋਕਾਂ ਨੂੰ ਇਕੱਤਰ ਕੀਤਾ, ਜੋ ਉਨ੍ਹਾਂ ਦੀ ਜੋਸ਼ੀਲੀ ਫੌਜ ਦਾ ਧੁਰਾ ਸਨ ਪ੍ਰੰਤੂ ਉਹ ਆਪਣੇ ਮਿਸ਼ਨ ਨੂੰ ਸਿਰੇ ਨਾ ਲਗਾ ਸਕੇ ਅਤੇ ਜੀਵਨ ਦੇ ਮਹੱਤਵਪੂਰਨ

ਦਿਨਾਂ ਵਿਚ ਚਲਾਣਾ ਕਰ ਗਏ। ਫਿਰ ਵੀ ਘੱਟ ਤੋਂ ਘੱਟ ਉਨ੍ਹਾਂ ਭਵਿੱਖ ਵਾਸਤੇ ਰਾਹ ਪੱਧਰਾ ਕਰ ਦਿੱਤਾ ਅਤੇ ਖਾਲਸਾ ਰਾਜ ਦੀ ਸਥਾਪਨਾ ਨੂੰ ਯਕੀਨੀ ਬਣਾ ਗਏ।

ਉਨ੍ਹਾਂ ਤੋਂ ਬਾਅਦ ਖ਼ਾਲਸੇ ਦੀ ਅਗਵਾਈ ਲਈ ਬੰਦਾ ਬਹਾਦਰ ਅੱਗੇ ਆਇਆ। ਜਿਸ ਨੇ ਸਪੱਸ਼ਟ ਰੂਪ ਵਿਚ ਖਾਲਸੇ ਨੂੰ ਦਸਵੇਂ ਗੁਰੂ ਦੇ ਜੀਵਨ-ਉਦੇਸ਼ ਦੀ ਪੂਰਤੀ ਹਿੱਤ 'ਕੇਸਰੀ ਨਿਸ਼ਾਨ' ਹੇਠ ਇਕੱਠੇ ਕੀਤਾ। ਖਾਲਸਾ ਫੌਜ ਨੇ ਸਰਹਿੰਦ ਨੂੰ ਮਲੀਆਮੇਟ ਕਰ ਦਿੱਤਾ ਅਤੇ ਲੁੱਟਿਆ। ਸੂਬੇਦਾਰ ਵਜ਼ੀਰ ਖ਼ਾਨ, ਜਿਸਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣਿਆ ਸੀ, ਅਤੇ ਗੱਦਾਰ ਗੰਗੂ ਬ੍ਰਾਹਮਣ ਨੂੰ ਕਤਲ ਕਰ ਦਿੱਤਾ। ਇਸ ਤਰ੍ਹਾਂ ਖ਼ਾਲਸੇ ਨੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ।

ਬੰਦਾ ਬਹਾਦਰ ਦੀ ਅਗਵਾਈ ਵਿਚ ਖਾਲਸਾ ਫੌਜ ਨੇ 1709 ਤੋਂ 1716 ਦਰਮਿਆਨ ਕਈ ਜੰਗਾ ਜਿੱਤੀਆਂ। ਖਾਲਸੇ ਨੇ ਇਸ ਸਮੇਂ ਦੌਰਾਨ ਵੱਡੀਆਂ ਵੱਡੀਆਂ ਕੁਰਬਾਨੀਆਂ ਕੀਤੀਆਂ। ਗੁਰੂ ਗੋਬਿੰਦ ਸਿੰਘ ਤਾਂ ਜ਼ਿੰਦਾ ਨਹੀਂ ਸਨ, ਪਰ ਜਿਹੜੀ ਜੋਤ ਉਨ੍ਹਾਂ ਜਗਾਈ ਸੀ, ਉਹ ਹੋਰ ਪ੍ਰਚੰਡ ਹੋ ਉੱਠੀ। ਇਸ ਦੌਰਾਨ ਸਿੱਖ ਲਹਿਰ ਨੂੰ ਉਸ ਸਮੇਂ ਬਹੁਤ ਨੁਕਸਾਨ ਪੁੱਜਾ ਜਦੋਂ ਬੰਦਾ ਬਹਾਦਰ ਦੀ ਹਾਰ ਹੋ ਗਈ ਅਤੇ ਉਸਨੂੰ ਗ੍ਰਿਫਤਾਰ ਕਰਕੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਬੰਦੇ ਦੀ ਹਾਰ ਦਾ ਕਾਰਨ ਖਾਲਸਾਈ ਦਲਾਂ ਵਿਚ ਫੁੱਟ ਪੈ ਜਾਣਾ ਸੀ। ਇਸ ਫੁੱਟ ਕਾਰਨ ਖ਼ਾਲਸੇ ਦੀ ਫ਼ੌਜੀ ਤਾਕਤ ਕਮਜ਼ੋਰ ਪੈ ਗਈ। 'ਤੱਤ ਖ਼ਾਲਸਾ' ਵਲੋਂ ਬੰਦਾ ਬਹਾਦਰ ਦਾ ਵਿਰੋਧ ਕੀਤੇ ਜਾਣ ਕਰਕੇ ਬੰਦੇ ਦੀ ਜੰਗ 'ਚ ਹਾਰ ਹੋਈ ਸੀ। ਤੱਤ ਖਾਲਸੇ ਵਲੋਂ ਬੰਦੇ ਦਾ ਵਿਰੋਧ ਕੀਤੇ ਜਾਣ ਬਾਰੇ ਭਾਵੇਂ ਇਤਿਹਾਸਕਾਰਾਂ ਦੀ ਵੱਖ ਵੱਖ ਰਾਏ ਹੈ ਪਰ ਇਹ ਕਿਹਾ ਜਾਂਦਾ ਹੈ ਕਿ ਬੰਦਾ ਬਹਾਦਰ ਵੱਲੋਂ ਖਾਲਸਾਈ ਨਾਅਰੇ ਅਤੇ ਸਿਧਾਂਤ 'ਚ ਉਲਟ-ਫੇਰ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਕਰਕੇ ਨਿਸ਼ਠਾਵਾਨ ਖ਼ਾਲਸੇ ਨੇ 'ਤੱਤ ਖਾਲਸੇ' ਦਾ ਨਿਰਮਾਣ ਕੀਤਾ। ਬੰਦੇ ਉਪਰ ਗੁਰੂ ਦੇ ਹੁਕਮਾਂ ਦੀ ਪਾਲਨਾਂ ਨਾ ਕਰਨ ਦੇ ਦੋਸ਼ ਵੀ ਲੱਗੇ। ਅਜਿਹੀ ਫੁੱਟ ਵਾਲੀ ਸਥਿਤੀ ਕਾਰਨ ਖ਼ਾਲਸਾ ਫ਼ੌਜ ਦਾ ਬੇਹੱਦ ਜਾਨੀ ਨੁਕਸਾਨ ਹੋਇਆ ਅਤੇ ਬੰਦੇ ਦੀ ਸ਼ਹਾਦਤ ਤੋਂ ਬਾਅਦ ਖਾਲਸਾ ਫ਼ੌਜ ਲੀਡਰਸ਼ਿਪ ਤੋਂ ਵਾਂਝੀ ਹੋ ਗਈ। ਇਤਿਹਾਸ ਨੇ ਅਜੇ ਇਸ ਗੱਲ ਦਾ ਫੈਸਲਾ ਕਰਨਾ ਹੈ ਕਿ ਬੰਦੇ ਉਪੱਰ ਆਪਣੀ ਜ਼ਿੰਦਗੀ 'ਚ ਦੁਬਾਰਾ ਵੈਰਾਗੀ ਹਿੰਦੂਤਵ ਧਾਰਾ ਦੇ ਪ੍ਰਭਾਵ ਕਬੂਲ ਲੈਣ ਦੇ ਦੋਸ਼ਾਂ 'ਚ ਕਿੰਨੀ ਕੁ ਸੱਚਾਈ ਹੈ।

ਇਸ ਸਥਿਤੀ ਦਾ ਲਾਭ ਉਠਾਉਂਦਿਆਂ ਮੁਗ਼ਲ ਬਾਦਸ਼ਾਹ ਦੇ ਆਦੇਸ਼ਾਂ 'ਤੇ ਕੰਮ ਕਰਦੇ ਹੋਏ ਜਾਬਰ ਜਕਰੀਆ ਖ਼ਾਨ, ਯਾਹੀਆ ਖ਼ਾਨ ਅਤੇ ਮੀਰ ਮੰਨੂ, ਇਕ ਤੋਂ ਬਾਅਦ ਦੂਸਰਾ, ਸਦੀ ਦਾ ਚੌਥਾ ਹਿੱਸਾ (ਕਰੀਬ 25 ਸਾਲ) ਬੇਰਹਿਮੀ ਨਾਲ ਸਿੱਖਾਂ ਦਾ ਦਮਨ ਕਰਦੇ ਰਹੇ। ਉਨ੍ਹਾਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ। ਡਰਪੋਕ ਸਿੱਖਾਂ ਨੇ ਮੌਤ ਤੋਂ ਬਚਣ ਲਈ ਆਪਣੇ ਕੇਸ ਅਤੇ ਦਾਹੜੇ ਕੱਟ ਲਏ ਪਰ ਬਹਾਦਰ ਅੱਤਿਆਚਾਰੀਆਂ ਵਿਰੁੱਧ ਗੁਰੀਲਾ ਜੰਗ ਜਾਰੀ ਰੱਖਣ ਲਈ ਪਹਾੜਾਂ ਅਤੇ ਜੰਗਲਾਂ ਵਿਚ ਜਾ ਲੁਕੇ।

ਗੁਰੂ ਗੋਬਿੰਦ ਸਿੰਘ ਦੇ ਪੁਰਾਣੇ ਸਾਥੀ ਅਤੇ ਅਨੁਯਾਈ ਭਾਈ ਤਾਰੂ ਸਿੰਘ ਨੇ ਇਕ ਦੇਖਣਯੋਗ ਮਿਸਾਲ ਕਾਇਮ ਕਰਨ ਲਈ ਖ਼ਾਲਸੇ ਅਤੇ ਉਸ ਦੇ ਮੱਤ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕੀਤੀ। 1733-48 ਨਵਾਬ ਕਪੂਰ ਸਿੰਘ ਉਸ ਦੀ ਸ਼ਹਾਦਤ ਤੋਂ ਬਾਅਦ ਜੱਸਾ ਸਿੰਘ ਆਹਲੂਵਾਲੀਏ ਨੇ ਕਮਾਨ ਸੰਭਾਲੀ ਜਿਸ ਨੇ 1746 ਵਿਚ 'ਦਲ

ਖ਼ਾਲਸਾ' ਦੀ ਸਥਾਪਨਾ ਕੀਤੀ। ਚਰਸਾ ਸਿੰਘ, ਜੱਸਾ ਸਿੰਘ ਠੋਕਾ (ਰਾਮਗੜ੍ਹੀਆ), ਕਿਰਵਾਰ ਸਿੰਘ ਅਤੇ ਹੋਰ ਨਾਮਵਰ ਸਿੱਖ ਆਗੂ ਉਸ ਦੇ ਨਾਲ ਸ਼ਾਮਲ ਹੋਏ ਅਤੇ ਦਲ ਖ਼ਾਲਸਾ ਦੀ ਹਮਾਇਤ ਕੀਤੀ। ਜਦੋਂ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਆਪਣੇ ਬ੍ਰਾਹਮਣ ਮੰਤਰੀ ਕੌੜਾ ਮੱਲ ਦੇ ਨਾਲ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਢਹਿ ਢੇਰੀ ਕੀਤਾ ਤੇ ਪਵਿੱਤਰ ਸਰੋਵਰ ਨੂੰ ਮਲਬੇ ਨਾਲ ਪੂਰ ਕੇ ਬੇਅਦਬੀ ਕੀਤੀ ਤਾਂ ਜੱਸਾ ਸਿੰਘ ਆਹਲੂਵਾਲੀਏ ਨੇ ਲਾਹੌਰ ਤੇ ਚੜ੍ਹਾਈ ਕਰ ਦਿੱਤੀ ਅਤੇ ਬੁਰੀ ਤਰ੍ਹਾਂ ਲੁੱਟਿਆ। ਸੂਬਾ ਲਾਹੌਰ ਅਤੇ ਗੱਦਾਰ ਬ੍ਰਾਹਮਣ ਭੱਜ ਨਿਕਲੇ ਅਤੇ ਆਪਣੀ ਜਾਨ ਬਚਾ ਲਈ, ਪਰ ਖ਼ਾਲਸੇ ਨੇ ਆਪਣੇ ਪਵਿੱਤਰ ਗੁਰਧਾਮ ਤੇ ਸਰੋਵਰ ਦੀ ਬੇਅਦਬੀ ਦਾ ਬਦਲਾ ਲੈ ਲਿਆ। ਜੱਸਾ ਸਿੰਘ ਆਹਲੂਵਾਲੀਏ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਉਥੇ ਖ਼ਾਲਸਾ ਰਾਜ ਦੀ ਘੋਸ਼ਣਾ ਕਰ ਦਿੱਤੀ। ਗੁਰੂ ਗੋਬਿੰਦ ਸਿੰਘ ਦੀ ਪਿਆਰੀ ਯਾਦ ਵਿਚ ਇਕ ਰੁਪਏ ਦਾ ਸਿੱਕਾ ਜਾਰੀ ਕੀਤਾ ਜਿਸ 'ਤੇ ਉਕਰਿਆ ਹੋਇਆ ਸੀ। ਖ਼ਾਲਸੇ ਨੇ ਦਰਬਾਰ ਸਾਹਿਬ ਦੀ ਮੁੜ ਉਸਾਰੀ ਕੀਤੀ ਅਤੇ ਪਵਿੱਤਰ ਸਰੋਵਰ ਦੀ ਸਫਾਈ ਕੀਤੀ।

1762 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਅਤੇ ਪੰਜਾਬ 'ਤੇ ਹਮਲਾ ਕੀਤਾ, ਦਰਬਾਰ ਸਾਹਿਬ ਨੂੰ ਤਬਾਹ ਕਰ ਦਿੱਤਾ ਅਤੇ ਪਵਿੱਤਰ ਸਰੋਵਰ ਨੂੰ ਸਿੱਖਾਂ ਦੇ ਵੱਢੇ ਹੋਏ ਸਿਰਾਂ ਦੇ ਢੇਰਾਂ ਨਾਲ ਭਰ ਦਿੱਤਾ। ਇਰਾਨ ਲਈ ਵਾਪਸੀ ਤੋਂ ਪਹਿਲਾਂ ਉਸ ਨੇ ਇਕ ਗੱਦਾਰ ਹਿੰਦੂ, ਕਾਬੁਲੀ ਮੱਲ੍ਹ ਨੂੰ ਲਾਹੌਰ ਦਾ ਸੂਬੇਦਾਰ ਥਾਪਿਆ। ਇਸ ਨੀਚ ਹਿੰਦੂ ਸੂਬੇਦਾਰ ਨੇ ਅੱਗੋਂ ਮੱਸਾ ਰੰਘੜ ਨੂੰ ਦਰਬਾਰ ਸਾਹਿਬ ਦਾ ਪ੍ਰਬੰਧ ਥਾਪ ਦਿੱਤਾ, ਜਿਸ ਨੇ ਪਵਿੱਤਰ ਗੁਰਧਾਮ ਦੇ ਅੰਦਰ ਤਮਾਕੂ, ਹੁੱਕਾ ਅਤੇ ਸ਼ਰਾਬ ਪੀ ਕੇ ਪਵਿੱਤਰਤਾ ਭੰਗ ਕੀਤੀ। ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਮੱਸਾ ਰੰਗੜ ਦਾ ਦਰਬਾਰ ਸਾਹਿਬ ਦੇ ਅੰਦਰ ਹੀ ਸਿਰ ਲਾਹਿਆ ਅਤੇ ਇੰਝ ਸਿੱਖਾਂ ਨੇ ਇਕ ਵਾਰ ਫਿਰ ਪਵਿੱਤਰ ਗੁਰਧਾਮ ਦੀ ਬੇਅਦਬੀ ਦਾ ਬਦਲਾ ਲਿਆ।

ਇਸ ਸਮੇਂ ਤੱਕ ਪੰਜਾਬ ਦੇ ਕਈ ਹਿੱਸਿਆਂ 'ਤੇ ਇਸ ਤੋਂ ਬਾਹਰ ਤੱਕ ਕਾਫੀ ਗਿਣਤੀ ਵਿਚ ਛੋਟੀਆਂ-ਵੱਡੀਆਂ ਮਿਸਲਾਂ ਨੇ ਪੈਰ ਜਮ੍ਹਾ ਲਏ ਸਨ। ਉੱਤਰ ਪ੍ਰਦੇਸ਼ ਵਿਚ ਅਵਧ ਤੋਂ ਲੈ ਕੇ ਪਾਕਿਸਤਾਨ ਦੇ ਸਿੰਧ ਤੱਕ ਇਨ੍ਹਾਂ ਮਿਸਲਾਂ ਦਾ ਪ੍ਰਭਾਵ ਸੀ। ਕਦੇ-ਕਦਾਈਂ ਗਾਹੇ-ਬ-ਗਾਹੇ ਦੇ ਆਪਸੀ ਝਗੜਿਆਂ ਦੇ ਬਾਵਜੂਦ ਮਿਸਲਾਂ ਦੇ ਮੁਖੀ 1764 ਵਿਚ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਅਤੇ ਉਨ੍ਹਾਂ ਖ਼ਾਲਸਾ ਰਾਜ ਦੀ ਪ੍ਰਭੁਤਾ ਦਾ ਐਲਾਨ ਕਰ ਦਿੱਤਾ। ਉਨ੍ਹਾਂ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ 'ਦੇਗ ਤੇਗ ਫਤਹਿ' ਦੇ ਸ਼ਬਦ ਉਕਰਿਆ ਹੋਇਆ ਇਕ ਨਵਾਂ ਸਿੱਕਾ ਜਾਰੀ ਕੀਤਾ। ਇਨ੍ਹਾਂ ਮੁਖੀਆਂ ਨੇ ਸਾਲ ਵਿਚ ਇਕ ਵਾਰ ਅੰਮ੍ਰਿਤਸਰ ਵਿਖੇ ਇਕੱਠੇ ਹੋ ਕੇ ਗੁਰਮਤਿ ਰਾਹੀਂ ਆਪਸੀ ਮਤਭੇਦ ਦੂਰ ਕਰਨ ਲਈ ਸਰਬੱਤ ਖ਼ਾਲਸਾ ਬੁਲਾਉਣ ਦਾ ਨਿਰਣਾ ਵੀ ਲਿਆ। ਉਨ੍ਹਾਂ ਦੇ ਸਾਂਝੇ ਯਤਨਾਂ ਅਤੇ ਮੁਗਲਾਂ 'ਤੇ ਉਨ੍ਹਾਂ ਦੇ ਏਜੰਟਾਂ ਦੇ ਖਿਲਾਫ ਕਠੋਰ ਜੰਗ ਨੇ ਅਖੀਰ ਮਹਾਰਾਜਾ ਰਣਜੀਤ ਸਿੰਘ ਵੱਲੋਂ 1799 ਵਿਚ ਸਿੱਖ ਸਲਤਨਤ ਦੀ ਸਥਾਪਨਾ ਦਾ ਰਾਹ ਪੱਧਰਾ ਕੀਤਾ।

ਕਿੰਨੀ ਬਦਕਿਸਮਤੀ ਹੈ ਕਿ ਖ਼ਾਲਸਾ ਫੌਜ ਵੱਲੋਂ ਆਪਣੇ ਖ਼ੂਨ-ਪਸੀਨੇ ਨਾਲ ਕਾਇਮ ਕੀਤੀ ਸਲਤਨਤ ਦਾ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ

ਬਾਅਦ ਪਤਨ ਹੋ ਗਿਆ ਅਤੇ 1849 ਵਿਚ ਧਿਆਨ ਸਿੰਘ ਡੋਗਰਾ, ਗੁਲਾਬ ਸਿੰਘ ਡੋਗਰਾ, ਲਾਲ ਸਿੰਘ ਅਤੇ ਤੇਜਾ ਸਿੰਘ ਵਰਗੇ ਉਸ ਦੇ ਹਿੰਦੂ ਵਿਸ਼ਵਾਸ ਪਾਤਰਾਂ ਦੀ ਗੱਦਾਰੀ ਕਾਰਨ ਇਸ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਲਾਲ ਸਿੰਘ ਤੇ ਧਿਆਨ ਸਿੰਘ ਦੋਨੋਂ ਗੋਤ ਦੇ ਮਿਸਰ ਸਨ ਤੇ ਹਿੰਦੂ ਸਨ। ਹੋਰ ਵੀ ਬਹੁਤ ਕਾਰਨ ਹਨ, ਜਿਨ੍ਹਾਂ ਕਰਕੇ ਸਿੱਖ ਰਾਜ ਦਾ ਪਤਨ ਅਤੇ ਨਾਸ਼ ਹੋਇਆ। ਇਨ੍ਹਾਂ ਵਿਚੋਂ ਮੁਖ ਕਾਰਨ ਸਨ : ਮਹਾਰਾਜੇ ਦਾ ਕਮਜ਼ੋਰ ਇਖਲਾਕ, ਉਸ ਦੀ ਫਜ਼ੂਲ ਖਰਚੀ, ਉਸ ਦਾ ਮੁਗ਼ਲ ਬਾਦਸ਼ਾਹਾਂ ਵਰਗਾ ਰਹਿਣ-ਸਹਿਣ, ਸਿੱਖ ਸਿਧਾਂਤਾਂ ਦੀ ਕੀਮਤ 'ਤੇ ਉਸ ਵਲੋਂ ਆਪਣੇ ਆਪ ਨੂੰ ਧਰਮ-ਨਿਰਪੱਖ ਸਾਬਤ ਕਰਨ ਦੀ ਇੱਛਾ, ਉਸ ਵੱਲੋਂ ਅੰਗਰੇਜ਼ਾਂ ਨੂੰ ਖੁਲਮ-ਖੁੱਲ੍ਹਾ ਪਤਿਆਉਣਾ ਅਤੇ ਸਭ ਤੋਂ ਵੱਧ ਉਸ ਦੀ ਖ਼ਾਲਸਾ ਫੌਜ ਤੇ ਅਕਾਲੀ ਫੂਲਾ ਸਿੰਘ ਅਤੇ ਹਰੀ ਸਿੰਘ ਨਲੂਆ ਜਿਹੇ ਖ਼ਾਲਸਾ ਜਰਨੈਲਾਂ ਪ੍ਰਤੀ ਬੇਵਸਾਹੀ। ਇਹ ਪੱਖ ਤਬਾਹਕੁੰਨ ਸਾਬਤ ਹੋਏ।

ਬੰਦਾ ਬਹਾਦਰ ਦੀ ਤਰ੍ਹਾਂ ਮਹਾਰਾਜਾ ਵੀ ਸਿੱਖ ਧਰਮ ਦੇ ਸਿਧਾਂਤਾਂ ਅਤੇ ਗੁਰੂ ਗੋਬਿੰਦ ਸਿੰਘ ਵੱਲੋਂ ਐਲਾਨੀ ਗਈ ਖ਼ਾਲਸੇ ਦੀ ਫਿਲਾਸਫੀ ਸਮਝਣ ਵਿਚ ਅਸਫਲ ਰਿਹਾ। ਜੇ ਉਸ ਨੇ ਨਿਸ਼ਠਾ, ਦ੍ਰਿੜ੍ਹਤਾ ਨਾਲ ਖ਼ਾਲਸਾਈ ਫ਼ਲਸਫ਼ੇ ਦੀ ਪਾਲਣਾ ਕੀਤੀ ਹੁੰਦੀ, ਖ਼ਾਲਸਾ ਫੌਜ ਅਤੇ ਅਕਾਲੀ ਫੂਲਾ ਸਿੰਘ ਤੇ ਹਰੀ ਸਿੰਘ ਨਲੂਆ ਜਿਹੇ ਦੇਸ਼-ਭਗਤ ਅਤੇ ਭਰੋਸੇਯੋਗ ਸਿੱਖ ਜਰਨੈਲਾਂ 'ਤੇ ਭਰੋਸਾ ਕੀਤਾ ਹੁੰਦਾ ਅਤੇ ਉਨ੍ਹਾਂ ਨੂੰ ਮਹੱਤਵਪੂਰਨ ਅਹੁਦੇ ਦਿੱਤੇ ਹੁੰਦੇ, ਜਿਵੇਂ ਕਿ ਉਸ ਨੇ ਧਿਆਨ ਸਿੰਘ ਤੇ ਗੁਲਾਬ ਸਿੰਘ ਡੋਗਰਿਆਂ ਅਤੇ ਲਾਲਾ ਸਾਵਨ ਮੱਲ੍ਹ ਜੋ ਖ਼ਾਲਸੇ ਦੇ ਲੁਕਵੇਂ ਦੁਸ਼ਮਣ ਸਨ, ਨੂੰ ਬਖਸ਼ਿਸ਼ ਕੀਤੇ ਸਨ ਤਾਂ ਜ਼ਰੂਰ ਹੀ ਉਹ ਆਪਣੇ ਪਿਛੋਂ ਸਿੱਖ ਸਲਤਨਤ ਨੂ ਚਲਦਾ ਰੱਖਣ ਲਈ ਕੋਈ ਯੋਗ ਉਤਰਾਧਿਕਾਰੀ ਛੱਡ ਜਾਂਦਾ।

ਇਥੇ ਇਹ ਕਾਬਲ-ਏ-ਗੌਰ ਹੈ ਕਿ ਅਕਾਲੀ ਫੂਲਾ ਸਿੰਘ ਅਤੇ ਹਰੀ ਸਿੰਘ ਨਲੂਆ, ਜਿਨ੍ਹਾਂ 'ਤੇ ਰਣਜੀਤ ਸਿੰਘ ਨੂੰ ਭਰੋਸਾ ਨਹੀਂ ਸੀ, ਨੇ ਸਿੱਖ ਸਲਤਨਤ ਤੇ ਖ਼ਾਲਸਾ ਪੰਥ ਦੀ ਰਾਖੀ ਕਰਦੇ ਹੋਏ ਮੈਦਾਨੇ-ਏ-ਜੰਗ ਵਿਚ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ, ਜਦੋਂ ਕਿ ਦੋਵੇਂ ਡੋਗਰਿਆਂ ਅਤੇ ਲਾਲ ਸਿੰਘ ਤੇ ਤੇਜਾ ਸਿੰਘ, ਜਿਨ੍ਹਾਂ ਵਿਚ ਮਹਾਰਾਜੇ ਨੇ ਭਰੋਸਾ ਪ੍ਰਗਟਾਇਆ ਸੀ, ਨੇ ਸਿੱਖ ਰਾਜ ਅਤੇ ਖ਼ਾਲਸਾ ਪੰਥ ਦੋਹਾਂ ਨਾਲ ਦਗਾ ਕੀਤਾ। ਉਨ੍ਹਾਂ ਗੁਪਤ ਰੂਪ ਵਿਚ ਸਿੱਖ ਸਲਤਨਤ ਅਤੇ ਖ਼ਾਲਸੇ ਵਿਰੁੱਧ ਸਾਜ਼ਿਸ਼ ਕੀਤੀ। ਉਹ ਲੁਕਵੇਂ ਪੱਧਰ ਉੱਤੇ ਅੰਗਰੇਜ਼ਾਂ ਨਾਲ ਮਿਲ ਕੇ ਕੰਮ ਕਰਦੇ ਰਹੇ ਅਤੇ ਇਸ ਤੱਥ ਦੀ ਬਾਅਦ ਵਿਚ ਪੁਸ਼ਟੀ ਹੋ ਗਈ, ਜਦੋਂ 1849 ਵਿਚ ਸਿੱਖ ਰਾਜ ਦੇ ਅੰਤ ਤੋਂ ਬਾਅਦ ਅੰਗਰੇਜ਼ਾਂ ਨੇ ਜੰਮੂ-ਕਸ਼ਮੀਰ ਗੁਲਾਬ ਸਿੰਘ ਡੋਗਰੇ ਨੂੰ ਤੋਹਫੇ ਵਜੋਂ ਭੇਟ ਕੀਤਾ। ਲਾਲ ਸਿੰਘ ਤੇ ਤੇਜਾ ਸਿੰਘ ਨੂੰ ਵੀ ਉਨ੍ਹਾਂ ਦੇ ਵਿਸ਼ਵਾਸਘਾਤ ਵਾਲੀਆਂ ਕਾਰਵਾਈਆਂ ਬਦਲੇ ਢੁਕਵਾਂ ਇਨਾਮ ਦਿੱਤਾ ਗਿਆ।

## ਸਿੱਖ ਧਰਮ ਦਾ ਪੁਨਰ-ਉੱਥਾਨ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਸਿੱਖ ਧਰਮ ਵਿਚ ਨਿਘਾਰ ਆਉਣਾ ਸ਼ੁਰੂ ਹੋ ਗਿਆ ਸੀ ਕਿਉਂਕਿ ਨਾ ਤਾਂ ਮਹਾਰਾਜਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਘੋਸ਼ਿਤ ਫ਼ਲਸਫ਼ੇ ਨੂੰ ਸਮਝ ਸਕਿਆ ਅਤੇ ਨਾ ਹੀ ਉਸ ਨੇ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਨਿਰਧਾਰਤ ਮੀਰੀ-ਪੀਰੀ ਦੇ ਸੰਕਲਪ ਦਾ ਪਾਲਣ ਕੀਤਾ। ਇਸ ਦੀ ਬਜਾਏ ਉਸ ਨੇ ਮੁਗ਼ਲ ਬਾਦਸ਼ਾਹਾਂ

ਵਾਲੀ ਸ਼ਾਹਾਨਾ ਜੀਵਨ-ਜਾਚ ਅਪਣਾਈ ਅਤੇ ਫਜ਼ੂਲ-ਖਰਚੀ ਅਤੇ ਇਖ਼ਲਾਕੀ ਕਮਜ਼ੋਰੀਆਂ ਵਿਚ ਗਲਤਾਨ ਰਿਹਾ। ਇਸ ਤਰ੍ਹਾਂ ਉਸ ਨੇ ਸਿੱਖ ਸਿਧਾਂਤਾਂ ਨੂੰ ਅਣਗੌਲਿਆਂ ਕੀਤਾ ਅਤੇ ਬੁਰਾਈਆਂ ਤੇ ਵਿਕਾਰਾਂ ਨੂੰ ਸਿੱਖ ਮੱਤ ਵਿਚ ਦਾਖ਼ਲੇ ਦੀ ਇਜਾਜ਼ਤ ਦਿੱਤੀ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਿਰ ਨਿਵਾਉਣ ਅਤੇ ਸਰੋਵਰ ਵਿਚ ਨਿਯਮਤ ਰੂਪ ਵਿਚ ਇਸ਼ਨਾਨ ਕਰਨ ਦੀ ਬਜਾਏ ਉਹ ਹਰਿਦੁਆਰ ਜਾਂਦਾ ਅਤੇ ਗੰਗਾ ਨਦੀ ਵਿਚ ਨਹਾਉਂਦਾ। ਜਦੋਂ ਉਸ ਦੀ ਮੌਤ ਹੋਈ ਤਾਂ ਉਸ ਦੀਆਂ ਕੁਝ ਰਾਣੀਆਂ ਉਹਦੇ ਨਾਲ 'ਸਤੀ' ਹੋਈਆਂ, ਜੋ ਕਿ ਸਿੱਖ ਧਰਮ ਦੇ ਵਿਰੋਧੀ ਪ੍ਰਥਾ ਸੀ।

ਜਦੋਂ ਅੰਗਰੇਜ਼ਾਂ ਨੇ 1849 ਵਿਚ ਪੰਜਾਬ ਨੂੰ ਜਿੱਤ ਲਿਆ ਅਤੇ ਆਪਣੇ ਰਾਜ ਨਾਲ ਜੋੜ ਲਿਆ ਤਾਂ ਉਹ ਸਿੱਖਾਂ ਦੀ ਤਾਕਤ ਅਤੇ ਸ਼ਾਨੋ-ਸ਼ੌਕਤ ਪ੍ਰਤੀ ਸੁਚੇਤ ਸਨ। ਉਹ ਇਹ ਵੀ ਜਾਣਦੇ ਸਨ ਸਿੱਖ-ਸ਼ਕਤੀ ਗੁਰਦੁਆਰਿਆਂ ਵਿਚੋਂ ਉਭਰਦੀ ਹੈ। ਇਸ ਲਈ ਉਨ੍ਹਾਂ ਧਾਰਮਿਕ ਸ਼ਕਤੀ ਵਾਲੀਆਂ ਇਨ੍ਹਾਂ ਸੰਸਥਾਵਾਂ 'ਤੇ ਆਪਣੇ ਏਜੰਟਾਂ ਰਾਹੀਂ ਨਿਯੰਤਰਣ ਕਰਕੇ ਸਿੱਖ ਧਰਮ ਨੂੰ ਨਕਾਰਾ ਕਰਨ ਦੀ ਇਕ ਕੋਝੀ ਵਿਉਂਤ ਸੋਚੀ। ਆਪਣੇ ਨਿਸ਼ਾਨੇ ਦੀ ਪੈਰਵੀ ਹਿਤ ਉਨ੍ਹਾਂ ਹਿੰਦੂ ਮਹੰਤਾਂ ਨੂੰ ਇਤਿਹਾਸਕ ਅਤੇ ਮਹੱਤਵਪੂਰਨ ਗੁਰਦੁਆਰਿਆਂ ਦੇ ਪ੍ਰਬੰਧਕ ਸਥਾਪਤ ਕਰ ਦਿੱਤਾ। ਮਿਸਾਲ ਵਜੋਂ ਮਹੰਤ ਨਰਾਇਣ ਦਾਸ ਅਤੇ ਮਹੰਤ ਸਾਧੂ ਰਾਮ, ਦੋਵੇਂ ਸਿੱਖ ਵਿਰੋਧੀ ਤੱਤਾਂ ਨੂੰ ਕ੍ਰਮਵਾਰ ਨਨਕਾਣਾ ਸਾਹਿਬ ਅਤੇ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਪ੍ਰਬੰਧਕ ਲਾਇਆ ਗਿਆ। ਜਨੂੰਨੀ ਅਤੇ ਭ੍ਰਿਸ਼ਟ ਹਿੰਦੂ ਮਹੰਤਾਂ ਨੇ ਗੁਰਦੁਆਰਿਆਂ ਵਿਚ ਮੂਰਤੀਆਂ ਦੀ ਸਥਾਪਨਾ ਕਰ ਦਿੱਤੀ ਅਤੇ ਹਿੰਦੂ ਕਰਮ-ਕਾਂਡ ਅਤੇ ਰਸਮਾਂ ਆਰੰਭ ਦਿੱਤੀਆਂ, ਜਿਨ੍ਹਾਂ ਨੂੰ ਸਿੱਖ ਗੁਰੂਆਂ ਨੇ ਨਿੰਦਿਆਂ ਅਤੇ ਤਿਆਗਿਆ ਸੀ। ਇਸ ਢੰਗ ਨਾਲ ਮਹੰਤਾਂ ਨੇ ਦੁਬਾਰਾ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਬੁਰੇ ਪ੍ਰਭਾਵ ਹੇਠ ਲਿਆਂਦਾ ਅਤੇ ਵੱਡੀ ਪੱਧਰ 'ਤੇ ਰਲਗੱਡ ਕੀਤਾ।

ਇਸ ਮੌਕੇ ਹੀ ਆਰੀਆ ਸਮਾਜ ਦੇ ਬਾਨੀ ਦਇਆਨੰਦ ਸਰਸਵਤੀ ਨੇ ਹਮਲਾਵਰੀ ਢੰਗ ਨਾਲ ਸਿੱਖ ਧਰਮ ਦੇ ਵਿਰੁੱਧ ਮੁਹਿੰਮ ਛੇੜ ਦਿੱਤੀ। ਉਸ ਨੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀ ਨੁਕਤਾਚੀਨੀ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਭੰਡਿਆ। ਸਿੱਖੀ ਵਿਰੋਧੀ ਉਸ ਦੇ ਪ੍ਰਚਾਰ ਨੂੰ ਸ਼ਰਧਾਲੂ ਸਿੱਖਾਂ, ਜਿਨ੍ਹਾਂ ਸਿੰਘ ਸਭਾਵਾਂ ਬਣਾਈਆਂ, ਸ਼੍ਰੋਮਣੀ ਅਕਾਲੀ ਦਲ ਅਤੇ ਚੀਫ਼ ਖ਼ਾਲਸਾ ਦੀਵਾਨ ਸਥਾਪਤ ਕੀਤੇ, ਨੇ ਕਾਰਗਰ ਢੰਗ ਨਾਲ ਠੱਲ੍ਹਿਆ। ਇਨ੍ਹਾਂ ਸੰਸਥਾਵਾਂ ਨੇ ਆਰੀਆ ਸਮਾਜੀਆਂ ਵੱਲੋਂ ਆਰੰਭੀ ਬਦਨੀਤੀ ਵਾਲੀ ਮੁਹਿੰਮ ਦਾ ਜਵਾਬੀ ਟਾਕਰਾ ਕੀਤਾ। ਇਨ੍ਹਾਂ ਸਿੱਖ ਜਥੇਬੰਦੀਆਂ ਨੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਮੁੜ ਹਥਿਆਉਣ ਲਈ ਜ਼ੋਰਦਾਰ ਜੱਦੋ-ਜਹਿਦ ਸ਼ੁਰੂ ਕਰ ਦਿੱਤੀ। ਉਨ੍ਹਾਂ ਇਤਿਹਾਸਕ ਗੁਰਦੁਆਰਿਆਂ ਦੇ ਸੰਚਾਲਨ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਵੀ ਕਰ ਲਿਆ। ਅੰਗਰੇਜ਼ ਹਾਕਮਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਮਾਨਤਾ ਦੇਣ ਲਈ ਮਜਬੂਰ ਕਰ ਦਿੱਤਾ ਗਿਆ ਅਤੇ ਉਨ੍ਹਾਂ ਇਸ ਮੰਤਵ ਲਈ 1925 ਵਿਚ ਗੁਰਦੁਆਰਾ ਐਕਟ ਪਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਦਾ ਸੰਚਾਲਨ ਕਰਨ ਵਾਲੀ ਇਕੋ-ਇਕ ਅਧਿਕਾਰਤ ਸੰਸਥਾ ਵਜੋਂ ਮਾਨਤਾ ਦੇ ਦਿੱਤੀ। ਇਸ ਤਰ੍ਹਾਂ ਹਿੰਦੂਆਂ ਵਲੋਂ ਅੰਗਰੇਜ਼ਾਂ ਦੀ ਮਿਲੀ-ਭੁਗਤ ਨਾਲ ਸਿੱਖੀ ਨੂੰ ਹਿੰਦੂ ਮੱਤ ਵਿਚ ਜਜ਼ਬ ਕਰ ਲੈਣ ਦੇ ਬਦਨੀਤੀ ਭਰੇ

ਯਤਨ ਸਫ਼ਲਤਾਪੂਰਵਕ ਠੁੱਸ ਕਰ ਦਿੱਤੇ ਗਏ। ਨਨਕਾਣਾ ਸਾਹਿਬ ਅਤੇ ਸਿੱਖਾਂ ਦੇ ਮੁਕੱਦਸ ਅਸਥਾਨ ਸ੍ਰੀ ਦਰਬਾਰ ਸਾਹਿਬ ਸਮੇਤ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਭ੍ਰਿਸ਼ਟ ਅਤੇ ਦੁਰਾਚਾਰੀ ਮਹੰਤਾਂ ਤੋਂ ਸਿਦਕੀ ਸਿੱਖਾਂ ਨੂੰ ਭਾਰੀ ਜਾਨੀ ਨੁਕਸਾਨ ਉਠਾ ਕੇ ਲੈਣਾ ਪਿਆ।

ਜਦ ਅੰਗਰੇਜ਼ਾਂ ਨੇ 1947 ਵਿਚ ਆਜ਼ਾਦੀ ਬਖ਼ਸ਼ੀ ਤਾਂ ਉਨ੍ਹਾਂ ਮੁਸਲਮਾਨਾਂ ਨੂੰ ਪਾਕਿਸਤਾਨ ਦੇ ਦਿੱਤਾ ਅਤੇ ਬਾਕੀ ਸਾਰਾ ਭਾਰਤ ਹਿੰਦੂਆਂ ਨੂੰ ਭੇਟ ਕਰ ਦਿੱਤਾ। ਮੋਹਨ ਦਾਸ ਕਰਮ ਚੰਦ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਹੋਰ ਹਿੰਦੂ ਨੇਤਾਵਾਂ ਦੇ ਦਗੇ (ਕਪਟ) ਕਾਰਨ ਸਿੱਖ ਬਿਪਤਾ ਵਿਚ ਘਿਰ ਗਏ। ਮਾਸਟਰ ਤਾਰਾ ਸਿੰਘ ਨੂੰ ਵੀ ਇਹ ਮੁਸੀਬਤ ਸਹੇੜਨ ਲਈ ਬਰਾਬਰ ਦਾ ਦੋਸ਼ ਦਿੱਤਾ ਜਾ ਸਕਦਾ ਹੈ। ਇਨ੍ਹਾਂ ਹਿੰਦੂ ਨੇਤਾਵਾਂ ਨੇ ਸਿੱਖ ਨੇਤਾਵਾਂ ਨਾਲ ਇਕਰਾਰ ਕੀਤਾ ਕਿ ਆਜ਼ਾਦੀ ਤੋਂ ਬਾਅਦ ਸਿੱਖਾਂ ਨੂੰ ਉੱਤਰ-ਪੱਛਮੀ ਭਾਰਤ ਵਿਚ ਇਕ ਵਿਸ਼ੇਸ਼ ਖਿੱਤਾ ਦਿੱਤਾ ਜਾਵੇਗਾ, ਜਿਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣਗੇ ਅਤੇ ਆਪਣੇ ਧਰਮ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰ ਸਕਣਗੇ। ਪਰ ਜਦੋਂ ਕਪਟੀ ਹਿੰਦੂਆਂ ਨੂੰ 1947 ਵਿਚ ਆਜ਼ਾਦੀ ਮਿਲ ਗਈ ਅਤੇ ਉਨ੍ਹਾਂ ਆਪਣੀ ਤਾਕਤ ਜਮਾ ਲਈ ਤਾਂ ਉਨ੍ਹਾਂ ਸਿੱਖਾਂ ਨਾਲ ਕੀਤੇ ਵਾਅਦੇ ਬੜੀ ਬੇਸ਼ਰਮੀ ਨਾਲ ਵਿਸਾਰ ਦਿੱਤੇ। ਕੇਵਲ ਇੰਨਾਂ ਹੀ ਨਹੀਂ ਕਿ ਉਨ੍ਹਾਂ ਨੂੰ ਇਕਰਾਰ ਕੀਤਾ ਗਿਆ ਖਿੱਤਾ ਨਹੀਂ ਸੀ ਦਿੱਤਾ ਗਿਆ, ਸਗੋਂ ਸੰਵਿਧਾਨਕ ਤੌਰ 'ਤੇ ਵੀ ਸਿੱਖਾਂ ਨੂੰ ਹਿੰਦੂ ਧਰਮ ਦਾ ਅਨਿੱਖੜ ਅੰਗ ਬਣਾ ਲਿਆ ਗਿਆ, ਜਿਸ ਹਿੰਦੂ ਮੱਤ ਨੂੰ ਗੁਰੂ ਸਾਹਿਬ ਨੇ ਸਾਢੇ ਚਾਰ ਸਦੀਆਂ ਤੋਂ ਵੀ ਵੱਧ ਪਹਿਲਾਂ ਨਿੰਦਿਆ ਅਤੇ ਤਿਆਗਿਆ ਸੀ। ਭਾਰਤੀ ਸੰਵਿਧਾਨ ਵਿਚ ਧਾਰਾ 25 (2) ਸ਼ਾਮਲ ਕੀਤੀ ਗਈ, ਜਿਸ ਵਿਚ ਸਿੱਖਾਂ ਨੂੰ ਹਿੰਦੂ ਬਿਆਨਿਆ ਗਿਆ। ਇਹ ਹਿੰਦੂਆਂ ਦੀ ਸਿੱਖ ਮੱਤ ਨੂੰ ਲੁਕਵੇਂ ਸਾਧਨਾਂ ਰਾਹੀਂ ਹੜੱਪਣ ਦੀ ਚਤੁਰਾਈ ਭਰੀ ਚਾਲ ਸੀ।

ਜਦੋਂ ਭਾਰਤ ਸਰਕਾਰ ਨੇ ਸੂਬਿਆਂ ਨੂੰ ਬੋਲੀ ਦੇ ਅਧਾਰ 'ਤੇ ਪੁਨਰਗਠਿਤ ਕਰਨ ਦਾ ਫ਼ੈਸਲਾ ਕੀਤਾ ਅਤੇ 1951 ਵਿਚ ਮਰਦਮਸ਼ੁਮਾਰੀ (ਜਨ-ਗਣਨਾ) ਕੀਤੀ ਗਈ ਤਾਂ ਪੰਜਾਬ ਦੇ ਵਸਨੀਕ ਹਿੰਦੂਆਂ ਵੱਲੋਂ ਆਪਣੀ ਮਾਤ ਭਾਸ਼ਾ ਹਿੰਦੀ ਦਰਜ ਕਰਾਈ ਗਈ, ਭਾਵੇਂ ਕਿ ਉਹ ਆਪਣੇ ਘਰਾਂ ਵਿਚ ਤੇ ਹੋਰਨਾਂ ਨਾਲ ਗੱਲਬਾਤ ਦੌਰਾਨ ਸ਼ੁਧ ਪੰਜਾਬੀ ਬੋਲਦੇ ਸਨ। ਇਹ ਉਨ੍ਹਾਂ ਦਾ ਸਿੱਖਾਂ ਨੂੰ ਪੰਜਾਬੀ ਬੋਲੀ 'ਤੇ ਆਧਾਰਤ ਸੂਬਾ ਮੰਗਣ ਦੇ ਸੰਵਿਧਾਨਕ ਤੇ ਬੁਨਿਆਦੀ ਹੱਕ ਤੋਂ ਵਾਂਝਾ ਰੱਖਣ ਦਾ ਇੱਕ ਕੋਝਾ ਯਤਨ ਸੀ। ਅਜਿਹੇ ਹਿੰਦੂ ਜੋ ਆਪਣੀ ਮਾਤ ਭਾਸ਼ਾ ਨਾਲ ਧ੍ਰੋਹ ਕਰ ਸਕਦੇ ਹਨ, ਉਨ੍ਹਾਂ ਵੱਲੋਂ ਆਪਣੇ ਜਾਤੀ ਹਿੱਤਾਂ ਅਤੇ ਖ਼ੁਦਗਰਜ਼ੀ ਲਈ ਆਪਣੀ ਮਾਤ-ਭੂਮੀ ਨਾਲ ਦਗਾ ਕੀਤੇ ਜਾਣ ਦਾ ਅਨੁਮਾਨ ਵੀ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਇਸ ਤਰੀਕੇ ਤੁਅੱਸਬੀ ਹਿੰਦੂਆਂ ਨੇ ਆਪਣੀਆਂ ਗਿਣੀਆਂ ਮਿਥੀਆਂ ਚਾਲਾਂ ਰਾਹੀਂ ਫ਼ਿਰਕਾਪ੍ਰਸਤੀ ਦੇ ਬੀਜ ਬੀਜੇ ਹਨ ਅਤੇ ਬਾਅਦ ਵਿਚ ਉਹ ਇਸ ਦੇ ਉਭਾਰ ਦਾ ਦੋਸ਼ ਦੂਜਿਆਂ ਸਿਰ ਮੜ੍ਹਨ ਲਈ ਬਕ-ਬਕ ਕਰਦੇ ਰਹਿੰਦੇ ਹਨ।

1956 ਵਿਚ ਹਿੰਦੂ-ਬਹੁਗਿਣਤੀ ਵਾਲੇ ਸਾਰੇ ਸੂਬਿਆਂ ਦਾ ਭਾਸ਼ਾ ਦੇ ਆਧਾਰ'ਤੇ ਪੁਨਰ-ਗਠਨ ਕੀਤਾ ਗਿਆ ਪਰ ਪੰਜਾਬ ਨੂੰ ਪਹਿਲਾਂ ਸੋਚੀ ਹੋਈ ਵਿਉਂਤ ਅਨੁਸਾਰ ਦੋ-ਭਾਸ਼ਾਈ ਸੂਬਾ ਐਲਾਨਿਆ ਗਿਆ। ਸਿੱਖਾਂ ਨੇ ਹੋਰ ਛਲੇ ਗਏ ਮਹਿਸੂਸ ਕੀਤਾ। ਫ਼ਿਰਕਾਪ੍ਰਸਤ

ਤਾਕਤਾਂ ਤੋਂ ਨਿਆਂ ਲੈਣ ਖਾਤਰ ਉਨ੍ਹਾਂ ਪੰਜਾਬੀ ਬੋਲਦਾ ਸੂਬਾ ਬਣਾਉਣ ਲਈ ਮੋਰਚਾ ਲਾ ਦਿੱਤਾ। ਸਾਂਝੇ ਪੰਜਾਬ ਦੇ ਫਿਰਕੂ ਹਿੰਦੂਆਂ ਨੇ ਪੰਜਾਬੀ ਬੋਲੀ 'ਤੇ ਆਧਾਰਤ ਸੂਬਾ ਬਣਨ ਦੇ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ। ਇਹ 'ਵਿਰੋਧੀ-ਅੰਦੋਲਨ' ਭਾਰਤ ਸਰਕਾਰ, ਜਿਹੜੀ ਕਿ ਬਹੁਗਿਣਤੀ ਹਿੰਦੂ ਪ੍ਰਭਾਵ ਵਾਲੀ ਸੀ, ਦੀ ਸ਼ਹਿ 'ਤੇ ਆਰੰਭਿਆ ਗਿਆ ਸੀ। ਫਿਰ ਵੀ ਅਕਾਲੀ ਦਲ ਦੀ ਦਹਾਕਾ ਭਰ ਲੰਮੀ ਜੱਦੋ-ਜਹਿਦ ਅਤੇ ਕੀਮਤੀ ਜਾਨਾਂ ਦੀ ਕੁਰਬਾਨੀ ਮਗਰੋਂ ਉਨ੍ਹਾਂ ਕੱਟੇ-ਛਾਂਗੇ ਹੋਏ ਪੰਜਾਬ ਦੇ ਰੂਪ ਵਿਚ 1 ਨਵੰਬਰ, 1966 ਨੂੰ ਅੰਸ਼ਕ ਨਿਸ਼ਾਨੇ ਦੀ ਪ੍ਰਾਪਤੀ ਕੀਤੀ, ਜਿਸ ਵਿਚੋਂ ਹਰਿਆਣਾ ਅਤੇ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਮਨਫ਼ੀ ਸਨ। ਕੇਵਲ ਇੰਨਾਂ ਹੀ ਨਹੀਂ, ਪੰਜਾਬ ਦਾ ਇਕ ਵਿਸ਼ਾਲ ਇਲਾਕਾਈ ਹਿੱਸਾ ਜਿਸ ਵਿਚ ਸ਼ਿਮਲਾ, ਡਲਹੌਜ਼ੀ, ਕੁੱਲੂ-ਮਨਾਲੀ, ਲਾਹੌਲ, ਸਪੀਤੀ ਅਤੇ ਧਰਮਸ਼ਾਲਾ ਸ਼ਾਮਲ ਸਨ, ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਕਰ ਦਿੱਤੇ ਗਏ। ਇਸ ਵੱਡੀ ਬੇਇਨਸਾਫ਼ੀ ਤੋਂ ਇਲਾਵਾ ਭਾਰਤ ਸਰਕਾਰ ਨੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਅਤੇ ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਇਖ਼ਤਿਆਰ ਆਪਣੇ ਕੋਲ ਰੱਖ ਲਏ। ਸ਼੍ਰੋਮਣੀ ਅਕਾਲੀ ਦਲ ਨੇ ਹੋਰ ਮੰਗਾਂ ਦੇ ਨਾਲ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਨੂੰ ਦਿੱਤੇ ਗਏ ਪੰਜਾਬੀ ਬੋਲਦੇ ਇਲਾਕੇ, ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਆਦਿ ਵਾਪਸ ਕਰਨ ਅਤੇ ਨੰਦੇੜ ਸਾਹਿਬ ਤੇ ਹੋਰਨਾਂ ਸੂਬਿਆਂ ਵਿਚ ਸਥਿਤ ਇਤਿਹਾਸਕ ਗੁਰਦੁਆਰਿਆਂ ਦਾ ਕੰਟਰੋਲ ਲੈਣ ਦੇ ਇਰਾਦੇ ਨਾਲ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਕਰਦਿਆਂ ਫ਼ਿਰ ਮੋਰਚਾ ਲਾ ਦਿੱਤਾ ਪਰ ਭਾਰਤ ਸਰਕਾਰ ਇੰਨੀ ਸੌਖੀ ਰਜ਼ਾਮੰਦ ਹੋਣ ਵਾਲੀ ਨਹੀਂ ਸੀ। ਜਦੋਂ ਮੋਰਚਾ ਆਪਣੀ ਸਿਖ਼ਰ 'ਤੇ ਸੀ ਤਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1970 ਵਿਚ ਇਕ ਪੁਰਸਕਾਰ ਦਾ ਐਲਾਨ ਕੀਤਾ, ਜਿਸ ਵਿੱਚ ਇਹ ਤਜਵੀਜ਼ ਰੱਖੀ ਕਿ ਜੇ ਅਬੋਹਰ ਅਤੇ ਫਾਜ਼ਿਲਕਾ, ਜੋ ਪੰਜਾਬੀ ਬੋਲਦੇ ਇਲਾਕੇ ਹਨ, ਚੰਡੀਗੜ੍ਹ ਦੇ ਇਵਜ਼ ਵਿੱਚ ਹਰਿਆਣਾ ਨੂੰ ਦੇ ਦਿੱਤੇ ਜਾਣ ਤਾਂ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾ ਸਕਦਾ ਹੈ। ਇਹ ਖੁੱਲ੍ਹਮ-ਖੁੱਲ੍ਹਾ ਫ਼ਿਰਕੂ ਪ੍ਰਸਤਾਵ ਸੀ। ਜਦੋਂ ਸਿੱਖ ਕੇਂਦਰ ਸਰਕਾਰ ਵੱਲੋਂ ਨਿਰੰਤਰ ਵਿਤਕਰੇ ਅਤੇ ਧਰੋਹ ਦਾ ਸ਼ਿਕਾਰ ਹੁੰਦੇ ਰਹੇ ਤਾਂ ਅਕਾਲੀ ਦਲ ਆਪਣੀਆਂ ਮੰਗਾਂ ਨੂੰ ਨਵਾਂ ਸਰੂਪ ਦੇਣ ਲਈ ਬੇਵੱਸ ਹੋ ਗਿਆ। ਇਸ ਮੰਤਵ ਲਈ ਅਕਾਲੀ ਦਲ ਨੇ ਇਕ ਮਤਾ ਉਲੀਕਿਆ ਅਤੇ ਅਕਤੂਬਰ 1973 ਵਿਚ ਆਨੰਦਪੁਰ ਸਾਹਿਬ ਵਿਖੇ ਇਸ ਨੂੰ ਪ੍ਰਵਾਨਗੀ ਦੇ ਦਿੱਤੀ। ਇਸੇ ਮਤੇ ਨੂੰ ਹੀ ਆਨੰਦਪੁਰ ਸਾਹਿਬ ਦਾ ਮਤਾ ਕਿਹਾ ਜਾਂਦਾ ਹੈ। ਇਸ ਮਤੇ ਦੇ ਪ੍ਰਮੁੱਖ ਅੰਸ਼ ਹਨ ਕਿ: ਕੇਂਦਰੀ ਸਰਕਾਰ ਰੱਖਿਆ, ਵਿਦੇਸ਼ੀ ਮਾਮਲੇ, ਸੰਚਾਰ ਅਤੇ ਕਰੰਸੀ ਦੇ ਚਾਰ ਵਿਭਾਗ ਆਪਣੇ ਕੋਲ ਰੱਖੇ ਅਤੇ ਬਾਕੀ ਸਾਰੀਆਂ ਸ਼ਕਤੀਆਂ ਸੂਬਿਆਂ ਦੇ ਸਪੁਰਦ ਕੀਤੀਆਂ ਜਾਣ ਤਾਂ ਜੋ ਅਸਲ ਫ਼ੈਡਰਲ ਢਾਂਚੇ ਵਾਲੀ ਸਰਕਾਰ ਨੂੰ ਅਮਲ ਵਿਚ ਲਿਆਂਦਾ ਜਾ ਸਕੇ। ਇਸ ਵਿਚ ਇਹ ਵੀ ਮੰਗ ਹੈ ਕਿ ਲੋਕਾਂ ਨੂੰ ਪਿਸਤੌਲ ਤੋਂ ਲੈ ਕੇ 30 ਬੋਰ ਦੀ ਕਾਰਬਾਈਨ ਤੱਕ ਦੇ ਹਥਿਆਰ ਰੱਖਣ ਦੀ ਖੁੱਲ੍ਹ ਦਿੱਤੀ ਜਾਏ ਬਸ਼ਰਤੇ ਕਿ ਸੰਬੰਧਿਤ ਵਿਅਕਤੀ ਸਜ਼ਾ ਜ਼ਾਫ਼ਤਾ ਅਪਰਾਧੀ ਨਾ ਹੋਵੇ ਅਤੇ ਉਹ ਆਪਣੇ ਸ਼ਸਤਰਾਂ ਨੂੰ ਅਧਿਕਾਰੀਆਂ ਕੋਲ ਰਜਿਸਟਰ ਕਰਵਾਏ। ਇਹ ਮਤਾ ਅਕਤੂਬਰ 1978 ਵਿਚ ਲੁਧਿਆਣਾ ਵਿਖੇ ਹੋਈ ਅਕਾਲੀ ਦਲ ਦੀ ਸਾਲਾਨਾ ਕਾਨਫ਼ਰੰਸ ਵਿਚ ਸੋਧੇ ਹੋਏ ਰੂਪ ਵਿਚ ਅਪਣਾਇਆ ਗਿਆ।

## II

ਸਿੱਖ ਧਰਮ ਦੇ ਸਰੂਪ ਨੂੰ ਵਿਗਾੜਨ ਅਤੇ ਇਸ ਦੀਆਂ ਮੌਲਿਕ ਪ੍ਰੰਪਰਾਵਾਂ ਵਿੱਚ ਉਲਟ-ਫ਼ੇਰ ਕਰਨ ਦੇ ਇਰਾਦੇ ਨਾਲ ਭਾਰਤ ਸਰਕਾਰ ਨੇ ਨਿਰੰਕਾਰੀਆਂ, ਰਾਧਾ ਸੁਆਮੀਆਂ ਅਤੇ ਅਜਿਹੇ ਹੋਰਨਾਂ ਨੂੰ ਸਿੱਖਾਂ ਅਤੇ ਉਨ੍ਹਾਂ ਦੇ ਧਰਮ ਦਾ ਵਿਰੋਧ ਕਰਨ ਲਈ ਮਦਦ ਅਤੇ ਹੱਲਾ-ਸ਼ੇਰੀ ਦਿੱਤੀ। ਜਦੋਂ ਕਿ ਰਾਧਾ ਸੁਆਮੀਆਂ ਦੀ ਸੁਰ ਮੱਧਮ ਰਹੀ, ਉਥੇ ਗੁਰਬਚਨ ਸਿੰਘ ਦੀ ਪ੍ਰਧਾਨਗੀ ਹੇਠ ਨਿਰੰਕਾਰੀ ਮੰਡਲ ਨੇ ਸਿੱਖ ਧਰਮ ਦੇ ਵਿਰੋਧ ਲਈ ਆਪਣੀ ਸਾਰੀ ਤਾਕਤ ਸਹਿਤ ਵਿਸ਼ੇਸ਼ ਸਰਗਰਮੀ ਦਾ ਵਿਖਾਵਾ ਕੀਤਾ।

ਪਾਖੰਡੀ-ਕਾਫ਼ਰਾਂ ਅਤੇ ਵਾਸਨਾਤਮਕ ਆਕਾਂਖਿਆਵਾਂ ਰੱਖਣ ਵਾਲਿਆਂ ਦਾ ਵਰਗ ਹੋਣ ਕਾਰਨ ਨਿਰੰਕਾਰੀ ਮੰਡਲ ਸਭ ਵਰਗਾਂ ਦੇ ਕਮਜ਼ੋਰ ਇਖ਼ਲਾਕ ਵਾਲੇ ਮਰਦ-ਔਰਤਾਂ ਨੂੰ ਆਪਣੀ ਵਲਗਣ ਵਿਚ ਆਉਣ ਲਈ ਆਕਰਸ਼ਿਤ ਕਰਦਾ ਸੀ। ਜੀਵਨ ਦੀਆਂ ਪਤਿਤ ਭਾਵਨਾਵਾਂ ਦਾ ਧਾਰਨੀ ਹੋਣ ਦੇ ਬਾਵਜੂਦ ਭਾਰਤ ਸਰਕਾਰ ਨੇ, ਵਿਸ਼ੇਸ਼ ਕਰਕੇ ਇੰਦਰਾ ਗਾਂਧੀ ਦੀ ਅਗਵਾਈ ਹੇਠ, ਨਿਰੰਕਾਰੀਆਂ ਦੇ ਫ਼ੈਲਾਓ ਲਈ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦਿੱਤੀ ਕਿਉਂਕਿ ਉਹ ਖੁੱਲ੍ਹ ਕੇ ਸਿੱਖ ਧਰਮ ਨੂੰ ਚੁਣੌਤੀ ਦੇਣ ਲਈ ਸਾਹਮਣੇ ਆ ਗਏ ਸਨ। ਇਹੀ ਗੱਲ ਨਿਰੰਕਾਰੀ ਚਾਹੁੰਦੇ ਸਨ। ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਮਨੋਬਲ ਵਧਾਉਣ ਹਿੱਤ ਇੰਦਰਾ ਗਾਂਧੀ ਨੇ ਉਸ ਨੂੰ ਮਹੱਤਵਪੂਰਨ ਦਰਜਾ ਦੇਣਾ ਪ੍ਰਵਾਨ ਕੀਤਾ। ਵਿਦੇਸ਼ਾਂ ਵਿਚ ਸਥਿਤ ਸਾਰੇ ਭਾਰਤੀ ਸਫ਼ਾਰਤਖਾਨਿਆਂ ਨੂੰ ਗੁਰਬਚਨ ਸਿੰਘ ਨਾਲ ਵਿਸ਼ੇਸ਼ ਵਰਤਾਓ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਕਾਂਗਰਸ ਦੇ ਸ਼ਾਸਨ ਹੇਠਲੇ ਸੂਬਿਆਂ ਨੂੰ ਵੀ ਅਜਿਹੇ ਹੀ ਆਦੇਸ਼ ਦਿੱਤੇ ਗਏ। ਗੁਰਬਚਨ ਸਿੰਘ ਨੂੰ ਦਿੱਤੀ ਗਈ ਇਸ ਸਰਪ੍ਰਸਤੀ ਨੇ ਉਸ ਦੀ ਹਉਮੈ ਨੂੰ ਹੋਰ ਹਵਾ ਦਿੱਤੀ।

ਸਿੱਖਾਂ ਦੀ ਬਹੁ-ਗਿਣਤੀ ਕਿਉਂਕਿ ਪੰਜਾਬ ਵਿਚ ਵਸਦੀ ਹੈ, ਇਸ ਲਈ ਨਿਰੰਕਾਰੀ ਮੁਖੀ ਦਾ ਮੁਖ ਹਮਲਾ ਇਸ ਸਿੱਖ-ਬਹੁਤਾਤ ਵਾਲੇ ਸੂਬੇ ਵਿਚ ਹੀ ਸੀ।

ਆਪਣੇ ਨਿਸ਼ਾਨੇ ਦੀ ਪੂਰਤੀ ਲਈ ਨਿਰੰਕਾਰੀਆਂ ਨੇ ਵਿਲਾਸਮਈ ਆਕਾਂਖਿਆਵਾਂ ਦੇ ਪੈਗੰਬਰ ਗੁਰਬਚਨ ਸਿੰਘ ਦੀ ਅਗਵਾਈ ਹੇਠ ਸਿੱਖ ਗੁਰੂਆਂ ਅਤੇ ਸਿੱਖ ਧਰਮ ਦੇ ਖ਼ਿਲਾਫ਼ ਮੁਹਿੰਮ ਆਰੰਭ ਦਿੱਤੀ। ਉਸ ਨੇ ਗੁਰੂ ਨਾਨਕ ਦੇਵ ਜੀ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਨੂੰ ਭਿਖਾਰੀ ਦੇ ਤੁੱਲ ਬਿਆਨਿਆ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਿਕਾਰੀ ਅਤੇ ਆਵਾਰਾ ਕਹਿ ਕੇ ਭੰਡਿਆ। ਇਸ ਤਰ੍ਹਾਂ ਉਹਨੇ ਸਿੱਖ ਗੁਰੂਆਂ ਦੀ ਖਿੱਲੀ ਉਡਾਈ ਅਤੇ ਉਨ੍ਹਾਂ ਦੇ ਧਰਮ ਅਤੇ ਉੱਤਮ ਉਪਦੇਸ਼ਾਂ ਨੂੰ ਚੁਣੌਤੀ ਦਿੱਤੀ। ਇਸ ਤੋਂ ਇਲਾਵਾ ਨਿਰੰਕਾਰੀਆਂ ਨੇ 'ਅਵਤਾਰ ਬਾਣੀ' ਅਤੇ 'ਯੁੱਗ ਪੁਰਸ਼' ਸਿਰਲੇਖ ਹੇਠ ਗੁਰਬਚਨ ਸਿੰਘ ਦੇ ਪੂਰਵ ਅਧਿਕਾਰੀ ਅਵਤਾਰ ਸਿੰਘ ਨੂੰ ਹੁਣ ਤੱਕ ਧਰਤੀ 'ਤੇ ਪੈਦਾ ਹੋਇਆ ਇਕੋ-ਇਕ ਅਸਲੀ ਅਤੇ ਮਹਾਨ ਰੱਬੀ ਅਵਤਾਰ ਦਰਸਾ ਕੇ ਉਸ ਦੀ ਉਸਤਤ ਕਰਦੀਆਂ ਹੋਈਆਂ ਦੋ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਇਹ ਘਟੀਆ ਪੁਸਤਕਾਂ ਸਾਰੇ ਸਿੱਖ ਗੁਰੂਆਂ, ਸਾਰੇ ਧਰਮਾਂ ਦੇ ਫ਼ਰਿਸ਼ਤਿਆਂ ਅਤੇ ਮਹਾਨ ਪੈਗੰਬਰਾਂ ਦਾ ਨਿਰਾਦਰ ਕਰਦੀਆਂ ਸਨ ਅਤੇ ਇਸ ਗੱਲ ਨੂੰ ਪ੍ਰਚਾਰਦੀਆਂ ਸਨ ਕਿ ਅਵਤਾਰ ਸਿੰਘ ਹੀ ਸੱਚਾ ਪੈਗੰਬਰ ਸੀ ਜੋ ਕਿ ਮਨੁੱਖਤਾ ਦੇ ਇਤਿਹਾਸ ਵਿਚ ਬੇਜੋੜ ਹੈ। ਇਹ ਸਿੱਖੀ ਨੂੰ ਬਹੁਤ ਵੱਡੀ ਵੰਗਾਰ ਸੀ ਕਿਉਂਕਿ ਉਸ ਦੀ ਮੂਲ ਬੁਨਿਆਦ ਨੂੰ ਹੀ ਝਟਕਾ ਲੱਗ ਰਿਹਾ ਸੀ।

ਸਰਕਾਰ ਦੀ ਸਰਗਰਮ ਸਹਾਇਤਾ ਨਾਲ ਗੁਰਬਚਨ ਸਿੰਘ ਨੇ ਸਿੱਖੀ ਵਿਰੁੱਧ ਮੁਹਿੰਮ ਆਰੰਭ ਦਿੱਤੀ ਜਿਸ ਦਾ ਮੁੱਖ ਦਖਲ ਉਸ ਨੇ ਪੰਜਾਬ ਵਿਚ ਹੀ ਰੱਖਿਆ। ਗਿਆਨੀ ਜ਼ੈਲ ਸਿੰਘ, ਜੋ ਖ਼ੁਦ ਵੀ ਸੰਦੇਹਪੂਰਨ ਇਖਲਾਕ ਵਾਲਾ ਮਨੁੱਖ ਸੀ, ਨੇ ਗੁਪਤ ਰੂਪ ਵਿਚ ਨਿਰੰਕਾਰੀ ਮੁਖੀ ਦੀ ਹਮਾਇਤ ਕੀਤੀ। ਗਿਆਨੀ, ਜੋ ਉਦੋਂ ਪੰਜਾਬ ਦਾ ਮੁੱਖ ਮੰਤਰੀ ਸੀ, ਨੇ ਹਰਦੇਵ ਸਿੰਘ ਛੀਨਾ ਨਾਮੀ ਆਈ. ਏ. ਐਸ. ਅਫ਼ਸਰ ਨੂੰ ਪੰਜਾਬ ਦਾ ਮੁੱਖ ਸਕੱਤਰ ਨਿਯੁਕਤ ਕਰ ਦਿੱਤਾ। ਛੀਨਾ, ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਕੱਟੜ ਸਮਰਥਕ ਸੀ ਅਤੇ ਉਸ ਨੇ ਕਈ ਉੱਚੇ ਅਤੇ ਹੇਠਲੇ ਦਰਜੇ ਦੇ ਅਫ਼ਸਰਾਂ ਨੂੰ ਨਾ-ਵਾਜਬ ਲਾਭ ਬਖ਼ਸ਼ ਕੇ ਨਿਰੰਕਾਰੀ ਫ਼ਿਰਕੇ ਦੀ ਵਲਗਣ ਵਿਚ ਲਿਆਂਦਾ। ਅਜਿਹੇ ਸਾਰੇ ਸੰਦੇਹਪੂਰਨ ਕਿਰਦਾਰ ਵਾਲੇ ਸਰਕਾਰੀ ਮੁਲਾਜ਼ਮਾਂ ਦੀ ਪਦ-ਉੱਨਤੀ ਕਰਕੇ ਉਨ੍ਹਾਂ ਨੂੰ ਸੂਬਾ ਪ੍ਰਸ਼ਾਸਨ ਵਿਚ ਮਹੱਤਵਪੂਰਨ ਰੁਤਬੇ ਸੌਂਪੇ ਗਏ।

ਸਰਕਾਰ ਦੇ ਜ਼ੋਰਦਾਰ ਥਾਪੜੇ ਨਾਲ ਨਿਰੰਕਾਰੀਆਂ ਦੀ ਮਨਹੂਸ ਲਹਿਰ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੇ ਧਰਮ ਨੂੰ ਖੋਰਾ ਲਾ ਰਹੀ ਸੀ। ਇਹ ਬਹੁਤ ਹੈਰਾਨੀਜਨਕ ਹੈ ਕਿ ਨਾ ਹੀ ਅਕਾਲੀ ਦਲ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਿਨਾਉਣੇ ਸਿੱਖ-ਵਿਰੋਧੀ ਹਮਲੇ ਨੂੰ ਰੋਕਣ ਲਈ ਕੋਈ ਕਸ਼ਟ ਉਠਾਇਆ। ਇਹ ਸਿਰਫ਼ ਦਮਦਮੀ ਟਕਸਾਲ ਸੀ (ਜੋ ਗੁਰੂ ਗੋਬਿੰਦ ਸਿੰਘ ਨੇ ਸਥਾਪਿਤ ਕੀਤੀ ਸੀ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਇਸ ਦੇ ਪਹਿਲੇ ਮੁਖੀ ਸਨ), ਜਿਸ ਨੇ ਇਸ ਸਿੱਖ-ਵਿਰੋਧੀ ਮੁਹਿੰਮ ਦੇ ਕਲੰਕ ਨੂੰ ਮਿਟਾਉਣ ਦਾ ਨਿਰਣਾ ਲਿਆ। ਟਕਸਾਲ ਨੇ ਸੰਤ ਕਰਤਾਰ ਸਿੰਘ ਦੀ ਨੌਜਵਾਨ ਲੀਡਰਸ਼ਿਪ ਅਧੀਨ ਨਿਰੰਕਾਰੀ ਮੁਖੀ ਦੀਆਂ ਸਿੱਖ ਵਿਰੋਧੀ ਕਾਰਵਾਈਆਂ ਦਾ ਟਾਕਰਾ ਕੀਤਾ ਅਤੇ ਇਨ੍ਹਾਂ ਨੂੰ ਵੰਗਾਰਿਆ। ਜਦੋਂ ਨਿਰੰਕਾਰੀਆਂ ਅਤੇ ਟਕਸਾਲ ਵਿਚਾਲੇ ਜੰਗ ਦੀ ਲਕੀਰ ਖਿੱਚੀ ਜਾ ਚੁੱਕੀ ਸੀ, ਤਦੇ ਹੀ, ਬਦਕਿਸਮਤੀ ਨਾਲ, ਸੰਤ ਕਰਤਾਰ ਸਿੰਘ ਜੀ ਇਕ ਦੁਰਘਟਨਾ ਦਾ ਸ਼ਿਕਾਰ ਹੋ ਗਏ ਅਤੇ ਜੀਵਨ ਦੇ ਭਰ-ਜੋਬਨ ਵਿਚ 16 ਅਗਸਤ, 1977 ਨੂੰ ਚੱਲ ਵਸੇ। ਹੁਣ ਸੰਤ ਕਰਤਾਰ ਸਿੰਘ ਜੀ ਦੇ ਉਤਰਾਧਿਕਾਰੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਮੋਢਿਆਂ ਉਪਰ ਇਹ ਜ਼ਿੰਮੇਵਾਰੀ ਆਣ ਪਈ ਸੀ ਕਿ ਉਹ ਕਾਫ਼ਰਾਨਾ ਕਾਰਵਾਈਆਂ ਵਿਚ ਮਸ਼ਰੂਫ਼ ਨਿਰੰਕਾਰੀਆਂ ਦੇ ਖ਼ਿਲਾਫ਼ ਲੜਾਈ ਨੂੰ ਜਾਰੀ ਰੱਖਣ। ਉਸ ਦੀ ਜੱਦੋ-ਜਹਿਦ ਸਿੱਖਾਂ ਨਾਲ ਪੱਖਪਾਤੀ ਅਤੇ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕਰਦੀ ਆ ਰਹੀ ਭਾਰਤ ਸਰਕਾਰ ਵੱਲ ਵੀ ਸੇਧਤ ਸੀ।

ਜਦੋਂ ਸੰਤ ਜਰਨੈਲ ਸਿੰਘ ਨੂੰ ਦਮਦਮੀ ਟਕਸਾਲ ਦਾ ਮੁਖੀ ਥਾਪਿਆ ਗਿਆ ਤਾਂ ਉਹ ਮਸਾਂ 30 ਵਰ੍ਹਿਆਂ ਦਾ ਸੀ। ਇਸ ਲਈ ਬੁੱਢੀ ਅਕਾਲੀ ਲੀਡਰਸ਼ਿਪ ਨੇ ਉਸ ਨੂੰ ਅੱਲ੍ਹੜ ਸਿਖਾਂਦਰੂ ਸਮਝ ਕੇ ਅਣਹੋਇਆਂ ਵਾਂਗ ਨਜ਼ਰਅੰਦਾਜ਼ ਕਰ ਦਿੱਤਾ। ਪਰ ਜਦੋਂ ਉਹ ਸੂਰਜ ਵਾਂਗ ਚੜ੍ਹ ਕੇ ਆਇਆ, ਉਸ ਨੇ ਸਾਰਿਆਂ ਨੂੰ ਮਹੱਤਵਹੀਣ ਬਣਾ ਦਿੱਤਾ। ਅਕਾਲੀ ਲੀਡਰਸ਼ਿਪ ਅਤੇ ਤਤਕਾਲੀ ਭਾਰਤੀ ਜਨ-ਸੰਘ ਦੀ ਹਮਾਇਤ ਪ੍ਰਾਪਤ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੇ ਵਿਰੋਧ ਦੇ ਬਾਵਜੂਦ ਥੋੜ੍ਹੇ ਕੁ ਸਾਲਾਂ ਵਿਚ ਹੀ ਉਹ ਸਿੱਖ ਪੰਥ ਦੇ ਧਾਰਮਿਕ ਅਤੇ ਰਾਜਨੀਤਕ ਮਾਮਲਿਆਂ ਉਪਰ ਹਾਵੀ ਹੋ ਗਿਆ। ਇਵੇਂ ਸੰਤ ਜਰਨੈਲ ਸਿੰਘ ਨੇ ਇਕ ਬਹਾਦਰ ਜਰਨੈਲ ਦੀ ਤਰ੍ਹਾਂ ਇਕੋ ਹੀ ਸਮੇਂ ਨਿਰੰਕਾਰੀ ਵਰਗ, ਅਕਾਲੀ ਦਲ, ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਦੀ ਵਿਰੋਧਤਾ

ਦਾ ਸਾਹਮਣਾ ਕੀਤਾ। ਅਜਿਹੇ ਵਿਰੋਧੀ ਅਤੇ ਦਲਦਲ ਭਰੇ ਹਾਲਾਤਾਂ ਵਿਚ ਇਕੱਲੇ ਤੌਰ 'ਤੇ ਵਿਰੋਧੀ ਸ਼ਕਤੀਆਂ ਸਾਹਮਣੇ ਡਟਣਾ ਅਤੇ ਅੰਦੋਲਨ ਸ਼ੁਰੂ ਕਰਨਾ, ਕਿਸੇ ਸਾਧਾਰਨ ਬੁੱਧੀ ਵਾਲੇ ਵਿਅਕਤੀ ਦੇ ਵੱਸ ਦਾ ਰੋਗ ਨਹੀਂ ਸੀ। ਉਸ ਦਾ ਮੁੱਖ ਨਿਸ਼ਾਨਾ ਕੇਵਲ ਨਿਰੰਕਾਰੀ ਹਮਲੇ ਨੂੰ ਨਕਾਰਾ ਕਰਨਾ ਹੀ ਨਹੀਂ ਸੀ, ਸਗੋਂ ਅਕਾਲੀ ਦਲ ਵੱਲੋਂ ਅਕਤੂਬਰ 1973 'ਚ ਅਪਣਾਏ ਗਏ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਕਰਨਾ ਵੀ ਸੀ ਅਤੇ ਜੇ ਕੇਂਦਰ ਸਰਕਾਰ ਇਸ ਮੰਗ ਦੀ ਪੂਰਤੀ ਕਰਨ ਤੋਂ ਇਨਕਾਰ ਕਰੇ ਤਾਂ ਫ਼ਿਰ ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਅਗਸਤ 1947 ਵਿਚ ਆਜ਼ਾਦੀ ਪ੍ਰਾਪਤ ਕਰਨ ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਗਏ ਖ਼ੁਦਮੁਖ਼ਤਾਰ ਰਾਜ ਦੇ ਵਾਅਦੇ ਦੀ ਪੂਰਤੀ ਦੀ ਇੱਛਾ ਪ੍ਰਗਟਾਉਣਾ ਸੀ। ਅਕਾਲੀ ਦਲ ਨੇ ਇਹ ਮੰਗਾਂ ਚਿਰੋਕਣੀਆਂ ਹੀ ਕੂੜਾਦਾਨ ਵਿਚ ਸੁੱਟ ਛੱਡੀਆਂ ਸਨ ਅਤੇ ਹੁਣ ਵੀ ਬੜੇ ਆਰਾਮਪੂਰਵਕ ਇਨ੍ਹਾਂ ਨੂੰ ਮੁੜ ਸੁਰਜੀਤ ਕਰਨ ਦਾ ਚੇਤਾ ਭੁਲਾ ਦਿੱਤਾ ਹੈ।

ਅਕਾਲੀ ਦਲ ਨੂੰ ਕੇਵਲ ਸੱਤਾ ਤੋਂ ਬਾਹਰ ਹੋਣ ਸਮੇਂ ਹੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਮੁੜ ਖੋਲ੍ਹਣ ਦੀ ਇੱਲਤ ਹੈ। ਉਂਝ ਇਹ ਇਸ ਨੂੰ ਵਲ੍ਹੇਟ ਕੇ ਗਲੀਚੇ ਹੇਠ ਰੱਖ ਦਿੰਦੇ ਹਨ ਅਤੇ ਉਪਰ ਸੌਂ ਰਹਿੰਦੇ ਹਨ।



ਫ਼ੌਜੀ ਹਮਲੇ ਮਗਰੋਂ ਦਰਬਾਰ ਸਾਹਿਬ ਕੰਪਲੈਕਸ ਭਾਰਤੀ ਫ਼ੌਜ ਦੀਆਂ ਸੰਗੀਨਾਂ ਦੇ ਸਾਏ ਹੇਠ।



ਫ਼ੌਜੀ ਹਮਲੇ ਮਗਰੋਂ ਦਰਬਾਰ ਸਾਹਿਬ ਕੰਪਲੈਕਸ ਭਾਰਤੀ ਫ਼ੌਜ ਦੀਆਂ ਸੰਗੀਨਾਂ ਦੇ ਸਾਏ ਹੇਠ।



ਦਸੰਬਰ 1983 ਵਿੱਚ ਫ਼ੈਡਰੇਸ਼ਨ ਦੇ ਗੁਰਮਤਿ ਟ੍ਰੇਨਿੰਗ ਕੈਂਪ ਦੌਰਾਨ ਲੰਗਰ ਬਿਲਡਿੰਗ ਉਪਰਲੇ ਹਾਲ ਵਿੱਚ ਇੱਕ ਸ਼ਾਮ ਸਮੇਂ ਸੰਤ ਫ਼ੈਡਰੇਸ਼ਨ ਦੇ ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ।

ਅਧਿਆਇ-1

# ਸੰਤ ਜਰਨੈਲ ਸਿੰਘ ਦਾ ਉਭਾਰ

ਇਹ ਰੱਬੀ ਸੰਯੋਗ ਸੀ ਕਿ ਭਾਈ ਜਰਨੈਲ ਸਿੰਘ ਦਾ ਜਨਮ ਭਾਰਤ ਦੀ ਆਜ਼ਾਦੀ ਦੇ ਆਗਮਨ ਵਾਲੇ ਸਾਲ, 1947 ਵਿਚ, ਪੰਜਾਬ ਦੇ ਵਿਚਕਾਰ ਸਥਿਤ ਮੁਕਤਸਰ ਦੇ ਨੇੜੇ ਪਿੰਡ ਰੋਡੇ ਵਿਚ ਬਾਬਾ ਜੋਗਿੰਦਰ ਸਿੰਘ ਦੇ ਬਰਾੜ ਸਿੱਖ ਪਰਿਵਾਰ ਵਿਚ ਹੋਇਆ। ਮੁਕਤਸਰ ਇਕ ਇਤਿਹਾਸਕ ਕਸਬਾ ਹੈ ਜਿਥੇ ਗੁਰੂ ਗੋਬਿੰਦ ਸਿੰਘ ਨੇ ਮੁਗਲ ਫ਼ੌਜ ਨਾਲ ਸਫਲਤਾਪੂਰਵਕ ਆਖਰੀ ਜੰਗ ਲੜੀ। ਇਹ ਬਹਾਦਰ ਬਰਾੜ-ਸਿੱਧੂ ਸਿੱਖ ਕਬੀਲਿਆਂ ਦਾ ਖਿੱਤਾ ਸੀ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਬਹਾਦਰੀ ਲਈ ਸ਼ਰਧਾਂਜਲੀਆਂ ਭੇਟ ਕੀਤੀਆਂ ਸਨ। ਰੋਡੇ ਪਿੰਡ ਇਕ ਹੋਰ ਇਤਿਹਾਸਕ ਪਿੰਡ ਦੀਨੇ ਤੋਂ ਵੀ ਜ਼ਿਆਦਾ ਦੂਰ ਨਹੀਂ ਹੈ, ਜਿਥੇ ਗੁਰੂ ਸਾਹਿਬ ਕੁਝ ਸਮਾਂ ਠਹਿਰੇ ਸਨ ਅਤੇ ਔਰੰਗਜ਼ੇਬ ਨੂੰ ਪ੍ਰਸਿੱਧ ਜ਼ਫਰਨਾਮਾ ਲਿਖ ਕੇ ਲੜਨ ਲਈ ਜੁਰਅਤ ਦਿਖਾਉਣ ਦੀ ਵੰਗਾਰ ਦਿੱਤੀ ਸੀ ਅਤੇ ਉਸ ਦੇ ਫ਼ਰੇਬਾਂ ਅਤੇ ਖ਼ਾਲਸੇ 'ਤੇ ਢਾਹੇ ਜ਼ੁਲਮਾਂ ਬਦਲੇ ਉਸ ਨੂੰ ਫ਼ਿਟਕਾਰਿਆ ਸੀ।

ਬਾਬਾ ਜੋਗਿੰਦਰ ਸਿੰਘ ਜੀ, ਜੋ ਦਮਦਮੀ ਟਕਸਾਲ ਦੇ ਸ਼ਰਧਾਲੂ ਸੀ, ਨੂੰ ਸੱਤ ਪੁੱਤਰਾਂ ਦੀ ਬਖਸ਼ਿਸ਼ ਪ੍ਰਾਪਤੀ ਹੋਈ ਸੀ। ਇਨ੍ਹਾਂ ਵਿੱਚੋਂ ਜਰਨੈਲ ਸਿੰਘ ਸਭ ਤੋਂ ਛੋਟਾ ਸੀ, ਜਿਸ ਦੀ ਅਸਲ ਜਨਮ ਮਿਤੀ ਬਾਰੇ ਕੋਈ ਜਾਣਕਾਰੀ ਉਪਲਬਧ ਨਹੀਂ ਹੈ।

ਭਾਈ ਜਰਨੈਲ ਸਿੰਘ ਨੇ 5ਵੀਂ ਜਮਾਤ ਤੱਕ ਸਰਕਾਰੀ ਪ੍ਰਾਇਮਰੀ ਸਕੂਲ, ਰੋਡੇ ਵਿਚ ਪੜ੍ਹਾਈ ਕੀਤੀ ਅਤੇ ਉਸੇ ਪਿੰਡ ਵਿਚ ਹੀ ਗੁਰੂ ਤੇਗ਼ ਬਹਾਦਰ ਖ਼ਾਲਸਾ ਹਾਈ ਸਕੂਲ ਵਿਚ ਛੇਵੀਂ ਜਮਾਤ ਵਿਚ ਦਾਖਲ ਕਰਾਇਆ ਗਿਆ। ਪਰ, ਉਸ ਨੇ ਰਵਾਇਤੀ ਪੜ੍ਹਾਈ ਨੂੰ ਤਿਆਗ ਦਿੱਤਾ ਕਿਉਂਕਿ ਉਹਦਾ ਧਰਮ ਵੱਲ ਬੇਹੱਦ ਰੁਝਾਨ ਸੀ ਅਤੇ ਇਸ ਲਈ ਉਸ ਨੇ ਆਪਣੇ ਆਪ ਨੂੰ ਸਿਮਰਨ ਅਤੇ ਖੇਤੀਬਾੜੀ ਵਿਚ ਮਸ਼ਰੂਫ਼ ਕਰ ਲਿਆ। ਦਮਦਮੀ ਟਕਸਾਲ ਦੇ ਤਤਕਾਲੀ ਜਥੇਦਾਰ ਸੰਤ ਗੁਰਬਚਨ ਸਿੰਘ ਜੀ ਅਕਸਰ ਪਿੰਡ ਰੋਡੇ ਆਉਂਦੇ-ਜਾਂਦੇ ਰਹਿੰਦੇ ਸਨ। ਇਕ ਦਿਨ ਉਨ੍ਹਾਂ ਦੀ ਨੌਜਵਾਨ ਜਰਨੈਲ ਸਿੰਘ ਤੇ ਨਿਗ਼ਾਹ ਪਈ, ਜੋ ਉਨ੍ਹਾਂ ਦੇ ਅਨੁਭਵ ਅਨੁਸਾਰ ਅਸਾਧਾਰਨ ਰੂਹਾਨੀ ਅਤੇ ਸੈਨਿਕ ਖ਼ੂਬੀਆਂ ਦਾ ਮਾਲਕ ਸੀ। ਉਹ ਉਸ ਦੀ ਆਕਰਸ਼ਕ ਸ਼ਖ਼ਸੀਅਤ ਤੋਂ ਇੰਨਾਂ ਜ਼ਿਆਦਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਬਾਬਾ ਜੋਗਿੰਦਰ ਸਿੰਘ ਨੂੰ ਆਪਣੇ ਪੁੱਤਰ ਦੀਆਂ ਸੇਵਾਵਾਂ ਟਕਸਾਲ ਦੇ ਸਪੁਰਦ ਕਰਨ ਲਈ ਕਿਹਾ। ਬਾਬਾ ਜੀ, ਜੋ ਖ਼ੁਦ ਇਕ ਨਿਸ਼ਠਾਵਾਨ ਸਿੱਖ ਸਨ, ਨੇ ਖ਼ੁਸ਼ੀ ਨਾਲ ਸਹਿਮਤੀ ਪ੍ਰਗਟਾ ਦਿੱਤੀ ਅਤੇ ਸੰਤ ਗੁਰਬਚਨ ਸਿੰਘ ਜੀ, ਭਾਈ ਜਰਨੈਲ ਸਿੰਘ ਨੂੰ ਪਿੰਡ ਭਿੰਡਰਕਲਾਂ, ਜ਼ਿਲ੍ਹਾ ਫ਼ਿਰੋਜ਼ਪੁਰ, ਵਿਖੇ ਲੈ ਗਏ, ਜਿਥੇ ਦਮਦਮੀ ਟਕਸਾਲ ਦਾ ਹੈੱਡ-ਕੁਆਰਟਰ ਸੀ। ਉਥੇ ਸੰਤ ਗੁਰਬਚਨ ਸਿੰਘ ਜੀ ਨੇ ਉਸ ਨੂੰ 'ਪਾਹੁਲ' ਛਕਾ ਕੇ ਧਰਮ-ਪ੍ਰਵੇਸ਼ ਕਰਾਇਆ। ਉਦੋਂ ਤੋਂ ਭਾਈ ਜਰਨੈਲ ਸਿੰਘ ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋ ਗਿਆ ਅਤੇ ਗੁਰੂ ਗੋਬਿੰਦ ਸਿੰਘ ਦਾ ਅਨੁਯਾਈ ਅਤੇ ਸਦੀਵੀ ਸਿਪਾਹੀ ਬਣ ਗਿਆ। ਧਰਮ-ਪ੍ਰਵੇਸ਼ ਤੋਂ ਪਹਿਲਾਂ ਵੀ ਭਾਈ ਜਰਨੈਲ ਸਿੰਘ ਆਪਣੇ ਖੇਤੀਬਾੜੀ ਦੇ ਕੰਮਾਂ ਦੇ ਨਾਲ-ਨਾਲ ਨਿਤਨੇਮ

ਅਤੇ ਜਪੁਜੀ ਸਾਹਿਬ ਦਾ ਪਾਠ ਕਰਿਆ ਕਰਦਾ ਸੀ। ਧਰਮ-ਪ੍ਰਵੇਸ਼ (ਖ਼ਾਲਸਾ ਸਜਨ) ਤੋਂ ਬਾਅਦ ਉਸ ਨੇ ਜਪੁਜੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤ ਸਾਰੀ ਬਾਣੀ ਨੂੰ ਜ਼ਬਾਨੀ ਯਾਦ ਕਰ ਲਿਆ।

ਭਾਈ ਜਰਨੈਲ ਸਿੰਘ ਮਸਾਂ 19 ਵਰ੍ਹਿਆਂ ਦਾ ਸੀ ਜਦੋਂ ਉਸ ਦੀ ਸ਼ਾਦੀ ਪਿੰਡ ਬਿਲਾਸਪੁਰ, ਜੋ ਪਿੰਡ ਰੋਡੇ ਤੋਂ ਜ਼ਿਆਦਾ ਦੂਰ ਨਹੀਂ ਹੈ, ਦੇ ਸੁੱਚਾ ਸਿੰਘ ਦੀ ਪੁੱਤਰੀ ਬੀਬੀ ਪ੍ਰੀਤਮ ਕੌਰ ਨਾਲ ਕੀਤੀ ਗਈ। ਉਸ ਨੂੰ ਈਸ਼ਰ ਸਿੰਘ ਅਤੇ ਇੰਦਰਜੀਤ ਸਿੰਘ ਨਾਮੀ ਦੋ ਪੁੱਤਰਾਂ ਦੀ ਦਾਤ ਪ੍ਰਾਪਤ ਹੋਈ।

ਜਦੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਕਰਤਾਰ ਸਿੰਘ ਜੀ ਲੁਧਿਆਣਾ ਸ਼ਹਿਰ ਨੇੜੇ ਜਾਨ-ਲੇਵਾ ਦੁਰਘਟਨਾ ਦਾ ਸ਼ਿਕਾਰ ਹੋਏ ਅਤੇ ਆਖ਼ਰਕਾਰ ਅਗਸਤ 1977 ਵਿਚ ਚਲਾਣਾ ਕਰ ਗਏ ਤਾਂ ਅਕਾਲੀ ਦਲ ਅਤੇ ਅਕਾਲੀ ਸਰਕਾਰ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਸੰਤ ਜਰਨੈਲ ਸਿੰਘ ਨੂੰ ਟਕਸਾਲ ਦਾ ਜਥੇਦਾਰ ਥਾਪਿਆ ਗਿਆ। ਸੰਤ ਜਰਨੈਲ ਸਿੰਘ ਉਦੋਂ ਭਾਵੇਂ ਮਸਾਂ 30 ਵਰ੍ਹਿਆਂ ਦਾ ਸੀ ਪਰ ਉਹ ਇਕ ਦੂਰ-ਅੰਦੇਸ਼ ਆਗੂ ਅਤੇ ਰਾਹਨੁਮਾ ਵਾਲੇ ਸੱਭੇ ਗੁਣਾਂ ਦਾ ਮਾਲਕ ਸੀ। ਪ੍ਰੰਤੂ, ਅਕਾਲੀ ਲੀਡਰਸ਼ਿਪ ਅਤੇ ਅਕਾਲੀ ਸਰਕਾਰ ਨੇ ਉਸ ਦੇ ਭੀਤਰੀ ਗੁਣਾਂ ਅਤੇ ਅਸੀਮ ਲੁਕਵੀਂ ਸ਼ਕਤੀ ਦਾ ਗ਼ਲਤ ਅੰਦਾਜ਼ਾ ਲਗਾ ਲਿਆ। ਉਨ੍ਹਾਂ ਉਸ ਨੂੰ ਧਾਰਮਿਕ-ਰਾਜਸੀ ਮਾਮਲਿਆਂ ਦੇ ਦਲਦਲ ਭਰੇ ਅਤੇ ਵਲ-ਛਲ ਭਰਪੂਰ ਖ਼ੇਤਰ ਵਿਚ ਮਹਿਜ਼ ਅੱਲ੍ਹੜ ਸਿਖਾਂਦਰੂ ਹੀ ਸਮਝਿਆ। ਉਹ ਸਹਿਜੇ ਹੀ ਭੁੱਲ ਗਏ ਕਿ ਮਹਾਨ ਨੇਤਾ ਜਮਾਂਦਰੂ ਹੀ ਮਹਾਨ ਹੁੰਦੇ ਹਨ, ਉਨ੍ਹਾਂ ਨੂੰ ਮਹਾਨ ਬਣਾਇਆ ਨਹੀਂ ਜਾਂਦਾ ਅਤੇ ਸੰਤ ਜਰਨੈਲ ਸਿੰਘ ਇੱਕ ਜਮਾਂਦਰੂ ਨੇਤਾ ਸੀ।

ਅਕਾਲੀ ਲੀਡਰਸ਼ਿਪ ਨੇ ਆਪਣੀ ਤਾਕਤ ਦੇ ਭਰਮ ਵਿਚ ਮਦਹੋਸ਼ ਰਹਿੰਦੇ ਹੋਏ ਨਿਰੰਕਾਰੀਆਂ ਵੱਲੋਂ ਸਿੱਖ ਧਰਮ ਤੇ ਸਿੱਖ ਗੁਰੂਆਂ ਉੱਪਰ ਕੀਤੇ ਜਾ ਰਹੇ ਹੱਤਕ ਭਰੇ ਹਮਲੇ ਵਿਰੁੱਧ ਸੰਤ ਜਰਨੈਲ ਸਿੰਘ ਵੱਲੋਂ ਆਰੰਭੇ ਅੰਦੋਲਨ ਦਾ ਮਾਮੂਲੀ ਨੋਟਿਸ ਤੱਕ ਨਾ ਲਿਆ ਅਤੇ ਨਾ ਉਨ੍ਹਾਂ ਆਪ ਹੀ ਇਸ ਆਕਰਮਣ ਦਾ ਵਿਰੋਧ ਕੀਤਾ। ਇਸ ਦੇ ਉਲਟ ਉਨ੍ਹਾਂ ਦੇ ਸੰਤ ਜਰਨੈਲ ਸਿੰਘ ਦੇ ਅੰਦੋਲਨ ਵਿਚ ਕਈ ਰੁਕਾਵਟਾਂ ਖੜ੍ਹੀਆਂ ਕੀਤੀਆਂ ਅਤੇ ਉਸ ਨੂੰ ਰਸਤੇ ਤੋਂ ਲਾਂਭੇ ਹਟਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਅਕਾਲੀਆਂ ਨੇ ਸਿੱਖ-ਵਿਰੋਧੀ ਭੰਡੀ ਪ੍ਰਚਾਰ ਵਾਲੀਆਂ ਕਾਰਵਾਈਆਂ ਲਈ ਨਿਰੰਕਾਰੀ ਮੁਖੀ ਨੂੰ ਕੇਂਦਰ ਸਰਕਾਰ ਵੱਲੋਂ ਅੰਦਰ ਖ਼ਾਤੇ ਦਿੱਤੀ ਜਾ ਰਹੀ ਹਿਮਾਇਤ ਵੱਲ ਵੀ ਕੋਈ ਤਵੱਜੋਂ ਨਾ ਦਿੱਤੀ। ਆਪਣੇ ਵਿਰੁੱਧ ਇਨ੍ਹਾਂ ਸਾਰੀਆਂ ਦੁਸ਼ਮਣ ਤਾਕਤਾਂ ਦੇ ਜੁਟੇ ਹੋਣ ਦੇ ਬਾਵਜੂਦ ਸੰਤ ਜਰਨੈਲ ਸਿੰਘ ਆਪਣੇ ਅਕੀਦੇ ਉੱਤੇ ਦ੍ਰਿੜ੍ਹ ਰਿਹਾ ਅਤੇ ਨਿਰੰਕਾਰੀਆਂ ਦੇ ਹੱਲੇ ਵਿਰੁੱਧ ਇਕੱਲੇ ਹੀ ਯੋਧਿਆਂ ਵਾਂਗ ਡਟਕੇ ਬਹਾਦਰੀ ਨਾਲ ਗੁਰੂ ਨਾਨਕ ਦੇ ਮੱਤ ਦੀ ਰਾਖੀ ਕੀਤੀ।

ਬ੍ਰਾਹਮਣ ਹਿੰਦੂਆਂ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੂੰ ਭਲੀ-ਭਾਂਤ ਪਤਾ ਸੀ ਕਿ ਭਾਰਤ ਅੰਦਰ ਸਿੱਖ ਹੀ ਇਕੋ ਇਕ ਸੰਗਰਾਮੂ ਕੌਮ ਸੀ, ਜਿਸ ਵਿਚ ਆਪਣੇ ਹੱਕਾਂ ਖ਼ਾਤਰ ਲੜਨ ਲਈ ਅਨੰਤ ਸ਼ਕਤੀ, ਜਿਗਰਾ ਅਤੇ ਦ੍ਰਿੜ੍ਹਤਾ ਸੀ। ਇਸ ਹਿੰਦੂ ਰਾਜ-ਪ੍ਰਬੰਧ ਨੂੰ ਇਹ ਵੀ ਗਿਆਨ ਸੀ ਕਿ ਸਿੱਖਾਂ ਨੂੰ ਸ਼ਕਤੀ ਰਾਹੀਂ ਹਮੇਸ਼ਾ ਵਾਸਤੇ ਦਬਾਇਆ ਨਹੀਂ ਜਾ ਸਕਦਾ। ਇਸ ਲਈ ਉਨ੍ਹਾਂ ਬੜੀ ਚਲਾਕੀ ਨਾਲ ਸਿੱਖ ਧਰਮ ਨੂੰ ਤਬਾਹ ਕਰਨ ਅਤੇ ਇਸ ਨੂੰ ਗਿਣਤੀ ਪੱਖੋਂ ਖੋਖਲਾ ਕਰਨ ਲਈ ਕੌਟੱਲਿਆ ਵੱਲੋਂ 'ਅਰਥ-ਸ਼ਾਸਤਰ'

ਵਿਚ ਪ੍ਰਸਤੁਤ ਕੀਤੀ 'ਕੁਟਲਨੀਤੀ' ਲਾਗੂ ਕਰਨ ਦੀ ਤਰਕੀਬ ਬਣਾਈ। ਆਪਣੇ ਮੰਦ-ਭਾਵੀ ਵਾਲੇ ਟੀਚੇ ਦੀ ਪ੍ਰਾਪਤੀ ਹਿਤ ਭਾਰਤ ਸਰਕਾਰ ਨੇ ਹੋਰਨਾਂ ਚਾਲਾਂ ਦੇ ਨਾਲ-ਨਾਲ ਨਿਰੰਕਾਰੀ ਮੰਡਲ ਦੇ ਮੁਖੀ ਗੁਰਬਚਨ ਸਿੰਘ ਨੂੰ ਸਿੱਖ ਧਰਮ ਤੇ ਇਸ ਦੇ ਗੁਰੂਆਂ ਉਪਰ ਪ੍ਰਚੰਡ ਹਮਲਾ ਸ਼ੁਰੂ ਕਰਨ ਲਈ ਸਰਪ੍ਰਸਤੀ ਦਿੱਤੀ, ਉਤਸ਼ਾਹਿਤ ਕੀਤਾ ਅਤੇ ਉਸ ਦੀ ਮਦਦ ਕੀਤੀ। ਭਾਰਤ ਸਰਕਾਰ ਦੇ ਸਹਾਇਕ ਨਿਰੰਕਾਰੀ ਮੁਖੀ ਨੇ, ਸਰਕਾਰ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਹਿਤ ਅਤੇ ਆਪਣੀ ਸ਼ਖ਼ਸੀਅਤ ਨੂੰ ਉਭਾਰ ਕੇ ਸਵੈ-ਉੱਨਤੀ ਪ੍ਰਾਪਤ ਕਰਕੇ, ਆਪਣਾ ਪ੍ਰਭਾਵ ਕਬੂਲ ਸਕਣ ਵਾਲੇ ਬੁੱਧੀਹੀਣ ਸਿੱਖਾਂ ਦਰਮਿਆਨ ਆਪਣੇ ਕਾਰਜ-ਖੇਤਰ ਵਿਚ ਵਾਧਾ ਕਰਨ ਦੀ ਇੱਛਾ ਨਾਲ, ਇਸ ਮੰਦ-ਭਾਵਨਾ ਨਾਲ ਸੋਚੀ ਯੋਜਨਾ 'ਤੇ ਤੁਰੰਤ ਅਮਲ ਕੀਤਾ।

ਇਸ ਤਰ੍ਹਾਂ ਸਰਕਾਰ ਦੇ ਚੰਭਲਾਉਣ ਅਤੇ ਉਕਸਾਉਣ ਉੱਤੇ ਉਸ ਨੇ ਸਿੱਖ ਧਰਮ ਦੇ ਖ਼ਿਲਾਫ਼ ਘਾਤਕ ਸਰਗਰਮੀਆਂ ਤੇਜ਼ ਕਰ ਦਿੱਤੀਆਂ ਅਤੇ ਸਿੱਖਾਂ ਦੀ ਮਾਤ-ਭੂਮੀ ਹੋਣ ਦੇ ਨਾਤੇ ਪੰਜਾਬ ਨੂੰ ਉਸ ਨੇ ਆਪਣੀਆਂ ਸਰਗਰਮੀਆਂ ਦਾ ਮੁੱਖ ਅੱਡਾ ਬਣਾਇਆ। ਗੁਰਬਚਨ ਸਿੰਘ ਨੇ ਆਪਣੇ ਉਦੇਸ਼ ਦੀ ਪੂਰਤੀ ਹਿਤ ਹੁਸ਼ਿਆਰਪੁਰ ਵਿਖੇ 13 ਅਪ੍ਰੈਲ, 1973 ਨੂੰ ਆਪਣੇ ਅਨੁਯਾਈਆਂ ਦਾ ਸੰਮੇਲਨ ਕੀਤਾ ਅਤੇ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਧਰਮ ਦੇ ਵਿਰੁੱਧ ਅਪਮਾਨਜਨਕ ਟੀਕਾ-ਟਿੱਪਣੀ ਕੀਤੀ। ਕਿਸੇ ਵੀ ਸਿੱਖ ਜਥੇਬੰਦੀ ਜਾਂ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਹੱਤਕ ਭਰਪੂਰ ਬਕੜਵਾਹ ਵੱਲ ਤਵੱਜੋਂ ਨਾ ਦਿੱਤੀ । ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਇਸ ਟਾਲ-ਮਟੋਲ ਵਾਲੇ ਰਵੱਈਏ ਨੇ ਗੁਰਬਚਨ ਸਿੰਘ ਨੂੰ ਸਿੱਖੀ ਖ਼ਿਲਾਫ਼ ਆਪਣਾ ਹਮਲਾ ਜਾਰੀ ਰੱਖਣ ਲਈ ਹੋਰ ਉਤਸ਼ਾਹਿਤ ਕੀਤਾ। ਨਿਰੰਕਾਰੀ ਮੁੱਖੀ ਨੇ ਹੋਰ ਦੁਰ-ਸਾਹਸ ਵਿਖਾਉਂਦੇ ਹੋਏ 13 ਸਤੰਬਰ, 1973 ਨੂੰ ਦਮਦਮੀ ਟਕਸਾਲ ਦੇ ਨਵੇਂ ਬਣੇ ਹੈੱਡਕੁਆਰਟਰ ਦੇ ਬਿਲਕੁਲ ਨਜ਼ਦੀਕ ਚੌਕ ਮਹਿਤਾ ਵਿਖੇ ਆਪਣਾ ਗਰੋਹ ਇਕੱਤਰ ਕੀਤਾ ਅਤੇ ਟਕਸਾਲ ਦੀ ਹਿੱਕ 'ਤੇ ਮੂੰਗ ਦਲਦਿਆਂ ਉਨ੍ਹਾਂ ਦੇ ਗੁਰੂਆਂ ਨੂੰ ਅਪਮਾਨਤ ਕਰਨ ਵਾਲਾ ਭੜਕਾਊ ਭਾਸ਼ਣ ਦਿੱਤਾ। ਇਹ ਨਿਰੰਕਾਰੀਆਂ ਵੱਲੋਂ ਦਿੱਤੀ ਬਹੁਤ ਵੱਡੀ ਚੁਣੌਤੀ ਸੀ, ਕਿਉਂਕਿ ਇਹ ਸਿੱਖੀ ਦੇ ਅਸਲ ਗੜ੍ਹ ਉਪਰ ਹਮਲਾ ਸੀ। ਸੰਤ ਜਰਨੈਲ ਸਿੰਘ ਦੇ ਪੂਰਵ-ਵਰਤੀ ਸੰਤ ਕਰਤਾਰ ਸਿੰਘ ਜੀ ਨੇ ਇਸ ਭੜਕਾਊ ਹਮਲੇ ਦਾ ਗੰਭੀਰ ਨੋਟਿਸ ਲਿਆ। ਇਸ ਲਈ ਉਨ੍ਹਾਂ ਨੇ ਵਿਸ਼ਈ ਨਿਰੰਕਾਰੀਆਂ ਅਤੇ ਉਨ੍ਹਾਂ ਦੀਆਂ ਅਧਰਮੀ ਕਾਰਵਾਈਆਂ ਦੇ ਖ਼ਿਲਾਫ਼ ਭਾਰੀ ਮੁਜ਼ਾਹਰਾ ਕੀਤਾ। ਸੈਂਕੜੇ ਹੀ ਸ਼ਰਧਾਲੂ ਸਿੱਖ, ਚਾਲਬਾਜ਼ ਸਿੱਖ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ, ਜੋ ਕਿ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਝੋਲੀ-ਚੁੱਕ ਸੀ, ਦੇ ਅਣਉਚਿਤ ਆਦੇਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਏ ਗਏ ਪ੍ਰੰਤੂ ਸੰਤ ਕਰਤਾਰ ਸਿੰਘ ਨੇ ਨਿਡਰਤਾ ਨਾਲ ਆਪਣੀ ਜੱਦੋ-ਜਹਿਦ ਜਾਰੀ ਰੱਖੀ ਜਿਸ ਦੇ ਫ਼ਲਸਰੂਪ ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਕਈ ਹਿੰਸਕ ਝੜਪਾਂ ਹੋਈਆਂ। ਸਰਕਾਰ ਦੀ ਸਾਜ਼ਿਸ਼ੀ ਚੁੱਪ ਕਾਰਨ ਇਹ ਝੜਪਾਂ 13 ਅਪ੍ਰੈਲ, 1978 ਨੂੰ, ਜੋ ਕਿ ਸਿੱਖਾਂ ਵੱਲੋਂ ਖ਼ਾਲਸੇ ਦੀ ਸਿਰਜਨਾ ਦੀ ਯਾਦ ਵਜੋਂ ਮਨਾਇਆ ਜਾਣ ਵਾਲਾ ਦਿਹਾੜਾ ਹੈ, ਅੰਮ੍ਰਿਤਸਰ ਵਿਖੇ ਇਕ ਦੁੱਖਦਾਈ ਘਟਨਾ ਦੇ ਰੂਪ ਵਿਚ ਸਿਖ਼ਰ ਉੱਤੇ ਪੁੱਜ ਗਈਆਂ। ਇਹ ਦੁਖਾਂਤਕ ਘਟਨਾ ਸਿੱਖ-ਇਤਿਹਾਸ ਵਿਚ ਇਕ ਅਹਿਮ ਮੋੜ ਸਾਬਤ ਹੋਈ।

ਸਿੱਖਾਂ ਵੱਲੋਂ ਵਿਸਾਖੀ ਦਾ ਦਿਹਾੜਾ ਗੁਰੂ ਗੋਬਿੰਦ ਸਿੰਘ ਵਲੋਂ ਖ਼ਾਲਸੇ ਦੀ ਸਾਜਨਾ ਦੀ ਯਾਦਗਾਰ ਵਿਚ ਹਰ ਸਾਲ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਨਿਰੰਕਾਰੀਆਂ ਨੇ ਇਕ ਸੋਚੀ-ਸਮਝੀ ਚਾਲ ਅਧੀਨ ਜਾਣ-ਬੁੱਝ ਕੇ 13 ਅਪ੍ਰੈਲ, 1978 ਨੂੰ ਅੰਮ੍ਰਿਤਸਰ ਵਿਖੇ ਆਪਣੀ ਸਾਲਾਨਾ ਇਕੱਤਰਤਾ ਕਰਨ ਦਾ ਨਿਰਣਾ ਲਿਆ, ਜੋ ਕਿ ਵਿਸਾਖੀ ਦਿਹਾੜੇ ਦੇ ਸਮਾਰੋਹਾਂ ਦਾ ਦਿਨ ਸੀ। ਸੰਤ ਜਰਨੈਲ ਸਿੰਘ ਨੇ ਉਨ੍ਹਾਂ ਦੀ ਇਸ ਬਦਨੀਤ ਸਾਜ਼ਿਸ਼ ਦਾ ਵਿਰੋਧ ਕੀਤਾ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਅਕਾਲੀ ਸਰਕਾਰ ਕੋਲ ਨਿਰੰਕਾਰੀਆਂ ਨੂੰ ਵਿਸਾਖੀ ਦੇ ਦਿਨ ਅੰਮ੍ਰਿਤਸਰ ਵਿਖੇ ਸੰਮੇਲਨ ਕਰਨ ਦੀ ਆਗਿਆ ਨਾ ਦੇਣ ਦੀ ਮੰਗ ਕਰਦਿਆਂ ਰੋਸ ਪ੍ਰਗਟ ਕੀਤਾ। ਪਰ ਬਾਦਲ ਨੇ, ਕੁਝ ਕੁ ਗੁਜਰਾਤੀ ਬ੍ਰਾਹਮਣ ਪ੍ਰਧਾਨ ਮੰਤਰੀ ਮੋਰਾਰਜੀ ਡਿਸਾਈ ਦੇ ਦਬਾਅ ਹੇਠ ਅਤੇ ਕੁਝ ਤੁਅੱਸਬੀ ਹਿੰਦੂਆਂ ਦੀ ਰਾਜਸੀ ਜਮਾਤ ਜਨਸੰਘ ਨੂੰ ਖ਼ੁਸ਼ ਕਰਨ ਹਿਤ, ਨਿਰੰਕਾਰੀਆਂ ਨੂੰ ਉਨ੍ਹਾਂ ਦੀ ਪ੍ਰਸਤਾਵਿਤ ਇਕੱਤਰਤਾ ਕਰਨ ਦੀ ਇਜਾਜ਼ਤ ਦੇ ਦਿੱਤੀ। ਇਕ ਪਾਖੰਡੀ ਸਿੱਖ ਅਤੇ ਚਾਲਬਾਜ਼ ਅਕਾਲੀ ਮੰਤਰੀ ਜੀਵਨ ਸਿੰਘ ਉਮਰਾਨੰਗਲ ਨੂੰ 13 ਅਪ੍ਰੈਲ, 1978 ਵਾਲੇ ਦਿਨ ਅੰਮ੍ਰਿਤਸਰ ਵਿਚ ਹਾਜ਼ਰ ਰਹਿਣ ਦਾ ਆਦੇਸ਼ ਦਿੱਤਾ ਗਿਆ। ਸੰਤ ਜਰਨੈਲ ਸਿੰਘ ਨੇ ਖ਼ੁਦ ਜਾਤੀ ਤੌਰ 'ਤੇ ਉਸ ਨੂੰ ਨਿਰੰਕਾਰੀ ਇਕੱਠ 'ਤੇ ਪਾਬੰਦੀ ਲਾ ਕੇ ਸ਼ਰਧਾਲੂ ਸਿੱਖਾਂ ਨਾਲ ਝਗੜੇ ਦੀ ਸੰਭਾਵਨਾ ਟਾਲਣ ਦੀ ਬੇਨਤੀ ਕੀਤੀ ਪਰ ਉਸਨੇ ਇਕ ਗੈਰ-ਤਸੱਲੀ ਬਖਸ਼ ਬਹਾਨਾ ਲਾ ਕੇ ਸੰਤ ਨੂੰ ਲਾਂਭੇ ਕਰ ਦਿੱਤਾ ਕਿ ਜ਼ਿਲ੍ਹਾ ਮੈਜਿਸਟਰੇਟ ਪਹਿਲਾਂ ਹੀ ਨਿਰੰਕਾਰੀਆਂ ਨੂੰ ਸੰਮੇਲਨ ਕਰਨ ਦੀ ਆਗਿਆ ਦੇ ਚੁੱਕਾ ਹੈ। ਜੇ ਅਕਾਲੀ ਸਰਕਾਰ ਦੀ ਇੱਛਾ ਹੁੰਦੀ ਤਾਂ ਉਹ ਬੜੀ ਚੰਗੀ ਤਰ੍ਹਾਂ ਜ਼ਿਲ੍ਹਾ ਮੈਜਿਸਟਰੇਟ ਨੂੰ ਆਗਿਆ ਵਾਪਸ ਲੈਣ ਲਈ ਹਿਦਾਇਤ ਦੇ ਸਕਦੀ ਸੀ, ਪਰ ਉਹ ਅਜਿਹਾ ਕਿਉਂ ਕਰਦੀ? ਜਦਕਿ ਉਹ ਤਾਂ ਸੰਤ ਦੀ ਦੁਸ਼ਮਣ ਸੀ। ਇਸ ਲਈ ਉਸ ਨੇ ਸੰਤ ਜਰਨੈਲ ਸਿੰਘ ਨੂੰ ਨੀਵਾਂ ਵਿਖਾਉਣ ਹਿਤ ਇੱਛਾਪੂਰਵਕ ਇਹ ਸ਼ੈਤਾਨੀ ਕੀਤੀ।

ਅਕਾਲੀ ਸਰਕਾਰ ਦੇ ਸ਼ੱਕੀ ਰੋਲ ਤੋਂ ਤੰਗ ਆ ਕੇ ਸੰਤ ਜਰਨੈਲ ਸਿੰਘ ਨੇ ਆਪਣੇ ਹਮਾਇਤੀਆਂ ਅਤੇ ਅਨੁਯਾਈਆਂ ਨਾਲ ਮਸ਼ਵਰਾ ਕੀਤਾ ਅਤੇ ਨਿਰੰਕਾਰੀ ਸੰਮੇਲਨ ਵਾਲੀ ਜਗ੍ਹਾ ਸ਼ਰਧਾਲੂ ਸਿੱਖਾਂ ਦਾ ਇਕ ਜੱਥਾ ਭੇਜ ਕੇ ਉਨ੍ਹਾਂ ਦੀਆਂ ਸਿੱਖ-ਵਿਰੋਧੀ ਸਰਗਰਮੀਆਂ ਅਤੇ ਬੋਲ-ਬਾਣੀ ਦੇ ਖ਼ਿਲਾਫ਼ ਸ਼ਾਂਤਮਈ ਰੋਸ ਪ੍ਰਗਟ ਕਰਨ ਦਾ ਫ਼ੈਸਲਾ ਲਿਆ। ਜਿਉਂ ਹੀ ਇਹ ਛੋਟਾ ਜਿਹਾ ਜੱਥਾ ਉਸ ਸਥਾਨ ਨੇੜੇ ਪੁੱਜਾ ਤਾਂ ਖ਼ੂਨ ਦੇ ਪਿਆਸੇ ਨਿਰੰਕਾਰੀਆਂ ਨੇ ਜੱਥੇ ਉੱਪਰ ਗੋਲੀ ਚਲਾ ਦਿੱਤੀ ਅਤੇ 13 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਕਰੀਬ ਤਿੰਨ ਦਰਜਨ ਫੱਟੜ ਕਰ ਦਿੱਤੇ। ਜਦੋਂ ਬਿਨਾਂ ਕਿਸੇ ਭੜਕਾਹਟ ਦੇ ਇਹ ਗੋਲੀ ਚੱਲੀ ਉਦੋਂ ਮੁੱਖ ਸਕੱਤਰ ਹਰਦੇਵ ਸਿੰਘ ਛੀਨਾ ਅਤੇ ਇਕ ਆਈ. ਏ. ਐਸ. ਅਫਸਰ ਨਿਰੰਜਣ ਸਿੰਘ ਨਿਰੰਕਾਰੀ ਸਟੇਜ ਉਤੇ ਮੌਜੂਦ ਸਨ। ਇਹ ਦੋਵੇਂ ਅਫ਼ਸਰ ਕੱਟੜ ਨਿਰੰਕਾਰੀ ਹਨ। ਇਹ ਬੜੀ ਸ਼ਰਮ ਦੀ ਗੱਲ ਹੈ ਕਿ ਅਕਾਲੀ ਸਰਕਾਰ ਨੇ ਇਨ੍ਹਾਂ ਦੋਹਾਂ ਅਫ਼ਸਰਾਂ ਖ਼ਿਲਾਫ਼, ਉਨ੍ਹਾਂ ਦੀ ਇਸ ਭਿਆਨਕ ਅਪਰਾਧ ਵਿਚ ਘਟੀਆ ਸ਼ਮੂਲੀਅਤ ਬਦਲੇ, ਕੋਈ ਵੀ ਕਾਰਵਾਈ ਨਾ ਕੀਤੀ। ਪੁਲਿਸ ਨੇ ਵੀ ਇਸ ਵਹਿਸ਼ੀਆਨਾ ਘਟਨਾ ਨੂੰ ਮੂਕ-ਦਰਸ਼ਕ ਬਣ ਕੇ ਦੇਖਿਆ। ਅੰਮ੍ਰਿਤਸਰ ਵਿਚ ਉਮਰਾਨੰਗਲ ਦੀ ਅਤੇ ਨਿਰੰਕਾਰੀ ਸਟੇਜ ਉੱਤੇ ਹਰਦੇਵ ਸਿੰਘ ਛੀਨਾ ਦੀ ਮੌਜੂਦਗੀ ਭੋਰਾ ਵੀ ਸ਼ੱਕ ਤੋਂ ਬਿਨਾ ਸਾਬਤ ਕਰਦੀ

ਹੈ ਕਿ ਇਨ੍ਹਾਂ ਵਿਰੋਧੀ ਸ਼ਕਤੀਆਂ ਨੇ ਸਿੱਖੀ 'ਤੇ ਹੋ ਰਹੇ ਹਮਲੇ ਅਤੇ ਇਸ ਤੋਂ ਉਪਜਣ ਵਾਲੇ ਤਬਾਹਕੁੰਨ ਸਿੱਟਿਆਂ ਨੂੰ ਵਿਚਾਰੇ ਬਿਨਾ, ਸੰਤ ਜਰਨੈਲ ਸਿੰਘ ਅਤੇ ਦਮਦਮੀ ਟਕਸਾਲ, ਦੋਨਾਂ ਦਾ ਅਕਸ ਵਿਗਾੜਨ ਲਈ ਸਾਜ਼ਿਸ਼ ਕੀਤੀ ਸੀ।

ਜਦੋਂ ਨਿਹੱਥੇ ਸਿੱਖਾਂ ਦੇ ਭਿਆਨਕ ਕਤਲੇਆਮ ਦੀ ਦੁਖਦਾਇਕ ਸੂਚਨਾ ਸੰਤ ਜਰਨੈਲ ਸਿੰਘ ਨੂੰ ਮਿਲੀ ਤਾਂ ਉਸ ਨੂੰ ਡੂੰਘਾ ਦੁੱਖ ਪਹੁੰਚਿਆ ਅਤੇ ਉਸ ਨੇ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਉਹ 13 ਸਿਦਕੀ ਸਿੱਖਾਂ ਦੇ ਖ਼ੂਨ ਨੂੰ ਅਜਾਈਂ ਨਹੀਂ ਜਾਣ ਦੇਵੇਗਾ। ਰੋਹ ਵਿਚ ਆਏ ਸਿੱਖਾਂ ਦੇ ਜ਼ਖ਼ਮੀ ਜਜ਼ਬਾਤਾਂ ਤੇ ਮੱਲ੍ਹਮ ਲਾਉਣ ਦੇ ਇਰਾਦੇ ਨਾਲ ਅਕਾਲੀ ਸਰਕਾਰ ਨੇ ਅਪਰਾਧੀ ਨਿਰੰਕਾਰੀਆਂ ਵਿਰੁੱਧ ਉਨ੍ਹਾਂ ਦੇ ਮੁਖੀ ਗੁਰਬਚਨ ਸਿੰਘ ਸਮੇਤ ਕਤਲ ਅਤੇ ਹੋਰ ਜੁਰਮਾਂ ਲਈ ਮੁਕੱਦਮਾ ਦਰਜ ਕਰ ਲਿਆ ਪਰ ਕਿਸੇ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ। ਸੰਤ ਜਰਨੈਲ ਸਿੰਘ ਦਾ ਦੁੱਖ ਅਤੇ ਗੁੱਸਾ ਠੰਢਾ ਨਾ ਹੋਇਆ। ਉਸ ਨੇ ਅਕਾਲੀ ਸਰਾਕਰ ਦੀ ਢਿੱਲੀ ਕਾਰਗੁਜ਼ਾਰੀ ਦੀ ਨਿੰਦਾ ਕੀਤੀ ਅਤੇ ਨਿਰੰਕਾਰੀਆਂ ਦੇ ਖ਼ਿਲਾਫ਼ ਮੁਹਿੰਮ ਤੇਜ਼ ਕਰ ਦਿੱਤੀ। ਜਦੋਂ ਇਸ ਮੁਹਿੰਮ ਨੇ ਜ਼ੋਰ ਫੜ੍ਹਿਆ ਤਾਂ ਅਖ਼ੀਰ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲ ਤਖ਼ਤ ਦੇ ਜਥੇਦਾਰ ਸਾਧੂ ਸਿੰਘ ਭੌਰਾ ਨੂੰ ਨਿਰੰਕਾਰੀਆਂ ਦੇ ਖ਼ਿਲਾਫ਼ ਹੁਕਮਨਾਮਾ ਜਾਰੀ ਕਰਾਉਣ ਲਈ ਮਨਾਉਣ ਵਾਸਤੇ ਮਜਬੂਰ ਹੋ ਗਏ। ਅਕਾਲ ਤਖਤ ਨੇ ਇਹ ਹੁਕਮਨਾਮਾ 10 ਜੂਨ, 1978 ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਜਾਰੀ ਕੀਤਾ ਅਤੇ ਜਥੇਦਾਰ ਵੱਲੋਂ ਮੰਜੀ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਤੋਂ ਇਕੱਤਰ ਹੋਈਆਂ ਸੰਗਤਾਂ ਨੂੰ ਪੜ੍ਹ ਕੇ ਸੁਣਾਇਆ ਗਿਆ। ਹੁਕਮਨਾਮਾ, ਸੰਖੇਪ ਵਿਚ ਇਹ ਐਲਾਨ ਕਰਦਾ ਸੀ ਕਿ 'ਨਿਰੰਕਾਰੀਆਂ ਨੇ ਗੁਰਬਚਨ ਸਿੰਘ ਦੀ ਅਗਵਾਈ ਹੇਠ ਸਿੱਖਾਂ ਅਤੇ ਸਿੱਖ ਗੁਰੂਆਂ ਖ਼ਿਲਾਫ਼ ਘਟੀਆ ਹਮਲਾ ਸ਼ੁਰੂ ਕੀਤਾ ਹੋਇਆ ਹੈ। ਇਸ ਦਾ ਮੰਤਵ ਸਿੱਖ ਧਰਮ ਨੂੰ ਅਪਮਾਨਤ ਕਰਨਾ ਹੈ। ਨਿਰੰਕਾਰੀ ਮੁਖੀ, ਜੋ ਆਪਣੇ ਆਪ ਨੂੰ ਰੱਬੀ ਅਵਤਾਰ ਵਜੋਂ ਪੇਸ਼ ਕਰਦਾ ਹੈ, ਨੇ ਵਿਸਾਖੀ ਦੇ ਦਿਨ 13 ਸਿੱਖਾਂ ਦਾ ਕਤਲੇਆਮ ਕੀਤਾ ਹੈ। ਇਸ ਕਾਰਨ ਸਿੱਖ ਧਰਮ ਦੀ ਹੋਂਦ ਨੂੰ ਗੰਭੀਰ ਚੁਣੌਤੀ ਦਰਪੇਸ਼ ਹੋਈ ਹੈ। ਇਸ ਲਈ ਹਰ ਸਿੱਖ ਨੂੰ ਹਰ ਤਰ੍ਹਾਂ ਨਾਲ ਨਿਰੰਕਾਰੀਆਂ ਦੇ ਨੀਚ ਫ਼ਿਰਕੇ ਦਾ ਵਿਰੋਧ ਕਰਨਾ ਚਾਹੀਦਾ ਹੈ, ਜੋ ਕਿ ਸਿੱਖ ਮੱਤ ਦਾ ਦੁਸ਼ਮਣ ਹੈ। ਸਭ ਸਿੱਖਾਂ ਨੂੰ ਹੋਰ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ਨਿਰੰਕਾਰੀਆਂ ਅਤੇ ਉਨ੍ਹਾਂ ਸਿੱਖਾਂ, ਜੋ ਨਿਰੰਕਾਰੀਆਂ ਦੇ ਇਸ ਅਨੈਤਿਕ ਫ਼ਿਰਕੇ ਵਿਚ ਸ਼ਾਮਲ ਹੋਏ ਹਨ ਜਾਂ ਅਜੇ ਵੀ ਇਨ੍ਹਾਂ ਦੀ ਹਮਾਇਤ ਕਰਦੇ ਹਨ, ਨਾਲੋਂ ਸਾਰੇ ਨਾਤੇ ਤੋੜ ਲੈਣ।"

ਉਪਰੋਕਤ ਹੁਕਮਨਾਮੇ ਦਾ ਜਾਰੀ ਹੋਣਾ ਸੰਤ ਜਰਨੈਲ ਸਿੰਘ ਦੀ ਵੱਡੀ ਜਿੱਤ ਸੀ, ਪਰ ਹਾਲੇ ਉਹ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸੀ। ਉਸਨੇ ਸਾਰੇ ਨਿਰੰਕਾਰੀ ਭਵਨਾਂ ਨੂੰ ਬੰਦ ਕਰਨ ਦੀ ਮੰਗ ਕੀਤੀ, ਜੋ ਉਸ ਦੇ ਅਨੁਸਾਰ ਪੰਜਾਬ ਵਿਚ ਸਿੱਖੀ ਖ਼ਿਲਾਫ਼ ਜ਼ਹਿਰ ਫ਼ੈਲਾਉਣ ਵਾਲੇ ਪਾਪੀ ਅੱਡੇ ਸਨ। ਇਸ ਉਦੇਸ਼ ਦੀ ਪੂਰਤੀ ਲਈ ਉਸ ਨੇ ਉਦੋਂ ਤੱਕ ਆਪਣਾ ਅੰਦੋਲਨ ਜਾਰੀ ਰੱਖਿਆ, ਜਦੋਂ ਤੱਕ ਅਕਾਲੀ ਸਰਕਾਰ 20 ਅਗਸਤ, 1978 ਤੋਂ ਪੰਜਾਬ ਵਿਚਲੇ ਸਾਰੇ ਨਿਰੰਕਾਰੀ ਭਵਨਾਂ ਨੂੰ ਬੰਦ ਕਰਨ ਲਈ ਬੇਵੱਸ ਨਾ ਹੋ ਗਈ। ਸਿੱਖਾਂ ਨੇ ਖ਼ੁਸ਼ੀ ਮਹਿਸੂਸ ਕੀਤੀ, ਪਰ ਉਨ੍ਹਾਂ ਦੀ ਪ੍ਰਸੰਨਤਾ ਥੋੜ੍ਹ-ਚਿਰੀ ਹੀ ਸੀ ਕਿਉਂ ਜੁ ਅਕਾਲੀ ਸਰਕਾਰ ਨੇ ਬ੍ਰਾਹਮਣ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ ਅਤੇ ਜਨਸੰਘ ਦੇ

ਦਬਾਅ ਅੱਗੇ ਗੋਡੇ ਟੇਕਦਿਆਂ ਮਹਿਜ਼ ਇਕ ਹਫ਼ਤੇ ਦੇ ਵਕਫ਼ੇ ਮਗਰੋਂ ਨਿਰੰਕਾਰੀਆਂ ਨੂੰ 27 ਅਗਸਤ 1978 ਤੋਂ ਭਵਨ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਪਰ ਸੰਤ ਨੇ ਇਸ ਕਾਰਵਾਈ ਦੀ ਇਹ ਕਹਿੰਦਿਆਂ ਵਿਰੋਧਤਾ ਕਰ ਦਿੱਤੀ ਕਿ ਉਹ ਨਿਰੰਕਾਰੀ ਭਵਨਾਂ ਨੂੰ ਨਹੀਂ ਖੁੱਲ੍ਹਣ ਦੇਣਗੇ।

ਸੰਤ ਭਿੰਡਰਾਂਵਾਲੇ ਦੇ ਨਿਰੰਕਾਰੀ ਭਵਨਾਂ ਨੂੰ ਨਾ ਖੁੱਲ੍ਹਣ ਦੇਣ ਵਾਲੇ ਬਿਆਨ ਦੇ ਪ੍ਰਤੀਕਰਮ ਵਜੋਂ, ਜਨਸੰਘ ਦੇ ਅੰਮ੍ਰਿਤਸਰ ਇਕਾਈ ਦੇ ਨੇਤਾ ਹਰਬੰਸ ਲਾਲ ਖੰਨਾ ਨੇ ਐਲਾਨ ਕਰ ਦਿੱਤਾ ਕਿ ਉਹ ਨਿਰੰਕਾਰੀ ਭਵਨ ਮੁੜ ਖੋਲ੍ਹਣ ਲਈ 27 ਅਗਸਤ ਨੂੰ ਹਿੰਦੂਆਂ ਅਤੇ ਨਿਰੰਕਾਰੀਆਂ ਦੀ ਅਗਵਾਈ ਕਰੇਗਾ। ਇਹ ਸਾਧਾਰਨ ਰੂਪ ਵਿਚ ਸਿੱਖਾਂ ਨੂੰ ਅਤੇ ਵਿਸ਼ੇਸ਼ ਤੌਰ 'ਤੇ ਭਿੰਡਰਾਂਵਾਲੀ ਦਮਦਮੀ ਟਕਸਾਲ ਨੂੰ ਖੁੱਲ੍ਹੀ ਚੁਣੌਤੀ ਸੀ। ਲੜਾਈ ਵਿਚ ਉਲਝੀਆਂ ਇਨ੍ਹਾਂ ਦੋਹਾਂ ਧਿਰਾਂ ਦਰਮਿਆਨ ਮੁੱਠ-ਭੇੜ ਹੋਣ ਦੇ ਖ਼ਦਸ਼ੇ ਨੂੰ ਮਹਿਸੂਸ ਕਰਦੇ ਹੋਏ ਬਾਦਲ ਨੇ ਟੌਹੜਾ ਅਤੇ ਤਲਵੰਡੀ, ਕ੍ਰਮਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਪ੍ਰਧਾਨ, ਨੂੰ ਸੰਤ ਭਿੰਡਰਾਂਵਾਲੇ ਨੂੰ ਉਸ ਦਿਨ ਅੰਮ੍ਰਿਤਸਰ ਜਾਣ ਦਾ ਇਰਾਦਾ ਤਿਆਗਣ ਲਈ ਮਨਾਉਣ ਵਾਸਤੇ ਬੇਨਤੀ ਕੀਤੀ। ਦੋਹਾਂ ਅਕਾਲੀ ਨੇਤਾਵਾਂ ਨੇ ਉਪਰੋਕਤ ਅਨੁਸਾਰ ਸੰਤ ਨੂੰ ਬੇਨਤੀ ਕੀਤੀ ਅਤੇ ਇਹ ਯਕੀਨ ਦਿਵਾਉਣ ਉਪਰੰਤ ਉਸ ਨੂੰ ਮਨਾਉਣ ਵਿਚ ਸਫ਼ਲ ਰਹੇ ਕਿ ਉਹ 27 ਅਗਸਤ, 1978 ਵਾਲੇ ਦਿਨ ਨਿਰੰਕਾਰੀ ਭਵਨਾਂ ਨੂੰ ਮੁੜ ਖੋਲ੍ਹਣ ਦੀ ਇਜਾਜ਼ਤ ਨਹੀਂ ਦੇਣਗੇ। ਫਿਰ ਵੀ, ਭਵਨਾਂ ਨੂੰ ਸੁਰੱਖਿਆ ਦਸਤਿਆਂ ਦੀ ਮਦਦ ਨਾਲ ਖੋਲ੍ਹ ਦਿੱਤਾ ਗਿਆ। ਤਲਵੰਡੀ ਅਤੇ ਟੌਹੜਾ ਨੇ ਬਾਅਦ ਵਿਚ ਸੰਤ ਭਿੰਡਰਾਂਵਾਲੇ ਤੋਂ ਮੁਆਫ਼ੀ ਮੰਗੀ ਅਤੇ ਬਾਦਲ ਨੂੰ ਕਸੂਰਵਾਰ ਠਹਿਰਾਇਆ ਕਿ ਉਸਨੇ ਭਵਨਾਂ ਨੂੰ ਤਾਲਾਬੰਦ ਰੱਖਣ ਲਈ ਸਹਿਮਤੀ ਨਹੀਂ ਦਿੱਤੀ। ਇਸ ਤਰੀਕੇ ਸੰਤ ਨਾਲ ਵਿਸ਼ਵਾਸਘਾਤ ਅਤੇ ਛਲ ਕੀਤਾ ਗਿਆ ਸੀ। ਜਦੋਂ ਉਸ ਨੂੰ ਸਰਕਾਰ ਵੱਲੋਂ ਨੀਵਾਂ ਵਿਖਾਇਆ ਗਿਆ ਤਾਂ ਉਸਨੇ ਨਿਰੰਕਾਰੀ ਵਿਰੋਧੀ ਅੰਦੋਲਨ ਨੂੰ ਤੇਜ਼ ਕਰ ਦਿੱਤਾ, ਜਿਸ ਦਾ ਨਤੀਜਾ ਲਾਭਦਾਇਕ ਨਿਕਲਿਆ। ਹੁਣ ਬਾਦਲ ਨੇ ਖ਼ੁਦ ਆਪ ਇਹ ਐਲਾਨ ਕੀਤਾ ਕਿ ਉਹ ਨਿਰੰਕਾਰੀ ਭਵਨ ਬੰਦ ਕਰ ਦੇਣਗੇ। ਉਸ ਨੇ ਇਹ ਵੀ ਯਕੀਨ ਦਿਵਾਇਆ ਕਿ 'ਅਵਤਾਰ ਬਾਣੀ' ਅਤੇ 'ਯੁੱਗ ਪੁਰਸ਼', ਦੋਵੇਂ ਨਿਰੰਕਾਰੀਆਂ ਦੀਆਂ ਕੁਫ਼ਰ ਭਰੀਆਂ ਪੁਸਤਕਾਂ, 'ਤੇ ਪਾਬੰਦੀ ਲਾ ਦਿੱਤੀ ਜਾਵੇਗੀ ਪਰ ਅਸਲ ਵਿਚ ਇਸ ਵਾਅਦੇ ਦੀ ਪੂਰਤੀ ਲਈ ਕੋਈ ਵੀ ਕਦਮ ਨਾ ਉਠਾਏ ਗਏ। ਇਸ ਦੇ ਨਤੀਜੇ ਵਜੋਂ ਨਿਰੰਕਾਰੀਆਂ ਵਿਰੁੱਧ ਅੰਦੋਲਨ ਬੇਰੋਕ ਜਾਰੀ ਰਿਹਾ।

ਇਸੇ ਦੌਰਾਨ ਹੀ ਹਿੰਦੂਆਂ ਅਤੇ ਭਾਰਤ ਸਰਕਾਰ ਵੱਲੋਂ ਉਤਸ਼ਾਹਿਤ ਕੀਤੇ ਹੋਏ ਗੁਰਬਚਨ ਸਿੰਘ ਨੇ ਪੰਜਾਬ ਤੋਂ ਬਾਹਰ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ। ਉਸ ਨੇ ਅਲਾਹਾਬਾਦ ਵਿਚ 25 ਸਤੰਬਰ, 1978 ਦੇ ਦਿਨ ਨਿਰੰਕਾਰੀ ਸੰਮੇਲਨ ਕਰਨ ਦਾ ਐਲਾਨ ਕੀਤਾ, ਪਰ ਨਿਸ਼ਠਾਵਾਨ ਸਿੱਖਾਂ ਨੇ ਉਸ ਨੂੰ ਸ਼ਹਿਰੋਂ ਬਾਹਰ ਕੱਢਣ ਤੱਕ ਉਸ ਦਾ ਪਿੱਛਾ ਕੀਤਾ। ਇਸ ਤੋਂ ਮਗਰੋਂ ਉਸਨੇ 26 ਸਤੰਬਰ ਨੂੰ ਕਾਨ੍ਹਪੁਰ ਵਿਖੇ ਆਪਣੇ ਅਨੁਯਾਈਆਂ ਨੂੰ ਇਕੱਤਰ ਕੀਤਾ ਅਤੇ ਸੁਰੱਖਿਆ ਬਲਾਂ ਦੀ ਛਤਰ-ਛਾਇਆ ਹੇਠ ਉਥੇ ਇਕ ਹੋਰ ਸੰਮੇਲਨ ਕਰ ਲਿਆ। ਸਿਦਕੀ ਸਿੱਖ ਮੁੜ ਵੱਡੀ ਤਾਦਾਦ ਵਿਚ ਉਥੇ ਇਕੱਠੇ ਹੋ ਗਏ ਪਰ ਨਿਰੰਕਾਰੀਆਂ ਨੇ ਹਿੰਦੂ ਪੁਲਿਸ ਦੀ ਮਦਦ

ਨਾਲ ਉਨ੍ਹਾਂ ਉਪਰ ਹਮਲਾ ਕਰ ਦਿੱਤਾ। ਪੁਲਿਸ ਨੇ ਲਾਠੀ ਚਾਰਜ ਕੀਤਾ ਅਤੇ ਸਿੱਖਾਂ ਉਪਰ ਗੋਲੀ ਚਲਾਈ। ਪੁਲਿਸ-ਸ਼ਕਤੀ ਦੇ ਵਹਿਸ਼ੀਆਨਾ ਇਸਤੇਮਾਲ ਨੇ ਖ਼ੂਨੀ ਪੈੜਾਂ ਪਾ ਦਿੱਤੀਆਂ। 8 ਸਿੱਖ ਮਾਰੇ ਗਏ ਅਤੇ 80 ਦੇ ਕਰੀਬ ਗੰਭੀਰ ਜ਼ਖ਼ਮੀ ਹੋਏ। ਇਹ ਭਿਆਨਕ ਅਪਰਾਧ ਹਿੰਦੂ ਪੁਲਿਸ ਵਲੋਂ ਨਿਰੰਕਾਰੀਆਂ ਅਤੇ ਸਰਕਾਰ ਦੀ ਮਿਲੀ-ਭੁਗਤ ਨਾਲ ਕੀਤਾ ਗਿਆ ਸੀ। ਇਸ ਕਾਨ੍ਹਪੁਰ-ਦੁਖਾਂਤ ਨੇ ਇਹ ਪ੍ਰਤੱਖ ਦਿਖਾ ਦਿੱਤਾ ਕਿ ਹਿੰਦੂ ਸ਼ਰੇਆਮ ਨਿਰੰਕਾਰੀਆਂ ਦਾ ਸਾਥ ਦੇ ਰਹੇ ਸਨ ਅਤੇ ਸਿੱਖਾਂ ਵਿਰੁੱਧ ਲਾਮਬੰਦ ਸਨ।

ਇਸ ਦੇ ਬਾਵਜੂਦ ਸੰਤ ਭਿੰਡਰਾਂਵਾਲੇ ਨੇ ਨਿਰੰਕਾਰੀਆਂ ਅਤੇ ਹਿੰਦੂਆਂ ਦੇ ਨਾਪਾਕ ਗਠਜੋੜ ਤੋਂ ਨਿਧੜਕ ਰਹਿੰਦੇ ਹੋਏ ਖ਼ਾਲਸੇ ਦੀ ਖ਼ੁਸ਼ੀ ਸ਼ਾਨ ਦੀ ਬਹਾਲੀ ਲਈ ਆਪਣੀ ਜੱਦੋ-ਜਹਿਦ ਜਾਰੀ ਰੱਖੀ। ਜਦੋਂ ਵੀ ਅਤੇ ਜਿਥੇ ਵੀ ਕਿਤੇ ਅਕਾਲੀ ਸਿੱਖੀ ਦੇ ਰਸਤੇ ਤੋਂ ਥਿੜਕੇ, ਉਸ ਨੇ ਉਨ੍ਹਾਂ ਦਾ ਜਨਤਕ ਤੌਰ ’ਤੇ ਵਿਰੋਧ ਕੀਤਾ ਅਤੇ ਉਨ੍ਹਾਂ ਨੂੰ ਠੀਕ ਰਸਤੇ ’ਤੇ ਚੱਲਣ ਦੀ ਸਲਾਹ ਦਿੱਤੀ। ਅਕਾਲੀਆਂ ਦੇ ਸਿੱਖ ਧਰਮ ਦੇ ਅਕੀਦੇ ਤੋਂ ਥਿੜਕਣ ਦੀ ਮਹੱਤਵਪੂਰਨ ਮਿਸਾਲ ਲੁਧਿਆਣਾ ਵਿਖੇ 26 ਅਕਤੂਬਰ ਤੋਂ 28 ਅਕਤੂਬਰ, 1978 ਤੱਕ ਹੋਈ ਇਤਿਹਾਸਕ ਅਕਾਲੀ ਕਾਨਫ਼ਰੰਸ ਹੈ।*

ਸੰਤ ਜਰਨੈਲ ਸਿੰਘ, ਕਾਇਰ ਹਰਚੰਦ ਸਿੰਘ ਲੌਂਗੋਵਾਲ-ਜਿਹੜਾ ਕਿ ਕਮਜ਼ੋਰ ਬੁਝੜ ਅਤੇ ਠੋਸਿਆ ਗਿਆ ਆਗੂ ਸੀ ਤੋਂ ਬਿਲਕੁਲ ਉਲਟ, ਇਕ ਨਿਪੁੰਨ ਅਤੇ ਜਮਾਂਦਰੂ ਨੇਤਾ ਸੀ। ਲੌਂਗੋਵਾਲ ਕੇਵਲ ਸਰੀਰਕ ਕੱਦ-ਕਾਠ ਵਿਚ ਹੀ ਬੌਣਾ ਨਹੀਂ ਸੀ, ਸਗੋਂ ਸਿਆਣਪ ਪੱਖੋਂ ਵੀ ਸੰਤ ਭਿੰਡਰਾਂਵਾਲੇ ਦੀ ਤੁਲਨਾ ’ਚ ਬੇਹੱਦ ਬੌਣਾ ਸੀ। ਸੰਤ ਭਿੰਡਰਾਂਵਾਲੇ ਕੋਲ ਮਹਾਨ ਦੂਰ-ਦ੍ਰਿਸ਼ਟੀ ਅਤੇ ਅਗੰਮੀ ਸੂਝ ਸੀ। ਉਸ ਕੋਲ ਕਮਾਲ ਦੀ ਖੋਜੀ ਅੰਤਰ-ਦ੍ਰਿਸ਼ਟੀ ਅਤੇ ਅਨੁਭਵ-ਸ਼ਕਤੀ ਸੀ। ਉਹ ਅਜਿੱਤ ਹੌਸਲੇ, ਸੂਰਮਗਤੀ ਅਤੇ ਰੂਹਾਨੀ ਤਾਕਤ ਦਾ ਪ੍ਰਤੀਕ ਸੀ। ਉਸ ਦੇ ਛੇ ਫੁੱਟ ਤੋਂ ਵੱਧ ਲੰਮੇ ਕੱਦ, ਦਿਲ-ਚੀਰਵੀਆਂ ਅਤੇ ਭਖਦੀਆਂ ਅੱਖਾਂ ਨੇ ਸਿੱਖ ਕਿਸਾਨੀ,ਸਿੱਖ ਬੁੱਧੀਜੀਵੀਆਂ ਅਤੇ ਸਿੱਖ ਨੌਜਵਾਨਾਂ ਦੀ ਮਿਥਲ ਹੋਈ ਸ਼ਕਤੀ ਵਿਚ ਮੁੜ ਜਾਨ ਪਾ ਦਿੱਤੀ। ਇਨ੍ਹਾਂ ਅਸਾਧਾਰਨ ਖ਼ੂਬੀਆਂ ਨੇ ਉਸ ਨੂੰ ਇਕ ਰਿਵਾਇਤੀ ਕਿਸਾਨ ਪ੍ਰਚਾਰਕ ਦੀ ਅਵਸਥਾ ਤੋਂ ਉਪਰ ਉਠਾ ਕੇ ਇਕ ਮਹਾਨ ਨੇਤਾ ਅਤੇ ਸਿੱਖ ਮੱਤ ਦੇ ‘ਜਾਂਬਾਜ਼ ਰਾਖੇ’ ਦੇ ਰੁਤਬੇ ਤੇ ਪਹੁੰਚਾ ਦਿੱਤਾ। ਉਸ ਨੂੰ ਕਿਸੇ ਪੈਗੰਬਰ ਜਾਂ ਮਸੀਹੇ ਤੋਂ ਥੋੜ੍ਹੇ ਹੀ ਫ਼ਰਕ ਨਾਲ ਦੇਖਿਆ ਜਾ ਸਕਦਾ ਹੈ। ਹੈ ਕੋਈ 20ਵੀਂ ਸਦੀ ਦੇ ਸਿੱਖ-ਇਤਿਹਾਸ ਵਿਚ ਪੈਦਾ ਹੋਇਆ ਅਜਿਹਾ ਕੋਈ ਹੋਰ ਨੇਤਾ ਜਿਸ ਨੇ ਖ਼ਾਲਸਾ ਪੰਥ ਅੰਦਰ ਵਿਸ਼ਵ ਪੱਧਰ ’ਤੇ ਇੰਞ ਨਵੀਂ ਜਾਨ ਪਾਈ ਹੋਵੇ ਅਤੇ ਇਸ ਨੂੰ ਇਕ ਅਜਿੱਤ ਅਤੇ ਅਟੁੱਟ ਸੰਸਥਾ ਦੇ ਰੂਪ ਵਿਚ ਉਭਾਰਿਆ ਹੋਵੇ? ਇਹ ਉਸ ਦੀ ਕਰਿਸ਼ਮਈ ਅਤੇ ਆਕਰਸ਼ਕ ਸ਼ਖ਼ਸੀਅਤ ਦਾ ਹੀ ਕਮਾਲ ਸੀ ਕਿ ਉਹ ਸੂਰਜ ਵਾਂਗ ਚੜ੍ਹਿਆ ਅਤੇ ਕੁਝ ਹੀ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਉਸ ਨੇ ਬਾਕੀ ਸਾਰੇ ਅਕਾਲੀ ਨੇਤਾਵਾਂ ਨੂੰ ਗ੍ਰਹਿਣ ਲਾ ਦਿੱਤਾ। ਅਜਿਹਾ ਆਗੂ ਕਦੇ-ਕਦਾਈਂ ਅਤੇ ਰੱਬ-ਸਬੱਬੀਂ ਹੀ ਪੈਦਾ ਹੁੰਦਾ ਹੈ। ਇਸ ਲਈ ਉਸ ਦੀ ਲੌਂਗੋਵਾਲ ਨਾਲ ਬਰਾਬਰੀ ਕਰਨੀ ਸੂਰਜ ਦੀ ਮੋਮਬੱਤੀ ਨਾਲ ਬਰਾਬਰੀ ਕਰਨ ਦੇ ਤੁੱਲ ਹੈ। ਕਿਸੇ ਮੋਮਬੱਤੀ ਨੂੰ ਇੱਕੋ ਫੂਕ ਨਾਲ ਬੁਝਾਇਆ ਜਾ ਸਕਦਾ

* ਅਕਾਲੀ ਦਲ ਨੇ ਲੁਧਿਆਣਾ ਕਾਨਫ਼ਰੰਸ ’ਚ ਅਨੰਦਪੁਰ ਸਾਹਿਬ ਵਿਖੇ 1973 ਪਾਸ ਕੀਤੇ ਗਏ ਮਤੇ ਵਿੱਚ ਕੁਝ ਤਬਦੀਲੀਆਂ ਕਰ ਲਈਆਂ ਅਤੇ ਇਸ ਨੂੰ ਸੋਧੇ ਹੋਏ ਰੂਪ ’ਚ ਪਾਸ ਕਰ ਦਿੱਤਾ।

ਹੈ, ਪਰ ਸੂਰਜ ਬਾਰੇ ਅਜਿਹਾ ਸੋਚਣਾ ਸਰਾਸਰ ਬੇਵਕੂਫ਼ੀ ਹੈ। ਮੋਮਬੱਤੀ ਤਾਂ ਰੌਸ਼ਨੀ ਵੀ ਤੱਦ ਦਿੰਦੀ ਹੈ ਜਦੋਂ ਉਸਨੂੰ ਬਾਲਿਆ ਜਾਂਦਾ ਹੈ ਪਰ ਸੂਰਜ ਆਪਣੀ ਸਦੀਵੀ-ਊਰਜਾ ਨਾਲ ਚਮਕਦਾ ਹੈ ਅਤੇ ਜਿਥੇ ਵੀ ਜਾਂਦਾ ਹੈ ਰੌਸ਼ਨੀ ਵੰਡਦਾ ਹੈ। ਸੰਤ ਜਰਨੈਲ ਸਿੰਘ ਵੀ ਸਿੱਖ-ਇਤਿਹਾਸ ਦੇ ਪੰਨਿਆਂ ਵਿਚ ਸੂਰਜ ਵਾਂਗ ਚਮਕਦਾ ਰਹੇਗਾ।

1983 ਦਾ ਵਰ੍ਹਾ ਧਰਮ ਯੁੱਧ ਮੋਰਚੇ ਅਤੇ ਅਕਾਲੀਆਂ ਲਈ ਬਹੁਤ ਨਾਜ਼ੁਕ ਸੀ। ਜਦੋਂ ਵੀ ਮੋਰਚਾ ਸਫ਼ਲਤਾ ਦੇ ਨੇੜੇ ਪਹੁੰਚਦਾ, ਇੰਦਰਾ ਗਾਂਧੀ ਅਕਾਲੀਆਂ ਨੂੰ ਗੱਲਬਾਤ ਦਾ ਸੱਦਾ ਦੇ ਦਿੰਦੀ। ਪਰ ਮਸਲਿਆਂ ਨੂੰ ਸੁਲਝਾਉਣ ਦੇ ਇਰਾਦੇ ਨਾਲ ਨਹੀਂ, ਸਗੋਂ ਸਿੱਖਾਂ ਦੇ ਉਤਸ਼ਾਹ ਨੂੰ ਮੱਠਾ ਪਾਉਣ ਅਤੇ ਮੋਰਚੇ ਨੂੰ ਢਹਿੰਦੀ ਕਲਾ ਵੱਲ ਧਕੇਲਣ ਲਈ। ਇਵੇਂ ਉਸ ਨੇ ਅਕਾਲੀ ਨੇਤਾਵਾਂ ਨੂੰ ਮੁਕੰਮਲ ਤੌਰ 'ਤੇ ਮੂਰਖ ਬਣਾਇਆ ਅਤੇ ਸਿੱਖ ਪੰਥ ਦੀਆਂ ਨਜ਼ਰਾਂ ਵਿਚ ਉਨ੍ਹਾਂ ਦੇ ਅਕਸ ਨੂੰ ਬੁਰੀ ਤਰ੍ਹਾਂ ਢਾਹ ਲਾਈ। ਉਸ ਨੇ ਉੱਚ ਦਰਜੇ ਦੀ ਹੁਸ਼ਿਆਰੀ ਨਾਲ ਉਨ੍ਹਾਂ ਨੂੰ ਬੁਰੀ ਤਰ੍ਹਾਂ ਨੀਵਾਂ ਦਿਖਾਇਆ ਅਤੇ ਇਵੇਂ ਲੌਂਗੋਵਾਲ ਦੇ ਅਕਸ ਨੂੰ ਵੀ ਢਾਹ ਲੱਗੀ ਅਤੇ ਉਹ ਜ਼ਲੀਲ ਹੋਇਆ। ਇਹ ਕੇਵਲ ਸੰਤ ਭਿੰਡਰਾਂਵਾਲਾ ਹੀ ਸੀ ਜੋ ਸਰਕਾਰ ਦੀ ਖ਼ਤਰਨਾਕ ਖੇਡ ਦੇ ਆਰ-ਪਾਰ ਦੇਖ ਰਿਹਾ ਸੀ। ਇਸ ਲਈ ਉਸ ਨੇ ਬਾਰ-ਬਾਰ ਅਕਾਲੀ ਨੇਤਾਵਾਂ ਨੂੰ ਸਰਕਾਰ ਦੀਆਂ ਚਾਲਾਂ ਤੋਂ ਸਾਵਧਾਨ ਰਹਿਣ ਲਈ ਸੁਚੇਤ ਕੀਤਾ, ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਉਸ ਦੇ ਮਸ਼ਵਰੇ ਨੂੰ ਗੰਭੀਰਤਾ ਨਾਲ ਨਾ ਮੰਨਿਆ।

ਲੌਂਗੋਵਾਲ, ਬਰਨਾਲਾ, ਬਲਵੰਤ ਸਿੰਘ, ਬਾਦਲ ਅਤੇ ਹੋਰ ਪੰਥ ਦੇ ਨਾਂ 'ਤੇ ਸੱਤਾ ਪ੍ਰਾਪਤੀ ਲਈ ਤਰਲੋਮੱਛੀ ਹੋ ਰਹੇ ਸਨ ਪਰ ਮਹਾਨ ਨਾਇਕ ਸੰਤ ਜਰਨੈਲ ਸਿੰਘ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮੱਤ ਦੀ ਰਾਖੀ ਅਤੇ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਜੂਝ ਰਿਹਾ ਸੀ।

ਜਦੋਂ ਸੰਤ ਜਰਨੈਲ ਸਿੰਘ, ਬੁੱਢੇ ਅਤੇ ਜਵਾਨ, ਸਾਰੇ ਸਿੱਖਾਂ ਦੀ ਮਨ-ਆਤਮਾ ਨੂੰ ਜਿੱਤ ਚੁੱਕਾ ਸੀ ਤਾਂ ਲੌਂਗੋਵਾਲ ਵਰਗੇ ਬੌਣੇ ਵਿਅਕਤੀ ਲਈ ਉਸ ਨੂੰ ਉਨ੍ਹਾਂ ਦੇ ਦਿਲਾਂ ਵਿਚੋਂ ਕੱਢਣਾ ਤਕਰੀਬਨ ਅਸੰਭਵ ਸੀ। ਆਪਣੀ ਲੀਡਰਸ਼ਿਪ ਨੂੰ ਖੋਰਾ ਲਗਦਾ ਮਹਿਸੂਸ ਕਰਕੇ ਲੌਂਗੋਵਾਲ ਨੇ ਸੰਤ ਭਿੰਡਰਾਂਵਾਲੇ ਦਾ ਕੰਡਾ ਕੱਢਣ ਲਈ ਬੜੀ ਤੀਬਰਤਾ ਨਾਲ ਇੰਦਰਾ ਗਾਂਧੀ ਨਾਲ ਸਾਂਠ-ਗਾਂਠ ਕੀਤੀ। ਲੌਂਗੋਵਾਲ ਨੇ ਗੁਰੂ ਨਾਨਕ ਨਿਵਾਸ ਵਿਚੋਂ ਸੰਤ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਵਾਸਤੇ ਇੰਦਰਾ ਗਾਂਧੀ ਨੂੰ ਹਰੀ ਝੰਡੀ ਦੇ ਦਿੱਤੀ। ਇਸ ਲਈ ਇੰਦਰਾ ਗਾਂਧੀ ਨੇ ਸੰਤ ਭਿੰਡਰਾਂਵਾਲੇ ਨੂੰ ਦਸੰਬਰ 1983 ਵਿਚ ਗ੍ਰਿਫ਼ਤਾਰ ਕਰਨ ਲਈ ਖ਼ੁਫ਼ੀਆ ਵਿਉਂਤ ਬਣਾਈ। ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਨੂੰ ਸੁਵਿਧਾਜਨਕ ਬਣਾਉਣ ਲਈ ਲੌਂਗੋਵਾਲ ਅਤੇ ਕਿਰਪਾਲ ਸਿੰਘ, ਜੋ ਅਕਾਲ ਤਖਤ ਦਾ ਖ਼ੁਦਗਰਜ਼ ਅਤੇ ਲਾਚਾਰ ਜਿਹਾ ਜਥੇਦਾਰ ਸੀ, ਨੇ ਅਸਿੱਧੇ ਤੌਰ 'ਤੇ ਇਹ ਵਿਚਾਰ ਕੇਂਦਰ ਤੱਕ ਪਹੁੰਚਾ ਦਿੱਤਾ ਕਿ ਗੁਰੂ ਨਾਨਕ ਨਿਵਾਸ ਦਰਬਾਰ ਸਾਹਿਬ ਦਾ ਹਿੱਸਾ ਨਹੀਂ ਅਤੇ ਕੇਂਦਰ ਸਰਕਾਰ ਬਿਨਾਂ ਝਿਜਕ ਸੰਤ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰਨ ਲਈ ਉਥੇ ਕਮਾਂਡੋ ਭੇਜ ਸਕਦੀ ਹੈ। ਲੌਂਗੋਵਾਲ ਵਰਗੇ ਬੇਈਮਾਨ ਵੱਲੋਂ ਕੇਵਲ ਆਪਣੀ ਲੀਡਰਸ਼ਿਪ ਨੂੰ ਜ਼ਿੰਦਾ ਰੱਖਣ ਹਿਤ ਸੰਤ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਲਈ ਇਸ ਹੱਦ ਤੱਕ ਗਿਰ ਜਾਣਾ ਕੋਈ ਅਪਵਿੱਤਰ ਗੱਲ ਨਹੀਂ ਸੀ। ਇਸ ਹੋਛੀ ਸਾਜ਼ਿਸ਼ ਵਿਚ ਸਿੱਖ ਪੰਥ ਦੇ ਕੁਝ ਗੱਦਾਰਾਂ ਵਿਚੋਂ ਸੁਰਜੀਤ

ਸਿੰਘ ਬਰਨਾਲਾ ਅਤੇ ਬਲਵੰਤ ਸਿੰਘ (ਸਾਬਕਾ ਵਿੱਤ ਮੰਤਰੀ) ਤੋਂ ਇਲਾਵਾ ਬਲਵੰਤ ਸਿੰਘ ਰਾਮੂਵਾਲੀਆ ਨਾਮੀ ਜੋਕਰਨੁਮਾ ਸ਼ਖ਼ਸ ਵੀ ਸਰਗਰਮੀ ਨਾਲ ਸ਼ਾਮਲ ਸੀ। ਇਨ੍ਹਾਂ ਤਿੰਨਾਂ ਖੋਟੇ ਅਤੇ ਵਿਸ਼ਵਾਸਹੀਣ ਜੀਵਾਂ ਨੇ ਇਕ ਗੱਠਜੋੜ ਸਿਰਜਿਆ ਹੋਇਆ ਸੀ, ਜਿਸ ਦੀ ਸਲਾਹ ਤੇ ਲੌਂਗੋਵਾਲ ਬਹੁਤ ਇੱਛਾਪੂਰਵਕ ਅਮਲ ਕਰਦਾ ਸੀ। ਇਥੇ ਹਰ ਹਾਲਤ ਵਿਚ ਇਹ ਗਲਤ ਧਾਰਨਾ ਬਿਲਕੁਲ ਨਾ ਬਣਾਈ ਜਾਵੇ ਕਿ ਲੌਂਗੋਵਾਲ ਨੂੰ ਮੁਕੰਮਲ ਤੌਰ 'ਤੇ ਕੇਵਲ ਇਨ੍ਹਾਂ ਵੱਲੋਂ ਹੀ ਗੁੰਮਰਾਹ ਕੀਤਾ ਜਾਂਦਾ ਸੀ। ਅਸਲ ਵਿਚ ਉਹ ਆਪਣਾ ਕਪਟ ਭਰਪੂਰ ਰੋਲ ਪੂਰਨ ਸਵੈ-ਇੱਛਾ (ਦਿਲਚਸਪੀ) ਨਾਲ ਅਦਾ ਕਰ ਰਿਹਾ ਸੀ।

ਲੌਂਗੋਵਾਲ ਅਤੇ ਇੰਦਰਾ ਗਾਂਧੀ ਦੇ ਇਸ ਮੰਦਭਾਵੀ ਮਨਸੂਬੇ ਨੂੰ ਭਾਂਪਦੇ ਹੋਏ ਖਾਲਸਾ ਪੰਥ ਦੇ ਮਹਾਂਬਲੀ ਨਾਇਕ ਸੰਤ ਭਿੰਡਰਾਂਵਾਲੇ ਨੇ 15 ਦਸੰਬਰ, 1983 ਨੂੰ ਆਪਣਾ ਟਿਕਾਣਾ ਅਕਾਲ ਤਖ਼ਤ ਵਿਖੇ ਬਦਲ ਲਿਆ ਅਤੇ ਸਿੱਖਾਂ ਦੇ ਕਾਜ ਲਈ ਲੜਾਈ ਜਾਰੀ ਰੱਖਣ ਖ਼ਾਤਰ ਇਸ ਨੂੰ ਆਪਣਾ ਹੈੱਡਕੁਆਰਟਰ ਬਣਾ ਲਿਆ।

ਸੰਤ ਭਿੰਡਰਾਂਵਾਲੇ ਅਤੇ ਲੌਂਗੋਵਾਲ ਦਰਮਿਆਨ ਦਰਾੜ ਵਧਣ ਤੋਂ ਪਹਿਲਾਂ ਲੌਂਗੋਵਾਲ ਨੇ ਜਨਵਰੀ, 1983 ਵਿੱਚ ਅੰਮ੍ਰਿਤਸਰ ਵਿਖੇ ਸਿੱਖ-ਮੰਗਾਂ ਮੰਨਵਾਉਣ ਦੇ ਰਸਤੇ ਅਤੇ ਸਾਧਨ ਤਲਾਸ਼ਣ ਲਈ ਇੱਕ ਸੰਮੇਲਨ ਬੁਲਾਇਆ। ਇਸ ਸਬੰਧੀ ਹੁੰਗਾਰਾ ਡਾਢਾ ਉਤਸ਼ਾਹਜਨਕ ਸੀ, ਕਿਉਂ ਜੁ ਇਸ ਵਿੱਚ ਸਾਬਕਾ ਫ਼ੌਜੀਆਂ ਸਹਿਤ ਤਿੰਨ ਹਜ਼ਾਰ ਸਿੱਖਾਂ ਨੇ ਸ਼ਮੂਲੀਅਤ ਕੀਤੀ। ਸ਼ਾਮਲ ਹੋਣ ਵਾਲਿਆਂ ਵਿੱਚ 200 ਦੇ ਕਰੀਬ ਸਿੱਖ ਫ਼ੌਜੀ ਅਫ਼ਸਰ ਸਨ, ਜੋ ਕਰਨਲ ਦੇ ਰੈਂਕ ਤੋਂ ਉਪਰ ਸਨ, ਪਰ ਇਨ੍ਹਾਂ ਵਿੱਚੋਂ ਸਭ ਤੋਂ ਚਮਕਦਾ ਸਿਤਾਰਾ ਜਨਰਲ ਸ਼ੁਬੇਗ ਸਿੰਘ ਸੀ, ਜੋ ਮੁਕਤੀ ਬਾਹਨੀ ਦਾ ਆਯੋਜਕ ਸੀ ਅਤੇ 1971 ਦੀ ਬੰਗਲਾਦੇਸ਼ ਲੜਾਈ ਦਾ ਹੀਰੋ ਸੀ। ਉਸ ਜੰਗ ਵਿੱਚ ਸ਼ੁਬੇਗ ਸਿੰਘ ਦਾ ਪ੍ਰਦਰਸ਼ਨ ਬੇਹੱਦ ਉੱਤਮ ਸੀ ਅਤੇ ਇਸ ਰੋਲ ਸਦਕਾ ਸਾਰੇ ਰਾਸ਼ਟਰ ਵਲੋਂ ਉਸ ਦੀ ਉਸਤਤ ਅਤੇ ਵਾਹ-ਵਾਹ ਕੀਤੀ ਗਈ। ਉਹ ਲੋਕ-ਕਥਾਵਾਂ ਜਿਹਾ ਹੀਰੋ ਬਣ ਗਿਆ। ਪ੍ਰੰਤੂ, ਬਹੁਤ ਜ਼ਿਆਦਾ ਹੰਕਾਰੀ ਅਤੇ ਵਡਿਆਈ ਦੀ ਲਾਲਸਾ ਰੱਖਣ ਵਾਲੀ ਇੰਦਰਾ ਗਾਂਧੀ ਅਜਿਹੀ ਫ਼ਿਤਰਤ ਦੀ ਔਰਤ ਨਹੀਂ ਸੀ, ਜਿਹੜੀ ਕਿ 1971 ਦੀ ਜੰਗ ਦੀ ਜਿੱਤ ਦੀ ਵਡਿਆਈ ਕਿਸੇ ਹੋਰ ਨੂੰ ਸਾਂਝੀ ਕਰਨ ਦੀ ਆਗਿਆ ਦੇ ਸਕਦੀ। ਉਹ ਇਸ ਦਾ ਇੱਕੋ ਇੱਕ ਹੀਰੋ ਖ਼ੁਦ ਬਣਨਾ ਚਾਹੁੰਦੀ ਸੀ।

ਇਸ ਸੰਦਰਭ ਵਿੱਚ ਉਸ ਨੇ ਮੇਜਰ ਜਨਰਲ ਸ਼ੁਬੇਗ ਸਿੰਘ ਨੂੰ ਇਕ ਫ਼ਜ਼ੂਲ ਜਿਹੇ ਕੇਸ ਵਿੱਚ ਫ਼ਸਾ ਦਿੱਤਾ-ਜਦੋਂ ਉਹ ਜਬਲਪੁਰ ਵਿਖੇ ਦੱਖਣੀ ਕਮਾਂਡ ਦੇ ਜੀ. ਓ. ਸੀ. ਵਜੋਂ ਤਾਇਨਾਤ ਸੀ-ਅਤੇ ਭ੍ਰਿਸ਼ਟਾਚਾਰ ਦੇ ਨਿਗੂਣੇ ਦੋਸ਼ ਦੇ ਆਧਾਰ 'ਤੇ ਬਰਖ਼ਾਸਤ ਕਰ ਦਿੱਤਾ। ਉਸ ਦੇ ਖ਼ਿਲਾਫ਼ ਇਕੋ-ਇਕ ਦੋਸ਼ ਇਹ ਸੀ ਕਿ ਉਸ ਨੇ ਇਕ ਨਿਕੰਮੀ ਫ਼ੌਜੀ ਜੀਪ 'ਜੌਂਗਾ' ਆਪਣੇ ਕਿਸੇ ਸਬੰਧੀ ਕੋਲ ਨੀਲਾਮ ਕਰ ਦਿੱਤੀ ਸੀ। ਸਰਕਾਰ ਵਲੋਂ ਇਸ ਤੁੱਛ ਦੋਸ਼ ਸਬੰਧੀ ਕੀਤੀ ਗਈ ਪੜਤਾਲ ਵਿਚ ਇਹ ਪ੍ਰਗਟਾਵਾ ਕੀਤਾ ਗਿਆ ਕਿ ਮੇਜਰ ਜਨਰਲ ਨੇ 'ਜੌਂਗਾ' ਕਿਸੇ ਹੋਰ ਦੇ ਨਾਂ ਹੇਠ ਖ਼ੁਦ ਆਪਣੇ ਲਈ ਖ਼ਰੀਦਿਆ ਸੀ। ਕੀ ਇਸ ਤਰ੍ਹਾਂ ਦਾ ਨਿਗੂਣਾ ਦੋਸ਼ ਅਜਿਹੇ ਬਹਾਦਰ ਜਨਰਲ ਨੂੰ ਇਨੇ ਉੱਚ ਅਹੁਦੇ ਤੋਂ ਆਪਣੀ ਸੇਵਾ-ਮੁਕਤੀ ਦੇ ਮਹਿਜ਼ ਇੱਕ ਦਿਨ ਪਹਿਲਾਂ ਲਾਹੇ ਜਾਣ ਦੀ ਮੰਗ ਕਰਦਾ ਸੀ?

ਇਹ ਸਾਰੀ ਸ਼ਰਾਰਤ ਇੰਦਰਾ ਗਾਂਧੀ ਦੇ ਇਸ਼ਾਰੇ 'ਤੇ ਕੀਤੀ ਗਈ ਸੀ ਜੋ ਉਸ ਦੀ

ਸਾਖ ਨੂੰ ਘਟਾਉਣਾ ਚਾਹੁੰਦੀ ਸੀ। ਉਸ ਨੇ ਬੜਾ ਸਹਿਜੇ ਹੀ 1971 ਦੀ ਜੰਗ ਦੌਰਾਨ ਉਸ ਦੀ ਸਿਰ-ਕੱਢਵੀਂ ਕਾਰਗੁਜ਼ਾਰੀ ਨੂੰ ਭੁਲਾ ਦਿੱਤਾ। ਇਹ ਕੋਈ ਪਹਿਲੀ ਵਾਰ ਨਹੀਂ ਸੀ ਕਿ ਉਸ ਨੇ ਇਕ ਸਿਰਮੌਰ ਫ਼ੌਜੀ ਜਨਰਲ ਨੂੰ ਅਪਮਾਨਤ ਕੀਤਾ। ਲਗਭਗ ਅਜਿਹੀ ਹੀ ਹੱਤਕ ਦਾ ਮੀਂਹ ਪਹਿਲੀ ਹਿੰਦ-ਪਾਕਿ ਜੰਗ ਵਿਚ ਸਿਰ-ਕੱਢਵੇਂ ਪ੍ਰਦਰਸ਼ਨ ਬਦਲੇ ਜਨਰਲ ਮਾਣਕ ਸ਼ਾਹ ਉਪਰ ਵੀ ਵਰ੍ਹਾਇਆ ਗਿਆ ਸੀ।

ਸਾਬਕਾ ਫ਼ੌਜੀਆਂ ਨੇ ਸਿੱਖਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਇਨ੍ਹਾਂ ਨੂੰ ਕੇਂਦਰ ਤੋਂ ਮੰਨਵਾਉਣ ਲਈ ਢੰਗ-ਤਰੀਕੇ ਲੱਭਣ ਦਾ ਯਤਨ ਕੀਤਾ। ਉਨ੍ਹਾਂ ਵਿਚੋਂ ਕੁਝ ਨੇ ਲੌਂਗੋਵਾਲ ਦੀ ਨਰਮ ਅਤੇ ਸ਼ਾਂਤੀਪੂਰਨ ਨੀਤੀ ਦੀ ਹਮਾਇਤ ਕੀਤੀ ਜਦੋਂ ਕਿ ਬਹੁ-ਗਿਣਤੀ ਨੇ ਸੰਤ ਭਿੰਡਰਾਂਵਾਲੇ ਦਾ ਪੱਖ ਲਿਆ, ਜਿਸ ਨੇ ਸਖ਼ਤ ਨੀਤੀ ਅਪਨਾਉਣ ਦਾ ਸੁਝਾਅ ਦਿੱਤਾ ਸੀ। ਸੰਤ ਭਿੰਡਰਾਂਵਾਲੇ ਨੇ ਜ਼ੋਰ ਦੇ ਕੇ ਇਹ ਗੱਲ ਕਹੀ ਸੀ ਕਿ ਜੇ ਉਨ੍ਹਾਂ ਇੰਦਰਾਂ ਗਾਂਧੀ ਅੱਗੇ ਡੰਡੌਤ ਕਰਨੀ ਜਾਰੀ ਰੱਖੀ ਤਾਂ ਕੇਂਦਰ ਸਰਕਾਰ ਕਦੇ ਵੀ ਉਨ੍ਹਾਂ ਦੀਆਂ ਜਾਇਜ਼ ਮੰਗਾਂ ਸਵੀਕਾਰ ਨਹੀਂ ਕਰੇਗੀ। ਉਸ ਨੇ ਜ਼ੋਰਦਾਰ ਸ਼ਬਦਾਂ ਵਿੱਚ ਉਹਨਾਂ ਨੂੰ ਹਿੰਮਤ ਕਰਨ, ਇਕੱਠੇ ਹੋਣ ਅਤੇ ਆਪਣੇ ਜਾਇਜ਼ ਹੱਕ ਖੋਹ ਲੈਣ ਦੀ ਨਸੀਹਤ ਕੀਤੀ। ਸਾਬਕਾ ਸਿੱਖ ਫ਼ੌਜੀਆਂ ਅਤੇ ਅਫ਼ਸਰਾਂ ਨੇ ਸੰਤ ਭਿੰਡਰਾਂਵਾਲੇ ਦੀ ਜ਼ਬਰਦਸਤ ਹਮਾਇਤ ਕੀਤੀ। ਇਸ 'ਤੇ ਲੌਂਗੋਵਾਲ ਨੇ ਆਪਣੇ ਆਪ ਨੂੰ ਮਹੱਤਵਹੀਣ ਅਤੇ ਅਪਮਾਨਤ ਮਹਿਸੂਸ ਕੀਤਾ।

ਮੇਜਰ ਜਨਰਲ ਸ਼ੁਬੇਗ ਸਿੰਘ, ਸੰਤ ਭਿੰਡਰਾਂਵਾਲੇ ਵੱਲੋਂ ਅਪਣਾਈ ਗਈ ਵਿਚਾਰਧਾਰਾ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਹੋਇਆ। ਉਹ ਉਸਦਾ ਮੁੱਖ ਸੈਨਿਕ ਸਲਾਹਕਾਰ ਬਣ ਗਿਆ ਹਾਲਾਂਕਿ ਜਨਰਲ ਨਰਿੰਦਰ ਸਿੰਘ ਵੀ ਜੁਝਾਰੂ ਸੰਗਠਨਾਂ ਨੂੰ ਮਦਦ ਮੁਹੱਈਆ ਕਰਨ ਲਈ ਉਥੇ ਮੌਜੂਦ ਸੀ। ਆਈ.ਪੀ.ਐਸ. ਅਫ਼ਸਰ ਸਿਮਰਨਜੀਤ ਸਿੰਘ ਮਾਨ ਉਸ ਦਾ ਵਿਚਾਰਧਾਰਕ ਤੌਰ 'ਤੇ ਸਮਰਥਕ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪ੍ਰਧਾਨ ਅਤੇ ਸੰਤ ਭਿੰਡਰਾਂਵਾਲੇ ਦੇ ਪੂਰਵ-ਅਧਿਕਾਰੀ ਸੰਤ ਕਰਤਾਰ ਸਿੰਘ ਜੀ ਦਾ ਸਪੁੱਤਰ ਭਾਈ ਅਮਰੀਕ ਸਿੰਘ ਉਸ ਦਾ ਸਾਥੀ ਸੀ। ਸੁਰਿੰਦਰ ਸਿੰਘ ਸੋਢੀ ਉਸ ਦਾ ਸਿਰਕੱਢ ਜੁਝਾਰੂ ਅੰਗ-ਰੱਖਿਅਕ ਸੀ। ਸੰਤ ਭਿੰਡਰਾਂਵਾਲੇ ਦੇ ਹੋਰ ਜੁਝਾਰੂ ਅੰਗ-ਰੱਖਿਅਕ ਬਾਬਾ ਠਾਰ੍ਹਾ ਸਿੰਘ, ਭਾਈ ਸੁਜਾਨ ਸਿੰਘ ਮਨਾਵਾ, ਭਾਈ ਦਲਬੀਰ ਸਿੰਘ ਅਭਿਆਸੀ, ਜੱਥੇਦਾਰ ਰਾਮ ਸਿੰਘ ਸੁਲਤਾਨਪੁਰ ਲੋਧੀ ਸਨ। ਭਾਈ ਰਛਪਾਲ ਸਿੰਘ ਜੋ ਸਾਇੰਸ ਮਾਸਟਰ ਦੀ ਨੌਕਰੀ ਤਿਆਗ ਕੇ ਟਕਸਾਲ ਦਾ ਮੈਂਬਰ ਬਣਿਆ ਸੀ, ਉਸਦਾ ਪੀ.ਏ. ਸੀ। ਭਾਈ ਸੁਰਿੰਦਰ ਸਿੰਘ ਸੋਢੀ ਬਾਰੇ ਇਹ ਦੰਦ-ਕਥਾ ਸੀ ਕਿ ਉਹ ਨਾ ਕੇਵਲ ਇਕ ਗਜ਼ਬ ਦਾ ਨਿਸ਼ਾਨੇਬਾਜ਼ ਹੀ ਸੀ ਸਗੋਂ ਉਹ ਸਾਈਕਲ ਤੋਂ ਲੈ ਕੇ ਹਵਾਈ ਜਹਾਜ਼ ਤੱਕ ਕੋਈ ਵੀ ਚੀਜ਼ ਚਲਾ ਸਕਦਾ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਸੰਤ ਦਾ ਦੁਭਾਸ਼ੀਆ ਅਤੇ ਮੁੱਖ ਰਾਜਸੀ ਸਲਾਹਕਾਰ ਸੀ। ਭਾਈ ਰਣਜੀਤ ਸਿੰਘ, ਜਿਸ 'ਤੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਮਾਰਨ ਦਾ ਦੋਸ਼ ਸੀ, ਸੰਤ ਭਿੰਡਰਾਂਵਾਲੇ ਦਾ ਨਜ਼ਦੀਕੀ ਵਿਸ਼ਵਾਸਪਾਤਰ ਸੀ। ਬਾਅਦ ਵਿਚ ਲੌਂਗੋਵਾਲ ਨੇ ਉਸ ਦਾ ਸੰਤ ਨਾਲ ਸਾਥ ਛੁਡਾ ਦਿੱਤਾ ਤੇ ਪਿਛੋਂ ਸੁਰਜੀਤ ਸਿੰਘ ਬਰਨਾਲੇ ਰਾਹੀਂ ਦਿੱਲੀ ਪੁਲਿਸ ਕੋਲ ਉਸ ਦੇ ਆਤਮ-ਸਮਰਪਣ ਦਾ ਪ੍ਰਬੰਧ ਕੀਤਾ। ਬਰਨਾਲਾ ਉਸ ਨੂੰ

ਆਪਣੀ ਕਾਰ ਵਿਚ ਅੰਮ੍ਰਿਤਸਰ ਤੋਂ ਦਿੱਲੀ ਲੈ ਕੇ ਗਿਆ ਅਤੇ ਉਸ ਨੂੰ ਦਿੱਲੀ ਪੁਲਿਸ ਦੇ ਹਵਾਲੇ ਕਰ ਦਿੱਤਾ। ਇਹ ਘਟਨਾ ਪ੍ਰਤੱਖ ਤੌਰ 'ਤੇ ਸਿੱਧ ਕਰਦੀ ਹੈ ਕਿ ਬਰਨਾਲਾ ਸਰਕਾਰ ਦਾ ਗੁਪਤ ਏਜੰਟ ਸੀ। ਦਿੱਲੀ ਪੁਲਿਸ ਕੋਲ ਭਾਈ ਰਣਜੀਤ ਸਿੰਘ ਨੂੰ ਗੁਪਤ ਢੰਗ ਨਾਲ ਪੇਸ਼ ਕਰਕੇ ਉਸ ਨੇ ਨਿਰੰਕਾਰੀਆਂ ਅਤੇ ਕੇਂਦਰ ਸਰਕਾਰ ਦੋਹਾਂ ਨੂੰ ਖ਼ੁਸ਼ ਕੀਤਾ। ਇਸ ਸੇਵਾ ਬਦਲੇ ਬਾਅਦ ਵਿੱਚ ਉਸ ਨੂੰ ਮੁੱਖ ਮੰਤਰੀ ਦੇ ਅਹੁਦੇ ਨਾਲ ਸਨਮਾਨਿਆ ਗਿਆ ਤੇ ਪਿਛੋਂ ਤਾਮਿਲਨਾਡੂ ਦੀ ਗਵਰਨਰੀ ਨਾਲ।

ਸਾਬਕਾ ਫ਼ੌਜੀਆਂ ਦੇ ਦਿਲ ਜਿੱਤ ਕੇ ਸੰਤ ਭਿੰਡਰਾਂਵਾਲੇ ਨੇ ਆਪਣੇ ਰਸੂਖ ਵਿਚ ਹੋਰ ਵਾਧਾ ਕਰ ਲਿਆ। ਫ਼ਿਰ ਉਸ ਨੇ ਆਪਣੇ ਅੰਦੋਲਨ ਨੂੰ ਇਕ ਨਵਾਂ ਮੋੜ ਦੇ ਦਿੱਤਾ। ਹੁਣ ਇਉਂ ਪ੍ਰਤੀਤ ਹੁੰਦਾ ਸੀ ਕਿ ਸਾਰਾ ਖ਼ਾਲਸਾ ਪੰਥ ਉਸ ਦੇ ਨਾਲ ਖੜ੍ਹਾ ਹੈ ਤੇ ਉਸ ਦੀ ਰਹਿਨੁਮਾਈ ਅਤੇ ਆਦੇਸ਼ਾਂ ਦੀ ਉਡੀਕ ਵਿੱਚ ਹੈ। ਉਹ ਖ਼ਾਲਸਾ ਪੰਥ ਦਾ ਨਿਰਵਿਵਾਦ ਆਗੂ ਬਣ ਚੁੱਕਾ ਸੀ।

ਹਾਲਾਂਕਿ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਤੇ 63 ਹੋਰਨਾਂ ਵਿਰੁੱਧ ਕਤਲ ਅਤੇ ਬਿਨਾ ਲਾਈਸੈਂਸ ਹਥਿਆਰ ਰੱਖਣ ਲਈ ਫ਼ੌਜਦਾਰੀ ਮੁਕੱਦਮਾਂ ਦਰਜ ਕੀਤਾ ਗਿਆ ਸੀ ਪਰ ਉਹ ਅਜੇ ਵੀ ਆਜ਼ਾਦ ਸਨ। ਪੰਜਾਬ ਦੇ ਕੱਟੜ ਨਿਰੰਕਾਰੀ ਮੁੱਖ-ਸਕੱਤਰ ਹਰਦੇਵ ਸਿੰਘ ਛੀਨਾ ਨੇ 13 ਅਪ੍ਰੈਲ, 1978 ਨੂੰ ਸਿੱਖਾਂ ਦੇ ਕਤਲ ਤੋਂ ਤੁਰੰਤ ਬਾਅਦ ਗੁਰਬਚਨ ਸਿੰਘ ਨੂੰ ਸੁਰੱਖਿਆ ਹੇਠ ਸਹੀ ਸਲਾਮਤ ਅੰਮ੍ਰਿਤਸਰ ਅਤੇ ਪੰਜਾਬ ਤੋਂ ਬਾਹਰ ਕੱਢ ਦਿੱਤਾ ਸੀ। ਫਿਰ ਵੀ ਅਪਰਾਧ ਨੂੰ ਸ਼ਹਿ ਦੇਣ ਵਾਲੇ ਇਸ ਅਫ਼ਸਰ ਖ਼ਿਲਾਫ਼, ਜਿਸ ਨੇ ਮੁੱਖ-ਦੋਸ਼ੀ ਗੁਰਬਚਨ ਸਿੰਘ ਨੂੰ ਸ਼ਰਨ ਵੀ ਦਿੱਤੀ ਸੀ, ਕੋਈ ਕਾਰਵਾਈ ਨਾ ਕੀਤੀ ਗਈ। ਬੜਾ ਹੈਰਾਨੀਜਨਕ ਹੈ ਕਿ ਉਸ ਨੂੰ ਬਦਲਿਆ ਤੱਕ ਵੀ ਨਾ ਗਿਆ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਨਿਰੰਕਾਰੀ ਮੁਖੀ ਦਾ ਕੇਂਦਰ ਸਰਕਾਰ ਨਾਲ ਰਾਜਸੀ ਰਸੂਖ ਸੀ, ਉਹਨੇ ਫ਼ੌਜਦਾਰੀ ਮੁਕੱਦਮਾ ਪੰਜਾਬ ਤੋਂ ਹਰਿਆਣੇ ਦੇ ਸੂਬੇ ਵਿਚ ਤਬਦੀਲ ਕਰਾਉਣ ਦੀ ਪੱਤੇਬਾਜ਼ੀ ਖੇਡ ਲਈ। ਭਾਰਤ ਦੀ ਸੁਪਰੀਮ ਕੋਰਟ ਨੇ ਤੁਰੰਤ ਕੇਸ ਨੂੰ ਜ਼ਿਲ੍ਹਾ ਕਰਨਾਲ ਦੇ ਐਡੀਸ਼ਨਲ ਸ਼ੈਸਨ ਜੱਜ ਆਰ. ਐਸ. ਗੁਪਤਾ ਦੀ ਅਦਾਲਤ ਵਿਚ ਤਬਦੀਲ ਕਰਨ ਦਾ ਹੁਕਮ ਦੇ ਦਿੱਤਾ, ਜਿਹੜਾ ਕਿ ਇਕ ਮੌਕਾਪ੍ਰਸਤ ਅਤੇ ਬਦਨਾਮ ਭ੍ਰਿਸ਼ਟ ਨਿਆਂਇਕ ਅਫ਼ਸਰ ਸੀ। ਇਸ ਜੱਜ ਨੇ 4 ਜਨਵਰੀ, 1980 ਨੂੰ 13 ਸਿੱਖਾਂ ਦਾ ਕਤਲ ਕਰਨ ਵਾਲੇ ਨਿਰੰਕਾਰੀ ਮੁਖੀ ਅਤੇ 60 ਤੋਂ ਉਪਰ ਹੋਰ ਸਾਰੇ ਦੋਸ਼ੀਆਂ ਨੂੰ ਬਰੀ ਕਰਕੇ ਸਿੱਖ ਪੰਥ ਨੂੰ ਚੌਂਕਾ ਦਿੱਤਾ। ਇਹ ਨਿਆਂ ਦਾ ਅਨਰਥ ਸੀ ਅਤੇ ਇਸ ਘਟੀਆ ਕਾਰਵਾਈ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਸੀ ਕਿਉਂਕਿ ਉਸ ਨੇ ਉਸ ਭ੍ਰਿਸ਼ਟ ਨਿਆਂਇਕ ਅਫ਼ਸਰ ਉਪਰ ਨਿਰੰਕਾਰੀਆਂ ਦੇ ਪੱਖ ਵਿਚ ਫ਼ੈਸਲਾ ਦੇਣ ਲਈ ਸਾਰੇ ਹਕੂਮਤੀ ਪ੍ਰਭਾਵ ਵਰਤੇ ਸਨ।

ਸਿੱਖਾਂ ਨਾਲ ਕੀਤੇ ਗਏ ਇਸ ਭਾਰੀ ਅਨਿਆਂ ਤੋਂ ਸੰਤ ਜਰਨੈਲ ਸਿੰਘ ਉਚਾਟ ਅਤੇ ਨਿਰਾਸ਼ ਹੋ ਉੱਠਿਆ ਪ੍ਰੰਤੂ ਨਿਰੰਕਾਰੀ ਸਾਜ਼-ਬਾਜ਼ ਰਾਹੀਂ ਹੋਈ ਆਪਣੀ ਅਦਾਲਤੀ ਜਿੱਤ ਤੋਂ ਪ੍ਰਸੰਨ ਅਤੇ ਆਨੰਦਤ ਹੋ ਉਠੇ। ਰਿਹਾਈ ਮੌਕੇ ਨਿਰੰਕਾਰੀ ਮੁਖੀ ਨੇ ਸਿੱਖਾਂ ਨੂੰ ਇੱਕ ਹੋਰ ਨਿਹੋਗ ਮਾਰਕੇ ਉਨ੍ਹਾਂ ਦੇ ਅੱਲੇ ਜ਼ਖ਼ਮਾਂ 'ਤੇ ਲੂਣ ਛਿੜਕ ਦਿੱਤਾ। ਉਸਨੇ ਕਿਹਾ ਕਿ ਸਿੱਖਾਂ ਦੇ ਗੁਰੂ ਨੇ ਤਾਂ 52 ਰਿਹਾਅ ਕਰਾਏ ਸਨ ਪਰ ਮੈਂ 63 ਜਣਿਆਂ ਨੂੰ ਆਪਣੇ ਨਾਲ ਰਿਹਾਅ

ਕਰਾਇਆ ਹੈ।* ਪ੍ਰੰਤੂ, ਇਸ ਨਹਿਸ਼ ਘਟਨਾ ਨੇ ਨਿਰੰਕਾਰੀਆਂ ਵਿਰੋਧੀ ਸੰਘਰਸ਼ ਨੂੰ ਇਕ ਨਵੀਂ ਅਤੇ ਖ਼ਤਰਨਾਕ ਦਿਸ਼ਾ ਵੱਲ ਧੱਕ ਦਿੱਤਾ।

ਆਰ. ਐਸ. ਗੁਪਤਾ ਨੇ ਗ਼ਲਤ ਫ਼ੈਸਲਾ ਦਿੰਦਿਆਂ ਕੇਵਲ ਨਿਆਂ ਦੇ ਆਦਰਸ਼ਾਂ ਦੀਆਂ ਹੀ ਧੱਜੀਆਂ ਨਹੀਂ ਉਡਾਈਆਂ ਸਗੋਂ ਉਸ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੀ ਗੰਭੀਰ ਰੂਪ ਵਿਚ ਜ਼ਖ਼ਮੀ ਕੀਤਾ। ਸਿੱਖਾਂ ਨੂੰ ਉਨ੍ਹਾਂ ਦਾ ਪੁਰਾਣਾ ਇਤਿਹਾਸ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਦੀ ਯਾਦ ਦਿਵਾ ਦਿੱਤੀ ਗਈ, ਖ਼ਾਸਕਰ ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ, ਜਿਨ੍ਹਾਂ ਖਾਲਸੇ ਨੂੰ ਪਾਪੀ ਦੁਸ਼ਮਣਾਂ ਤੋਂ ਬਦਲਾ ਲੈਣ ਦੀ ਲੋੜ ਬਾਰੇ ਵਿਸਥਾਰਪੂਰਵਕ ਸਮਝਾਇਆ ਸੀ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਦ੍ਰਿੜ੍ਹਤਾ ਨਾਲ ਪਾਲਣ ਕਰਦੇ ਹੋਏ ਦੋ ਬਹਾਦਰ ਅਤੇ ਸਾਹਸੀ ਸਿੱਖ ਨੌਜਵਾਨਾਂ, ਭਾਈ ਰਣਜੀਤ ਸਿੰਘ ਅਤੇ ਕਾਬਲ ਸਿੰਘ, ਨੇ 24 ਅਪ੍ਰੈਲ, 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਠੀਕ ਉਸ ਦੀ ਕਿਲ੍ਹਾ-ਬੰਦ ਗੁਫ਼ਾ ਅੰਦਰ ਹੀ ਨਿਆਂਪੂਰਵਕ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਇੰਜ 13 ਸਿੱਖਾਂ ਦੀ ਸ਼ਹਾਦਤ ਦਾ ਬਦਲਾ ਲੈ ਲਿਆ। ਉਨ੍ਹਾਂ ਦੀ ਇਸ ਦਲੇਰਾਨਾ ਕਾਰਵਾਈ ਨੇ ਖ਼ਾਲਸੇ ਦੇ ਧਰਮ ਨੂੰ ਗੌਰਵਮਈ ਬਣਾ ਦਿੱਤਾ ਅਤੇ ਉਹ ਰਾਤੋ-ਰਾਤ ਸਿੱਖ ਪੰਥ ਦੇ ਸੱਚ-ਮੁੱਚ ਹੀਰੋ ਬਣ ਗਏ।

ਸਰਕਾਰ ਨੇ ਦਿੱਲੀ ਦੀ ਅਦਾਲਤ ਵਿਚ ਕਤਲ ਦਾ ਮੁਕੱਦਮਾ ਦਰਜ ਕੀਤਾ ਅਤੇ ਉਸ ਵਿਚ ਭਾਈ ਰਣਜੀਤ ਸਿੰਘ ਦੇ ਨਾਲ ਸੰਤ ਜਰਨੈਲ ਸਿੰਘ ਦੇ ਵੱਡੇ ਭਰਾ ਜਗੀਰ ਸਿੰਘ ਨੂੰ ਵੀ ਸ਼ਾਮਲ ਕਰ ਲਿਆ ਅਤੇ ਉਸ 'ਤੇ ਇਹ ਦੋਸ਼ ਮੜ੍ਹਿਆ ਕਿ ਕਤਲ ਵਿਚ ਉਸ ਦੀ ਲਾਈਸੰਸੀ ਕਾਰਬਾਈਨ ਵਰਤੀ ਗਈ ਸੀ। ਸੰਤ ਉਪਰ ਵੀ ਸਾਜ਼ਸ਼ ਘੜਨ ਦਾ ਦੋਸ਼ ਲਾਇਆ ਗਿਆ। ਸਰਕਾਰ ਦੇ ਅਜਿਹੇ ਦਮਨਕਾਰੀ ਅਤੇ ਦਬਾਅਪੂਰਨ ਦਾਅ ਪੇਚਾਂ ਤੋਂ ਨਿਧੜਕ ਸੰਤ ਭਿੰਡਰਾਂਵਾਲੇ ਨੇ ਨਿਰੰਕਾਰੀਆਂ ਖ਼ਿਲਾਫ਼ ਮੁਹਿੰਮ ਜਾਰੀ ਰੱਖੀ। ਉਹਨੇ ਪਿੰਡ-ਪਿੰਡ ਜਾ ਕੇ ਗੁਰੂ ਗੋਬਿੰਦ ਸਿੰਘ ਵੱਲੋਂ ਖੰਡੇ ਦੀ ਧਾਰ ਤੋਂ ਸਿਰਜੇ ਖ਼ਾਲਸੇ ਦੇ ਗੌਰਵ ਨੂੰ ਜਗਾਇਆ। ਸਿੱਖ, ਖ਼ਾਸ ਕਰਕੇ ਨੌਜਵਾਨ, ਉਸ ਦੇ ਪ੍ਰਵਚਨਾਂ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਹੋਏ। ਉਸ ਦੇ ਪ੍ਰਭਾਵਸ਼ਾਲੀ ਭਾਸ਼ਣਾਂ ਨੇ ਖ਼ਾਲਸਾ ਪੰਥ ਵਿੱਚ ਤਾਜ਼ਾ ਰੂਹ ਫੂਕ ਦਿੱਤੀ। ਉਸ ਦੀ ਦ੍ਰਿੜ੍ਹਤਾਪੂਰਵਕ ਅਤੇ ਬੇਰੋਕ ਜੱਦੋ-ਜਹਿਦ ਨੇ ਸਿੱਖਾਂ ਅਤੇ ਸਿੱਖ ਕਿਸਾਨੀ ਦੀ ਸੁੱਤੀ ਹੋਈ ਸ਼ਕਤੀ ਨੂੰ ਜ਼ੋਰਦਾਰ ਹਲੂਣਾ ਮਾਰਿਆ। ਉਸ ਨੇ 1978 ਤੋਂ 1983 ਤੱਕ ਦੇ ਪੰਜ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਖ਼ਾਲਸੇ ਨੂੰ ਮੁੜ ਜਗ੍ਹਾ ਦਿੱਤਾ, ਜੋ ਇਸ ਸਦੀ ਵਿਚ ਹੁਣ ਤੱਕ ਗੂੜ੍ਹੀ ਨੀਂਦ ਸੁੱਤਾ ਪਿਆ ਸੀ।

ਸੰਤ ਜਰਨੈਲ ਸਿੰਘ ਵੱਲੋਂ ਆਰੰਭੀ ਇਤਿਹਾਸਕ ਜੱਦੋ-ਜਹਿਦ ਨੇ ਸਿੱਖ ਧਰਮ ਵੱਲ ਸੇਧਿਤ ਨਿਰੰਕਾਰੀਆਂ ਅਤੇ ਹੋਰ ਵਿਰੋਧੀਆਂ ਦੇ ਹਮਲੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਠੱਲ੍ਹਿਆ। ਸਿੱਖਾਂ 'ਤੇ ਮੁੜ ਖ਼ਾਲਸੇ ਦੀ ਅਸਲ ਆਤਮਾ ਦਾ ਰੰਗ ਚੜ੍ਹਿਆ ਜੋ ਕਿ ਹਿੰਦੂ ਮੱਤ, ਕਮਿਊਨਿਜ਼ਮ ਅਤੇ ਨਿਰੰਕਾਰੀਆਂ ਆਦਿ ਦੇ ਪ੍ਰਭਾਵ ਹੇਠ ਫਿੱਕਾ ਹੋਇਆ ਪਿਆ ਸੀ।

ਉਸ ਤੋਂ ਅੱਗੋਂ ਸੰਤ ਜਰਨੈਲ ਸਿੰਘ ਨੇ ਨਿਰੰਕਾਰੀਆਂ ਨੂੰ ਪੰਜਾਬ ਦੀ ਧਰਤੀ 'ਤੇ ਸੰਮੇਲਨ ਕਰਨ ਅਤੇ ਜਲੂਸ ਕੱਢਣ ਦੀ ਆਗਿਆ ਨਾ ਦਿੱਤੀ। ਇਹ ਉਸ ਦੀ ਵੱਡੀ

* ਛੇਵੇਂ ਸਿੱਖ-ਗੁਰੂ ਹਰਗੋਬਿੰਦ ਦੇ 52 ਰਾਜਿਆਂ ਸਣੇ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਹੋਣ ਵੱਲ ਸੰਕੇਤ ਹੈ।

ਜਿੱਤ ਸੀ ਜਿਸ ਨੇ ਉਸ ਦੀ ਖ਼ਾਲਸੇ ਦੇ ਸ਼ੁੱਧੀਕਰਨ ਦੀ ਨਿਰਾਲੀ ਮੁਹਿੰਮ ਨੂੰ ਹੋਰ ਹੁਲਾਰਾ ਦਿੱਤਾ।

ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਨਾ ਕੀਤੀ ਸੀ ਉਥੇ ਉਸ ਦੇ ਸੱਚੇ ਸੇਵਕ ਸੰਤ ਜਰਨੈਲ ਸਿੰਘ ਨੇ ਇਸ ਨੂੰ ਮੁੜ ਸੁਰਜੀਤ ਕੀਤਾ। ਉਸ ਦੀ ਇਸ ਪ੍ਰਾਪਤੀ ਬਦਲੇ ਉਸ ਨੂੰ ਖ਼ਾਲਸਾ ਪੰਥ ਵੱਲੋਂ ਹਮੇਸ਼ਾ ਯਾਦ ਕੀਤਾ ਜਾਵੇਗਾ। ਕੇਵਲ ਉਸ ਦੇ ਕੱਟੜ ਵਿਰੋਧੀ ਹੀ ਨੱਕ-ਮੂੰਹ ਚੜ੍ਹਾਉਣਗੇ।

ਨਿਰੰਕਾਰੀਆਂ ਤੋਂ ਇਲਾਵਾ ਲਾਲਾ ਜਗਤ ਨਾਰਾਇਣ, ਜੋ ਕਿ ਕੱਟੜ ਆਰੀਆ ਸਮਾਜੀ ਸੀ ਅਤੇ ਜਲੰਧਰ ਆਧਾਰਿਤ ਹਿੰਦ ਸਮਾਚਾਰ ਅਖ਼ਬਾਰ ਸਮੂਹ ਦਾ ਮੁੱਖ ਸੰਪਾਦਕ ਸੀ, ਆਪਣੇ ਅਖ਼ਬਾਰਾਂ ਰਾਹੀਂ ਸੰਤ ਭਿੰਡਰਾਂਵਾਲੇ ਅਤੇ ਸਿੱਖ ਗੁਰੂਆਂ ਦੇ ਖ਼ਿਲਾਫ਼ ਅਪਮਾਨਜਨਕ ਭਾਸ਼ਾ ਵਰਤ ਕੇ ਅੱਗ ਉਗਲ ਰਿਹਾ ਸੀ। ਉਸ ਨੇ ਸਿੱਖ-ਵਿਰੋਧੀ ਬਦਕਾਰ ਨਿਰੰਕਾਰੀ ਲਹਿਰ ਦਾ ਜ਼ੋਰਦਾਰ ਸਮਰਥਨ ਕੀਤਾ ਅਤੇ ਨਿਰੰਕਾਰੀ ਮੁਖੀ ਦੀਆਂ ਉਪੱਦਰ ਭਰੀਆਂ ਕਾਰਵਾਈਆਂ ਦੀ ਪੈਰਵੀ ਕਰਨ ਲਈ ਸੰਪਾਦਕੀਆਂ ਲਿਖਣ ਦੀ ਹੱਦ ਤੱਕ ਪਹੁੰਚ ਗਿਆ। ਇਹੀ ਨਹੀਂ, ਸਗੋਂ ਉਹ ਬਚਾਉ ਪੱਖ ਦੇ ਉੱਘੇ ਗਵਾਹ ਵਜੋਂ ਪੇਸ਼ ਹੋਇਆ ਅਤੇ ਕਤਲ ਦੇ ਕੇਸ ਵਿਚ ਗੁਰਬਚਨ ਸਿੰਘ ਦੇ ਹੱਕ ਵਿਚ ਝੂਠੀ ਗਵਾਹੀ ਦਿੱਤੀ। ਉਸ ਦੇ ਬੇਹੂਦਾ ਸਿੱਖ ਵਿਰੋਧੀ ਪ੍ਰਚਾਰ ਅਤੇ ਉਪੱਦਰੀ ਕਾਰਨਾਮਿਆਂ ਨੇ ਸਿੱਖ ਨੌਜਵਾਨਾਂ ਨੂੰ ਇਸ ਹੱਦ ਤੱਕ ਉਕਸਾਇਆ ਅਤੇ ਗੁੱਸੇ ਵਿੱਚ ਲੈ ਆਂਦਾ ਕਿ ਉਨ੍ਹਾਂ ਵਿੱਚੋਂ ਕੋਈ ਤਿੰਨ ਜਣਿਆਂ ਨੇ ਉਸ ਨੂੰ 9 ਸਤੰਬਰ, 1981 ਨੂੰ ਉਦੋਂ ਦਿਨ ਦੀਵੀ ਗੋਲੀ ਮਾਰ ਦਿੱਤੀ ਜਦੋਂ ਉਹ ਆਪਣੀ ਕਾਰ ਵਿੱਚ ਲੁਧਿਆਣਾ ਤੋਂ ਜਲੰਧਰ ਨੂੰ ਸਫ਼ਰ ਕਰ ਰਿਹਾ ਸੀ। ਸਰਕਾਰ ਵੱਲੋਂ ਫ਼ਿਰ ਸੰਤ ਜਰਨੈਲ ਸਿੰਘ ਉਪਰ ਲਾਲਾ ਜਗਤ ਨਾਰਾਇਣ ਦੇ ਕਤਲ ਦੀ ਸਾਜ਼ਿਸ਼ ਦਾ ਦੋਸ਼ ਲਾਇਆ ਗਿਆ ਅਤੇ ਭਾਈ ਦਲਬੀਰ ਸਿੰਘ ਅਭਿਆਸੀ, ਨਛੱਤਰ ਸਿੰਘ ਰੋਡੇ, ਸੰਤ ਦੇ ਭਤੀਜੇ ਭਾਈ ਸਵਰਨ ਸਿੰਘ ਅਤੇ ਉਹਦੇ ਉਪਰ ਮੁਕੱਦਮਾ ਦਰਜ ਕਰ ਦਿੱਤਾ ਗਿਆ।

ਇੱਕ ਚਲਾਕ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ 12 ਸਤੰਬਰ, 1981 ਨੂੰ ਸੰਤ ਭਿੰਡਰਾਂਵਾਲੇ ਦੇ ਗ੍ਰਿਫ਼ਤਾਰੀ ਵਰੰਟ ਜਾਰੀ ਕੀਤੇ ਗਏ। ਸੰਤ ਅਕਸਰ ਹੀ ਦਰਬਾਰਾ ਸਿੰਘ ਦੀ ਤੁਲਨਾ ਮੁਗ਼ਲ ਸਲਤਨਤ ਦੌਰਾਨ ਸਿੱਖਾਂ 'ਤੇ ਬੇਤਹਾਸ਼ਾ ਜ਼ੁਲਮ ਕਰਨ ਵਾਲੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਨਾਲ ਕਰਦੇ ਸੀ। ਸਰਕਾਰ ਵੱਲੋਂ ਆਪਣੀ ਗ੍ਰਿਫ਼ਤਾਰੀ ਜਾਂ ਸਰੀਰਕ ਤੌਰ 'ਤੇ ਮਾਰ-ਮਿਟਾਏ ਜਾਣ ਦੇ ਮਨਸੂਬੇ ਤੋਂ ਬੇਖ਼ਬਰ ਸੰਤ ਆਪਣੀਆਂ ਧਾਰਮਿਕ ਸਰਗਰਮੀਆਂ ਜਾਰੀ ਰੱਖਦੇ ਹੋਏ ਹਰਿਆਣਾ ਸੂਬੇ ਦੇ ਪਿੰਡ ਚੰਦੋ ਕਲਾਂ ਗਿਆ ਹੋਇਆ ਸੀ।

ਇਸੇ ਦੌਰਾਨ ਹੀ ਪੰਜਾਬ ਦੇ ਚਾਲਬਾਜ਼ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਭਾਰਤ ਸਰਕਾਰ ਨੇ ਸੰਤ ਭਿੰਡਰਾਂਵਾਲੇ ਨੂੰ ਚੰਦੋ ਕਲਾਂ ਵਿੱਚ ਹੀ ਮਾਰ-ਮੁਕਾਉਣ ਅਤੇ ਪਿੱਛੋਂ ਉਸ ਨੂੰ ਝੂਠੇ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ ਐਲਾਨਣ ਲਈ ਸਾਜ਼ਿਸ਼ ਘੜੀ। ਇਸ ਨੀਚ ਕੰਮ ਨੂੰ ਸਿਰੇ ਚਾੜ੍ਹਨ ਲਈ ਦਰਬਾਰਾ ਸਿਘ ਨੇ ਬੜੇ ਗੁਪਤ ਢੰਗ ਨਾਲ ਲਗਪਗ 1000 ਹਥਿਆਰਬੰਦ ਪੁਲੀਸ ਦੀ ਇਕ ਟੁਕੜੀ ਪਟਿਆਲਾ ਰੇਂਜ ਦੇ ਡੀ.ਆਈ.ਜੀ. ਡੀ. ਐਸ. ਮਾਂਗਟ ਅਤੇ ਦੀ ਅਗਵਾਈ ਹੇਠ ਰਵਾਨਾ ਕਰ ਦਿੱਤੀ। ਇਸ ਭਾਰੀ ਹਥਿਆਰਬੰਦ

ਪੁਲੀਸ ਫ਼ੋਰਸ ਵਿਚ ਸੀ.ਆਰ.ਪੀ. ਅਤੇ ਹਰਿਆਣਾ ਆਰਮਡ ਪੁਲੀਸ ਦੀਆਂ ਹਥਿਆਰਬੰਦ ਟੁਕੜੀਆਂ ਵੀ ਸ਼ਾਮਲ ਸਨ। ਇਹ ਭਾਰੀ ਫ਼ੋਰਸ ਸਬ-ਮਸ਼ੀਨਗੰਨਾਂ, ਐਸ.ਐਲ.ਆਰਾਂ ਅਤੇ ਹੋਰ ਆਧੁਨਿਕ ਹਥਿਆਰਾਂ ਨਾਲ ਲੈਸ ਸੀ। ਇਨ੍ਹਾਂ ਹਥਿਆਰਬੰਦ ਬਲਾਂ ਦਾ ਗੁਪਤ ਉਦੇਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਮਿਥੀ ਸਾਜ਼ਿਸ਼ ਮੁਤਾਬਕ ਝੂਠੇ ਪੁਲਿਸ ਮੁਕਾਬਲੇ ਰਾਹੀਂ ਖ਼ਤਮ ਕਰਨਾ ਸੀ ਕਿਉਂਕਿ ਉਨ੍ਹਾਂ ਦਾ ਮੰਤਵ ਕੇਵਲ ਉਸ ਨੂੰ ਗ੍ਰਿਫ਼ਤਾਰ ਕਰਨਾ ਨਹੀਂ ਸੀ। ਹਾਂ, ਜੇ ਉਨ੍ਹਾਂ ਦਾ ਇਰਾਦਾ ਕੇਵਲ ਸੰਤ ਨੂੰ ਗ੍ਰਿਫ਼ਤਾਰ ਕਰਨ ਦਾ ਹੀ ਹੁੰਦਾ ਤਾਂ ਇੰਨੇ ਭਾਰੀ ਤਰੀਕੇ ਨਾਲ ਹਥਿਆਰਬੰਦ ਅਤੇ ਵਿਸ਼ਾਲ ਪੁਲੀਸ ਫ਼ੋਰਸ ਭੇਜਣ ਦੀ ਬਿਲਕੁਲ ਕੋਈ ਜ਼ਰੂਰਤ ਨਹੀਂ ਸੀ ਕਿਉਂਕਿ ਸੰਤ ਦੇ ਨਾਲ ਮਸਾਂ ਦਰਜਨ ਕੁ ਹਥਿਆਰਬੰਦ ਅੰਗ-ਰੱਖਿਅਕ ਸਨ।

ਸੰਤ ਭਿੰਡਰਾਂਵਾਲਾ ਕਮਾਲ ਦੀ ਅਨੁਭਵ-ਸ਼ਕਤੀ ਅਤੇ ਰਾਜਸੀ ਦੂਰ-ਦ੍ਰਿਸ਼ਟੀ ਨਾਲ ਵਰੋਸਾਇਆ ਸੀ। ਇਸ ਲਈ ਉਸ ਨੇ ਸਿਰ 'ਤੇ ਮੰਡਲਾਉਂਦੇ ਖ਼ਤਰੇ ਨੂੰ ਭਾਂਪ ਲਿਆ। ਕਿਉਂ ਜੁ ਉੱਥੇ ਉਹ ਸਰਕਾਰੀ-ਮਸ਼ੀਨਰੀ ਦੀ ਚੁਣੌਤੀ ਦਾ ਸਾਹਮਣਾ ਕਰਨ ਦੀ ਸਮਰੱਥਾ ਵਿਚ ਨਹੀਂ ਸੀ, ਇਸ ਲਈ ਉਹ 12 ਸਤੰਬਰ ਦੀ ਰਾਤ ਚੰਦੋ ਕਲਾਂ ਤੋਂ ਤੁਰ ਪਿਆ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚਲੇ ਆਪਣੇ ਹੈੱਡਕੁਆਰਟਰ ਚੌਕ-ਮਹਿਤਾ ਵਿਖੇ ਅੱਪੜ ਗਿਆ। ਚੰਦੋ ਕਲਾਂ ਤੋਂ ਉਸ ਦੀ ਰਵਾਨਗੀ ਦਾ ਅਜੇ ਦਰਬਾਰਾ ਸਿੰਘ ਤੇ ਡੀ.ਐਸ.ਮਾਂਗਟ ਦੀ ਅਗਵਾਈ ਹੇਠਲੇ ਉਸ ਦੇ ਹਥਿਆਰਬੰਦ ਲਾਣੇ ਨੂੰ ਇਲਮ ਨਹੀਂ ਸੀ।

ਹਥਿਆਰਬੰਦ ਨੀਮ-ਫੌਜੀ ਬਲਾਂ ਨੇ ਸੰਤ ਦੀ ਰਵਾਨਗੀ ਤੋਂ ਬਾਅਦ ਜਲਦੀ ਹੀ ਪਿੰਡ ਚੰਦੋ ਕਲਾਂ ਦੀ ਘੇਰਾਬੰਦੀ ਕਰ ਲਈ। ਉਨ੍ਹਾਂ ਲਗਭਗ ਇਕ ਘੰਟਾ ਹਵਾਈ ਫਾਇਰਿੰਗ ਕੀਤੀ ਅਤੇ ਪਿਛੋਂ ਗੁਰਦੁਆਰੇ ਅਤੇ ਸਾਰੇ ਸਿੱਖਾਂ ਦੇ ਘਰਾਂ ਦੀ ਤਲਾਸ਼ੀ ਲਈ। ਜਦੋਂ ਸੰਤ ਉਥੇ ਨਾ ਮਿਲਿਆ ਤਾਂ ਨੀਮ-ਫੌਜੀ ਬਲ ਵਹਿਸ਼ੀ ਬਣ ਗਏ ਅਤੇ ਸਿੱਖਾਂ ਦੇ ਘਰਾਂ ਦੀ ਲੁੱਟ-ਖਸੁੱਟ ਕੀਤੀ। ਉਨ੍ਹਾਂ ਬੁੱਢੇ ਅਤੇ ਜਵਾਨ ਸਾਰਿਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਉਨ੍ਹਾਂ ਦੀਆਂ ਔਰਤਾਂ ਨਾਲ ਵੀ ਛੇੜਖਾਨੀ ਕੀਤੀ। ਜਾਨੂੰਨ ਦੇ ਦੌਰੇ ਹੇਠ ਉਨ੍ਹਾਂ ਦਮਦਮੀ ਟਕਸਾਲ ਦੀਆਂ ਦੋ ਮਿੰਨੀ-ਬੱਸਾਂ ਨੂੰ ਅੱਗ ਲਾ ਦਿਤੀ ਅਤੇ ਕੁਝ ਧਾਰਮਿਕ ਪੁਸਤਕਾਂ ਅਤੇ ਪੋਥੀਆਂ ਨੂੰ ਪੂਰੀ ਤਰ੍ਹਾਂ ਸਾੜ ਦਿੱਤਾ। ਜਦੋਂ ਸੰਤ ਭਿੰਡਰਾਂਵਾਲੇ ਨੂੰ ਬੇਹੁਰਮਤੀ ਵਾਲੀ ਇਸ ਰਾਖ਼ਸ਼ੀ ਕਾਰਵਾਈ ਦਾ ਪਤਾ ਲੱਗਾ ਤਾਂ ਉਸ ਦੇ ਮਨ ਨੂੰ ਭਾਰੀ ਜ਼ਖ਼ਮ ਪਹੁੰਚਿਆ ਅਤੇ ਉਸ ਨੇ ਗੁਰਬਾਣੀ ਦੀ ਬੇਹੁਰਮਤੀ ਕਰਨ ਵਾਲਿਆਂ ਤੋਂ ਬਦਲਾ ਲੈਣ ਦਾ ਪ੍ਰਣ ਕੀਤਾ।

ਭਾਰਤ ਸਰਕਾਰ ਨਾਲ ਸਾਜ਼ਬਾਜ਼ ਤਹਿਤ ਵਿਉਂਤੇ ਆਪਣੇ ਬਦਨੀਤ ਮਨਸੂਬੇ ਵਿਚ ਅਸਫ਼ਲਤਾ ਉਪਰੰਤ ਦਰਬਾਰਾ ਸਿੰਘ ਨੇ ਹੋਰ ਵੱਡੀ ਤਾਦਾਦ ਵਿਚ ਨੀਮ-ਫ਼ੌਜੀ ਬਲ ਸੰਤ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਲਈ ਚੌਕ ਮਹਿਤਾ ਨੂੰ ਰਵਾਨਾ ਕਰ ਦਿੱਤੇ, ਪਰ ਸੰਤ ਨੇ ਆਤਮ ਸਮਰਪਣ ਤੋਂ ਇਨਕਾਰ ਕਰ ਦਿੱਤਾ। ਇਥੇ ਉਹ ਸਰਕਾਰੀ ਬਲਾਂ ਦੀ ਚੁਣੌਤੀ ਦਾ ਅਸਰਦਾਰ ਢੰਗ ਨਾਲ ਟਾਕਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਸੀ। ਸਥਿਤੀ ਦੀ ਗੰਭੀਰਤਾ ਦਾ ਅਨੁਭਵ ਕਰਦਿਆਂ ਅਤੇ ਇਹ ਵਾਚਦਿਆਂ ਕਿ ਸੰਤ ਆਪਣੀ ਜਬਰੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਲਈ ਦ੍ਰਿੜ੍ਹ ਹੈ, ਸਰਕਾਰ ਢਿੱਲੀ ਪੈ ਗਈ ਅਤੇ ਉਸ ਨੇ ਸੰਤ ਨਾਲ ਉਸ ਦੀ ਗ੍ਰਿਫ਼ਤਾਰੀ ਦੀਆਂ ਸ਼ਰਤਾਂ ਤਹਿ ਕਰਨ ਲਈ ਗੱਲਬਾਤ ਕੀਤੀ।

ਸੰਤ ਨੇ ਆਪਣੇ ਸਮਰਥਕਾਂ ਅਤੇ ਸੇਵਕਾਂ ਨਾਲ ਸਲਾਹ ਕਰਨ ਉਪਰੰਤ 20 ਸਤੰਬਰ, 1981 ਨੂੰ ਇਹ ਸ਼ਰਤ ਲਾ ਕੇ ਗ੍ਰਿਫ਼ਤਾਰੀ ਦੀ ਪੇਸ਼ਕਸ਼ ਕਰ ਦਿੱਤੀ ਕਿ ਉਸ ਦੀ ਗ੍ਰਿਫ਼ਤਾਰੀ ਨੂੰ ਕੋਈ ਅੰਮ੍ਰਿਤਧਾਰੀ ਸਿੱਖ ਅਫ਼ਸਰ ਅਮਲ ਵਿਚ ਲਿਆਵੇਗਾ। ਇਸ ਸ਼ਰਤ ਦੀ ਪੂਰਤੀ ਹਿਤ ਗੁਰਦਾਸਪੁਰ ਦੇ ਐਸ. ਐਸ. ਪੀ. ਜਰਨੈਲ ਸਿੰਘ ਚਾਹਲ ਨੂੰ ਇਹ ਕੰਮ ਸੌਂਪਿਆ ਗਿਆ।

ਜਦੋਂ ਸੰਤ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਦੇਣ ਦੀ ਪੇਸ਼ਕਸ਼ ਦੀ ਖ਼ਬਰ ਸਰਕਾਰ ਵੱਲੋਂ 15 ਸਤੰਬਰ, 1981 ਨੂੰ ਜਨਤਕ ਤੌਰ 'ਤੇ ਦੱਸੀ ਗਈ ਤਾਂ ਬੁੱਢੇ, ਜਵਾਨ ਅਤੇ ਔਰਤਾਂ ਸਮੇਤ 2 ਲੱਖ ਦੇ ਕਰੀਬ ਸ਼ਰਧਾਲੂ ਸਿੱਖ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਦੇ ਅੰਦਰ ਅਤੇ ਆਲੇ-ਦੁਆਲੇ ਇਕੱਤਰ ਹੋ ਗਏ। ਇਕਰਾਰ ਕੀਤੀ ਹੋਈ ਤਾਰੀਖ਼ ਦੇ ਦਿਨ ਗ੍ਰਿਫ਼ਤਾਰੀ ਦੇਣ ਤੋਂ ਪਹਿਲਾਂ ਸੰਤ ਨੇ ਆਪਣੇ ਸਿਰ 'ਤੇ ਰੋਜ਼ਾਨਾ ਬੰਨ੍ਹੀ ਜਾਣ ਵਾਲੀ ਨੀਲੀ ਦਸਤਾਰ ਤੋਂ ਉਲਟ ਕੇਸਰੀ ਰੰਗ ਦੀ ਦਸਤਾਰ ਸਜਾਈ। ਕੇਸਰੀ ਰੰਗ ਖਾਲਸੇ ਵੱਲੋਂ ਸ਼ਹਾਦਤ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਉਸ ਤੋਂ ਬਾਅਦ ਉਸ ਨੇ ਕਿਹਾ ਕਿ ਉਹ ਮੌਤ ਨੂੰ ਗਲੇ ਲਾਉਣ ਜਾ ਰਿਹਾ ਹੈ ਕਿਉਂਕਿ ਉਸ ਨੂੰ ਸ਼ੱਕ ਹੈ ਕਿ ਸਰਕਾਰ ਦੇ ਇਰਾਦੇ ਅਸ਼ੁੱਭ ਹਨ। ਗ੍ਰਿਫ਼ਤਾਰੀ ਲਈ ਪੇਸ਼ ਹੋਣ ਤੋਂ ਪਹਿਲਾਂ ਉਸ ਨੇ ਦਿਲ-ਟੁੰਬਵੀਂ ਤਕਰੀਰ ਕਰਦਿਆਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਚੁਣੌਤੀ ਦੇ ਮੁਕਾਬਲੇ ਲਈ ਅਤੇ ਖਾਲਸਾ ਪੰਥ ਦੀ ਦੁਸ਼ਮਣਾਂ ਦੇ ਹੱਲੇ ਤੋਂ ਰਾਖੀ ਕਰਨ ਲਈ ਕੇਸਰੀ ਨਿਸ਼ਾਨ ਸਾਹਿਬ ਹੇਠ ਇਕ ਹੋ ਜਾਣ। ਉਪਰੰਤ ਉਸ ਨੇ ਸੰਗਤ ਨੂੰ ਅਲਵਿਦਾ ਕਹੀ ਤੇ ਉਡੀਕ ਕਰ ਰਹੀ ਕਾਰ ਵਿਚ ਸਵਾਰ ਹੋ ਕੇ ਆਪਣੇ ਹਮਨਾਮ ਪੁਲੀਸ ਅਫ਼ਸਰ ਨਾਲ ਲੁਧਿਆਣਾ ਨੂੰ ਚਲੇ ਗਏ।

ਸੰਤ ਭਿੰਡਰਾਂਵਾਲੇ ਦੇ ਵਿਦਾ ਹੋਣ ਤੋਂ ਤੁਰੰਤ ਬਾਅਦ 2 ਲੱਖ ਤੋਂ ਵੱਧ ਦੀ ਗਿਣਤੀ ਵਿਚ ਜੁੜੇ ਸਿੱਖ ਸਰੋਤਿਆਂ ਦਰਮਿਆਨ ਭਾਰੀ ਹਫ਼ੜਾ-ਦਫ਼ੜੀ ਮਚ ਗਈ। ਨੀਮ-ਫ਼ੌਜੀ ਬਲਾਂ ਨੇ ਕੇਂਦਰ ਸਰਕਾਰ ਦੀਆਂ ਸੂਹੀਆ ਏਜੰਸੀਆਂ ਦੀ ਸ਼ਹਿ 'ਤੇ ਬਿਨਾਂ ਕਿਸੇ ਭੜਕਾਹਟ ਦੇ ਗੋਲੀ ਚਲਾ ਦਿੱਤੀ ਅਤੇ ਦਰਜਨ ਨਿਰਦੋਸ਼ ਸਿੱਖਾਂ ਨੂੰ ਮਾਰ ਦਿੱਤਾ ਅਤੇ ਬਹੁਤ ਸਾਰੇ ਗੰਭੀਰ ਜ਼ਖ਼ਮੀ ਕਰ ਦਿੱਤੇ। ਇਹ ਭੜਕਾਊ ਕਾਰਾ ਸੂਹੀਆ ਏਜੰਸੀਆਂ ਵੱਲੋਂ ਸੰਗਤ ਨੂੰ ਜਵਾਬੀ ਹਮਲੇ ਲਈ ਉਕਸਾਉਣ ਦੇ ਇਰਾਦੇ ਨਾਲ ਕੀਤਾ ਗਿਆ ਤਾਂ ਕਿ ਨੀਮ-ਫ਼ੌਜੀ ਬਲ ਆਤਮ-ਰੱਖਿਆ ਦੀ ਢੁੱਚਰ ਡਾਹ ਕੇ ਉਨ੍ਹਾਂ ਦਾ ਕਤਲੇਆਮ ਕਰ ਸਕਣ ਪਰ ਸਰਕਾਰ ਆਪਣੇ ਇਸ ਅਸ਼ੁਭ ਇਰਾਦੇ ਵਿਚ ਅਸਫ਼ਲ ਹੋ ਗਈ ਕਿਉਂਕਿ ਸੰਤ ਨੇ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਇਕੱਤਰ ਹੋਈ ਸੰਗਤ ਨੂੰ ਭੜਕਾਹਟ ਦੇ ਬਾਵਜੂਦ ਸ਼ਾਂਤ ਰਹਿਣ ਦੀ ਨਸੀਹਤ ਦਿੱਤੀ ਸੀ।


ਸੰਤ ਭਿੰਡਰਾਂਵਾਲੇ ਦੀ ਲੁਧਿਆਣਾ ਵਿਖੇ ਪੁੱਛ-ਪੜਤਾਲ ਕਰਨ ਵਾਲੇ ਅਫ਼ਸਰ ਉਸ ਦੇ ਖਿਲਾਫ਼ ਕੋਈ ਸਬੂਤ ਲੱਭਣ ਵਿਚ ਅਸਫਲ ਰਹੇ। ਫ਼ਿਰ ਵੀ 15 ਅਕਤੂਬਰ, 1981 ਤੱਕ ਉਹਨੂੰ ਜੇਲ੍ਹ ਵਿਚ ਬੰਦ ਰੱਖਿਆ ਗਿਆ। ਉਸ ਦੀ ਅਣਉਚਿਤ ਨਜ਼ਰਬੰਦੀ ਵਿਰੁੱਧ ਰੋਸ ਵਜੋਂ ਗਜਿੰਦਰ ਸਿੰਘ ਦੀ ਅਗਵਾਈ ਹੇਠ ਕੁਝ ਸਿੱਖ ਨੌਜਵਾਨਾਂ ਨੇ 29 ਸਤੰਬਰ, 1981 ਨੂੰ ਇੰਡੀਅਨ ਏਅਰ ਲਾਈਨਜ਼ ਦੇ ਜਹਾਜ਼ ਨੂੰ ਅਗਵਾ ਕਰ ਲਿਆ ਅਤੇ ਪਾਕਿਸਤਾਨ ਵਿਚ ਲਾਹੌਰ ਵਿਖੇ ਉਤਾਰ ਲਿਆ। ਆਖ਼ਰਕਾਰ ਸਰਕਾਰ ਨੇ ਹੋਰ ਜਵਾਬੀ ਪ੍ਰਤੀਕਿਰਿਆ ਦੇ ਡਰੋਂ ਨਰਮੀ ਅਖ਼ਤਿਆਰ ਕਰਦਿਆਂ 15 ਅਕਤੂਬਰ, 1981 ਨੂੰ ਸੰਤ ਨੂੰ

ਬਿਨਾ ਸ਼ਰਤ ਫਿਰੋਜ਼ਪੁਰ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਉਹ ਸ਼ਾਨਦਾਰ ਜੇਤੂ ਸਫ਼ਲਤਾ ਨਾਲ ਬਾਹਰ ਆਇਆ। ਉਸ ਦੇ ਨਾਮ ਅਤੇ ਸ਼ਾਨ ਵਿਚ ਬਹੁਤ ਵਾਧਾ ਹੋ ਚੁੱਕਾ ਸੀ ਅਤੇ ਹੁਣ ਉਹ ਸੱਚ ਹੀ ਅਕਾਸ਼ ਵਿਚ ਉੱਚੀਆਂ ਉਡਾਣਾਂ ਭਰਨ ਵਾਲੇ ਰਸਤੇ 'ਤੇ ਪਹੁੰਚ ਚੁੱਕਾ ਸੀ।

ਸੰਤ ਭਿੰਡਰਾਂਵਾਲੇ ਵਿਰੁੱਧ ਦਰਜ ਕੀਤਾ ਗਿਆ ਝੂਠਾ ਮੁਕੱਦਮਾ ਨਿਰੰਕਾਰੀਆਂ ਖਿਲਾਫ਼ ਬੜੇ ਸਾਧਾਰਨ ਜਿਹੇ ਤਰੀਕੇ ਨਾਲ ਦਰਜ ਕੀਤੇ ਗਏ ਕਤਲ ਦੇ ਮੁਕੱਦਮੇ ਨਾਲ ਤੁਲਨਾ ਕਰਨ ਯੋਗ ਹੈ। ਜਦੋਂ ਕਿ ਨਿਰੰਕਾਰੀ ਮੁਖੀ ਆਪਣੇ ਅਨੁਯਾਈਆਂ ਵੱਲੋਂ ਸਿੱਖਾਂ ਦਾ ਘਾਣ ਕੀਤੇ ਜਾਣ ਮੌਕੇ ਸਟੇਜ 'ਤੇ ਹਾਜ਼ਰ ਸੀ, ਉਥੇ ਲਾਲਾ ਜਗਤ ਨਾਰਾਇਣ ਨੂੰ ਪੰਜਾਬ ਦੇ ਲੁਧਿਆਣਾ ਸ਼ਹਿਰ ਨੇੜੇ ਕਤਲ ਕੀਤੇ ਜਾਣ ਸਮੇਂ ਸੰਤ ਭਿੰਡਰਾਂਵਾਲਾ ਹਰਿਆਣਾ ਵਿਚਲੇ ਪਿੰਡ ਚੰਦੋ ਕਲਾਂ ਵਿਖੇ ਗਿਆ ਹੋਇਆ ਸੀ। ਨਿਰੰਕਾਰੀ ਮੁਖੀ ਨੂੰ ਗ੍ਰਿਫ਼ਤਾਰ ਨਹੀਂ ਸੀ ਕੀਤਾ ਗਿਆ ਜਦੋਂ ਕਿ ਸੰਤ ਭਿੰਡਰਾਂਵਾਲੇ ਨੂੰ ਅਨਿਆਂਪੂਰਵਕ ਇਕ ਮਹੀਨਾ ਜੇਲ੍ਹ ਵਿਚ ਰੱਖਿਆ ਗਿਆ ਸੀ। ਸਰਕਾਰ ਦਾ ਇਸ ਤਰ੍ਹਾਂ ਸੰਤ ਦੇ ਵਿਰੁੱਧ ਅਤੇ ਨਿਰੰਕਾਰੀ ਮੁਖੀ ਦੇ ਹਿੱਤ ਵਿਚ ਪੱਖਪਾਤੀ ਹੋਣਾ ਬਹੁਤ ਹੀ ਸ਼ਰਮਨਾਕ ਮਾਮਲਾ ਹੈ।

ਸਰਕਾਰ ਦਾ ਇਹ ਨਮੋਸ਼ੀ ਭਰਿਆ ਅਤੇ ਪੱਖਪਾਤੀ ਕਾਰਨਾਮਾ ਉਸ ਦੀ ਧਰਮ-ਨਿਰਪੱਖਤਾ ਅਤੇ ਇਨਸਾਫ਼-ਪਸੰਦੀ ਉਪਰ ਗੂੜ੍ਹਾ ਧੱਬਾ ਲਾਉਂਦਾ ਹੈ। ਪੁਸਤਕ ਵਿਚ ਅੱਗੇ ਦਰਜ ਮਨਹੂਸ ਘਟਨਾਵਾਂ ਇਹ ਸਪਸ਼ਟ ਕਰ ਦੇਣਗੀਆਂ ਕਿ ਸਰਕਾਰ ਨੇ ਘਟਨਾਕ੍ਰਮ ਦੇ ਇਸ ਧੁੰਦਲੇ ਦ੍ਰਿਸ਼ ਵਿਚ ਇਕ ਪਾਸੇ ਸਿੱਖਾਂ ਤੇ ਨਿਰੰਕਾਰੀਆਂ ਦਰਮਿਆਨ ਝਗੜੇ ਨੂੰ ਵਿਗਾੜਨ ਅਤੇ ਦੂਜੇ ਹੱਥ ਸਰਕਾਰ ਅਤੇ ਸਿੱਖਾਂ ਦਰਮਿਆਨ ਟਕਰਾਓ ਨੂੰ ਵਧਾਉਣ ਦੀ ਮਨਸ਼ਾ ਨਾਲ ਜਾਣ-ਬੁੱਝ ਕੇ ਕਪਟ ਭਰਪੂਰ ਰੋਲ ਅਦਾ ਕੀਤਾ ਸੀ। ਨਿਆਂਪੂਰਨ ਪ੍ਰਸ਼ਾਸਨ ਵਿਚ ਸਹੀ ਅਰਥਾਂ ਵਿਚ ਯਕੀਨ ਰੱਖਣ ਵਾਲਾ ਕੋਈ ਵੀ ਮਨੁੱਖ ਅਜਿਹੀ ਬਦ ਸਰਕਾਰ ਨੂੰ ਲੋਕਾਂ ਦੀ ਸਹੀ ਨੁਮਾਇੰਦਾ ਸਰਕਾਰ ਨਹੀਂ ਕਹਿ ਸਕਦਾ। ਸਗੋਂ, ਅਜਿਹੀ ਸਰਕਾਰ ਨੂੰ ਫ਼ਿਰਕੂ ਅਤੇ ਸੰਪਰਦਾਇਕ ਖ਼ਾਸੇ ਵਾਲੀ ਕਹਿਣਾ ਵਧੇਰੇ ਉਚਿਤ ਹੋਵੇਗਾ।

ਕਾਂਗਰਸ ਸਰਕਾਰ ਨੇ ਪੰਜਾਬ ਸੰਕਟ ਨੂੰ ਵਿਗਾੜਨ ਲਈ ਘਟੀਆ ਖੇਡ ਖੇਡੀ। ਪਹਿਲਾਂ ਤਾਂ ਇਸ ਨੇ ਗੁਰਬਚਨ ਸਿੰਘ ਨਿਰੰਕਾਰੀ ਨੂੰ ਸਿੱਖਾਂ ਵਿਰੁੱਧ, ਵਿਸ਼ੇਸ਼ ਤੌਰ 'ਤੇ ਸੰਤ ਕਰਤਾਰ ਸਿੰਘ ਅਤੇ ਪਿੱਛੋਂ ਸੰਤ ਭਿੰਡਰਾਂਵਾਲੇ ਦੀ ਅਗਵਾਈ ਹੇਠਲੀ ਦਮਦਮੀ ਟਕਸਾਲ ਅਤੇ ਅਕਾਲੀ ਦਲ ਦੇ ਵਿਰੁੱਧ, ਖ਼ੂਨੀ ਮੁਹਾਜ਼ ਖੋਲ੍ਹਣ ਲਈ ਚੰਭਲਾਇਆ। ਫਿਰ ਅੱਗੋਂ ਇਸ ਨੇ ਹਾਲਾਤਾਂ ਨੂੰ ਅਸਾਵੇਂ ਬਣਾ ਕੇ ਸਥਿਤੀ ਨੂੰ ਵਿਸਫ਼ੋਟਕ ਸਿਰੇ ਤੱਕ ਪੁੱਜਦਾ ਕਰਨ ਲਈ ਇਥੇ ਕਈ ਐਕਟਰ ਅਤੇ ਡਾਇਰੈਕਟਰ ਸ਼ਾਮਲ ਕਰ ਦਿੱਤੇ ਅਤੇ ਆਖ਼ਰੀ ਤੇ ਮਹੱਤਵਪੂਰਨ ਤੱਥ ਕਿ ਫ਼ਿਰ ਇਸ ਨੇ ਬਹੁਤ ਸਾਰੀਆਂ ਖ਼ੁਫ਼ੀਆ ਏਜੰਸੀਆਂ ਨੂੰ ਸੰਕਟ ਨੂੰ ਹੋਰ ਉਤੇਜਤ ਕਰਨ ਹਿਤ ਇਥੇ ਘੁਸੇੜ ਦਿੱਤਾ ਤਾਂ ਕਿ ਅੱਗ ਵਿਚ ਸੁਲਗ ਰਹੇ ਪੰਜਾਬ ਅੰਦਰ ਫ਼ੌਜੀ ਕਾਰਵਾਈ ਲਈ ਖ਼ਤਰਨਾਕ ਅਤੇ ਢੁਕਵੀਂ ਸਥਿਤੀ ਬਣ ਸਕੇ ਅਤੇ ਆਖ਼ਰਕਾਰ, ਕੇਂਦਰ ਸਰਕਾਰ ਨੇ ਪੰਜਾਬ ਨੂੰ ਜੰਗ ਦੇ ਮੈਦਾਨ ਵਿਚ ਤਬਦੀਲ ਕਰ ਹੀ ਦਿੱਤਾ।



ਸੰਤ ਜਰਨੈਲ ਸਿੰਘ ਜੀ ਖ਼ਾਲਸਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਬਾਹਰ ਆਉਂਦੇ ਹੋਏ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਕੇਂਦਰੀ ਲੀਡਰਸ਼ਿਪ ਦੀ ਉਹ ਜੋੜੀ ਜਿਸ ਦੇ ਪਰਸਪਰ ਆਪਸੀ ਵਿਸ਼ਵਾਸ, ਨੇੜਤਾ ਅਤੇ ਸੂਝ-ਬੂਝ ਸਦਕਾ ਫੈਡਰੇਸ਼ਨ ਸੰਤ ਜਰਨੈਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਸਿੱਖ ਨੌਜਵਾਨਾਂ ਦੀ ਇੱਕ ਮੁਕੰਮਲ ਰਾਜਸੀ ਜਮਾਤ ਬਣ ਕੇ ਉਭਰੀ।




20 ਸਤੰਬਰ, 1983 ਨੂੰ ਫ਼ੈਡਰੇਸ਼ਨ ਦੇ ਜਨਰਲ ਇਜਲਾਸ ਵਿੱਚ ਭਾਈ ਅਮਰੀਕ ਸਿੰਘ ਦੇ ਮੁੜ ਪ੍ਰਧਾਨ ਚੁਣੇ ਜਾਣ 'ਤੇ ਸੰਤ ਜਰਨੈਲ ਸਿੰਘ ਵੱਲੋਂ ਸਨਮਾਨੇ ਜਾਣ ਉਪਰੰਤ ਸਟੇਜ 'ਤੇ ਸੁਸ਼ੋਭਿਤ ਭਾਈ ਸਾਹਿਬ ਅਤੇ ਨਾਲ ਭਾਈ ਹਰਮਿੰਦਰ ਸਿੰਘ ਸੰਧੂ ।



ਸੰਤ ਜਰਨੈਲ ਸਿੰਘ ਜੀ ਫ਼ੈਡਰੇਸ਼ਨ ਦੇ ਇਜਲਾਸ 'ਚ ਭਾਈ ਹਰਮਿੰਦਰ ਸਿੰਘ ਸੰਧੂ ਨੂੰ ਮੁੜ ਜਨਰਲ ਸਕੱਤਰ ਚੁਣੇ ਜਾਣ ਉਪਰੰਤ ਭਾਈ ਸੰਧੂ ਦਾ ਸਨਮਾਨ ਕਰਦੇ ਹੋਏ।

ਅਧਿਆਇ—2

# ਸੰਤ ਭਿੰਡਰਾਂਵਾਲੇ ਅਤੇ ਅਕਾਲੀ ਆਗੂਆਂ ਦਰਮਿਆਨ ਕਸ਼ਮਕਸ਼

ਦਮਦਮੀ ਟਕਸਾਲ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਵੱਲੋਂ 1704/1705 ਵਿਚ ਉਦੋਂ ਕੀਤੀ ਗਈ ਸੀ, ਜਦੋਂ ਉਹ ਮੁਗਲ ਫ਼ੌਜਾਂ ਨਾਲ ਮੁਕਤਸਰ ਵਿਖੇ ਲੜੇ ਆਖ਼ਰੀ ਯੁੱਧ ਮਗਰੋਂ ਕੁਝ ਕੁ ਸਮੇਂ ਲਈ ਤਲਵੰਡੀ ਸਾਬੋ ਵਿਖੇ ਠਹਿਰੇ ਹੋਏ ਸਨ। ਬਾਬਾ ਦੀਪ ਸਿੰਘ ਨੂੰ ਟਕਸਾਲ ਦਾ ਪਹਿਲਾ ਜਥੇਦਾਰ ਮੁਕੱਰਰ ਕੀਤਾ ਗਿਆ ਸੀ। ਬਾਬਾ ਦੀਪ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਦੇ ਕਬਜ਼ੇ ਤੋਂ ਦਰਬਾਰ ਸਾਹਿਬ ਨੂੰ ਆਜ਼ਾਦ ਕਰਾਉਣ ਲਈ ਲੜਦੇ ਹੋਏ ਅੰਮ੍ਰਿਤਸਰ ਨੇੜੇ ਜਾਨ ਕੁਰਬਾਨ ਕਰ ਦਿੱਤੀ ਸੀ। ਇਸ ਤਰ੍ਹਾਂ ਟਕਸਾਲ ਦੇ ਪਹਿਲੇ ਜਥੇਦਾਰ ਨੇ ਆਪਣੇ ਪਵਿੱਤਰ ਅਸਥਾਨ ਦੀ ਰਾਖੀ ਹਿੱਤ ਆਪਾ ਵਾਰਿਆ ਸੀ। ਕਰੀਬ ਇਕ ਸਾਲ ਮਗਰੋਂ ਹੀ ਅਬਦਾਲੀ ਦੇ ਹਮਲੇ ਸਮੇਂ ਟਕਸਾਲ ਦੇ ਦੂਜੇ ਮੁਖੀ ਬਾਬਾ ਗੁਰਬਖਸ਼ ਸਿੰਘ ਨੇ ਵੀ ਅਬਦਾਲੀ ਦੀ ਫ਼ੌਜ ਨਾਲ ਲੜਦੇ ਹੋਏ ਅਕਾਲ ਤਖ਼ਤ ਸਾਹਿਬ ਦੇ ਕੋਲ ਸ਼ਹਾਦਤ ਦਿੱਤੀ ਸੀ।

ਸੰਤ ਗੁਰਬਚਨ ਸਿੰਘ, ਜਿਨ੍ਹਾਂ ਸੰਤ ਜਰਨੈਲ ਸਿੰਘ ਨੂੰ ਅੰਮ੍ਰਿਤ ਪਾਨ ਕਰਾਇਆ ਸੀ ਅਤੇ ਆਪਣਾ ਅਨੁਯਾਈ ਬਣਾਇਆ ਸੀ, ਉਤਰਾਧਿਕਾਰ ਵਜੋਂ ਟਕਸਾਲ ਦੇ 12ਵੇਂ ਜਥੇਦਾਰ ਸਨ। ਜਦੋਂ 1969 ਵਿੱਚ ਸੰਤ ਗੁਰਬਚਨ ਸਿੰਘ ਜੀ ਚਲਾਣਾ ਕਰ ਗਏ ਉਦੋਂ ਜਰਨੈਲ ਸਿੰਘ ਮਸਾਂ 22 ਵਰ੍ਹਿਆਂ ਦਾ ਸੀ ਅਤੇ ਸੰਤ ਗੁਰਬਚਨ ਸਿੰਘ ਨੇ ਆਪਣੇ ਚਲਾਣੇ ਤੋਂ ਪਹਿਲਾਂ ਸੰਤ ਕਰਤਾਰ ਸਿੰਘ ਨੂੰ ਆਪਣਾ ਜਾਨਸ਼ੀਨ ਥਾਪ ਦਿੱਤਾ ਸੀ ਪ੍ਰੰਤੂ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠਲੀ ਅਕਾਲੀ ਸਰਕਾਰ ਨੇ ਭਿੰਡਰ ਕਲਾਂ ਪਿੰਡ ਦੇ ਵਸਨੀਕ ਕੈਬਨਿਟ ਮੰਤਰੀ ਸੋਹਣ ਸਿੰਘ ਬਾਸੀ ਰਾਹੀਂ ਆਪਣੇ ਖ਼ਾਸ ਵਿਅਕਤੀ ਭਾਈ ਮੋਹਨ ਸਿੰਘ ਨੂੰ ਟਕਸਾਲ ਦਾ ਜਥੇਦਾਰ ਬਣਾਉਣਾ ਚਾਹਿਆ। ਇਸ ਕਸ਼ਮਕਸ਼ ਕਾਰਨ ਸੰਤ ਕਰਤਾਰ ਸਿੰਘ ਨੂੰ ਟਕਸਾਲ ਦੇ ਹੈੱਡਕੁਆਰਟਰ ਭਿੰਡਰ ਕਲਾਂ ਵਿਖੇ ਨਿਭਾਈਆਂ ਗਈਆਂ ਸੰਤ ਗੁਰਬਚਨ ਸਿੰਘ ਦੀਆਂ ਅੰਤਮ ਰਸਮਾਂ ਵਿਚ ਵੀ ਸ਼ਾਮਲ ਨਹੀਂ ਹੋਣ ਦਿੱਤਾ ਗਿਆ ਸੀ। ਅਕਾਲੀ ਸਰਕਾਰ ਵੱਲੋਂ ਰੁਕਾਵਟਾਂ ਖੜ੍ਹੀਆਂ ਕਰਨ ਦੇ ਬਾਵਜੂਦ ਟਕਸਾਲ ਨੇ ਸੰਤ ਕਰਤਾਰ ਸਿੰਘ ਨੂੰ ਸੰਤ ਗੁਰਬਚਨ ਸਿੰਘ ਦੀ ਇੱਛਾ ਅਨੁਸਾਰ ਟਕਸਾਲ ਦਾ 13ਵਾਂ ਜਥੇਦਾਰ ਥਾਪ ਦਿੱਤਾ। ਸਰਕਾਰ ਦੇ ਇਸ ਵਿਘਨਪਾਊ ਰਵੱਈਏ ਨੇ ਨੌਜਵਾਨ ਜਰਨੈਲ ਸਿੰਘ ਦੇ ਮਨ ਵਿਚ ਕੁੜੱਤਣ ਪੈਦਾ ਕਰ ਦਿੱਤੀ, ਜਿਸ ਨੇ ਇਸ ਸਾਰੇ ਅਣਸੁਖਾਵੇਂ ਘਟਨਾਕ੍ਰਮ ਨੂੰ ਅੱਖੀਂ ਡਿੱਠਾ ਸੀ।

ਜਦੋਂ ਭਰ ਜੋਬਨ ਉਮਰੇ ਸੰਤ ਕਰਤਾਰ ਸਿੰਘ ਜੀ ਜੁਲਾਈ 1977 ਵਿਚ ਲੁਧਿਆਣਾ ਸ਼ਹਿਰ ਨੇੜੇ ਜਾਨ-ਲੇਵਾ ਦੁਰਘਟਨਾ ਦਾ ਸ਼ਿਕਾਰ ਹੋਏ ਅਤੇ ਸੀ. ਐਮ. ਸੀ. ਵਿੱਚ ਚਲ ਵਸੇ ਤਾਂ ਉਨ੍ਹਾਂ ਦੇ ਉਤਰਾਧਿਕਾਰੀ ਦੇ ਮਾਮਲੇ ਸਬੰਧੀ ਅਕਾਲੀ ਦਲ ਫਿਰ ਲਾਲਚ ਵਿੱਚ ਆਇਆ, ਜੋ ਉਸ ਸਮੇਂ ਸਬੱਬੀਂ ਹੀ ਫਿਰ ਪੰਜਾਬ ਵਿਚ ਹਕੂਮਤ ਕਰ ਰਿਹਾ ਸੀ। ਇਸ ਵਾਰ

ਵੀ ਉਨ੍ਹਾਂ ਟਕਸਾਲ ਦੀ ਵਾਗਡੋਰ ਕਿਸੇ ਆਪਣੇ ਭਰੋਸੇਮੰਦ ਆਦਮੀ ਦੇ ਹੱਥ ਦਿਵਾਉਣੀ ਚਾਹੀ ਪਰ ਉਹ ਇਸ ਸਬੰਧੀ ਜ਼ਿਆਦਾ ਝਮੇਲਾ ਖੜ੍ਹਾ ਨਾ ਕਰ ਸਕੇ ਕਿਉਂ ਜੁ ਸ਼ਾਇਦ ਉਨ੍ਹਾਂ ਨੂੰ ਆਪਣਾ ਪਿਛਲਾ ਕੌੜਾ ਤਜ਼ਰਬਾ ਯਾਦ ਸੀ। ਇਸ ਲਈ, ਟਕਸਾਲ ਨੇ ਸੰਤ ਕਰਤਾਰ ਸਿੰਘ ਜੀ ਦੀ ਇੱਛਾ ਅਨੁਸਾਰ ਭਾਈ ਜਰਨੈਲ ਸਿੰਘ ਨੂੰ ਟਕਸਾਲ ਦਾ ਜਥੇਦਾਰ ਥਾਪ ਦਿੱਤਾ ਜੋ ਉਦੋਂ ਮਸਾਂ 30 ਕੁ ਸਾਲਾਂ ਦਾ ਸੀ। ਅਕਾਲੀ ਲੀਡਰਸ਼ਿਪ ਵੱਲੋਂ ਟਕਸਾਲ ਦੇ ਉਤਰਾਧਿਕਾਰ ਦੇ ਮਾਮਲੇ ਵਿਚ ਟੰਗ ਅੜਾਉਣ ਦਾ ਇਹ ਦੂਜਾ ਨਿਸਫ਼ਲ ਯਤਨ ਸੀ। ਇਸ ਨਾਲ ਸੰਤ ਜਰਨੈਲ ਸਿੰਘ ਦੇ ਭਾਵਾਂ ਵਿਚ ਹੋਰ ਕੁੜੱਤਣ ਪੈਦਾ ਹੋ ਗਈ ਅਤੇ ਇਸ ਲਈ ਉਸ ਦਾ ਅਕਾਲੀ ਆਗੂਆਂ ਤੋਂ ਉੱਕਾ ਹੀ ਵਿਸ਼ਵਾਸ ਉੱਠ ਗਿਆ। ਅਕਾਲੀ ਨੇਤਾ ਵੀ ਉਸ 'ਤੇ ਵਿਸ਼ਵਾਸ ਨਹੀਂ ਸੀ ਕਰ ਰਹੇ ਅਤੇ ਇਉਂ ਇਸ ਪਰਸਪਰ ਬੇਵਿਸ਼ਵਾਸੀ ਨੇ ਉਨ੍ਹਾਂ ਵਿਚਾਲੇ ਇਕ ਵਿੱਥ ਪੈਦਾ ਕਰ ਦਿੱਤੀ, ਜਿਸ ਦਾ ਨਤੀਜਾ ਅਖ਼ੀਰ ਝਗੜੇ ਦੇ ਰੂਪ ਵਿਚ ਨਿਕਲਿਆ।

## ਅਕਾਲੀ ਨੇਤਾਵਾਂ ਦਰਮਿਆਨ ਆਪਸੀ-ਵਿਰੋਧ

ਸੰਤ ਭਿੰਡਰਾਂਵਾਲੇ ਨਾਲ ਅਦਰਖ਼ਾਤੇ ਧੁਖ ਰਹੇ ਵਿਰੋਧ ਤੋਂ ਇਲਾਵਾ ਅਕਾਲੀ ਲੀਡਰਸ਼ਿਪ ਆਪਸੀ ਅੰਤਰ-ਵਿਰੋਧਾਂ ਤੋਂ ਵੀ ਪੀੜਤ ਸੀ। ਜਨਵਰੀ 1977 ਵਿਚ ਐਮਰਜੈਂਸੀ ਹਟਾਏ ਜਾਣ ਤੋਂ ਤੁਰੰਤ ਬਾਅਦ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ ਅਤੇ ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦੇ ਮੁਖ ਥੰਮ੍ਹਾਂ ਵਜੋਂ ਉਭਰੇ ਸਨ। ਇਨ੍ਹਾਂ ਮੁੱਖ ਨੇਤਾਵਾਂ ਨੇ ਇਕ ਆਪਸੀ ਮੀਟਿੰਗ ਕੀਤੀ ਅਤੇ ਇਹ ਸਮਝੌਤਾ ਕਰ ਲਿਆ ਕਿ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਬਾਅਦ ਬਾਦਲ ਕੇਂਦਰ ਸਰਕਾਰ ਵਿਚ ਸ਼ਾਮਲ ਹੋਏਗਾ, ਤਲਵੰਡੀ ਨੂੰ ਅਕਾਲੀ ਦਲ ਦੇ ਪ੍ਰਧਾਨ ਵਜੋਂ ਉਚਿਆਇਆ ਜਾਵੇਗਾ ਅਤੇ ਟੌਹੜਾ ਪੰਜਾਬ ਦਾ ਮੁੱਖ ਮੰਤਰੀ ਹੋਵੇਗਾ। ਇਨ੍ਹਾਂ ਤਿੰਨਾਂ ਨੇ ਸਫਲਤਾਪੂਰਵਕ ਚੋਣਾਂ ਲੜੀਆਂ ਤੇ ਮਾਰਚ 1977 ਵਿਚ ਪਾਰਲੀਮੈਂਟ ਦੇ ਮੈਂਬਰ ਬਣ ਗਏ। ਜਲਦਬਾਜ਼ੀ ਵਿਚ ਬਣਾਈ ਜਨਤਾ ਪਾਰਟੀ, ਜਿਸ ਵਿਚ ਵਿਭਿੰਨ ਵਿਚਾਰਧਾਰਾਵਾਂ ਨੂੰ ਮੰਨਣ ਵਾਲੀਆਂ ਰਾਜਸੀ ਜਥੇਬੰਦੀਆਂ ਸ਼ਾਮਲ ਸਨ, ਨੇ ਬਹੁ-ਗਿਣਤੀ ਸੀਟਾਂ ਜਿੱਤੀਆਂ ਅਤੇ ਕੇਂਦਰ ਵਿਚ ਸਰਕਾਰ ਬਣਾ ਲਈ। ਜਨਤਾ ਪਾਰਟੀ ਗਠਜੋੜ ਵਿਚ ਭਾਈਵਾਲ ਹੋਣ ਸਦਕਾ ਅਕਾਲੀ ਦਲ ਮਿਲੀ-ਜੁਲੀ ਸਰਕਾਰ ਦਾ ਅੰਗ ਸੀ। ਤਿੰਨਾਂ ਨੇਤਾਵਾਂ ਦਰਮਿਆਨ ਹੋਏ ਸਮਝੌਤੇ ਅਨੁਸਾਰ ਬਾਦਲ ਨੇ ਦਿੱਲੀ ਵਿਖੇ ਸਰਕਾਰ ਵਿਚ ਸ਼ਮੂਲੀਅਤ ਕੀਤੀ ਅਤੇ ਤਲਵੰਡੀ ਨੂੰ ਤਰੱਕੀ ਦੇ ਕੇ ਅਕਾਲੀ ਦਲ ਦੀ ਪ੍ਰਧਾਨਗੀ ਦਾ ਅਹੁਦਾ ਦਿੱਤਾ ਗਿਆ। ਸਿਰਫ਼ ਟੌਹੜਾ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ, ਨੂੰ ਪੰਜਾਬ ਦੇ ਮੁੱਖ ਮੰਤਰੀ, ਵਜੋਂ ਪਦ-ਉੱਨਤ ਕਰਨਾ ਬਾਕੀ ਸੀ।

ਪ੍ਰੰਤੂ, ਪ੍ਰਕਾਸ਼ ਸਿੰਘ ਬਾਦਲ ਉਪਰ ਦੱਸੇ ਗਏ ਸਮਝੌਤੇ 'ਤੇ ਅਮਲ ਕਰਨ ਲਈ ਸੰਜੀਦਾ ਨਹੀਂ ਸੀ। ਅਸਲ ਵਿਚ ਉਹ ਮੁਖ ਮੰਤਰੀ ਦੀ ਕੁਰਸੀ ਲਈ ਬਹੁਤ ਲਾਲਸਾ ਵਿੱਚ ਸੀ ਅਤੇ ਇਹ ਉਸ ਨੂੰ ਕੇਵਲ ਗੁਰਚਰਨ ਸਿੰਘ ਟੌਹੜਾ ਦੀ ਕੀਮਤ 'ਤੇ ਹੀ ਪ੍ਰਾਪਤ ਹੋ ਸਕਦੀ ਸੀ। ਆਪਣਾ ਵਿਸ਼ਵਾਸ ਭੰਗ ਹੋਣ ਦੀ ਚਿੰਤਾ ਤੋਂ ਬੇਪਰਵਾਹ ਉਸ ਨੇ ਆਪਣੀ ਦਿਲੀ ਇੱਛਾ ਦੀ ਕਿਸੇ ਯੋਗ-ਅਯੋਗ ਢੰਗ ਨਾਲ ਪੂਰਤੀ ਕਰਨ ਲਈ ਗੁਪਤ ਪੱਧਰ 'ਤੇ ਸਾਜ਼ਿਸ਼ ਰਚੀ। ਆਪਣੇ ਖ਼ੁਦਗਰਜ਼ ਇਰਾਦੇ ਨੂੰ ਸਿਰੇ ਚਾੜ੍ਹਨ ਲਈ ਉਸ ਨੇ ਝੂਠ-ਮੂਠ

ਬੀਮਾਰੀ ਦਾ ਮਕਰ ਕੀਤਾ ਅਤੇ ਕੇਂਦਰੀ ਮੰਤਰੀ ਵਜੋਂ ਸੇਵਾ ਜਾਰੀ ਰੱਖਣ ਵਿਚ ਆਪਣੀ ਅਸਮਰੱਥਾ ਜਿਤਾਈ। ਉਸ ਨੇ ਇਹ ਬਹਾਨਾ ਕੀਤਾ ਕਿ ਦਿੱਲੀ ਦੀ ਆਬੋ-ਹਵਾ ਉਸ ਨੂੰ ਮੁਆਫ਼ਕ ਨਹੀਂ ਸੀ ਆਈ। ਉਸ ਨੇ ਆਪਣੀ ਝੂਠੀ-ਮੂਠੀ ਬੀਮਾਰੀ ਦਾ ਆਪਣੀ ਜੁੰਡਲੀ ਰਾਹੀਂ ਅਤੇ ਮੀਡੀਏ ਰਾਹੀਂ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ। ਫਿਰ ਵੀ, ਸਮਝੌਤੇ ਵਿਚ ਤੀਜੇ ਹਿੱਸੇਦਾਰ ਤਲਵੰਡੀ ਦੀ ਹਮਾਇਤ ਬਿਨਾਂ ਉਹ ਆਪਣੇ ਕੰਮ ਨੂੰ ਨੇਪਰੇ ਨਹੀਂ ਸੀ ਚਾੜ੍ਹ ਸਕਦਾ। ਤਲਵੰਡੀ, ਜਿਸ ਦੇ ਉਸ ਸਮੇਂ ਟੌਹੜਾ ਨਾਲ ਮਤਭੇਦ ਸਨ, ਦਰਅਸਲ ਬਾਦਲ ਦੇ ਨਜ਼ਦੀਕ ਸੀ ਅਤੇ ਇਸ ਲਈ ਉਸ ਨੇ ਤੁਰੰਤ ਉਸ ਨੂੰ ਹਮਾਇਤ ਦੇਣ ਦੀ ਸਹਿਮਤੀ ਦੇ ਦਿੱਤੀ। ਟੌਹੜਾ ਇਸ ਗੁਪਤ ਯੋਜਨਾ ਤੋਂ ਬਿਲਕੁਲ ਬੇਖ਼ਬਰ ਸੀ।

ਬਾਦਲ ਨੇ ਦਿੱਲੀ ਰਹਿੰਦਿਆਂ ਹੀ ਇਕ ਚਾਲ ਖੇਡੀ। ਉਸ ਨੇ ਤਲਵੰਡੀ ਨੂੰ ਟੌਹੜਾ ਨਾਲ ਸੰਪਰਕ ਕਰਕੇ ਉਸ ਨੂੰ ਆਪਣੀ ਬਣਾਉਟੀ ਬੀਮਾਰੀ ਬਾਰੇ ਦੱਸਣ ਅਤੇ ਵਿਗੜ ਰਹੀ ਸਿਹਤ ਬਾਰੇ ਖ਼ਬਰਸਾਰ ਲੈਣ ਹਿਤ ਮਿਲਣ ਆਉਣ ਵਾਸਤੇ ਸੁਨੇਹਾ ਭੇਜਣ ਲਈ ਕਿਹਾ। ਟੌਹੜਾ ਨੇਕ ਨੀਤੀ ਨਾਲ ਬਾਦਲ ਦੀ ਰਿਹਾਇਸ਼ 'ਤੇ ਗਿਆ, ਜਿਥੇ ਤਲਵੰਡੀ ਪਹਿਲਾਂ ਹੀ ਮੌਜੂਦ ਸੀ। ਉਥੇ ਉਸ ਨੂੰ ਚਾਲ ਵਿਚ ਲੈ ਕੇ ਬਾਦਲ ਦੀ ਤਜਵੀਜ਼ ਮੰਨਣ ਲਈ ਰਾਜ਼ੀ ਕਰ ਲਿਆ ਗਿਆ। ਟੌਹੜਾ ਨੂੰ ਮਜਬੂਰੀ ਵੱਸ ਚਾਹੇ-ਅਣਚਾਹੇ ਮੁੱਖ ਮੰਤਰੀ ਦੀ ਕੁਰਸੀ ਕੁਰਬਾਨ ਕਰਨੀ ਪਈ। ਇਹ ਟੌਹੜਾ ਦਾ ਵਡੱਪਣ ਸੀ ਕਿ ਉਸ ਨੇ ਉਦਾਰਤਾ ਨਾਲ ਇਨ੍ਹਾਂ ਤਿੰਨਾਂ ਆਗੂਆਂ ਦਰਮਿਆਨ ਸਰਬਸੰਮਤੀ ਨਾਲ ਹੋਏ ਸਮਝੌਤੇ ਦੀ ਪੂਰਤੀ ਲਈ ਜ਼ਿੱਦ ਨਹੀਂ ਸੀ ਕੀਤੀ। ਫ਼ਿਰ ਵੀ ਅਜਿਹੀ ਏਕਤਾ, ਜੋ ਇੱਕ ਪਾਰਟੀ ਦੀ ਗੈਰ-ਸੰਜੀਦਗੀ 'ਤੇ ਟਿਕੀ ਹੋਵੇ, ਜ਼ਿਆਦਾ ਲੰਮੀ ਉਮਰ ਨਹੀਂ ਹੰਢਾ ਸਕਦੀ। ਅਸਲ ਏਕਤਾ ਲਈ ਪਰਸਪਰ ਵਿਸ਼ਵਾਸ ਦੀ ਲੋੜ ਹੁੰਦੀ ਹੈ, ਪ੍ਰੰਤੂ ਇਹ ਵਿਸ਼ਵਾਸ ਪ੍ਰਕਾਸ਼ ਸਿੰਘ ਬਾਦਲ ਵਲੋਂ ਭੰਗ ਕੀਤਾ ਗਿਆ ਸੀ।

ਜਿਵੇਂ ਕਿ ਸੁਭਾਵਕ ਹੀ ਸੀ, ਬਾਦਲ ਤੇ ਤਲਵੰਡੀ ਦਰਮਿਆਨ ਸੁਖਾਵੇਂ ਸੰਬੰਧ ਜ਼ਿਆਦਾ ਦੇਰ ਨਾ ਬਣੇ ਰਹਿ ਸਕੇ। ਬਾਦਲ ਦੇ ਕੇਂਦਰ ਤੋਂ ਵਾਪਸ ਆ ਕੇ ਪੰਜਾਬ ਦਾ ਮੁੱਖ ਮੰਤਰੀ ਬਣਨ ਤੋਂ ਬਾਅਦ ਦੋ ਸਾਲ ਦੇ ਅਰਸੇ ਦੌਰਾਨ ਇਨ੍ਹਾਂ ਸੰਬੰਧਾਂ ਵਿਚ ਬੁਰੀ ਤਰ੍ਹਾਂ ਤਣਾਅ ਆ ਗਿਆ। ਬਾਦਲ, ਟੌਹੜੇ ਨੂੰ ਵੀ ਆਪਣਾ ਮਿੱਤਰ ਨਾ ਬਣਾ ਸਕਿਆ ਸਗੋਂ ਉਸ ਦੀਆਂ ਗਲਤ ਨੀਤੀਆਂ ਅਤੇ ਆਪ-ਹੁਦਰੇ ਫ਼ੈਸਲਿਆਂ ਕਾਰਨ ਟੌਹੜਾ ਹੋਰ ਵੀ ਪ੍ਰੇਸ਼ਾਨ ਹੋ ਗਿਆ। ਇਉਂ ਟੌਹੜਾ ਅਤੇ ਤਲਵੰਡੀ ਨੇ ਆਪਸ ਵਿਚ ਹੱਥ ਮਿਲਾ ਲਏ ਅਤੇ ਬਾਦਲ ਨੂੰ ਗੱਦੀਓਂ ਲਾਹੁਣ ਲਈ ਉਨ੍ਹਾਂ ਸਾਂਝੀ ਮੁਹਿੰਮ ਸ਼ੁਰੂ ਕਰ ਦਿੱਤੀ। ਇਸ ਮੰਤਵ ਦੇ ਮੱਦੇਨਜ਼ਰ ਉਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਕ ਮੈਮੋਰੈਂਡਮ ਦਿੱਤਾ, ਜਿਸ ਵਿੱਚ ਉਨ੍ਹਾਂ ਬਾਦਲ ਵਿਰੁੱਧ ਉਸ ਦੀਆਂ ਅਕਾਲੀ ਦਲ ਦੀ ਏਕਤਾ ਨੂੰ ਤਬਾਹ ਕਰਨ ਵਾਲੀਆਂ ਘਾਤਕ ਕਾਰਵਾਈਆਂ ਬਦਲੇ ਗੰਭੀਰ ਦੋਸ਼ ਲਾਏ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਤੇ ਟੌਹੜਾ ਦੇ ਲਫ਼ਟੈਂਣ ਪ੍ਰੇਮ ਸਿੰਘ ਲਾਲਪੁਰਾ ਨੇ ਵੀ ਬਾਦਲ ਖ਼ਿਲਾਫ਼ ਅਜਿਹਾ ਹੀ ਦੋਸ਼-ਪੱਤਰ ਪੰਜਾਬ ਦੇ ਗਵਰਨਰ ਨੂੰ ਦਿੱਤਾ। ਤਲਵੰਡੀ ਦੇ ਹਮਾਇਤੀ ਦੋ ਕੈਬਿਨਟ ਮੰਤਰੀਆਂ ਜਸਵਿੰਦਰ ਸਿੰਘ ਬਰਾੜ ਅਤੇ ਰਣਧੀਰ ਸਿੰਘ ਚੀਮਾ ਨੇ ਵੀ ਰੋਸ ਵਜੋਂ ਅਸਤੀਫ਼ੇ ਦੇ ਦਿੱਤੇ। ਉਨ੍ਹਾਂ ਨੇ ਵੀ ਬਾਦਲ 'ਤੇ ਭ੍ਰਿਸ਼ਟਾਚਾਰ ਅਤੇ ਕੁਨਬਾ-ਪਰਵਰੀ ਦੇ ਦੋਸ਼ ਲਾਏ। ਜਦੋਂ ਇਹ ਆਪਸੀ ਲੜਾਈ ਸਿਖਰ 'ਤੇ ਸੀ ਤਾਂ ਬਾਦਲ

ਨੇ ਟੌਹੜਾ ਨੂੰ ਵਰਗਲਾ ਕੇ ਅਲਹਿਦਾ ਕਰ ਲਿਆ ਅਤੇ ਤਲਵੰਡੀ ਨੂੰ ਬਿਪਤਾ ਵਿੱਚ ਪਾ ਦਿੱਤਾ। ਉਸ ਨੇ ਫਿਰ ਵੀ ਆਪਣੀ ਬਾਦਲ-ਵਿਰੋਧੀ ਮੁਹਿੰਮ ਜਾਰੀ ਰੱਖੀ ਅਤੇ 1980 ਵਿਚ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਹਟਾ ਕੇ ਕੱਖੋਂ ਹੌਲਾ ਕੀਤੇ ਜਾਣ ਦੇ ਦੁਖਾਂਤ ਤੱਕ ਲੜਦਾ ਰਿਹਾ। ਉਸ ਦੀ ਜਗ੍ਹਾ ਕਮਜ਼ੋਰ ਸ਼ਖਸ ਹਰਚੰਦ ਸਿੰਘ ਲੌਂਗੋਵਾਲ ਨੇ ਲਈ, ਜਿਸ ਨੂੰ ਐਮਰਜੈਂਸੀ ਦੌਰਾਨ ਗੁੰਮਨਾਮੀ ਤੋਂ ਮੋਹਰੀ ਕਾਰਜ ਖ਼ੇਤਰ ਵਿਚ ਲੈ ਆਂਦਾ ਗਿਆ। ਅਜਿਹਾ ਕਮਜ਼ੋਰ ਅਤੇ ਸਿਆਸਤ ਸੰਬੰਧੀ ਅੱਲ੍ਹੜ ਵਿਅਕਤੀ ਬਾਦਲ-ਟੌਹੜਾ ਅਤੇ ਉਸ ਦੇ ਹਮਾਇਤੀਆਂ ਨੂੰ ਬੇਹੱਦ ਰਾਸ ਆਉਂਦਾ ਸੀ।

ਜਗਦੇਵ ਸਿੰਘ ਤਲਵੰਡੀ, ਜੋ ਆਪਣੀ ਦ੍ਰਿੜ੍ਹਤਾ ਅਤੇ ਜ਼ਿੱਦੀ ਸੁਭਾਅ ਲਈ ਪ੍ਰਸਿੱਧ ਹੈ, ਨੇ ਆਪਣੇ ਨਾਂ ਹੇਠ ਅਕਾਲੀ ਦਲ ਕਾਇਮ ਕਰ ਲਿਆ ਅਤੇ 1981 ਦੀ ਵਿਸਾਖੀ ਦੇ ਦਿਨ ਦਿੱਲੀ ਵਿਖੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣ ਦੀ ਇੱਕੋ-ਇੱਕ ਮੰਗ ਲੈ ਕੇ ਅੰਦੋਲਨ ਸ਼ੁਰੂ ਕਰ ਦਿੱਤਾ, ਜਿਸ ਮਤੇ ਨੂੰ ਅਕਾਲੀ ਦਲ ਨੇ ਅਕਤੂਬਰ 1973 ਵਿਚ ਬੜੇ ਚਾਅ ਨਾਲ ਅਪਣਾਇਆ ਸੀ। ਪਰ ਪੰਜਾਬ ਵਿਚ ਸਰਕਾਰ ਬਣਾਉਣ ਉਪਰੰਤ ਬੜੇ ਆਰਾਮਪੂਰਵਕ ਭੁਲਾ ਦਿੱਤਾ ਸੀ। ਤਲਵੰਡੀ ਨੇ ਵਾਰ-ਵਾਰ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕੀਤੀ ਅਤੇ ਆਪਣੇ ਸਮਰਥਕਾਂ ਸਮੇਤ ਗ੍ਰਿਫਤਾਰੀ ਦਿੱਤੀ ਅਤੇ ਸੰਤ ਭਿੰਡਰਾਂਵਾਲੇ ਵੱਲੋਂ ਮੁਲਾਕਾਤ ਕਰਕੇ ਅਕਾਲੀ ਦਲ ਦੀ ਮੁੱਖ-ਧਾਰਾ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤੇ ਜਾਣ ਤੱਕ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਨਜ਼ਰਬੰਦ ਰਿਹਾ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਵੀ ਸਾਰੇ ਅਕਾਲੀ ਗੁੱਟਾਂ ਨੂੰ ਇਕ ਹੋਣ ਲਈ ਹੁਕਮਨਾਮਾ ਜਾਰੀ ਕਰ ਦਿੱਤਾ। ਇਉਂ ਤਲਵੰਡੀ ਕੋਲ ਆਪਣਾ ਅਕਾਲੀ ਦਲ ਭੰਗ ਕਰਕੇ ਮੁੱਖ ਪਾਰਟੀ ਵਿਚ ਸ਼ਾਮਲ ਹੋਣ ਬਿਨਾਂ ਹੋਰ ਕੋਈ ਚਾਰਾ ਨਾ ਰਿਹਾ। ਇਹ ਪੰਜਾਬ ਵਿਚ 1970-ਵਿਆਂ ਦੇ ਅਖ਼ੀਰ ਵਿਚ ਉਭਰ ਰਿਹਾ ਰਾਜਸੀ- ਧਾਰਮਿਕ ਦ੍ਰਿਸ਼ ਸੀ। ਬਾਵਜੂਦ ਆਪਸੀ ਅੰਤਰ-ਵਿਰੋਧਾਂ ਦੇ ਅਕਾਲੀ ਨੇਤਾਵਾਂ ਵੱਲੋਂ ਸੰਤ ਭਿੰਡਰਾਂਵਾਲੇ ਦਾ ਹਰ ਫਰੰਟ 'ਤੇ ਵਿਰੋਧ ਅਤੇ ਮੁਕਾਬਲਾ ਕੀਤਾ ਜਾ ਰਿਹਾ ਸੀ ਅਤੇ ਸੰਤ ਨੇ ਇਸ ਚੁਣੌਤੀ ਦੇ ਮੁਕਾਬਲੇ ਵਿਚ ਕੋਈ ਢਿੱਲ ਨਹੀਂ ਵਿਖਾਈ। ਇੰਦਰਾ ਗਾਂਧੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਦਰਬਾਰਾ ਸਿੰਘ, ਦੋਵੇਂ ਸੱਤਾ ਤੋਂ ਬਾਹਰ ਸਨ ਅਤੇ ਇਸ ਲਈ ਉਹ ਸੱਤਾ ਹਾਸਿਲ ਕਰਨ ਲਈ ਹਰ ਮੰਦਾ-ਚੰਗਾ ਹਰਬਾ ਵਰਤ ਰਹੇ ਸਨ। ਵਿਸ਼ੇਸ਼ਕਰ ਪੰਜਾਬ ਦੇ ਸੰਦਰਭ ਵਿੱਚ, ਉਨ੍ਹਾਂ ਵੱਲੋਂ ਗਿਣ-ਮਿਥ ਕੇ ਕੀਤੇ ਗਏ ਪੁੱਠੇ-ਸਿੱਧੇ ਕਾਰਿਆਂ ਨੇ ਸਥਿਤੀ ਨੂੰ ਹੋਰ ਵਿਗਾੜਿਆ ਅਤੇ ਗੁੰਝਲਦਾਰ ਬਣਾਇਆ। ਪੰਜਾਬ ਵਿਚ ਇਸ ਤੋਂ ਅਗਲੇ ਨਹਿਸ਼ ਹਾਲਾਤਾਂ ਤੇ ਘਟਨਾਵਾਂ ਨੂੰ ਵੀ ਇਸੇ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਅਤੇ ਪੜਚੋਲਿਆ ਜਾਣਾ ਚਾਹੀਦਾ ਹੈ। ਅਗਲੇ ਪੰਨਿਆਂ ਵਿਚ ਇਨ੍ਹਾਂ ਅਗਲੇ ਰਾਜਸੀ-ਧਾਰਮਿਕ ਹਾਲਾਤਾਂ ਦਾ ਲੇਖਾ-ਜੋਖਾ ਕਰਨ ਦਾ ਉਪਰਾਲਾ ਕੀਤਾ ਜਾਏਗਾ।

ਪ੍ਰੰਤੂ, ਖ਼ਤਰੇ ਨਾਲ ਭਰਪੂਰ ਇੱਕ ਹੋਰ ਪੱਖ ਵੀ ਧਿਆਨ ਵਿੱਚ ਰੱਖਣ ਦੀ ਲੋੜ ਹੈ। ਇਹ ਪੱਖ ਹੈ ਪੰਜਾਬ ਦੇ ਦੋ ਚਾਲਬਾਜ਼ ਸਿੱਖ ਕਾਂਗਰਸੀ ਨੇਤਾਵਾਂ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦਰਮਿਆਨ ਸਖ਼ਤ ਟਕਰਾਓ ਦਾ। ਆਪੋ ਆਪਣਾ ਉੱਲੂ ਸਿੱਧਾ ਕਰਨ ਅਤੇ ਪੰਜਾਬ ਦੇ ਰਾਜਸੀ ਦ੍ਰਿਸ਼-ਮੰਡਲ 'ਤੇ ਹਾਵੀ ਹੋਣ ਦੀ ਦੌੜ ਵਿਚ ਉਨ੍ਹਾਂ ਘਟੀਆ ਰਾਜਨੀਤੀ ਖੇਡ ਕੇ ਇਕ ਦੂਜੇ ਨੂੰ ਚਲਾਕੀ ਨਾਲ ਪਛਾੜਨ ਦਾ ਯਤਨ ਕੀਤਾ।

ਇੰਦਰਾ ਗਾਂਧੀ ਨੇ ਜੂਨ, 1980 ਵਿਚ ਗਿਆਨੀ ਜ਼ੈਲ ਸਿੰਘ ਨੂੰ ਕੇਂਦਰੀ ਗ੍ਰਹਿ ਮੰਤਰੀ ਅਤੇ ਦਰਬਾਰਾ ਸਿੰਘ ਨੂੰ ਪੰਜਾਬ ਦਾ ਮੁੱਖ-ਮੰਤਰੀ ਨਿਯੁਕਤ ਕਰ ਦਿੱਤਾ ਭਾਵੇਂ ਕਿ ਉਸ ਨੂੰ ਭਲੀ-ਭਾਂਤ ਪਤਾ ਸੀ ਕਿ ਪੰਜਾਬ ਕਾਂਗਰਸ ਦੇ ਇਨ੍ਹਾਂ ਦੋ ਮਹਾਰਥੀਆਂ ਦਰਮਿਆਨ ਤਿੱਖੀ ਵਿਰੋਧਤਾ ਚਲ ਰਹੀ ਹੈ ਤਾਂ ਵੀ ਉਸ ਨੇ ਜਾਣ-ਬੁੱਝ ਕੇ ਉਨ੍ਹਾਂ ਦੋਹਾਂ ਨੂੰ ਇੱਕ ਦੂਜੇ ਵਿਰੁੱਧ ਖੜ੍ਹਾ ਕੀਤਾ। ਬਤੌਰ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਦਰਬਾਰਾ ਸਿੰਘ ਨੂੰ ਉਖਾੜਨ ਲਈ ਹਰ ਹਰਬਾ ਵਰਤਿਆ ਤੇ ਅਖ਼ੀਰ ਉਸ ਦੀ ਸਰਕਾਰ ਬਰਖ਼ਾਸਤ ਕਰ ਦਿੱਤੀ ਗਈ। ਫ਼ਿਰ ਵੀ ਉਨ੍ਹਾਂ ਵਿਚਲੀ ਤਿੱਖੀ ਦੁਸ਼ਮਣੀ ਨੇ ਪੰਜਾਬ ਦੀ ਜਟਿਲ ਰਾਜਸੀ ਸਥਿਤੀ ਨੂੰ ਹੋਰ ਵਿਗਾੜਿਆ। ਇਸ ਸੰਦਰਭ ਵਿੱਚ ਬੜਾ ਸਹਿਜੇ ਇਹ ਅਨੁਮਾਨ ਲਾਇਆ ਜਾ ਸਕਦਾ ਸੀ ਕਿ ਅਜਿਹੀ ਗੰਭੀਰ ਉਲਝਣ ਭਰੀ ਰਾਜਸੀ ਸਥਿਤੀ ਬੇਹੱਦ ਵਿਸਫ਼ੋਟਕ ਰੂਪ ਧਾਰੇਗੀ।

ਅਧਿਆਇ—3

# ਸੰਤ ਭਿੰਡਰਾਂਵਾਲੇ ਦੀ ਵਿਚਾਰਧਾਰਾ ਅਤੇ ਮਿਸ਼ਨ

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜਿਸ ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਤੀਨਿਧਤਾ ਕਰਦੇ ਰਹੇ, ਉਹ ਕੋਈ ਨਵੀਂ ਨਹੀਂ ਸੀ। ਇਹ ਬਿਲਕੁਲ ਉਹੀ ਸੀ ਜੋ ਗੁਰੂ ਨਾਨਕ ਦੇਵ ਜੀ ਨੇ ਆਰੰਭੀ ਸੀ ਅਤੇ ਜਿਸ ਦਾ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਵਿਕਾਸ ਕੀਤਾ ਸੀ। ਪ੍ਰੰਤੂ ਬ੍ਰਾਹਮਣਵਾਦ ਦੇ ਪ੍ਰਭਾਵ ਹੇਠ ਸਿੱਖ ਵਿਚਾਰਧਾਰਾ ਪੇਤਲੀ ਪੈ ਗਈ ਸੀ। ਇਹ ਫੇਰ-ਬਦਲ ਭਾਰਤ ਉਤੇ ਅੰਗੇਰਜ਼ੀ ਹਕੂਮਤ ਦੌਰਾਨ ਵਾਪਰਿਆ। ਤਾਂ ਵੀ, ਇਸ ਦੀ ਵਿਲੱਖਣ ਹੋਂਦ ਖਤਮ ਨਾਂ ਹੋਈ ਕਿਉਂ ਜੋ ਇਹ ਗੰਧਲੇ ਪਾਣੀ ਦੇ ਤਲਾਬ ਵਿਚਲੇ ਕੰਵਲ ਫੁੱਟ ਦੀ ਤਰ੍ਹਾਂ ਨਿਰਲੇਪ ਰਹੀ। ਸਿੱਖ ਧਰਮ ਅਤੇ ਸਿੱਖ ਵਿਚਾਰਾਧਾਰਾ ਅਜੇ ਵੀ ਚਿੱਕੜ ਉਪਰ ਤਰ ਰਹੇ ਕੰਵਲ ਦੇ ਫੁੱਲ ਵਾਂਗ ਹੀ ਵਿਖਾਈ ਦੇ ਰਹੇ ਸਨ। ਸੰਤ ਭਿੰਡਰਾਂਵਾਲੇ ਨੇ ਕੀ ਕੀਤਾ ਸੀ-ਉਸ ਨੇ ਇਸ ਕੰਵਲ-ਫੁੱਲ ਨੂੰ ਗੰਧਲੇ ਪਾਣੀ ਦੇ ਤਲਾਅ ਵਿਚੋਂ ਚੁੱਕ ਕੇ ਪਵਿੱਤਰਤਾ ਦੇ ਤਲਾਬ ਵਿਚ ਲਾ ਦਿੱਤਾ। ਦੂਜੇ ਸ਼ਬਦਾਂ ਵਿਚ ਸੰਤ ਭਿੰਡਰਾਂਵਾਲੇ ਨੇ ਖਾਲਸੇ ਦੇ ਅਸਲ ਸਿਧਾਂਤਾਂ ਨੂੰ ਪੁਨਰ-ਜੀਵਤ ਕੀਤਾ ਅਤੇ ਇਸ ਨੂੰ ਨਵੀਂ ਸੇਧ ਦਿੱਤੀ। ਇਹ ਸੇਧ ਕੁਦਰਤ ਦੇ ਬੁਨਿਆਦੀ ਅਸੂਲ ਦੀ ਅਨੁਸਾਰੀ ਸੀ, ਜੋ ਇਹ ਦਰਸਾਉਂਦਾ ਹੈ ਕਿ ਕੁਦਰਤ ਅਗਾਂਹਵਧੂ ਢੰਗ ਨਾਲ ਵਿਕਾਸ ਕਰਦੀ ਹੈ 'ਤੇ ਇਉਂ ਹੀ ਵਿਚਾਰਧਾਰਾ ਵੀ। ਜੇ ਕਿਸੇ ਵਿਚਾਰਧਾਰਾ ਨੂੰ ਵਧਣ-ਫੁੱਲਣ ਨਹੀਂ ਦਿੱਤਾ ਜਾਏਗਾ ਤਾਂ ਉਹ ਖੜ੍ਹੋਤੇ ਪਾਣੀ ਸਮਾਨ ਹੋ ਜਾਵੇਗੀ। ਇਸ ਲਈ ਉਸ ਨੇ ਦ੍ਰਿੜ੍ਹਤਾ ਨਾਲ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਨਸੀਹਤ ਕੀਤੀ ਅਤੇ ਇਹ ਦੇ ਅਨੁਸਾਰ ਉਨ੍ਹਾਂ ਨੂੰ ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋਣ ਲਈ ਪ੍ਰੇਰਿਆ ਅਤੇ ਉਤਸ਼ਾਹਿਤ ਕੀਤਾ। ਇਸ ਅਮਲ ਵਿਚੋਂ ਗੁਜ਼ਰੇ ਬਿਨਾਂ ਸਿੱਖਾਂ ਨੂੰ ਅਸਲ ਖ਼ਾਲਸੇ ਦੇ ਰੂਪ ਵਿਚ ਤਬਦੀਲ ਨਹੀਂ ਸੀ ਕੀਤਾ ਜਾ ਸਕਦਾ ਅਤੇ ਸ਼ਸਤਰ ਰੱਖੇ ਬਿਨਾਂ ਨਾ ਹੀ ਉਹ ਆਪਣੀ ਅਤੇ ਨਾ ਹੀ ਖ਼ਾਲਸਾ ਪੰਥ ਦੀ ਰਾਖੀ ਕਰ ਸਕਦਾ ਸੀ। ਸਿੱਖਾਂ ਹਥਿਆਰਬੰਦ ਕਰਨ ਦੀ ਰਿਵਾਇਤ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਵੱਲੋਂ ਅਹਿੰਸਾ ਤੇ ਸ਼ਾਂਤੀ ਦਾ ਕੌੜਾ ਤਜ਼ਰਬਾ ਹੰਢਾਉਣ ਮਗਰੋਂ ਆਰੰਭੀ ਸੀ ਜਦੋਂ ਉਹਨਾਂ ਆਪਣੇ ਧਰਮ ਦੇ ਕਾਜ ਲਈ ਸਰਬੋਤਮ ਕੁਰਬਾਨੀ ਦਿੱਤੀ, ਪਰ ਉਨ੍ਹਾਂ ਦਾ ਬਲੀਦਾਨ ਜ਼ਾਲਮ ਮੁਗਲਾਂ ਦੇ ਮਨ ਬਦਲਣ ਵਿਚ ਅਸਫ਼ਲ ਰਿਹਾ। ਜਦੋਂ ਸ਼ਾਂਤੀ ਅਤੇ ਬਲੀਦਾਨ ਦੀ ਨੀਤੀ ਨਾਕਾਮ ਰਹੀ ਕੇਵਲ ਤਦ ਹੀ ਗੁਰੂ ਹਰਗੋਬਿੰਦ ਨੇ ਹਥਿਆਰ ਪਕੜੇ। ਫਿਰ ਉਨ੍ਹਾਂ ਸਿੱਖਾਂ ਨੂੰ ਪੈਸੇ ਦੀ ਬਜਾਏ ਘੋੜੇ ਅਤੇ ਸ਼ਸਤਰ ਭੇਟ ਕਰਨ ਦੀ ਹਿਦਾਇਤ ਕੀਤੀ। ਉਨ੍ਹਾਂ ਆਪਣੇ ਅਨੁਯਾਈਆਂ ਤੋਂ ਅਕਾਲ ਤਖਤ ਵਿਖੇ ਘੋੜਿਆਂ ਤੇ ਸ਼ਸਤਰਾਂ ਦੀ ਭੇਟਾ ਪ੍ਰਵਾਨ ਕਰਦੇ। ਮੀਰੀ ਪੀਰੀ ਦੇ ਪ੍ਰਗਟਾਓ ਵਜੋਂ ਉਹਨਾਂ ਖੁਦ ਦੋ ਕਿਰਪਾਨਾਂ ਪਹਿਨੀਆਂ। ਉਹਨਾਂ 800 ਘੋੜ ਸਵਾਰਾਂ ਦਾ ਇਕ ਜੱਥਾ ਖੜ੍ਹਾ ਕੀਤਾ ਅਤੇ ਤੋੜੇਦਾਰ ਬੰਦੂਕਾਂ ਨਾਲ ਲੈਸ 60 ਸਿੱਖ ਉਹਨਾਂ ਦੀ ਨਿੱਜੀ ਸੁਰੱਖਿਆ ਹਿੱਤ ਉਨ੍ਹਾਂ ਦੇ ਦੁਆਲੇ ਹਾਜ਼ਰ ਰਹਿੰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਮੀਰੀ-ਪੀਰੀ ਦੇ ਸੰਕਲਪ ਦਾ ਖਾਲਸੇ ਦੀ ਸਿਰਜਨਾ ਕਰਕੇ ਹੋਰ ਵਿਕਾਸ ਕੀਤਾ।

ਸੰਤ ਭਿੰਡਰਾਂਵਾਲੇ ਨੇ ਤਾਂ ਕੇਵਲ ਇਸ ਪਰੰਪਰਾ ਨੂੰ ਹੂ-ਬ-ਹੂ ਪੁਨਰ-ਸੁਰਜੀਤ ਹੀ ਕੀਤਾ ਅਤੇ ਕਿਰਪਾਨਾਂ, ਨੇਜ਼ਿਆਂ ਦੀ ਜਗ੍ਹਾ ਰਿਵਾਲਵਰ ਤੇ ਬੰਦੂਕਾਂ ਅਤੇ ਘੋੜਿਆਂ ਦੀ ਜਗ੍ਹਾ ਮੋਟਰ ਸਾਈਕਲ ਲਿਆ ਕੇ ਇਸ ਪਰੰਪਰਾ ਨੂੰ ਨਵੀਂ ਦਿਸ਼ਾ ਦੇ ਦਿੱਤੀ। ਇਸ ਲਈ ਉਸ ਨੇ ਗੁਰੂਆਂ ਦੇ ਮਾਰਗ ਦਾ ਅਨੁਸਰਣ ਕਰਕੇ ਕੋਈ ਅਪਰਾਧ ਨਹੀਂ ਕੀਤਾ। ਨਘੋਚੀ ਲੋਕ ਖ਼ਾਲਸੇ ਦੀ ਇਸ ਪੁਰਾਤਨ ਰਿਵਾਇਤ ਨੂੰ ਮੁੜ ਪ੍ਰਚਲਤ ਕਰਨ ਬਦਲੇ ਭਾਵੇਂ ਉਸ ਦੀ ਆਲੋਚਨਾ ਕਰਦੇ ਰਹਿਣ।

ਜਦੋਂ ਸੰਤ ਜਰਨੈਲ ਸਿੰਘ ਨੂੰ ਇਹ ਪ੍ਰਤੀਤ ਹੋਇਆ ਕਿ ਸਿੱਖ ਧਰਮ ਨੂੰ ਹੜੱਪਣ ਲਈ ਹਿੰਦੂ ਅਨੇਕਾਂ ਹਥਕੰਡੇ ਅਪਣਾ ਰਹੇ ਹਨ ਤਾਂ ਉਸ ਨੇ ਇਸ ਮੁਹਿੰਮ ਦੇ ਖਿਲਾਫ ਜ਼ੋਰਦਾਰ ਜੰਗ ਆਰੰਭ ਦਿੱਤੀ ਅਤੇ ਸਿੱਖਾਂ ਨੂੰ ਸਿਰ 'ਤੇ ਮੰਡਰਾ ਰਹੇ ਖ਼ਤਰੇ ਤੋਂ ਸਾਵਧਾਨ ਕੀਤਾ। ਹਿੰਦੂਆਂ ਨੇ ਭਾਰਤੀ ਸੰਵਿਧਾਨ ਵਿਚ ਪਹਿਲਾਂ ਹੀ ਧਾਰਾ 25(2) (ਬੀ) ਰਾਹੀਂ ਸਿੱਖਾਂ ਨੂੰ ਹਿੰਦੂਆਂ ਵਿਚ ਸ਼ਾਮਿਲ ਕੀਤਾ ਹੋਇਆ ਹੈ। ਇਸ ਲਈ ਸੰਤ ਭਿੰਡਰਾਂਵਾਲੇ ਵੱਲੋਂ ਸਿੱਖ ਮੱਤ ਦੇ ਬਚਾਓ ਲਈ ਆਰੰਭੀ ਮੁਹਿੰਮ ਹਰ ਤਰ੍ਹਾਂ ਵਾਜਬ ਸੀ। ਇਸ ਕਾਰਨ ਹਿੰਦੂਆਂ ਨੇ ਉਸ ਨੂੰ ਰਾਸ਼ਟਰ ਵਿਰੋਧੀ ਗਰਦਾਨਿਆ। ਇਥੇ ਹੀ ਬੱਸ ਨਹੀਂ, ਸ਼ਾਵਨਵਾਦੀ ਹਿੰਦੂਆਂ ਨੇ ਉਸ 'ਤੇ ਅੱਤਵਾਦੀ, ਵੱਖਵਾਦੀ ਆਦਿ ਤੱਕ ਦੇ ਦੋਸ਼ ਲਾਏ। ਖ਼ੈਰ, ਇਹ ਕੱਟੜ ਹਿੰਦੂਆਂ ਦਾ ਕੋਈ ਨਵਾਂ ਦਾਅ-ਪੇਚ ਨਹੀਂ। ਇਸ ਮਾਮਲੇ ਵਿਚ ਤਾਂ ਉਹ ਹਰ ਉਸ ਘੱਟਗਿਣਤੀ ਧਰਮ 'ਤੇ ਰਾਸ਼ਟਰ ਵਿਰੋਧੀ ਹੋਣ ਦਾ ਧੱਬਾ ਲਾ ਦਿੰਦੇ ਹਨ, ਜਿਹੜਾ ਆਪਣੀ ਸਨਮਾਨਜਨਕ ਹਸਤੀ ਲਈ ਸੰਘਰਸ਼ ਕਰਦਾ ਹੈ।

ਸੰਤ ਭਿੰਡਰਾਂਵਾਲੇ ਹਮੇਸ਼ਾ ਸਿੱਖਾਂ ਦਾ ਧਿਆਨ ਉਨ੍ਹਾਂ ਨਾਲ ਕੀਤੇ ਜਾਂਦੇ ਕੇਵਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲੇ ਹੀ ਨਹੀਂ, ਸਗੋਂ ਗੁਲਾਮਾਂ ਵਰਗੇ ਕੀਤੇ ਜਾਂਦੇ ਵਿਹਾਰ ਵੱਲ ਦਿਵਾਉਂਦੇ ਸੀ। ਉਹ ਆਪਣੇ ਤਰਕ ਦੀ ਪੁਸ਼ਟੀ ਲਈ ਕਈ ਮਿਸਾਲਾਂ ਦਾ ਪ੍ਰਮਾਣ ਦਿੰਦੇ। ਉਸ ਵਲੋਂ ਪੇਸ਼ ਕੀਤੀਆਂ ਜਾਂਦੀਆਂ ਕੁਝ ਤਾਜ਼ਾ ਮਿਸਾਲਾਂ ਹੇਠ ਲਿਖੀਆਂ ਹਨ :-

1. "ਜਦੋਂ ਇੰਦਰਾ ਗਾਂਧੀ ਜਨਵਰੀ, 1977 ਵਿਚ ਹੋਈਆਂ ਆਮ ਚੋਣਾਂ ਹਾਰ ਗਈ ਤਾਂ ਪਾਰਲੀਮੈਂਟ ਵੱਲੋਂ ਉਸ ਨੂੰ ਅਧਿਕਾਰਾਂ ਦੀ ਉਲੰਘਣਾ ਲਈ ਦੋਸ਼ੀ ਠਹਿਰਾਇਆ ਗਿਆ ਤੇ 7 ਦਿਨ ਕੈਦ ਦੀ ਸਜ਼ਾ ਦਿੱਤੀ ਗਈ। ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਉਸ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਉਤਰ ਪ੍ਰਦੇਸ਼ ਦੇ ਦੋ ਪਾਂਡੇ (ਬ੍ਰਾਹਮਣ) ਭਰਾਵਾਂ ਨੇ ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ਼ ਅਗਵਾ ਕਰ ਲਿਆ। ਉਨ੍ਹਾਂ 'ਤੇ ਬਿਲਕੁਲ ਵੀ ਦੋਸ਼ ਨਾ ਲਾਇਆ ਗਿਆ ਤੇ ਨਾ ਹੀ ਸਜ਼ਾ ਦਿੱਤੀ ਗਈ। ਇਹ ਦੀ ਬਜਾਏ ਇੰਦਰਾ ਗਾਂਧੀ ਨੇ 1980 ਵਿਚ ਮੁੜ ਸੱਤਾ ਹਥਿਆਉਣ ਉਪਰੰਤ, ਉਨ੍ਹਾਂ ਨੂੰ ਕਾਂਗਰਸੀ ਉਮੀਦਵਾਰਾਂ ਵਜੋਂ ਵਿਧਾਨ ਸਭਾ ਤੇ ਲੋਕ ਸਭਾ ਦੀ ਮੈਂਬਰੀ ਦੀ ਚੋਣ ਜਿਤਾਈ। ਦੂਜੇ ਪਾਸੇ ਜਦੋਂ 29 ਸਤੰਬਰ, 1981 ਨੂੰ ਸਿੱਖ ਨੌਜਵਾਨਾਂ ਨੇ ਸੰਤ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਦੇ ਵਿਰੁੱਧ ਰੋਸ ਵਜੋਂ ਜਹਾਜ਼ ਅਗਵਾ ਕੀਤਾ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਤਸੀਹੇ ਦਿਤੇ ਗਏ 'ਤੇ ਮੁਕੱਦਮਾ ਚਲਾਇਆ ਗਿਆ। ਉਹ ਅਜੇ ਵੀ ਜੇਲ੍ਹ ਵਿਚ ਹਨ। ਫਿਰ ਜਦੋਂ ਮੁਸੀਬਤ ਸਿੰਘ (ਅਸਲ ਨਾਮ ਮਨਜੀਤ ਸਿੰਘ) ਅਤੇ ਉਸ ਦੇ ਸਾਥੀਆਂ ਨੇ ਹਰਿਆਣਾ ਦੇ ਪਿੰਡ ਚੰਦੋ ਕਲਾਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਜ਼ਲਾਉਣ ਅਤੇ ਦਮਦਮੀ ਟਕਸਾਲ ਦੀਆਂ ਦੋ ਬੱਸਾਂ ਸਾੜਨ ਵਿਰੁੱਧ ਰੋਸ ਵਜੋਂ ਇੰਡੀਅਨ

ਏਅਰ ਲਾਈਨਜ਼ ਦਾ ਇਕ ਹੋਰ ਜਹਾਜ਼ ਅਗਵਾ ਕਰ ਲਿਆ ਤਾਂ ਮੁੱਖ ਅਗਵਾਕਾਰ ਮੁਸੀਬਤ ਸਿੰਘ ਨੂੰ ਆਤਮ ਸਮਰਪਣ ਲਈ ਮਨਾਉਣ ਉਪਰੰਤ ਪੁਲਿਸ ਵੱਲੋਂ ਰਾਜਾਸਾਂਸੀ ਹਵਾਈ ਅੱਡੇ (ਅੰਮ੍ਰਿਤਸਰ) 'ਤੇ ਗੋਲੀ ਨਾਲ ਮਾਰ ਦਿੱਤਾ।" ਸੰਤ ਦਾ ਗਿਲਾ ਇਹ ਸੀ ਕਿ 'ਜੇ ਬ੍ਰਾਹਮਣ ਦੀ ਲੜਕੀ (ਇੰਦਰਾ ਗਾਂਧੀ) ਦੀ ਗ੍ਰਿਫਤਾਰੀ ਦੇ ਰੋਸ ਵਿਚ ਜਹਾਜ਼ ਅਗਵਾ ਹੋਵੇ ਤਾਂ ਅਗਵਾਕਾਰਾਂ ਨੂੰ ਇਨਾਮ ਵਜੋਂ ਲੋਕ ਸਭਾ ਤੇ ਵਿਧਾਨ ਸਭਾ ਦੀ ਮੈਂਬਰੀ ਦਿੱਤੀ ਜਾਂਦੀ ਹੈ ਪ੍ਰੰਤੂ ਜੇ ਸਿੱਖ ਨੌਜਵਾਨ ਆਪਣੇ 'ਇਸ਼ਟ' ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟਾਵਾ ਲਈ ਜਹਾਜ਼ ਅਗਵਾ ਕਰਨ ਤਾਂ ਉਨ੍ਹਾਂ ਨੂੰ ਗੋਲੀ ਮਾਰਕੇ ਮਾਰ ਦਿੱਤਾ ਜਾਂਦਾ ਹੈ। ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ। ਕੀ ਇੰਦਰਾਂ ਗਾਂਧੀ ਸਿੱਖਾਂ ਦੇ 'ਇਸ਼ਟ' ਨਾਲੋਂ ਜ਼ਿਆਦਾ ਪਵਿੱਤਰ ਹੈ?"

2. "ਅਸ਼ੋਕ ਕੁਮਾਰ ਨਾਮੀ ਇਕ ਮੁਜਰਮ ਨੂੰ, ਜੋ ਜਾਤ ਦਾ ਬ੍ਰਾਹਮਣ ਸੀ, 1983 ਵਿਚ ਪਟਿਆਲਾ ਪੁਲਿਸ ਨੇ ਗੁੰਡਾਗਰਦੀ ਤੇ ਸਾੜ-ਫੂਕ ਕਰਦੇ ਨੂੰ ਗੋਲੀ ਨਾਲ ਮਾਰ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਪੀ. ਸੀ. ਸੇਠੀ ਅਤੇ ਗ੍ਰਹਿ ਸਕੱਤਰ ਚਤੁਰਦੇਵੀ ਤੱਥਾਂ ਦੀ ਜਾਣਕਾਰੀ ਲਈ ਛੇਤੀ ਨਾਲ ਪਟਿਆਲੇ ਨੂੰ ਭੱਜੇ ਆਏ, ਪਰ ਜਦੋਂ ਧਰਮ ਯੁੱਧ ਮੋਰਚੇ ਦੌਰਾਨ 200 ਤੋਂ ਵੱਧ ਸਿੱਖਾਂ ਨੂੰ ਪੁਲਿਸ ਨੇ ਮਾਰ ਦਿੱਤਾ ਤਾਂ ਕੇਂਦਰ ਸਰਕਾਰ ਦੇ ਕਿਸੇ ਚਪੜਾਸੀ ਤੱਕ ਦੇ ਕੰਨ 'ਤੇ ਜੂੰ ਵੀ ਨਹੀਂ ਸਰਕੀ।"

3. "ਪੁਲਿਸ ਨੇ 'ਰਸਤਾ ਰੋਕੋ' ਪ੍ਰੋਗਰਾਮ ਵਾਲੇ ਦਿਨ ਲਗਪਗ 8 ਸਿੰਘਾਂ ਨੂੰ ਗੋਲੀ ਮਾਰ ਦਿੱਤੀ ਅਤੇ ਕਿੰਨੇ ਹੀ ਹੋਰ ਜ਼ਖਮੀ ਕੀਤੇ ਗਏ। ਅਕਾਲੀ ਦਲ ਦੇ ਦਬਾਅ ਪਾਉਣ 'ਤੇ ਕੇਂਦਰ ਸਰਕਾਰ ਵੱਲੋਂ 8 ਸਿੱਖਾਂ ਦੀ ਮੌਤ ਤੋਂ ਇਲਾਵਾ ਅਸ਼ੋਕ ਕੁਮਾਰ ਦੀ ਮੌਤ ਦੀ ਪੜਤਾਲ ਲਈ ਜਸਟਿਸ ਦੂਬੇ (ਇਕ ਬ੍ਰਾਹਮਣ) ਦੀ ਪ੍ਰਧਾਨਗੀ ਹੇਠ ਇਕ-ਮੈਂਬਰੀ ਪੜਤਾਲੀਆਂ ਕਮਿਸ਼ਨ ਗਠਿਤ ਕੀਤਾ ਗਿਆ। ਕਮਿਸ਼ਨ ਨੇ ਬੜੀ ਬੇਸ਼ਰਮੀ ਨਾਲ ਇਹ ਫੈਸਲਾ ਦੇ ਦਿੱਤਾ ਕਿ 8 ਸਿੱਖਾਂ ਦੇ ਮਾਰੇ ਜਾਣਾ ਉਚਿਤ ਸੀ ਪਰ ਇਕ ਬ੍ਰਾਹਮਣ ਅਸ਼ੋਕ ਕੁਮਾਰ ਦੀ ਮੌਤ ਇਕ ਕਤਲ ਹੈ। ਕੀ ਇਹ ਸਿੱਖਾਂ ਨਾਲ ਘੋਰ ਵਿਤਕਰਾ ਨਹੀਂ?"

4. "ਪਟਿਆਲੇ ਦੇ ਇਕ ਨਾਮੀ ਮੁਜਰਮ ਪਵਨ ਕੁਮਾਰ ਸ਼ਰਮਾ (ਫਿਰ ਇਕ ਬ੍ਰਾਹਮਣ ਹੀ) ਕੋਲੋਂ 230 ਭਾਰੀ ਵਿਸਫੋਟਕ ਹੈਂਡ ਗਰਨੇਡ ਫੜ੍ਹੇ ਗਏ। ਉਸ ਨੂੰ ਬਿਨਾਂ ਕੋਈ ਕੇਸ ਦਰਜ ਕੀਤੇ ਛੱਡ ਦਿੱਤਾ ਗਿਆ। ਦੂਜੇ ਪਾਸੇ ਪਿਆਰਾ ਸਿੰਘ ਨਾਮੀ ਫਿਰੋਜ਼ਪੁਰ ਵਾਸੀ ਇਕ ਸਿੱਖ ਫੌਜੀ 'ਤੇ ਇਕ ਸਟੇਨਗੰਨ ਚੋਰੀ ਕਰਨ ਦਾ ਦੋਸ਼ ਲੱਗਾ। ਬਾਅਦ ਵਿਚ ਉਹ ਸਟੇਨ ਗੰਨ ਇਕ ਹਿੰਦੂ ਫੌਜੀ ਦੇ ਘਰੋਂ ਬਰਾਮਦ ਹੋਈ, ਪਰ ਪਿਆਰਾ ਸਿੰਘ ਨੂੰ ਇਕ ਹਿੰਦੂ ਫੌਜੀ ਅਫਸਰ ਨੇ ਤਸੀਹੇ ਦੇ ਦੇ ਕੇ ਮਾਰ ਦਿੱਤਾ। ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ?"

5. ਅੰਮ੍ਰਿਤਸਰ ਦੇ ਇਕ ਜਨ-ਸੰਘੀ ਨੇਤਾ ਹਰਬੰਸ ਲਾਲ ਖੰਨਾ ਨੇ ਬਹੁਤ ਭੜਕਾਊ ਇਸ਼ਤਿਹਾਰ ਛਪਵਾਏ ਅਤੇ ਸ਼ਹਿਰ ਦੀਆਂ ਕੰਧਾਂ 'ਤੇ ਚਿਪਕਾਏ। ਇਸ਼ਤਿਹਾਰਾਂ 'ਤੇ ਲਿਖਿਆ ਸੀ ਕਿ "ਦੁੱਕੀ ਤਿੱਕੀ ਖਹਿਣ ਨਹੀਂ ਦੇਣੀ, ਸਿਰ ਤੇ ਪਗੜੀ ਰਹਿਣ ਨਹੀਂ ਦੇਣੀ।" "ਕੱਛਾ ਕੜਾ ਕਿਰਪਾਨ ਇਹ ਨੂੰ ਭੇਜੋ ਪਾਕਿਸਤਾਨ।" (ਭਾਵ ਕਿ ਅਸੀਂ ਕਿਸੇ ਵੀ ਸਿੱਖ ਨੂੰ ਆਵਾਜ਼ ਨਹੀਂ ਉਠਾਉਣ ਦੇਣੀ। ਜੇ ਅਜਿਹਾ ਕਰਨਗੇ ਤਾਂ ਅਸੀਂ ਉਹਨਾਂ ਦੀਆਂ ਪੱਗਾਂ ਉਤਾਰ ਦਿਆਂਗੇ ਅਤੇ ਉਨ੍ਹਾਂ ਨੂੰ ਖਤਮ ਕਰ ਦਿਆਂਗੇ। ਅਤੇ, ਜੋ ਵੀ ਸਿੱਖ

ਪੰਜ ਕਕਾਰਾਂ ਦਾ ਧਾਰਨੀ ਹੈ ਉਹਨੂੰ ਪਾਕਿਸਤਾਨ ਨੂੰ ਧੱਕ ਦਿਆਂਗੇ)।

ਅਜਿਹੇ ਭੜਕਾਊ ਤੇ ਹੱਤਕ ਭਰੇ ਨਾਅਰੇ ਪ੍ਰਤੱਖ ਰੂਪ ਵਿਚ ਜਨਤਕ ਤੌਰ 'ਤੇ ਪ੍ਰਦਰਸ਼ਤ ਕੀਤੇ ਗਏ ਅਤੇ ਗਲੀਆਂ-ਬਾਜ਼ਾਰਾਂ ਵਿਚ ਗੂੰਜਾਏ ਗਏ, ਜੋ ਕਿ ਭਾਰਤੀ ਦੰਡ ਵਿਧਾਨ ਦੇ ਤਹਿਤ ਇਕ ਅਪਰਾਧ ਸੀ, ਕਿਉਂਕਿ ਦੋਸ਼ੀਆਂ ਨੇ ਮੁਜਰਮਾਨਾ ਢੰਗ ਨਾਲ (ਗੈਰ-ਕਾਨੂੰਨੀ ਢੰਗ ਨਾਲ) ਸਿੱਖਾਂ ਨੂੰ ਧਮਕਾਇਆ ਸੀ। ਨਾਅਰਿਆਂ ਵਿਚ ਵਰਤੀ ਗਈ ਭਾਸ਼ਾ ਅਪਮਾਨਜਨਕ ਵੀ ਸੀ ਅਤੇ ਰਾਸ਼ਟਰ ਵਿਰੋਧੀ ਵੀ, ਪਰ ਖੰਨੇ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਦਰਜ ਨਹੀਂ ਸੀ ਕੀਤਾ ਗਿਆ। ਕਿਉਂ? ਇਸ ਲਈ ਕਿ ਉਹ ਹਿੰਦੂ ਸੀ। ਪਰ ਜੇ ਸਿੱਖ ਨੌਜਵਾਨ ਅਜਿਹੇ ਭੜਕਾਊ ਨਾਅਰਿਆਂ ਦਾ ਢੁਕਵਾਂ ਜਵਾਬ ਦੇਣ ਤਾਂ ਉਨ੍ਹਾਂ 'ਤੇ ਫੌਜਦਾਰੀ ਕੇਸ ਦਰਜ ਹੁੰਦੇ ਹਨ।"

6. ਗ੍ਰਹਿ ਮੰਤਰੀ ਪੀ.ਸੀ. ਸੇਠੀ ਨੇ ਧਮਕੀ ਦਿੱਤੀ ਸੀ ਕਿ ਉਹ ਭਿੰਡਰਾਂਵਾਲੇ ਨੂੰ ਹਫਤੇ ਦੇ ਅੰਦਰ ਅੰਦਰ ਗੁਰੂ ਨਾਨਕ ਨਿਵਾਸ 'ਚੋਂ ਜਬਰੀ ਬਾਹਰ ਧੂਹ ਲਿਆਵੇਗਾ। ਸੰਤ ਭਿੰਡਰਾਂਵਾਲੇ ਨੇ ਕਿਹਾ ਸੀ ਕਿ ਇਹ ਬਿਆਨ "ਮੁਜਰਮਾਨਾ ਧਮਕੀ ਦੇ ਤੁਲ ਹੈ।" ਫਿਰ ਵੀ ਉਸ ਨੇ ਚੈਲਿੰਜ ਕੀਤਾ ਕਿ ਜੇ ਹਿੰਮਤ ਹੈ ਤਾਂ ਸੇਠੀ ਖੁਦ ਆ ਕੇ ਉਸ ਨੂੰ ਹੱਥ ਪਾਵੇ। ਇਹ ਗੱਲ ਕਹਿਣ 'ਤੇ ਉਹ ਦੇ ਵਿਰੁੱਧ ਫੌਜਦਾਰੀ ਮੁਕੱਦਮਾ ਦਰਜ ਕੀਤਾ ਗਿਆ ਪ੍ਰੰਤੂ ਪੀ.ਸੀ. ਸੇਠੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

7. ਗ੍ਰਹਿ ਮੰਤਰੀ ਪੀ.ਸੀ. ਸੇਠੀ ਨੇ ਇਹ ਵੀ ਬਿਆਨ ਦਿੱਤਾ ਕਿ ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ 35-35 ਹਿੰਦੂਆਂ ਦੇ ਹਿੱਸੇ ਇੱਕ-ਇੱਕ ਸਿੱਖ ਆਉਂਦਾ ਹੈ। ਅਗਲੇ ਹੀ ਦਿਨ ਇਸਦੇ ਜਵਾਬ ਵਿੱਚ ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਅਸੀਂ ਪੀ.ਸੀ.ਸੇਠੀ ਨੂੰ ਇਹ ਗੱਲ ਦੱਸ ਦੇਣੀ ਚਾਹੁੰਦੇ ਹਾਂ ਕਿ ਜੇ ਤੁਹਾਡੇ ਮਨਾਂ 'ਚ ਅਜਿਹੇ ਵਿਚਾਰ ਹਨ ਤਾਂ ਫਿਰ ਅਸਲ 'ਚ 35 ਹਿੰਦੂਆਂ ਦੇ ਹਿੱਸੇ ਇੱਕ ਸਿੱਖ ਨਹੀਂ ਬਲਕਿ ਇੱਕ ਸਿੱਖ ਦੇ ਹਿੱਸੇ 35 ਹਿੰਦੂ ਆਉਂਦੇ ਹਨ।

8. ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਅਨੇਕਾਂ ਵਾਰ ਕਿਹਾ ਕਿ ਪੰਜਾਬ ਦੇ ਸਿੱਖਾਂ ਨੂੰ ਪੰਜਾਬੋਂ ਬਾਹਰ ਵੱਸਦੇ ਸਿੱਖਾਂ ਦੇ ਹਸ਼ਰ ਬਾਰੇ ਸੋਚਣਾ ਚਾਹੀਦਾ ਹੈ। ਇਹ ਬਿਆਨ ਵੀ ਸਿੱਖਾਂ ਨੂੰ ਫ਼ਿਰਕੂ ਧਮਕੀ ਸੀ। ਇਸ ਦੇ ਜਵਾਬ 'ਚ ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਇਹ ਬਿਆਨ ਬਹੁਤ ਗੈਰ-ਜ਼ਿੰਮੇਵਾਰਾਨਾ ਹੈ ਅਤੇ ਇੰਦਰਾ ਗਾਂਧੀ ਨੂੰ ਸ਼ੋਭਦਾ ਨਹੀਂ ਹੈ ਪ੍ਰੰਤੂ ਫਿਰ ਵੀ ਜੇ ਤੁਹਾਡੇ ਮਨਾਂ 'ਚ ਸਿੱਖਾਂ ਪ੍ਰਤੀ ਅਜਿਹਾ ਜ਼ਹਿਰ ਹੈ ਤਾਂ ਜੇ ਕਦੇ ਅਜਿਹੇ ਹਾਲਾਤ ਬਣੇ ਤਾਂ ਸਿੱਖ ਕਾਇਰ ਨਹੀਂ ਹਨ, ਉਹ ਵੀ ਗਿਣਤੀ ਕਰੀ ਬੈਠੇ ਹਨ ਅਤੇ ਪੰਜਾਬ 'ਚ ਇੱਕ ਸਿੱਖ ਦੇ ਹਿੱਸੇ 20 ਹਿੰਦੂ ਆਉਂਦੇ ਹਨ।

ਇਹ ਬੜੀ ਧਿਆਨ ਦੇਣ ਯੋਗ ਗੱਲ ਹੈ ਕਿ ਕੀ ਗ੍ਰਹਿ-ਮੰਤਰੀ ਨੂੰ ਅਜਿਹੇ ਬਿਆਨ ਦੇਣੇ ਚਾਹੀਦੇ ਸਨ? ਕੀ ਅਜਿਹੇ ਬਿਆਨ ਦੇਣਾ ਕਾਨੂੰਨੀ ਅਪਰਾਧ ਨਹੀਂ ਹੈ? ਇਨ੍ਹਾਂ ਸਾਰੇ ਪੱਖਾਂ ਨੂੰ ਨਜ਼ਰਅੰਦਾਜ਼ ਕਰਕੇ ਫ਼ਿਰਕੂ ਪ੍ਰੈਸ ਅਤੇ ਮੀਡੀਆ, ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਅਪਰਾਧਜਨਕ ਬਿਆਨਾਂ ਨੂੰ ਘੁੱਟ ਗਏ ਪ੍ਰੰਤੂ ਸੰਤ ਭਿੰਡਰਾਂਵਾਲੇ ਵੱਲੋਂ ਉਨ੍ਹਾਂ ਦੇ ਪ੍ਰਤੀਕਰਮ ਵਜੋਂ ਦਿੱਤੇ ਜਵਾਬ ਨੂੰ ਪੂਰੀ ਤਰ੍ਹਾਂ ਫ਼ਿਰਕੂ ਰੰਗਤ ਦੇ ਕੇ ਉਛਾਲਿਆ ਗਿਆ ਅਤੇ ਵੱਡੇ ਪੱਧਰ 'ਤੇ ਪ੍ਰਚਾਰਿਆ ਗਿਆ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ 'ਤੇ ਕੇਸ ਦਰਜ ਕਰਨ ਦੀ ਬਜਾਏ ਸੰਤ ਭਿੰਡਰਾਂਵਾਲੇ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ।

ਇੰਦਰਾ ਗਾਂਧੀ ਦੀ ਕਿਸੇ ਨੇ ਨਿੰਦਾ ਤੱਕ ਵੀ ਨਾ ਕੀਤੀ, ਜਿਸ ਨੇ ਸ਼ਰ੍ਹੇਆਮ ਜਨਤਕ ਤੌਰ 'ਤੇ ਸਿੱਖਾਂ ਨੂੰ ਨਤੀਜੇ ਭੁਗਤਣ ਲਈ ਤਿਆਰ ਰਹਿਣ ਦੀ ਧਮਕੀ ਦਿੱਤੀ। ਆਖਰਕਾਰ ਇੰਦਰਾ ਗਾਂਧੀ ਦੀ ਧਮਕੀ ਨੂੰ 17 ਫਰਵਰੀ 1984 ਅਤੇ 24 ਫਰਵਰੀ 1984 ਤੱਕ ਹਰਿਆਣੇ ਅੰਦਰ ਅਮਲ ਵਿਚ ਲਿਆਂਦਾ ਗਿਆ, ਜਦੋਂ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਦੀ ਸ਼ਹਿ 'ਤੇ ਹਿੰਦੂਆਂ ਵੱਲੋਂ ਕੁਝ ਸਿੱਖਾਂ ਨੂੰ ਕਤਲ ਕੀਤਾ ਗਿਆ, ਦਰਜਨਾਂ ਗੁਰਦੁਆਰੇ ਸਾੜ ਦਿੱਤੇ ਗਏ ਅਤੇ ਸਿੱਖਾਂ ਦੀਆਂ ਸੈਂਕੜੇ ਦੁਕਾਨਾਂ ਦੀ ਲੁੱਟ-ਮਾਰ ਕੀਤੀ ਗਈ। ਇਹਨਾਂ ਕਾਤਲਾਂ, ਅੱਗਾਂ ਲਾਉਣ ਵਾਲਿਆਂ ਅਤੇ ਭਾੜੇ ਦੇ ਟੱਟੂਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਸਾਰਾ ਕੁਝ ਸਾਨੂੰ ਕੀ ਅਹਿਸਾਸ ਕਰਾਉਂਦਾ ਹੈ?

ਸੰਤ ਭਿੰਡਰਾਂਵਾਲੇ ਨੇ ਇਹ ਟਿੱਪਣੀ ਕੀਤੀ ਕਿ ਹਿੰਦੂਆਂ ਨੇ ਪੱਖਪਾਤੀ ਪੁਲਿਸ ਦੀ ਦੇਖ-ਰੇਖ ਹੇਠ ਸਿੱਖਾਂ ਦੇ ਕਤਲ ਕਰਕੇ ਅਤੇ ਸਿੱਖ ਔਰਤਾਂ ਦੀ ਬੇਪਤੀ ਕਰਕੇ ਆਪਣੇ ਮੰਦੇ ਇਰਾਦੇ ਪ੍ਰਗਟ ਕਰ ਦਿੱਤੇ ਹਨ। ਜਦੋਂ ਹਰਿਆਣਾ ਪੁਲਿਸ ਦੀ ਹਿਦਾਇਤ ਨਾਲ ਅਤੇ ਭਜਨ ਲਾਲ ਦੇ ਉਕਸਾਉਣ 'ਤੇ ਇਕ ਸੰਗਠਤ ਢੰਗ ਨਾਲ ਹਿੰਦੂਆਂ ਨੇ ਬੇਰਹਿਮੀ ਨਾਲ ਸਿੱਖਾਂ ਦਾ ਕਤਲੇਆਮ ਕੀਤਾ, ਉਨ੍ਹਾਂ ਦੀਆਂ ਔਰਤਾਂ ਦੀ ਬੇਪਤੀ ਕੀਤੀ, ਉਹਨਾਂ ਦੇ ਗੁਰਦੁਆਰਿਆਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਾੜਿਆ, ਉਹਨਾਂ ਦੀਆਂ ਦੁਕਾਨਾਂ ਦੀ ਲੁੱਟ-ਖੋਹ ਕੀਤੀ ਤਾਂ ਸੰਤ ਭਿੰਡਰਾਂਵਾਲੇ ਨੂੰ ਯਕੀਨ ਹੋ ਗਿਆ ਕਿ ਇੰਦਰਾ ਗਾਂਧੀ ਵੱਲੋਂ ਦਿੱਤੀਆਂ ਗਈਆਂ ਧਮਕੀਆਂ ਫੋਕੀਆਂ ਤੇ ਖੋਖਲੀਆਂ ਨਹੀਂ ਸਨ। ਇਹ ਸਾਬਤ ਹੋ ਗਿਆ ਕਿ ਉਹ ਜੋ ਕਹਿੰਦੀ ਸੀ, ਬੇ-ਮਾਅਨਾ ਨਹੀਂ ਸੀ। ਇਹ ਬਹੁਤ ਹੀ ਭਿਆਨਕ ਘਟਨਾਕ੍ਰਮ ਸੀ। ਜੇਕਰ ਦੇਸ ਦਾ ਪ੍ਰਧਾਨ ਮੰਤਰੀ ਹਿੰਦੂਆਂ ਨੂੰ ਸਿੱਖਾਂ 'ਤੇ ਜ਼ੁਲਮ ਢਾਹੁਣ ਲਈ ਉਕਸਾਏ ਅਤੇ ਹਿੰਦੂ ਤੁਰੰਤ ਉਸਦੇ ਕਹੇ ਦੀ ਪਾਲਣਾ ਕਰਨ ਤਾਂ ਫ਼ਿਰ ਭਾਰਤ ਵਿਚ ਘੱਟਗਿਣਤੀਆਂ ਨੂੰ ਕੌਣ ਬਚਾਏਗਾ? ਕੀ ਧਰਮ ਨਿਰਪੱਖ ਭਾਰਤ ਦੇ ਪ੍ਰਧਾਨ ਮੰਤਰੀ ਦਾ ਇਵੇਂ ਇਕ ਫ਼ਿਰਕੂ ਆਗੂ ਵਾਂਗ ਵਿਹਾਰ ਕਰਨਾ ਉਸ ਨੂੰ ਸ਼ੋਭਦਾ ਹੈ?

ਇਸ ਭਿਅੰਕਰਤਾ ਅਤੇ ਜਨੂੰਨ ਨੂੰ ਦੇਖ ਕੇ ਭਿੰਡਰਾਂਵਾਲੇ ਨੂੰ ਪੂਰਾ ਯਕੀਨ ਹੋ ਗਿਆ ਕਿ ਭਾਰਤ ਵਿਚਲੇ ਸਿੱਖਾਂ ਦੀ ਤਕਦੀਰ ਖਤਰੇ ਵਿਚ ਸੀ। ਇਸ ਲਈ ਉਸ ਨੇ ਸਰਕਾਰ ਦੇ ਕਿਸੇ ਭਵਿੱਖ ਗਾਮੀ ਹਮਲੇ ਤੋਂ ਸਿੱਖਾਂ ਦੀ ਰਾਖੀ ਵਾਸਤੇ ਕੁਝ ਸਾਧਨ ਅਤੇ ਰਸਤੇ ਵਿਉਂਤੇ। ਇਹ ਇੰਦਰਾ ਗਾਂਧੀ ਵੱਲੋਂ ਅਪਣਾਈ ਗਈ ਮੁਜ਼ਰਮਾਨਾ ਨੀਤੀ ਹੀ ਸੀ, ਜਿਸ ਨੇ ਸੰਤ ਭਿੰਡਰਾਂਵਾਲੇ ਨੂੰ ਸਿੱਖ ਨੌਜਵਾਨਾਂ ਨੂੰ ਹਰ ਪਿੰਡ ਤੇ ਮੁਹੱਲੇ ਵਿਚ ਤਿੰਨ-ਤਿੰਨ ਦੇ ਜਥੇ ਬਣਾ ਕੇ ਮੋਟਰ-ਸਾਈਕਲ ਅਤੇ ਰਿਵਾਲਵਰ ਖਰੀਦਣ ਦੀ ਨਸੀਹਤ ਦੇਣ ਲਈ ਮਜ਼ਬੂਰ ਕੀਤਾ ਤਾਂ ਕਿ ਉਹ ਦੁਸ਼ਮਣਾਂ ਵੱਲੋਂ ਮੁੜ ਹਮਲਾ ਕੀਤੇ ਜਾਣ ਦੀ ਸੂਰਤ ਵਿਚ ਆਪਣੀ ਰਾਖੀ ਕਰ ਸਕਣ। ਉਸ ਨੇ ਸਿੱਖਾਂ ਨੂੰ ਦਲੀਲ ਦਿੱਤੀ ਕਿ ਜੇ ਉਹ ਭਾਰਤ ਵਿਚ ਸਨਮਾਨ-ਪੂਰਵਕ ਰਹਿਣਾ ਚਾਹੁੰਦੇ ਹਨ ਤਾਂ ਅੰਮ੍ਰਿਤਧਾਰੀ ਤੇ ਸ਼ਸਤਰਧਾਰੀ ਹੋਣ। ਉਸ ਨੇ ਸਿੱਖਾਂ ਨੂੰ ਖਾਲਸੇ ਦੀ ਸ਼ਾਨ ਦੀ ਯਾਦ ਦਿਵਾਈ, ਜਿਸ ਨੇ ਜ਼ਾਲਮ ਮੁਗਲਾਂ ਨਾਲ ਯੁੱਧ ਲੜੇ ਅਤੇ ਆਖਰਕਾਰ ਉਹਨਾਂ ਜੰਗਾਂ ਵਿਚ ਜਿੱਤ ਪ੍ਰਾਪਤ ਕੀਤੀ।

1983 ਦੇ ਪਿਛਲੇ ਅੱਧ ਵਿਚ ਇੰਦਰਾ ਗਾਂਧੀ ਲੌਂਗੋਵਾਲ ਨੂੰ ਪੂਰੀ ਸਰਗਰਮੀ ਨਾਲ ਮਦਦ ਦੇ ਰਹੀ ਸੀ, ਜਿਸ ਨੇ ਸਿੱਖ ਪੰਥ ਦੇ ਕਾਜ਼ ਨਾਲ ਵਿਸ਼ਵਾਸ਼ਘਾਤ ਕੀਤਾ ਅਤੇ ਸੰਤ ਭਿੰਡਰਾਂਵਾਲੇ ਨੂੰ ਅਲੱਗ ਥਲੱਗ ਕਰਨ ਅਤੇ ਮਾਰ ਮੁਕਾਉਣ ਲਈ ਕੇਂਦਰ ਨਾਲ ਗੁਪਤ

ਤੌਰ 'ਤੇ ਗੰਢ-ਤ੍ਰੁਪ ਕੀਤੀ ਸੀ। ਲੌਂਗੋਵਾਲ ਨੇ ਗੁਰੂ ਨਾਨਕ ਨਿਵਾਸ ਦੇ ਕਮਰਾ ਨੰ. 47 'ਚੋਂ ਸੰਤ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨ ਲਈ ਕੇਂਦਰ ਨੂੰ ਹਰੀ ਝੰਡੀ ਦਿੱਤੀ। ਇਸੇ ਕਾਰਨ ਹੀ ਸੰਤ ਨੇ ਆਪਣਾ ਡੇਰਾ ਅਕਾਲ ਤਖ਼ਤ 'ਤੇ ਬਦਲ ਲਿਆ ਤਾਂ ਕਿ ਉਹ ਆਪਣੇ ਮਿਸ਼ਨ ਦੀ ਪੂਰਤੀ ਲਈ ਜਦੋ ਜਹਿਦ ਜਾਰੀ ਰੱਖ ਸਕੇ। ਲੌਂਗੋਵਾਲ ਅਤੇ ਉਸਦੀ ਜੁੰਡਲੀ ਨੇ ਇਤਰਾਜ਼ ਉਠਾਇਆ ਕਿ ਅਕਾਲ ਤਖ਼ਤ 'ਤੇ ਕੋਈ ਵੀ ਵਿਅਕਤੀ ਰਿਹਾਇਸ਼ ਨਹੀਂ ਕਰ ਸਕਦਾ, ਪਰ ਸੰਤ ਭਿੰਡਰਾਂਵਾਲੇ ਨੇ ਇਸ ਦੇ ਜਵਾਬ ਵਿਚ ਕਈ ਮੋਰਚਿਆਂ ਦਾ ਹਵਾਲਾ ਦਿੰਦੇ ਦੱਸਿਆ ਕਿ ਮਾਸਟਰ ਤਾਰਾ ਸਿੰਘ ਸਮੇਤ ਕਈ ਅਕਾਲੀ ਨੇਤਾ ਅਕਾਲ ਤਖ਼ਤ 'ਤੇ ਰਹਿੰਦੇ ਰਹੇ ਸਨ। ਜਦੋਂ ਲੌਂਗੋਵਾਲ-ਜੁੰਡਲੀ ਸੰਤ ਭਿੰਡਰਾਂਵਾਲੇ ਨੂੰ ਉਥੋਂ ਕੱਢਣ ਦੇ ਆਪਣੇ ਮੰਦ ਇਰਾਦੇ ਵਿਚ ਅਸਫਲ ਰਹੀ ਤਾਂ ਇਸ ਢਾਣੀ ਨੇ ਅਕਾਲ ਤਖਤ ਦੇ ਜਥੇਦਾਰ ਉਪਰ ਸੰਤ ਭਿੰਡਰਾਂਵਾਲੇ ਵਿਰੁੱਧ ਹੁਕਮਨਾਮਾ ਜਾਰੀ ਕਰਨ ਲਈ ਦਬਾਅ ਪਾਇਆ, ਪਰ ਉਸ ਸਮੇਂ ਤੱਕ ਸੰਤ ਸਿੱਖ ਅਵਾਮ ਦੇ ਬੇਹੱਦ ਅਸੀਮਤ ਸਮਰਥਨ ਨਾਲ ਏਨਾ ਤਾਕਤਵਰ ਹੋ ਚੁੱਕਾ ਸੀ ਕਿ ਗਿਆਨੀ ਕਿਰਪਾਲ ਸਿੰਘ, ਲੌਂਗੋਵਾਲ ਨੂੰ ਖੁਸ਼ ਨਾ ਕਰ ਸਕਿਆ। ਪ੍ਰੰਤੂ ਫਿਰ ਵੀ ਲੌਂਗੋਵਾਲ ਨੇ ਉਸ ਜਾਂਬਾਜ਼ ਸੰਤ ਉਪਰ ਆਪਣਾ ਬਦਕਾਰੀ ਭਰਿਆ ਹਮਲਾ ਜਾਰੀ ਰੱਖਿਆ। ਉਸ ਨੇ ਸਾਬਕਾ ਨਕਸਲੀ ਗੁਰਚਰਨ ਸਿੰਘ, ਜੋ ਅਕਾਲੀ ਦਲ ਦਾ ਦਫਤਰ ਸਕੱਤਰ ਸੀ, ਨੂੰ ਕਿਸੇ ਵੀ ਕੀਮਤ 'ਤੇ ਸੰਤ ਭਿੰਡਰਾਂਵਾਲੇ ਨੂੰ ਖਤਮ ਕਰਨ ਦਾ ਕੰਮ ਸੌਂਪਿਆ। ਇਸ ਦੁਸ਼ਟ ਨੇ ਇਕ ਸੁਰਿੰਦਰ ਸਿੰਘ ਛਿੰਦਾ ਨਾਮੀ ਵਿਅਕਤੀ ਅਤੇ ਬਲਜੀਤ ਕੌਰ ਨਾਮੀ ਇਕ ਬਦ-ਇਖਲਾਕ ਨੌਜਵਾਨ ਔਰਤ ਦੇ ਜ਼ਿੰਮੇ ਸੰਤ ਨੂੰ ਮਾਰ ਮੁਕਾਉਣ ਦਾ ਕੰਮ ਲਾਇਆ। ਪ੍ਰੰਤੂ ਉਹ ਕਿਸੇ ਤਰ੍ਹਾਂ ਵੀ ਸੰਤ ਨੂੰ ਕੋਈ ਨੁਕਸਾਨ ਪਹੁੰਚਾਉਣ ਵਿਚ ਸਫਲ ਨਾ ਹੋ ਸਕੇ।

ਐਪਰ ਇਹਨਾਂ ਦੋਵਾਂ ਭਾੜੇ ਦੇ ਕਾਤਲਾਂ ਨੇ 14 ਅਪ੍ਰੈਲ, 1984 ਨੂੰ ਧੋਖੇ ਨਾਲ ਸੰਤ ਭਿੰਡਰਾਂਵਾਲੇ ਦਾ ਭਰੋਸੇਯੋਗ ਸੱਜਾ ਹੱਥ ਸਮਝੇ ਜਾਂਦੇ ਸੁਰਿੰਦਰ ਸਿੰਘ ਸੋਢੀ ਨੂੰ ਕਤਲ ਕਰ ਦਿੱਤਾ। ਇਹ ਘੋਰ ਅਪਰਾਧ ਦਰਬਾਰ ਸਾਹਿਬ ਸਮੂਹ ਦੇ ਬਿਲਕੁਲ ਨਾਲ ਸਥਿਤ ਸਿੰਧੀ ਹੋਟਲ ਅੰਦਰ ਕੀਤਾ ਗਿਆ। ਮਾਲਿਕ ਸਿੰਘ ਭਾਟੀਆ ਨੇ ਸੋਢੀ ਦੇ ਵਿਸ਼ਵਾਸ਼ਘਾਤ ਨਾਲ ਕੀਤੇ ਕਤਲ ਮਗਰੋਂ ਛਿੰਦੇ ਦੀ ਬਚ ਨਿਕਲਣ ਵਿਚ ਮਦਦ ਕੀਤੀ। ਪ੍ਰੰਤੂ 24 ਘੰਟੇ ਦੇ ਅੰਦਰ ਹੀ ਕਾਤਲ ਅਤੇ ਉਸਦੀ ਰਖੇਲ ਬਲਜੀਤ ਕੌਰ ਸਮੇਤ ਸਾਰੇ ਸਾਜ਼ਸ਼ੀ ਖਤਮ ਕਰਕੇ ਸੋਢੀ ਦੇ ਕਤਲ ਦਾ ਬਦਲਾ ਲੈ ਲਿਆ ਗਿਆ। ਇਹ ਸਾਜ਼ਿਸ਼ ਪ੍ਰਤੱਖ ਰੂਪ ਵਿਚ ਲੌਂਗੋਵਾਲ ਦੀ ਸ਼ਹਿ 'ਤੇ ਘੜੀ ਗਈ ਸੀ। ਹੁਣ ਲੌਂਗੋਵਾਲ ਨੂੰ ਇਹ ਖੌਫ਼ ਖਾਣ ਲੱਗਾ ਕਿ ਇਸ ਨਾ-ਕਾਬਲੇ ਮੁਆਫ ਅਤੇ ਘਿਨਾਉਣੇ ਜੁਰਮ ਬਦਲੇ ਹੁਣ ਖ਼ਾਲਸਾ ਉਸ ਨੂੰ ਵੀ ਸਜ਼ਾ ਦੇਵੇਗਾ। ਇਸ ਲਈ ਉਸ ਨੇ ਕੇਂਦਰ ਕੋਲੋਂ ਸੰਤ ਭਿੰਡਰਾਂਵਾਲੇ ਦੇ ਖਾਤਮੇ ਲਈ ਮਦਦ ਲੈਣ ਵਾਸਤੇ ਆਪਣੇ ਯਤਨ ਹੋਰ ਵੀ ਤੇਜ਼ ਕਰ ਦਿੱਤੇ, ਕਿਉਂਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਉਸ ਨੂੰ ਆਪਣੇ ਮਾਰੇ ਜਾਣ ਦਾ ਡਰ ਸੀ। ਉਸ ਨੇ ਇੰਦਰਾ ਗਾਂਧੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਉਸ ਨੂੰ ਸਪੱਸ਼ਟ ਸੰਕੇਤ ਦੇ ਦਿੱਤਾ ਕਿ ਉਹ ਸੰਤ ਭਿੰਡਰਾਂਵਾਲੇ ਨੂੰ ਖਤਮ ਕਰਨ ਲਈ ਜੋ ਵੀ ਕਾਰਵਾਈ ਉਚਿਤ ਸਮਝੇ, ਉਹੀ ਕਰ ਸਕਦੀ ਹੈ। ਇੰਦਰਾ ਗਾਂਧੀ ਤੇ ਉਸਦਾ ਪੁੱਤਰ ਰਾਜੀਵ ਗਾਂਧੀ ਪਹਿਲਾਂ ਹੀ ਸੰਤ ਭਿੰਡਰਾਂਵਾਲੇ ਦੇ ਖਿਲਾਫ ਫੌਜੀ ਕਾਰਵਾਈ ਕਰਨ ਦਾ ਫੈਸਲਾ ਲੈ ਚੁੱਕੇ ਸਨ। ਇਸ ਮਕਸਦ ਲਈ ਚਕਰਾਤਾ ਵਿਖੇ ਚੋਣਵੇਂ

ਜਵਾਨਾਂ ਨੂੰ ਗੁਰੀਲਾ ਜੰਗ ਦੀ ਟ੍ਰੇਨਿੰਗ ਦੇਣ ਹਿਤ ਸਥਾਪਿਤ ਕੀਤੇ ਗਏ ਖੁਫੀਆ ਕੇਂਦਰ 'ਤੇ ਕਮਾਂਡੋ ਟ੍ਰੇਨਿੰਗ ਦਿੱਤੀ ਜਾ ਰਹੀ ਸੀ। ਉਥੇ ਮਾਰਚ 1984 ਤੋਂ ਹੀ ਕਮਾਂਡੋਆਂ ਨੂੰ ਸਿਖਲਾਈ ਦਿੱਤੀ ਜਾ ਰਹੀ ਸੀ, ਜਿਨ੍ਹਾਂ ਨੂੰ ਬਾਅਦ ਵਿਚ ਦਰਬਾਰ ਸਾਹਿਬ 'ਤੇ ਹਮਲੇ ਲਈ ਭੇਜਿਆ ਜਾਣਾ ਸੀ। ਚਕਰਾਤਾ ਵਿਖੇ ਦਰਬਾਰ ਸਾਹਿਬ ਸਮੂਹ ਦਾ ਇਕ ਵਿਸ਼ਾਲ ਨਮੂਨਾ ਤਿਆਰ ਕੀਤਾ ਗਿਆ ਸੀ ਤਾਂ ਕਿ ਕਮਾਂਡੋ ਇਸ ਸਮੂਹ ਦੇ ਅੰਦਰ ਬਾਹਰ ਆਉਣ ਜਾਣ ਵਾਲੇ ਅਤੇ ਹੋਰ ਰਸਤਿਆਂ ਦੇ ਭੇਤੀ ਹੋ ਸਕਣ ਅਤੇ ਫੌਜੀ ਹਮਲੇ ਸਮੇਂ ਉਹਨਾਂ ਨੂੰ ਸੌਂਪੇ ਜਾਣ ਵਾਲੇ ਮਿਸ਼ਨ ਦੀ ਪ੍ਰਾਪਤੀ ਵਿਚ ਉਹਨਾਂ ਨੂੰ ਕੋਈ ਮੁਸ਼ਕਲ ਨਾ ਝੇਲਣੀ ਪਵੇ।

ਜਿਵੇਂ ਕਿ ਪਹਿਲਾਂ ਚਰਚਾ ਕੀਤੀ ਗਈ ਹੈ, ਸੰਤ ਭਿੰਡਰਾਂਵਾਲੇ ਉਪਰ ਲੌਂਗੋਵਾਲ ਤੇ ਉਹਦੀ ਢਾਣੀ ਵੱਲੋਂ ਲਗਾਤਾਰ ਹਮਲਾ ਕੀਤਾ ਜਾ ਰਿਹਾ ਸੀ। ਉਸ ਨੇ ਸੰਤ ਭਿੰਡਰਾਂਵਾਲੇ ਵਿਰੁੱਧ ਆਰੰਭੀ ਮੁਹਿੰਮ ਦੇ ਤਹਿਤ ਉਸ ਉੱਪਰ ਕਾਂਗਰਸੀ ਏਜੰਟ ਹੋਣ ਦਾ ਦੋਸ਼ ਲਾਇਆ ਅਤੇ ਇਸ ਲਈ ਸੰਤ ਨੂੰ ਮੰਜੀ ਸਾਹਿਬ ਸਟੇਜ ਤੋਂ ਸਿੱਖ ਸੰਗਤ ਨੂੰ ਮੁਖਾਤਿਬ ਹੋਣ ਤੋਂ ਵਰਜਿਆ ਗਿਆ। ਸੰਤਾਂ ਨੇ ਆਪਣੀ ਇੱਛਾ ਨਾਲ ਹੀ ਮੰਜੀ ਸਾਹਿਬ ਜਾਣ ਤੋਂ ਗੁਰੇਜ਼ ਕੀਤਾ, ਇਸ ਲਈ ਨਹੀਂ ਕਿ ਉਹ ਲੌਂਗੋਵਾਲ ਤੋਂ ਡਰਦਾ ਸੀ, ਸਗੋਂ ਇਸ ਲਈ ਕਿ ਉਹ ਆਪਣੇ ਵੱਡੇ ਯਤਨਾਂ ਨਾਲ ਅਕਾਲੀ ਵਰਕਰਾਂ ਵਿਚ ਕਰਾਈ ਏਕਤਾ ਅਜੇ ਵੀ ਬਰਕਰਾਰ ਰੱਖਣੀ ਚਾਹੁੰਦਾ ਸੀ। ਇਸ ਲਈ ਉਹਨੇ ਸਿੱਖ ਸਰੋਤਿਆਂ ਨੂੰ ਗੁਰੂ ਰਾਮਦਾਸ ਲੰਗਰ ਦੀ ਬਿਲਡਿੰਗ ਉੱਪਰ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਮੰਜੀ ਸਾਹਿਬ ਤੋਂ ਲੌਂਗੋਵਾਲ ਵੱਲੋਂ ਸੰਬੋਧਨ ਕੀਤੇ ਜਾਣ ਵਾਲੇ ਸਰੋਤਿਆਂ ਦੀ ਗਿਣਤੀ ਬਹੁਤ ਮਾਮੂਲੀ ਰਹਿ ਗਈ, ਜਦੋਂ ਕਿ ਲੰਗਰ ਬਿਲਡਿੰਗ 'ਤੇ ਜੋਸ਼ੀਲੇ ਸਿੱਖਾਂ ਦੀ ਚਹਿਲ-ਪਹਿਲ ਰਹਿਣ ਲੱਗੀ। ਨਤੀਜੇ ਵਜੋਂ ਲੌਂਗੋਵਾਲ ਨੂੰ ਸਿੱਖ ਅਵਾਮ ਨੇ ਤਿਲਾਂਜਲੀ ਦੇ ਦਿੱਤੀ ਅਤੇ ਇਉਂ ਸੰਤ ਭਿੰਡਰਾਂਵਾਲਾ ਨਹੀਂ ਬਲਕਿ ਲੌਂਗੋਵਾਲ ਖੁਦ ਹੀ ਅਲੱਗ ਥਲੱਗ ਹੋ ਕੇ ਰਹਿ ਗਿਆ। ਇਹ ਸੰਤ ਭਿੰਡਰਾਂਵਾਲੇ ਦੀ ਕ੍ਰਿਸ਼ਮਈ ਸਖਸ਼ੀਅਤ ਅਤੇ ਸਿੱਖ ਰਾਜ ਲਈ ਉਸਦੀ ਨਿਸ਼ਠਾ ਸੀ ਜਿਸ ਕਾਰਨ ਉਸ ਨੇ ਖਾਲਸਾ ਪੰਥ ਦੇ ਮਨਾਂ ਨੂੰ ਮੋਹ ਲਿਆ। ਉਹਨੇ ਬੜੇ ਵਿਅੰਗਤਮਕ ਤਰੀਕੇ ਨਾਲ ਇਹ ਸਵਾਲ ਉਠਾਇਆ ਕਿ ਕੇਂਦਰ ਦਾ ਅਸਲ ਏਜੰਟ ਕੌਣ ਹੈ? ਉਹ ਜਾਂ ਲੌਂਗੋਵਾਲ? ਸੰਤ ਨੇ ਅਜਿਹੀਆਂ ਕਈ ਮਿਸਾਲਾਂ ਦਿੱਤੀਆਂ ਜੋ ਪੂਰੀ ਤਰ੍ਹਾਂ ਇਹ ਸਿੱਧ ਕਰਦੀਆਂ ਸਨ ਕਿ ਲੌਂਗੋਵਾਲ ਤੇ ਉਹਦੀ ਢਾਣੀ ਹੀ ਅਸਲ ਵਿਚ ਕੇਂਦਰ ਦੇ ਏਜੰਟ ਸਨ। ਉਸ ਨੇ ਇਹ ਇੰਕਸ਼ਾਫ ਕੀਤਾ ਕਿ ਸਰਕਾਰ ਨੇ ਉਹਦੇ ਸਾਰੇ ਸਮਰਥਕਾਂ ਦੇ ਅਗਨੀ ਹਥਿਆਰਾਂ ਦੇ ਲਾਇਸੰਸ ਰੱਦ ਕਰ ਦਿੱਤੇ ਸਨ, ਜਦੋਂ ਕਿ ਗੁਰਚਰਨ ਸਕੱਤਰ ਜਿਹੇ ਬਦਮਾਸ਼ ਅਤੇ ਜੀਵਨ ਸਿੰਘ ਉਮਰਾਨੰਗਲ ਵਰਗਿਆਂ ਦੇ ਸਟੇਨਗੰਨਾਂ ਅਤੇ ਕਾਰਬਾਈਨਾਂ ਦੇ ਲਾਈਸੰਸ ਬਣੇ ਸਨ। ਤਕਰੀਬਨ ਸਾਰੇ ਹੀ ਅਕਾਲੀ ਵਿਧਾਨ ਕਾਰਾਂ (ਐਮ.ਐਲ.ਏ.) ਨੇ ਦਰਬਾਰਾ ਸਿੰਘ ਨਾਲ ਇਕੱਠੇ ਰਾਤਰੀ ਭੋਜ ਕੀਤਾ ਸੀ, ਜਿਸ ਦੀ ਸੰਤ ਭਿੰਡਰਾਂਵਾਲੇ ਜ਼ਕਰੀਆ ਖਾਂ ਨਾਲ ਤੁਲਨਾ ਕਰਦੇ ਸੀ ਅਤੇ ਜਿਸ ਦੇ ਹੱਥ ਸਿੱਖ ਨੌਜਵਾਨਾਂ ਦੇ ਖੂਨ ਨਾਲ ਰੰਗੇ ਹੋਏ ਸਨ। ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਲੜਕੀ ਦੀ ਸ਼ਾਦੀ ਪ੍ਰਤਾਪ ਸਿੰਘ ਕੈਰੋਂ ਦੇ ਪੋਤਰੇ ਨਾਲ ਕੀਤੀ ਸੀ, ਜੋ ਪੰਜਾਬ ਦਾ ਮੁੱਖ ਮੰਤਰੀ ਰਿਹਾ ਸੀ ਅਤੇ ਜਿਸ ਨੇ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਮਰਹੂਮ ਜਥੇਦਾਰ ਮੋਹਨ ਸਿੰਘ ਤੁੜ 'ਤੇ ਬੇਤਹਾਸ਼ਾ ਤਸ਼ੱਦਦ ਢਾਹਿਆ ਸੀ। ਸਾਬਕਾ ਵਿੱਤ ਮੰਤਰੀ ਬਲਵੰਤ ਸਿੰਘ ਨੇ ਕਾਂਗਰਸ ਸਰਕਾਰ ਤੋਂ

ਕਾਰਖਾਨੇ ਲਾਉਣ ਦੇ ਲਾਈਸੰਸ ਪ੍ਰਾਪਤ ਕੀਤੇ ਸਨ ਅਤੇ ਸੁਰਜੀਤ ਸਿੰਘ ਬਰਨਾਲਾ ਨੇ ਨਿੰਰਕਾਰੀ ਮੁਖੀ ਦੇ ਕਥਿਤ ਕਾਤਲ ਭਾਈ ਰਣਜੀਤ ਸਿੰਘ ਨੂੰ ਕੇਂਦਰ ਦੇ ਹਵਾਲੇ ਕੀਤਾ ਸੀ। ਇਹ ਸਾਰੇ ਲੌਂਗੋਵਾਲ ਦੇ ਸਮਰਥਕ ਅਨੰਦਪੁਰ ਸਾਹਿਬ ਦੇ ਮਤੇ ਨੂੰ ਭੁੱਲ ਭੁਲਾ ਕੇ ਕਾਂਗਰਸ ਨਾਲ ਮਿਲੀ-ਜੁਲੀ ਸਰਕਾਰ ਬਣਾਉਣ ਦੀ ਇੱਛਾ ਨਾਲ ਕੇਂਦਰ ਨਾਲ ਮੇਲ ਜੋਲ ਰੱਖ ਰਹੇ ਸਨ। ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਇਸ ਸਭ ਕੁਝ ਦੇ ਬਾਵਜੂਦ ਵੀ ਇਹ ਅਕਾਲੀ ਹੋਣ ਦਾ ਦਾਅਵਾ ਕਰਦੇ ਹਨ ਤੇ ਉਹਦੇ 'ਤੇ ਕਾਂਗਰਸੀ ਏਜੰਟ ਹੋਣ ਦਾ ਧੱਬਾ ਲਾਉਂਦੇ ਹਨ। ਇਸ ਤਰ੍ਹਾਂ ਇਹ ਸੱਚਾਈ ਪ੍ਰਤੱਖ ਸੀ ਕਿ ਕਾਂਗਰਸ ਦੇ ਏਜੰਟ ਕੌਣ ਸਨ।

ਸੰਤ ਭਿੰਡਰਾਂਵਾਲੇ ਨੇ ਜਨਤਕ ਤੌਰ 'ਤੇ ਇਹ ਇੰਕਸ਼ਾਫ ਵੀ ਕੀਤਾ ਕਿ ਇੰਦਰਾ ਗਾਂਧੀ ਤੇ ਉਸਦੇ ਲੜਕੇ ਰਾਜੀਵ ਗਾਂਧੀ ਨੇ ਉਸ ਨਾਲ ਅੰਦਰਖਾਤੇ ਗੱਲਬਾਤ ਕਰਨ ਦੀ ਇੱਛਾ ਪ੍ਰਗਟਾਈ ਸੀ, ਪਰ ਉਸ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਸੀ। ਹਾਂ, ਉਸ ਨੇ ਕਿਸੇ ਗੁਰਦੁਆਰੇ ਜਾਂ ਹੋਰ ਜਨਤਕ ਜਗ੍ਹਾ 'ਤੇ ਖੁਲ੍ਹੇਆਮ ਗੱਲਬਾਤ ਕਰਨ ਲਈ ਸਹਿਮਤੀ ਜਿਤਾਈ ਸੀ, ਪਰ ਉਹ ਮਾਂ-ਪੁੱਤਰ ਉਸ ਨੂੰ ਖੁਲ੍ਹੇਆਮ ਮਿਲਣ ਤੋਂ ਝਿਜਕਦੇ ਸਨ। ਇਸ ਗੱਲ ਦਾ ਜ਼ਿਕਰ ਲੌਂਗੋਵਾਲ ਜੁੰਡਲੀ ਵੱਲੋਂ ਕਾਂਗਰਸ ਨਾਲ ਅੰਦਰਖਾਤੇ ਕੀਤੀ ਜਾ ਰਹੀ ਗੱਲਬਾਤ ਨਾਲ ਤੁਲਨਾ ਵਜੋਂ ਕੀਤਾ ਗਿਆ ਹੈ।

ਸਰਕਾਰ ਵੱਲੋਂ ਉਸ 'ਤੇ ਅੱਤਵਾਦੀ ਤੇ ਵੱਖਵਾਦੀ ਹੋਣ ਦੇ ਲਾਏ ਜਾਂਦੇ ਦੋਸ਼ਾਂ ਸੰਬੰਧੀ ਉਹ ਕਿਹਾ ਕਰਦਾ ਕਿ "ਮੈਂ ਸਿੱਖਾਂ ਨੂੰ ਅੰਮ੍ਰਿਤਧਾਰੀ ਹੋਣ ਲਈ ਪ੍ਰੇਰਦਾ ਹਾਂ। ਮੈਂ ਉਹਨਾਂ ਨੂੰ ਸਾਰੇ ਨਸ਼ੇ ਛੱਡਣ ਦੀ ਨਸੀਹਤ ਦਿੰਦਾ ਹਾਂ। ਮੈਂ ਉਨ੍ਹਾਂ ਨੂੰ ਕਿਸੇ ਵੀ ਨਿਰਦੋਸ਼ ਦਾ ਨੁਕਸਾਨ ਨਾ ਕਰਨ ਲਈ ਕਹਿੰਦਾ ਹਾਂ। ਮੈਂ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਮਾਰਗ 'ਤੇ ਚੱਲਦਿਆਂ ਪਾਪੀਆਂ ਤੋਂ ਬਦਲਾ ਲੈਣ ਲਈ ਕਹਿੰਦਾ ਹਾਂ। ਸੰਖੇਪ ਵਿਚ ਮੈਂ ਉਹਨਾਂ ਨੂੰ ਸੱਚੇ ਸਿੱਖ ਬਣਨ ਦੀ ਸਲਾਹ ਦਿੰਦਾ ਹਾਂ। ਇਵੇਂ ਹੀ ਮੈਂ ਹਰ ਹਿੰਦੂ ਨੂੰ ਸੱਚਾ ਹਿੰਦੂ ਅਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਮਸ਼ਵਰਾ ਦਿੰਦਾ ਹਾਂ। ਜੇ ਇਹ ਸਾਰਾ ਕੁਝ ਕਰਨ ਤੇ ਮੈਨੂੰ ਅੱਤਵਾਦੀ ਕਿਹਾ ਜਾਂਦਾ ਹੈ ਤਾਂ ਮੈਂ ਫ਼ਖ਼ਰ ਨਾਲ ਅੱਤਵਾਦੀ ਕਹਾਉਣਾ ਚਾਹਾਂਗਾ।"

ਸੰਤ ਭਿੰਡਰਾਂਵਾਲੇ ਵਿਰੁੱਧ ਲਾਇਆ ਜਾਣ ਵਾਲਾ ਇਕ ਹੋਰ ਦੋਸ਼ ਇਹ ਸੀ ਕਿ ਉਹ ਖਾਲਿਸਤਾਨੀ ਹੈ, ਇਸ ਲਈ ਉਹ ਵੱਖਵਾਦੀ ਹੈ। ਉਹ ਪੱਤਰਕਾਰਾਂ ਵੱਲੋਂ ਸਵਾਲ ਕਰਨ 'ਤੇ ਕਹਿੰਦਾ ਹੈ ਕਿ "ਮੈਂ ਕਦੇ ਵੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਪਰ ਜੇ ਕੇਂਦਰ ਆਪਣੀ ਇੱਛਾ ਨਾਲ ਸਾਨੂੰ ਖਾਲਿਸਤਾਨ ਦੀ ਪੇਸ਼ਕਸ਼ ਕਰਦਾ ਹੈ ਤਾਂ ਮੈਂ ਨਾਂਹ ਨਹੀਂ ਕਰਾਂਗਾ।" ਪ੍ਰੰਤੂ 3 ਜੂਨ 1984 ਨੂੰ ਜਦੋਂ ਦਰਬਾਰ ਸਾਹਿਬ ਸਮੂਹ ਭਾਰਤੀ ਫੌਜ ਦੇ ਘੇਰੇ ਅਧੀਨ ਸੀ ਅਤੇ ਕਿਸੇ ਸਮੇਂ ਵੀ ਵਹਿਸ਼ੀਆਨਾ ਹਮਲਾ ਹੋਣ ਦੀ ਸੰਭਾਵਨਾ ਸੀ, ਤਾਂ ਸੰਤ ਭਿੰਡਰਾਂਵਾਲੇ ਨੇ ਸਪੱਸ਼ਟ ਰੂਪ 'ਚ ਇਹ ਕਹਿ ਦਿੱਤਾ ਕਿ "ਹੁਣ ਅਸੀਂ ਭਾਰਤ ਵਿਚ ਨਹੀਂ ਰਹਿ ਸਕਦੇ, ਸਾਨੂੰ ਵੱਖਰਾ ਘਰ ਚਾਹੀਦਾ ਹੈ।" ਪਹਿਲਾਂ ਵੀ ਉਹ ਜ਼ਾਹਰਾ ਰੂਪ 'ਚ ਅਤੇ ਬਾਰ ਬਾਰ ਇਹ ਗੱਲ ਦੁਹਰਾਉਂਦੇ ਸੀ ਕਿ ਜਿਸ ਦਿਨ ਭਾਰਤੀ ਫੌਜ ਨੇ ਦਰਬਾਰ ਸਾਹਿਬ ਅਤੇ ਅਕਾਲ ਤਖਤ 'ਤੇ ਹਮਲਾ ਕੀਤਾ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਬਦਕਿਸਮਤੀ ਨਾਲ ਉਸਦੀਆਂ ਚਿਤਾਵਨੀਆਂ ਤੋਂ ਘੁਮੰਡੀ ਇੰਦਰਾ ਗਾਂਧੀ

ਅਤੇ ਹੋਰ ਹਿੰਦੂ ਲੀਡਰਾਂ ਦੇ ਕੰਨ 'ਤੇ ਜੂੰ ਨਾ ਸਰਕੀ। ਇਹ ਇਕ ਦੁਖਾਂਤ ਹੈ ਕਿ ਕੁਝ ਫਿਰਕੂ ਹਿੰਦੂਆਂ ਵੱਲੋਂ ਸਥਾਪਿਤ ਤੇ ਉਹਨਾਂ ਦੀ ਅਗਵਾਈ ਹੇਠਲੀ ਵਿਰੋਧੀ ਧਿਰ ਦੀ ਹਰੇਕ ਜਥੇਬੰਦੀ ਨੇ ਸਰਬ-ਸੰਮਤੀ ਨਾਲ ਇੰਦਰਾ ਗਾਂਧੀ ਨੂੰ ਸੰਤ ਭਿੰਡਰਾਂਵਾਲੇ ਦੀ ਅਗਵਾਈ ਹੇਠਲੇ ਸਿੱਖਾਂ ਵਿਰੁੱਧ ਫ਼ੌਜੀ ਕਾਰਵਾਈ ਕਰਨ ਲਈ ਸਲਾਹਾਂ ਅਤੇ ਸਮਰਥਨ ਦਿੱਤਾ।

ਲੌਂਗੋਵਾਲ ਇਹ ਡੀਂਗਾਂ ਮਾਰਦਾ ਸੀ ਕਿ ਅਕਾਲੀ ਦਲ ਸ਼ਹੀਦਾਂ ਦੀ ਜਥੇਬੰਦੀ ਹੈ ਅਤੇ ਇਵੇਂ ਉਹ ਸ਼ੇਖੀ ਜਿਤਾਉਂਦਾ ਕਿ ਉਹ ਇਸ ਸ਼ਾਨਮੱਤੀ ਜਥੇਬੰਦੀ ਦਾ ਪ੍ਰਧਾਨ ਹੈ। ਇਹ ਸੱਚ ਹੈ ਕਿ ਅਕਾਲੀ ਦਲ ਸ਼ਹੀਦਾਂ ਦੇ ਖ਼ੂਨ ਨਾਲ ਸਿਰਜਿਆ ਅਤੇ ਪ੍ਰਫੁੱਲਤ ਕੀਤਾ ਗਿਆ ਹੈ, ਪਰ ਇਹ ਵੱਡੀ ਬਦਕਿਸਮਤੀ ਹੈ ਕਿ ਲੌਂਗੋਵਾਲ ਵਰਗਾ ਕਾਇਰ ਅਤੇ ਮੱਕਾਰ ਵਿਅਕਤੀ ਇਸ ਦਾ ਪ੍ਰਧਾਨ ਬਣ ਗਿਆ। ਉਸ ਦੀਆਂ ਸ਼ੇਖੀ ਭਰੀਆਂ ਟਾਹਰਾਂ ਦਾ ਮੂੰਹ ਤੋੜ ਉੱਤਰ ਦਿੰਦਿਆਂ ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਲੌਂਗੋਵਾਲ ਸ਼੍ਰੋਮਣੀ ਅਕਾਲੀ ਦਲ ਦਾ 14ਵਾਂ ਪ੍ਰਧਾਨ ਹੈ ਅਤੇ ਕੀ 14 ਪ੍ਰਧਾਨਾਂ 'ਚੋਂ ਕਿਸੇ ਇਕ ਨੇ ਵੀ ਸਿੱਖ ਧਰਮ ਲਈ ਆਪਣਾ ਸਿਰ ਦਿੱਤਾ ਹੈ। ਪ੍ਰਤੱਖ ਰੂਪ ਵਿਚ 14 ਪ੍ਰਧਾਨਾਂ 'ਚੋਂ ਕਿਸੇ ਇਕ ਨੇ ਵੀ ਸ਼ਹਾਦਤ ਨਹੀਂ ਦਿੱਤੀ। ਅਤੇ ਜਦ ਵੀ ਕਦੇ ਉਨ੍ਹਾਂ ਦੇ ਜੀਵਨ 'ਚ ਅਜਿਹਾ ਮੌਕਾ ਆਇਆ ਤਾਂ ਉਹ ਮੂੰਹ ਫੇਰ ਕੇ ਭੱਜ ਗਏ। ਸੰਤ ਨੇ ਐਲਾਨ ਕੀਤਾ ਕਿ ਉਹ ਵੀ ਦਮਦਮੀ ਟਕਸਾਲ ਦਾ 14ਵਾਂ ਜਥੇਦਾਰ ਹੈ ਅਤੇ ਇਸ ਦੇ ਪਹਿਲੇ ਮੁਖੀ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਅਕਾਲ ਤਖ਼ਤ ਤੇ ਦਰਬਾਰ ਸਾਹਿਬ ਦੀ ਰੱਖਿਆ ਲਈ ਜਾਨ ਦਿੱਤੀ ਸੀ। ਇਸ ਲਈ ਉਹਨੇ ਬੜੇ ਫ਼ਖ਼ਰ ਨਾਲ ਐਲਾਨਿਆ ਕਿ ਟਕਸਾਲ ਦੇ ਬਾਨੀ ਨੇ ਹੀ ਸ਼ਹਾਦਤ ਦਾ ਜਾਮ ਪੀਤਾ ਸੀ, ਪਰ ਅਕਾਲੀ ਦਲ ਦੇ ਪ੍ਰਧਾਨਾਂ ਨੇ ਕੀ ਕੀਤਾ ਹੈ। ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ ਤੇ ਹੋਰਨਾਂ ਨੇ ਕੇਂਦਰ ਨੂੰ ਅਕਾਲੀ ਦਲ ਦੀਆਂ ਮੰਗਾਂ ਮੰਨਣ ਲਈ ਮਜ਼ਬੂਰ ਕਰਨ ਲਈ ਮਰਨ ਵਰਤ ਰੱਖਿਆ। ਜਦੋਂ ਕੇਂਦਰ ਨੇ ਕੁਝ ਵੀ ਸਵੀਕਾਰਨ ਤੋਂ ਨਾਂਹ ਕਰ ਦਿੱਤੀ ਤਾਂ ਇਹਨਾਂ ਨੇ ਵਰਤ ਤੋੜ ਦਿੱਤੇ ਅਤੇ ਇਵੇਂ ਅਰਦਾਸ ਵੀ ਭੰਗ ਕੀਤੀ। ਉਹਨਾਂ 'ਚੋਂ ਕਿਸੇ ਨੇ ਵੀ ਸਿੱਖ ਪੰਥ ਦੀ ਖ਼ਾਤਰ ਆਪਣੀ ਜਾਨ ਨਿਛਾਵਰ ਕਰਨ ਦੀ ਹਿੰਮਤ ਨਾ ਕੀਤੀ। ਸੰਤ ਚੰਨਣ ਸਿੰਘ, ਜੀਵਨ ਸਿੰਘ ਉਮਰਾਨੰਗਲ ਅਤੇ ਕੁਝ ਹੋਰ ਅਕਾਲੀ ਨੇਤਾਵਾਂ ਨੇ ਉਹਨਾਂ ਦੀਆਂ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿਚ ਜੀਊਂਦੇ ਸੜ ਮਰਨ ਦੀ ਸੌਂਹ ਖਾਧੀ। ਉਨ੍ਹਾਂ ਇਸ ਮਕਸਦ ਲਈ ਅਕਾਲ ਤਖ਼ਤ ਦੀ ਛੱਤ 'ਤੇ "ਹਵਨ-ਕੁੰਡ" ਤੱਕ ਬਣਾ ਲਏ, ਪਰ ਜਦੋਂ ਕੇਂਦਰ ਨੇ ਉਹਨਾਂ ਨੂੰ ਖੁਸ਼ ਕਰਨੋਂ ਇਨਕਾਰ ਕਰ ਦਿੱਤਾ ਤਾਂ ਉਹ "ਹਵਨ ਕੁੰਡਾਂ" 'ਚੋਂ ਬੇਸ਼ਰਮੀ ਨਾਲ ਬਾਹਰ ਨਿਕਲ ਆਏ।

ਇਹ ਹੈ ਲੌਂਗੋਵਾਲ ਦਾ ਸ਼ੇਖੀ ਭਰਿਆ ਦਾਅਵਾ ਕਿ ਉਸਨੇ ਸ਼ਹੀਦਾਂ ਦੀ ਜਥੇਬੰਦੀ ਦੀ ਅਗਵਾਈ ਕੀਤੀ ਹੈ। ਸੰਤ ਭਿੰਡਰਾਂਵਾਲੇ ਦੇ ਇਹਨਾਂ ਤਾਅਨਿਆਂ ਤੋਂ ਬੁਖਲਾਏ ਲੌਂਗੋਵਾਲ ਨੇ ਅਕਾਲੀ ਮੋਰਚੇ ਦੌਰਾਨ ਹੀ "ਮਰਜੀਵੜਿਆਂ ਦੀ ਫੌਜ" ਖੜ੍ਹੀ ਕਰਨ ਦੀ ਤਜਵੀਜ਼ ਸੋਚੀ। ਇਸ 'ਤੇ ਵੀ ਸੰਤ ਭਿੰਡਰਾਂਵਾਲਾ ਪਹਿਲਾ ਵਿਅਕਤੀ ਸੀ, ਜਿਸ ਨੇ ਅਕਾਲ ਤਖ਼ਤ 'ਤੇ ਇਹ ਸੌਂਹ ਖਾਧੀ। ਲੌਂਗੋਵਾਲ, ਬਲਵੰਤ ਸਿੰਘ, ਬਰਨਾਲਾ ਅਤੇ ਹੋਰ ਅਕਾਲੀ ਨੇਤਾਵਾਂ ਅਤੇ ਇਕ ਲੱਖ ਤੋਂ ਵੱਧ ਅਕਾਲੀ ਵਰਕਰਾਂ ਨੇ ਵੀ 13 ਅਪ੍ਰੈਲ 1983 ਤੋਂ ਮਈ 1983 ਦਰਮਿਆਨ ਅਜਿਹੀ ਸੌਂਹ ਚੁੱਕੀ। ਉਹਨਾਂ ਇਹ ਪ੍ਰਤਿਗਿਆ ਕੀਤੀ ਅਤੇ ਸਹੁੰ ਖਾਧੀ ਕਿ ਉਹ ਸਿੱਖ ਪੰਥ ਦੇ ਕਾਜ ਲਈ ਅਤੇ ਫੌਜ ਵੱਲੋਂ ਦਰਬਾਰ ਸਾਹਿਬ 'ਤੇ ਹਮਲੇ

ਦੀ ਸੂਰਤ ਵਿਚ ਇਸ ਦੀ ਰਾਖੀ ਲਈ ਜਾਨਾਂ ਵਾਰ ਦੇਣਗੇ। ਇਥੇ ਇਹ ਉਲੇਖ ਕਰਨਾ ਵੀ ਉਚਿਤ ਹੈ ਕਿ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਸਾਬਕਾ ਮੰਤਰੀ, ਗੁਰਚਰਨ ਸਿੰਘ ਟੌਹੜਾ, ਬਲਵੰਤ ਸਿੰਘ ਰਾਮੂਵਾਲੀਆ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰਨਾਂ ਨੇ ਬਾਰ ਬਾਰ ਮੰਜੀ ਸਾਹਿਬ ਸਟੇਜ ਤੋਂ ਇਹ ਐਲਾਨ ਕੀਤਾ ਕਿ ਜੇ ਕਦੇ ਕੇਂਦਰ ਨੇ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕੀਤਾ ਤਾਂ ਫੌਜ ਨੂੰ ਸਾਡੀਆਂ ਲਾਸ਼ਾਂ ਤੋਂ ਲੰਘਣਾ ਪਵੇਗਾ। ਉਹਨਾਂ ਇਹ ਸਹੁੰ ਦਰਬਾਰ ਸਾਹਿਬ 'ਤੇ ਅਕਾਲ ਤਖਤ ਦੀ ਹਦੂਦ ਅੰਦਰ ਮੰਜੀ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ 'ਚ ਚੁੱਕੀ।

ਪਰ, ਜਦੋਂ ਫੌਜ ਨੇ ਸੱਚ ਹੀ ਜੂਨ 1984 'ਚ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਸੁਰਜੀਤ ਸਿੰਘ ਬਰਨਾਲਾ, ਰਵੀਇੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਬਲਵੰਤ ਸਿੰਘ ਹੁਰਾਂ ਵਰਗੇ ਠੱਗਾਂ ਤੇ ਕਾਇਰਾਂ ਨੇ ਖੁਦ ਨੂੰ ਆਪਣੇ ਏਅਰ-ਕੰਡੀਸ਼ਨਰ ਘਰਾਂ ਵਿਚ ਮਹਿਦੂਦ ਕਰ ਲਿਆ। ਲੌਂਗੋਵਾਲ, ਟੌਹੜਾ, ਰਾਮੂਵਾਲੀਆ ਤੇ ਕੁਝ ਹੋਰ, ਜੋ ਦਰਬਾਰ ਸਾਹਿਬ ਸਮੂਹ ਅੰਦਰ ਹਾਜ਼ਰ ਸਨ, ਆਪਣੀਆਂ ਜਾਨਾਂ ਬਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਚ ਸਿਮਟ ਗਏ ਅਤੇ ਹੱਥ ਖੜ੍ਹੇ ਕਰਕੇ ਫੌਜ ਕੋਲ ਆਤਮ-ਸਮਰਪਣ ਕਰ ਦਿੱਤਾ। ਇਹ ਕੇਵਲ "ਜਾਂਬਾਜ਼ ਰਾਖਾ" ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਹੀ ਸੀ, ਜੋ ਆਪਣੇ ਭਰੋਸੇਯੋਗ ਸਾਥੀਆਂ ਸਮੇਤ ਆਪਣੇ ਧਰਮ ਅਤੇ ਧਰਮ ਅਸਥਾਨਾਂ ਦੀ ਰਾਖੀ ਲਈ ਭਾਰਤੀ ਫੌਜ ਨਾਲ ਨਿਧੜਕ ਹੌਸਲੇ ਅਤੇ ਬੇਮਿਸਾਲ ਸੂਰਮਗਤੀ ਨਾਲ ਲੜੇ। ਇਹ ਬੜਾ ਵਿਅੰਗਾਤਮਕ ਹੈ ਕਿ ਡਰਪੋਕ ਅਤੇ ਬੇਹਯਾ ਗੱਦਾਰ ਲੌਂਗੋਵਾਲ, ਜੋ ਕਦੇ ਇਹ ਡੀਂਗਾ ਮਾਰਦਾ ਸੀ ਕਿ ਫੌਜ ਉਹਨਾਂ ਦੀਆਂ ਲਾਸ਼ਾਂ ਤੋਂ ਗੁਜ਼ਰੇਗੀ, ਖੁਦ ਬਹਾਦਰ ਸਿੱਖਾਂ ਦੀਆਂ ਲਾਸ਼ਾਂ ਉਪਰੋਂ ਲੰਘਿਆ।

## ਸੰਤ ਭਿੰਡਰਾਂਵਾਲੇ ਦੀ ਸਿੱਖ ਹੋਮਲੈਂਡ ਦੀ ਅਭਿਲਾਸ਼ਾ

ਮੀਰੀ-ਪੀਰੀ ਦਾ ਸੰਕਲਪ ਅਤੇ ਖਾਲਸੇ ਦੀ ਸਿਰਜਣਾ ਮੂਲ ਰੂਪ ਵਿਚ ਸਿੱਖ ਧਰਮ ਅਤੇ ਸਿੱਖ ਕੌਮ ਦੀ ਪ੍ਰਭੁਤਾ ਦਾ ਸੁਨੇਹਾ ਹੀ ਦਿੰਦੇ ਹਨ। ਇਹ ਖਾਲਸਾ ਫਲਸਫੇ ਦਾ ਤੱਤ-ਸਾਰ ਹੈ।

ਗੁਰੂ ਗੋਬਿੰਦ ਸਿੰਘ ਨੇ ਬੜੀ ਸਖਤੀ ਨਾਲ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ ਅਤੇ ਅਖੀਰ ਮਿਸਲ ਰਾਜ ਦੀ ਸਥਾਪਤੀ ਲਈ ਰਾਹ ਪੱਧਰਾ ਹੋਇਆ ਅਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਖਾਲਸਾ ਫੌਜ ਵੱਲੋਂ ਸਿੱਖ ਸਲਤਨਤ ਦੀ ਸਥਾਪਤੀ ਨਾਲ ਇਹ ਮਿਸ਼ਨ ਬੁਲੰਦੀ 'ਤੇ ਪਹੁੰਚਿਆ। ਇਸ ਤਰ੍ਹਾਂ ਖ਼ਾਲਸਾ ਫ਼ਲਸਫ਼ੇ ਦੇ ਵਿਸ਼ੇਸ਼ ਗੁਣ ਖਾਲਸੇ ਨੂੰ ਪ੍ਰਭੂਸੱਤਾ ਦੀ ਖਾਤਰ ਲੜਨ ਲਈ ਪਾਬੰਦ ਕਰਦੇ ਹਨ। ਜਦੋਂ ਤੱਕ ਖ਼ਾਲਸੇ ਦੀ ਅਸਲ ਭਾਵਨਾ ਜਿੰਦਾ ਹੈ ਇਹ ਲਾਜ਼ਮੀ ਗੁਣ ਵੀ ਜਿੰਦਾ ਰਹਿਣਗੇ।

ਖ਼ਾਲਸਈ ਫ਼ਲਸਫ਼ੇ ਦੇ ਇਹਨਾਂ ਮੂਲ ਸਿਧਾਂਤਾਂ ਨੂੰ ਕਾਇਮ ਰੱਖਦੇ ਹੋਏ ਖਾਲਸੇ ਨੇ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਆਰੰਭੇ ਸੁਤੰਤਰਤਾ ਸੰਗਰਾਮ ਵਿਚ ਸਰਗਰਮੀ ਅਤੇ ਜ਼ੋਸ਼ੋ ਖਰੋਸ਼ ਨਾਲ ਹਿੱਸਾ ਲਿਆ ਅਤੇ ਕੁਰਬਾਨੀਆਂ ਦੇਣ ਵਿਚ ਸਾਰੇ ਫਿਰਕਿਆਂ ਨੂੰ ਪਿੱਛੇ ਛੱਡ ਦਿੱਤਾ। ਹਰ ਹਾਲਤ ਵਿਚ ਇਹ ਇਕ ਦੁਖਾਂਤ ਹੈ ਕਿ ਜਦੋਂ ਭਾਰਤ ਨੇ ਆਜ਼ਾਦੀ ਪ੍ਰਾਪਤ ਕਰ ਲਈ ਤਾਂ ਕਾਂਗਰਸ ਨੇ ਖਾਲਸਾ ਪੰਥ ਨਾਲ ਆਜ਼ਾਦੀ ਤੋਂ ਪਹਿਲਾਂ ਕੀਤੇ ਵਾਅਦੇ ਮੁਤਾਬਕ ਦੇਸ਼ ਵਿਚ ਉਨ੍ਹਾਂ ਨੂੰ ਵਿਸ਼ੇਸ਼ ਖਿੱਤਾ ਨਾ ਦੇ ਕੇ ਵਿਸ਼ਵਾਸ਼ਘਾਤ ਕੀਤਾ।

ਉਨ੍ਹਾਂ ਨੇ ਇਹ ਭੁਲਾ ਦਿੱਤਾ ਕਿ ਹਿੰਦੂਆਂ ਤੇ ਮੁਸਲਮਾਨਾਂ ਵਾਂਗ ਸਿੱਖਾਂ ਨੇ ਵੀ ਉੱਤਰ-ਪੱਛਮੀ ਭਾਰਤ ਵਿਚ ਰਾਜ ਕੀਤਾ ਸੀ ਅਤੇ ਉਨ੍ਹਾਂ ਵਾਂਗ ਸਿੱਖਾਂ ਨੇ ਵੀ ਆਪਣੇ ਹੋਮਲੈਂਡ ਦੀ ਇੱਛਾ ਪ੍ਰਗਟਾਈ ਸੀ।

ਸਿੱਖ ਆਪਣਾ ਪਿਆਰਾ ਹੋਮਲੈਂਡ ਪ੍ਰਾਪਤ ਕਰਨ ਵਿਚ ਅਸਫਲ ਕਿਉਂ ਹੋਏ? ਇਸ ਦੇ ਮੁੱਖ ਰੂਪ ਵਿਚ ਦੋ ਕਾਰਨ ਸਨ। ਇਕ-ਸਿੱਖ ਨੇਤਾ ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ ਅਤੇ ਮਧੁਸੂਦਨ ਸਿੰਘ ਰਾਜਸੀ ਦੂਰਦ੍ਰਿਸ਼ਟੀ ਅਤੇ ਸਿਆਣਪ ਤੋਂ ਸੱਖਣੇ ਸਨ। ਉਹ ਮੋਹਨ ਦਾਸ ਕਰਮ ਚੰਦ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਆਦਿ ਹਿੰਦੂ ਕਾਂਗਰਸ ਨੇਤਾਵਾਂ ਦੇ ਕਪਟ ਨੂੰ ਬੁੱਝ ਨਾ ਸਕੇ, ਜਿਹੜੇ ਉਹਨਾਂ ਨੂੰ ਲਗਾਤਾਰ ਝੂਠੇ ਵਾਅਦਿਆਂ ਨਾਲ ਭਰਮਾਉਂਦੇ ਰਹੇ। ਦੋ-ਉਪਰੋਕਤ ਕਾਂਗਰਸੀ ਨੇਤਾਵਾਂ ਨੇ ਇਕ ਚੰਗੀ ਤਰ੍ਹਾਂ ਸੋਚੀ ਸਮਝੀ ਗੁਪਤ ਸਾਜ਼ਿਸ਼ ਅਧੀਨ ਉਹਨਾਂ ਨਾਲ ਧੋਖਾ ਅਤੇ ਵਿਸ਼ਵਾਸ਼ਘਾਤ ਕੀਤਾ, ਪਰ ਧੁੰਦਲੀ ਮਾਨਸਿਕਤਾ ਵਾਲੇ ਸਿੱਖ ਨੇਤਾ ਉਹਨਾਂ ਦੀ ਵਿਉਂਤ ਦੀ ਕਨਸੋਅ ਲੈਣ ਵਿਚ ਅਸਫਲ ਰਹੇ। ਭਾਵੇਂ ਕਿ ਬ੍ਰਿਟਿਸ਼ ਸਰਕਾਰ ਨੇ ਕਾਂਗਰਸੀ ਨੇਤਾਵਾਂ ਵੱਲੋਂ ਉਹਨਾਂ ਨਾਲ ਖੇਡੀ ਜਾ ਰਹੀ ਕੋਝੀ ਚਾਲ ਬਾਰੇ ਬਾਰ ਬਾਰ ਉਹਨਾਂ ਨੂੰ ਚੇਤੰਨ ਕੀਤਾ।

ਰੁਕਾਵਟ ਪਾਉਣ ਦੀ ਰੁਚੀ ਰੱਖਣ ਵਾਲੇ ਸਿੱਖ ਆਗੂਆਂ ਨੂੰ ਲਾਰਿਆਂ ਨਾਲ ਚੰਗੀ ਤਰ੍ਹਾਂ ਮਸਤ ਕਰਨ ਲਈ ਕਾਂਗਰਸ ਨੇ ਪਹਿਲਾਂ 1929 ਦੇ ਆਪਣੇ ਸਾਲਾਨਾ ਲਾਹੌਰ ਸੈਸ਼ਨ ਵਿਚ ਇਕ ਮਤਾ ਪਾਸ ਕਰਕੇ ਯਕੀਨ ਦਹਾਨੀ ਕਰਾਈ ਕਿ ਭਾਰਤ ਦੀ ਆਜ਼ਾਦੀ ਉਪਰੰਤ ਬਹੁਗਿਣਤੀ ਵੱਲੋਂ ਕੋਈ ਵੀ ਅਜਿਹਾ ਸੰਵਿਧਾਨ ਨਹੀਂ ਘੜ੍ਹਿਆ ਜਾਵੇਗਾ, ਜੋ ਸਿੱਖਾਂ ਨੂੰ ਸਪੱਸ਼ਟ ਤੌਰ 'ਤੇ ਸਵੀਕਾਰ ਨਾ ਹੋਵੇ। ਪਰ ਜਦੋਂ 1950 'ਚ ਵਾਸਤਵਿਕ ਰੂਪ 'ਚ ਸੰਵਿਧਾਨ ਘੜ੍ਹਿਆ ਅਤੇ ਪਾਸ ਕੀਤਾ ਗਿਆ ਤਾਂ ਕਾਂਗਰਸ ਸਰਕਾਰ ਨੇ ਆਪਣਾ ਵਾਅਦਾ ਹਵਾ ਵਿਚ ਉਡਾ ਦਿੱਤਾ। ਉਹਨਾਂ ਸਿੱਖ ਨੁਮਾਇੰਦਿਆਂ, ਹੁਕਮ ਸਿੰਘ ਤੇ ਭੁਪਿੰਦਰ ਸਿੰਘ ਮਾਨ ਨੂੰ ਨਾ ਮਾਤਰ ਅਹਿਮੀਅਤ ਹੀ ਦਿੱਤੀ, ਜਿਨ੍ਹਾਂ ਨੇ ਭਾਰਤੀ ਸੰਵਿਧਾਨ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਮਾਰਚ 1931 ਵਿਚ ਦੁਬਾਰਾ ਕਾਂਗਰਸ ਦੀ ਤਰਫੋਂ ਗਾਂਧੀ ਨੇ ਸਿੱਖ ਨੇਤਾਵਾਂ ਨੂੰ ਭਰੋਸਾ ਦਿਵਾਇਆ ਕਿ ਕਾਂਗਰਸ ਅਜਿਹਾ ਕੋਈ ਕਦਮ ਨਹੀਂ ਉਠਾਏਗੀ ਜਿਸ ਨਾਲ ਕਾਂਗਰਸ ਤੋਂ ਸਿੱਖਾਂ ਦੀ ਹਮਦਰਦੀ ਖੁੱਸਦੀ ਹੋਵੇ। ਗਾਂਧੀ ਨੇ ਐਲਾਨ ਕੀਤਾ ਕਿ :


"ਤੁਹਾਡੇ, ਮੇਰੇ ਤੇ ਕਾਂਗਰਸ ਦੇ ਦਰਮਿਆਨ ਪ੍ਰਮਾਤਮਾ ਸਾਖੀ ਹੈ ਕਿ ਅਸੀਂ ਆਪਣੇ ਵਾਅਦਿਆਂ ਤੇ ਪੂਰੇ ਉਤਰਾਂਗੇ। ਜੇ ਕਾਂਗਰਸ ਐਸਾ ਨਹੀਂ ਕਰੇਗੀ ਤਾਂ ਇਹ ਖੁਦ ਆਪਣੀ ਤੇ ਦੇਸ਼ ਦੀ ਤਬਾਹੀ ਦਾ ਕਾਰਣ ਬਣੇਗੀ। ਮੈਨੂੰ ਪਤਾ ਹੈ ਕਿ ਸਿੱਖ ਬੀਰ ਬਹਾਦਰ ਹਨ, ਜੇ ਕੋਈ ਐਸਾ ਮੌਕਾ ਬਣ ਵੀ ਜਾਵੇ ਤਾਂ ਇਹ ਆਪਣੇ ਹੱਕਾਂ ਦੀ ਰਾਖੀ, ਸ਼ਾਸਤਰਾਂ ਦੀ ਵਰਤੋਂ ਦੁਆਰਾ ਕਰਨਾ ਵੀ ਜਾਣਦੇ ਹਨ।"

(ਮਹਾਤਮਾ ਗਾਂਧੀ, ਯੰਗ ਇੰਡੀਆ 19 ਮਾਰਚ 1931)

"ਜਵਾਹਰ ਲਾਲ ਨਹਿਰੂ ਸਿੱਖਾਂ ਨੂੰ ਭਰੋਸਾ ਦਿਵਾਉਣ ਲਈ ਇਕ ਕਦਮ ਹੋਰ ਅਗਾਂਹ ਲੰਘ ਗਿਆ। ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਦੇ ਮੌਕੇ ਉਸ ਨੇ ਮੁੜ ਇਹ ਹਾਮੀ ਭਰੀ ਅਤੇ ਵਿਸ਼ਵਾਸ ਦਿਵਾਇਆ ਕਿ :

"ਪੰਜਾਬ ਦੀ ਬਹਾਦਰ ਸਿੱਖ ਕੌਮ ਵਿਸ਼ੇਸ਼ ਧਿਆਨ ਦੀ ਹੱਕਦਾਰ ਹੈ। ਮੈਨੂੰ ਇਸ ਵਿਚ

ਕੋਊ ਕਿਸੀ ਕਉ ਰਾਜ ਨ ਦੇ ਹੈਂ, ਜੋ ਲੇ ਹੈਂ ਨਿਜ ਬਲ ਸੇ ਲੇ ਹੈਂ।



ਸ੍ਰੀ ਮੁਖ ਭਨਿਓ ਗਰੀਬ ਨਿਵਾਜ, ਸ਼ਸਤ੍ਰਨ ਕੇ ਅਧੀਨ ਹੈ ਰਾਜ॥
ਰਾਜ ਬਿਨਾ ਨਹਿ ਧਰਮ ਚਲੇ ਹੈਂ, ਧਰਮ ਬਿਨਾ ਸਭ ਦਲੇ ਮਲੇ ਹੈਂ॥



ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਭਾਰਤੀ ਫ਼ੌਜ ਦਾ ਦ੍ਰਿੜਤਾ ਅਤੇ ਬਹਾਦਰੀ ਨਾਲ ਟਾਕਰਾ ਕਰਦਿਆਂ ਸ਼ਹੀਦੀ ਜਾਮ ਪੀਣ ਵਾਲੇ ਅਣਖ਼ੀ ਯੋਧੇ ਜਨਰਲ ਸ਼ਬੇਗ ਸਿੰਘ ਆਪਣੇ ਜੀਵਨ ਦੇ ਦੋ ਵੱਖ-ਵੱਖ ਰੂਪਾਂ ਵਿੱਚ।



ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਦਾ ਬਦਲਾ ਲੈਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਸਤਵੰਤ ਸਿੰਘ ਅਤੇ ਸ਼ਹੀਦ ਭਾਈ ਬੇਅੰਤ ਸਿੰਘ।

ਕੋਈ ਗਲਤ ਗੱਲ ਨਹੀਂ ਲੱਗਦੀ ਜੇਕਰ ਦੇਸ ਦੇ ਉੱਤਰੀ ਹਿੱਸੇ ਵਿਚ ਇਕ ਅਜਿਹਾ ਖਿੱਤਾ ਤੇ ਪ੍ਰਬੰਧ ਸਿਰਜ ਲਿਆ ਜਾਵੇ ਜਿੱਥੇ ਕਿ ਸਿੱਖ ਵੀ ਆਜ਼ਾਦੀ ਦਾ ਜਲਵਾ ਮਾਣ ਸਕਣ।"

ਪਰ, ਜਦੋਂ 1947 'ਚ ਭਾਰਤ ਸੱਚਮੁਚ ਆਜ਼ਾਦ ਹੋਇਆ ਤਾਂ ਜਵਾਹਰ ਲਾਲ ਨਹਿਰੂ ਆਪਣੇ ਬੋਲਾਂ ਤੋਂ ਕੰਨੀ ਕਤਰਾ ਗਿਆ ਤੇ ਸਿੱਖਾਂ ਦੀ ਇਸ ਮੰਗ ਨੂੰ ਉਹਨੇ ਪਰ੍ਹਾਂ ਵਗਾਹ ਮਾਰਿਆ ਤੇ ਕਿਹਾ ਕਿ ਹੁਣ ਹਾਲਾਤ ਬਦਲ ਗਏ ਹਨ। ਇਵੇਂ ਸ਼ਾਤਰ ਕਾਂਗਰਸੀ ਨੇਤਾਵਾਂ ਨੇ ਅਯੋਗ ਸਿੱਖ ਆਗੂਆਂ ਨੂੰ ਪਹਿਲਾਂ ਵਾਅਦਿਆਂ ਨਾਲ ਨਸ਼ਿਆਇਆਂ ਅਤੇ ਫ਼ਿਰ ਮੂਰਖ ਬਣਾਇਆ।

ਇਥੇ ਇਹ ਧਿਆਨ ਦੇਣ ਯੋਗ ਹੈ ਕਿ ਬ੍ਰਿਟਿਸ਼ ਸਰਕਾਰ ਕਾਂਗਰਸੀ ਆਗੂਆਂ ਦੇ ਅਸਲ ਇਰਾਦੇ ਤੋਂ ਜਾਣੂੰ ਸੀ। ਉਹ ਜਾਣਦੇ ਸਨ ਕਿ ਕਾਂਗਰਸੀ ਆਗੂ ਸਿੱਧ-ਪੱਧਰੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਸਨ। ਉਹਨਾਂ ਨੂੰ ਭਲੀ-ਭਾਂਤ ਵਾਕਫ਼ੀ ਸੀ ਕਿ ਸੱਤਾ ਤਬਦੀਲੀ ਤੋਂ ਮਗਰੋਂ ਕਾਂਗਰਸੀ ਪਿਛਾਂਹ ਹਟ ਜਾਣਗੇ ਤੇ ਸਿੱਖ ਬਿਪਤਾ ਵਿਚ ਫਸ ਜਾਣਗੇ। ਇਸ ਲਈ 1932 'ਚ ਅੰਗਰੇਜ਼ੀ ਸਰਕਾਰ ਨੇ ਸਿੱਖਾਂ ਨੂੰ ਇਹ ਗੈਰ-ਰਸਮੀ ਤਜਵੀਜ਼ ਪੇਸ਼ ਕੀਤੀ ਕਿ ਜੇ ਉਹ ਕਾਂਗਰਸ ਨਾਲੋਂ ਪੱਕੇ ਤੌਰ 'ਤੇ ਨਾਤਾ ਤੋੜ ਲੈਣ ਤਾਂ ਉਹਨਾਂ ਨੂੰ ਪੰਜਾਬ ਅੰਦਰ ਅਜਿਹੀ ਨਿਰਣਾਇਕ ਰਾਜਸੀ ਮਹੱਤਤਾ ਦਿੱਤੀ ਜਾ ਸਕਦੀ ਹੈ ਜਿਸ ਸਦਕਾ ਉਹ ਭਾਰਤ ਵਿਚ ਤੀਜੀ ਸੁਤੰਤਰ ਹਸਤੀ ਵਜੋਂ ਉਭਰ ਸਕਣਗੇ। ਮੰਦੇ ਭਾਗੀਂ ਕਾਂਗਰਸ ਦੇ ਝੂਠੇ ਲਾਰਿਆਂ ਤੇ ਰੀਝੇ ਮਾਸਟਰ ਤਾਰਾ ਸਿੰਘ ਨੇ ਇਸ ਸੁਨਹਿਰੀ ਪੇਸ਼ਕਸ਼ ਨੂੰ ਲੱਤ ਮਾਰ ਦਿੱਤੀ ਅਤੇ ਇਉਂ ਸਿੱਖਾਂ ਦੀ ਤਕਦੀਰ ਤਬਾਹ ਕਰ ਦਿੱਤੀ।

ਅੰਗਰੇਜ਼ਾਂ ਦੀ ਸਿੱਖਾਂ ਦੇ ਹਿੱਤਾਂ ਨੂੰ ਮਹਿਫੂਜ਼ ਰੱਖਣ ਵਿਚ ਤੀਬਰ ਦਿਲਚਸਪੀ ਸੀ। ਇਸ ਲਈ ਬ੍ਰਿਟਿਸ਼ ਕੈਬਨਿਟ ਨੇ ਇਕ ਵੇਰਾਂ ਫਿਰ ਬਲਦੇਵ ਸਿੰਘ ਨੂੰ ਇਹ ਜਾਣਕਾਰੀ ਦਿੱਤੀ ਕਿ ਅੰਗਰੇਜ਼ ਸਰਕਾਰ ਅਜਿਹੇ ਪ੍ਰਬੰਧ ਕਰਨ ਲਈ ਤਿਆਰ ਹੈ ਜਿਸ ਨਾਲ ਸਿੱਖ ਰਾਜਸੀ ਤੌਰ 'ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਵਿਸ਼ਵ-ਇਤਿਹਾਸ ਦੇ ਪਰਵਾਹ ਵਿਚ ਚੱਲ ਸਕਣਗੇ। ਪਰ ਬਲਦੇਵ ਸਿੰਘ ਵੀ ਬੇਰਹਿਮ ਕਾਂਗਰਸ ਨੇਤਾਵਾਂ 'ਤੇ ਮੰਤਰ-ਮੁਗਧ ਹੋ ਗਿਆ ਅਤੇ ਸਿੱਖਾਂ ਲਈ ਵੱਖਰੇ ਹੋਮਲੈਂਡ ਦੀ ਪੇਸ਼ਕਸ਼ ਨੂੰ ਪਰ੍ਹਾਂ ਸੁੱਟ ਦਿੱਤਾ। ਇਵੇਂ ਮਾਸਟਰ ਤਾਰਾ ਸਿੰਘ ਅਤੇ ਬਲਦੇਵ ਸਿੰਘ ਦੋਹਾਂ ਨੇ ਸਿੱਖ ਭਾਈਚਾਰੇ ਨੂੰ ਮੁਸੀਬਤਾਂ ਅਤੇ ਤਬਾਹੀ ਦੇ ਅਥਾਹ ਡੂੰਘੇ ਸਮੁੰਦਰ ਵਿਚ ਧਕੇਲ ਦਿੱਤਾ, ਜਿਸ ਵਿਚ ਫਸੇ ਉਹ ਆਜ਼ਾਦੀ ਦੇ ਮੌਕੇ ਤੋਂ, ਵਿੱਚੋ ਵਿਚ ਘੁਲਦੇ ਆ ਰਹੇ ਹਨ। ਇਹ ਸਿੱਖਾਂ ਦੇ ਮੰਦੇ ਭਾਗ ਸਨ ਜੋ ਉਹਨਾਂ ਦੇ ਰਾਜਸੀ ਸੂਝ ਤੋਂ ਵਿਹੂਣੇ ਆਗੂ ਮੁਹੰਮਦ ਅਲੀ ਜਿਨਾਹ ਦੀ ਜ਼ਿੰਦਗੀ ਤੋਂ ਕੋਈ ਸਬਕ ਨਾ ਸਿੱਖ ਸਕੇ ਜਿਸ ਨੂੰ ਕਾਂਗਰਸੀ ਆਗੂਆਂ ਵੱਲੋਂ ਸਿੱਖਾਂ ਤੋਂ ਕਿਤੇ ਵੱਧ ਸਬਜ਼-ਬਾਗ ਅਤੇ ਬਹਾਰਾਂ ਦਿਖਾਈਆਂ ਗਈਆਂ ਸਨ। ਪ੍ਰੰਤੂ, ਉਸ ਨੇ ਬੜੀ ਘਿਰਣਾਪੂਰਵਕ ਇਹਨਾਂ ਨੂੰ ਠੁਕਰਾ ਦਿੱਤਾ ਸੀ। ਉਸ ਨੇ ਬੜੇ ਸਾਫ਼ ਸ਼ਬਦਾਂ 'ਚ ਇਹ ਵਿਚਾਰ ਪ੍ਰਗਟਾਏ ਸਨ ਕਿ ਉਹ ਕਾਂਗਰਸੀ ਆਗੂਆਂ 'ਤੇ ਇਤਬਾਰ ਨਹੀਂ ਸੀ ਕਰਦਾ। ਇਸ ਲਈ ਉਹ ਦ੍ਰਿੜਤਾ ਨਾਲ ਆਪਣੇ ਇਰਾਦਿਆਂ 'ਤੇ ਕਾਇਮ ਰਿਹਾ ਤੇ ਅਖੀਰ ਮੁਸਲਮਾਨਾਂ ਦਾ ਹੋਮਲੈਂਡ ਪਾਕਿਸਤਾਨ ਸਥਾਪਿਤ ਕਰ ਗਿਆ।

ਹੁਣ ਰਿਵਾਇਤੀ ਅਕਾਲੀ ਆਗੂ ਬੀਤੇ ਤੋਂ ਸਬਕ ਸਿੱਖਣ, ਮੌਜੂਦਾ ਸਥਿਤੀ ਨੂੰ ਘੋਖਣ ਅਤੇ ਭਵਿੱਖ ਲਈ ਪ੍ਰੋਗਰਾਮ ਉਲੀਕਣ। ਇਹੀ ਕੁਝ ਸੀ ਜਿਸਦੀ ਸੰਤ ਜਰਨੈਲ

ਸਿੰਘ ਨੇ ਅਕਾਲੀ ਨੇਤਾਵਾਂ ਕੋਲੋਂ ਉਮੀਦ ਪ੍ਰਗਟਾਈ ਸੀ। ਉਸ ਦੀ ਰਾਇ ਸੀ ਕਿ ਸਰਕਾਰ ਨੂੰ ਉਸ ਵੱਲੋਂ ਆਜ਼ਾਦੀ ਤੋਂ ਪਹਿਲਾਂ ਕੀਤੇ ਅਤੇ ਪਿਛੋਂ ਤੋੜੇ ਗਏ ਵਾਅਦਿਆਂ ਦੀ ਯਾਦ ਦਿਵਾਉਣਾ ਵਿਅਰਥ ਹੈ। ਇਨ੍ਹਾਂ ਜਬਾਨੀ ਕਲਾਮੀ ਵਾਅਦਿਆਂ ਦਾ ਉਹਨਾਂ ਲਿਖਤੀ ਵਾਅਦਿਆਂ ਦੀ ਤੁਲਨਾ ਵਿਚ ਕੀ ਮੁੱਲ ਸੀ, ਜੋ ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਦੇ ਵਿਵਾਦਪੂਰਨ ਮਸਲੇ ਸੰਬੰਧੀ 1948 ਵਿਚ ਯੂ.ਐਨ.ਓ. ਅਤੇ ਸੁਰੱਖਿਆ ਕੌਂਸਲ ਨਾਲ ਕੀਤੇ ਸਨ। ਜਵਾਹਰ ਲਾਲ ਨਹਿਰੂ ਨੇ ਕਸ਼ਮੀਰ ਮੁੱਦੇ ਨੂੰ ਉਪਰੋਕਤ ਵਿਸ਼ਵ-ਸੰਸਥਾ ਦੇ ਸਪੁਰਦ ਕੀਤਾ ਸੀ ਅਤੇ ਪਾਕਿਸਤਾਨ ਨਾਲ ਗੋਲੀਬੰਦੀ ਦੀ ਇੱਛਾ ਜ਼ਾਹਰ ਕੀਤੀ ਸੀ। ਉਹ ਨੇ 1948 'ਚ ਜੰਮੂ-ਕਸ਼ਮੀਰ 'ਚ ਜਨਮਤ ਕਰਾਉਣ ਲਈ ਵੀ ਸਹਿਮਤੀ ਪ੍ਰਗਟਾਈ ਸੀ ਤਾਂ ਕਿ ਕਸ਼ਮੀਰੀਆਂ ਦੀ ਇੱਛਾ ਜਾਣੀ ਜਾ ਸਕੇ ਕਿ ਉਹ ਭਾਰਤ ਵਿਚ ਰਲਣਾ ਚਾਹੁੰਦੇ ਹਨ ਜਾਂ ਪਾਕਿਸਤਾਨ ਵਿਚ। ਪਰ 1956 ਵਿਚ ਉਹ "ਹੁਣ ਹਾਲਾਤ ਬਦਲ ਚੁੱਕੇ ਹਨ" ਕਹਿ ਕੇ ਇਸ ਤੋਂ ਭੱਜ ਗਿਆ। ਜੇ ਭਾਰਤ ਸਰਕਾਰ ਯੂ.ਐਨ.ਓ. ਨਾਲ ਲਿਖਤੀ ਵਚਨਬੱਧਤਾ ਪ੍ਰਗਟ ਕਰਕੇ ਉਸਤੋਂ ਪਿੱਛੇ ਹਟ ਸਕਦੀ ਹੈ ਤਾਂ ਸਿੱਖਾਂ ਨਾਲ ਕੀਤੇ ਜੁਬਾਨੀ ਵਾਅਦਿਆਂ ਦੀ ਪੂਰਤੀ ਦਾ ਸਵਾਲ ਵੀ ਕਿਵੇਂ ਉਠ ਸਕਦਾ ਹੈ।

ਇਹ ਇਕ ਵਿਡੰਬਨਾ ਹੈ ਕਿ ਸਿੱਖਾਂ ਨੂੰ ਵਿਸ਼ੇਸ਼ ਥਾਂ ਦੇਣ ਦੀ ਬਜਾਏ ਭਾਰਤ ਸਰਕਾਰ ਨੇ ਆਜ਼ਾਦੀ ਤੋਂ ਤੁਰੰਤ ਬਾਅਦ ਉਨ੍ਹਾਂ ਨੂੰ ਜਰਾਇਮ ਪੇਸ਼ਾ ਅਤੇ ਲਾ-ਕਾਨੂੰਨ ਫਿਰਕਾ ਕਰਾਰ ਦਿੱਤਾ। ਭਾਰਤ ਸਰਕਾਰ ਨੇ 1947 ਵਿਚ ਪੰਜਾਬ ਸਰਕਾਰ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਕ ਖੁਫੀਆ ਗਸ਼ਤੀ-ਪੱਤਰ ਜਾਰੀ ਕੀਤਾ ਜਿਸ ਵਿਚ ਸਪੱਸ਼ਟ ਆਦੇਸ਼ ਸਨ ਕਿ :

"ਬਤੌਰ ਭਾਈਚਾਰਾ ਸਿੱਖ ਜਰਾਇਮ ਪੇਸ਼ਾ ਲੋਕ ਹਨ ਅਤੇ ਸੂਬੇ ਵਿਚਲੇ ਅਮਨ ਪਸੰਦ ਹਿੰਦੂਆਂ ਲਈ ਖਤਰਾ ਹਨ। ਡਿਪਟੀ ਕਮਿਸ਼ਨਰ ਇਹਨਾਂ ਵਿਰੁੱਧ ਵਿਸ਼ੇਸ਼ ਕਾਰਵਾਈ ਕਰਨ।"

ਇਹੀ ਉਹ ਇਨਾਮ ਸੀ ਜੋ ਕਾਂਗਰਸ ਸਰਕਾਰ ਨੇ ਸੁਤੰਤਰਤਾ ਸੰਗਰਾਮ ਦੌਰਾਨ ਕੀਤੀਆਂ ਕੁਰਬਾਨੀਆਂ ਬਦਲੇ ਬਹਾਦਰ ਸਿੱਖਾਂ ਨੂੰ ਦਿੱਤਾ।

ਮੁਗਲ ਬਾਦਸ਼ਾਹਾਂ ਨੇ ਵੀ ਇੰਨ ਬਿੰਨ ਇਵੇਂ ਹੀ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਭਾਈਚਾਰਾ ਕਿਹਾ ਸੀ ਅਤੇ ਇਸ ਲਈ ਸਿੱਖਾਂ ਵਿਰੁੱਧ ਦਮਨਕਾਰੀ ਢੰਗ ਅਪਨਾਏ ਸਨ। ਅਤੇ ਇਹਨਾਂ ਜ਼ੁਲਮਾਂ ਵਿਰੁੱਧ ਹੀ ਜੁਝਾਰੂ ਸਿੱਖ ਗੁਰੂਆਂ ਨੇ ਹਥਿਆਰ ਉਠਾਏ ਸਨ ਅਤੇ ਚੁਣੌਤੀ ਦਾ ਬਹਾਦਰੀ ਨਾਲ ਟਾਕਰਾ ਕੀਤਾ ਸੀ। ਇਹ ਖਾਲਸੇ ਦੀ ਪੁਰਾਤਨ ਪਰੰਪਰਾ ਹੈ ਕਿ ਉਹ ਜ਼ਾਲਮਾਂ ਨਾਲ ਲੜਦਾ ਹੈ ਅਤੇ ਜ਼ੁਲਮ ਦੇ ਅੱਗੇ ਗੋਡੇ ਨਹੀਂ ਟੇਕਦਾ। ਇਵੇਂ ਹੀ ਜੇ ਕਾਂਗਰਸ ਸਰਕਾਰ ਨੇ ਘਿਰਣਾਪੂਰਵਕ ਉਹਨਾਂ 'ਤੇ ਜਰਾਇਮ ਪੇਸ਼ਾ ਲੋਕ ਹੋਣ ਦਾ ਧੱਬਾ ਲਾ ਕੇ ਉਹਨਾਂ 'ਤੇ ਜ਼ੁਲਮ ਕੀਤਾ ਹੈ ਤਾਂ ਉਹਨਾਂ ਵੱਲੋਂ ਹਥਿਆਰਾਂ ਦਾ ਮੁਕਾਬਲਾ ਹਥਿਆਰਾਂ ਨਾਲ ਕਰਨਾ ਵਾਜ਼ਬ ਹੈ।

ਇਸ ਸੰਬੰਧੀ ਐਮ.ਕੇ. ਗਾਂਧੀ ਨੇ ਵੀ ਸਿੱਖਾਂ ਨੂੰ ਸਲਾਹ ਦਿੱਤੀ ਸੀ ਕਿ ਜੇਕਰ ਸਰਕਾਰ ਉਹਨਾਂ ਦੀਆਂ ਹੱਕੀ ਮੰਗਾਂ ਨਾ ਮੰਨੇ ਤਾਂ ਉਹ ਕਿਰਪਾਨ ਉਠਾ ਸਕਦੇ ਹਨ। ਜਦੋਂ ਮਧੂਸੂਦਨ ਸਿੰਘ ਨੇ ਗਾਂਧੀ ਨੂੰ ਪੁੱਛਿਆ ਕਿ ਕਾਂਗਰਸ ਵੱਲੋਂ ਵਿਸ਼ਵਾਸ਼ਘਾਤ ਕੀਤੇ ਜਾਣ ਦੀ ਸੂਰਤ ਵਿਚ ਸਿੱਖ ਕੀ ਕਰਨ ਤਾਂ ਗਾਂਧੀ ਨੇ ਦ੍ਰਿੜਤਾ ਨਾਲ ਜਵਾਬ ਦਿੱਤਾ ਸੀ ਕਿ ਅਜਿਹਾ ਹੋਣ 'ਤੇ ਬਹਾਦਰ ਸਿੱਖਾਂ ਨੂੰ ਆਪਣੇ ਹੱਥਾਂ 'ਚ ਕਿਰਪਾਨਾਂ ਉਠਾ ਲੈਣੀਆਂ

ਚਾਹੀਦੀਆਂ ਹਨ ਤੇ ਹਥਿਆਰਾਂ ਨਾਲ ਆਪਣੇ ਹੱਕਾਂ ਦੀ ਪਹਿਰੇਦਾਰੀ ਕਰਨੀ ਚਾਹੀਦੀ ਹੈ, ਜੋ ਪੂਰੀ ਤਰ੍ਹਾਂ ਵਾਜਬ ਹੋਵੇਗੀ। ਜੇਕਰ ਗਾਂਧੀ ਜਿਹਾ ਮਹਾਨ ਕਾਂਗਰਸੀ ਨੇਤਾ ਸਿੱਖਾਂ ਵੱਲੋਂ ਆਪਣੇ ਹਿੱਤਾਂ ਦੀ ਰਾਖੀ ਲਈ ਹਥਿਆਰਬੰਦ ਸੰਘਰਸ਼ ਨੂੰ ਜਾਇਜ਼ ਠਹਿਰਾਉਂਦਾ ਹੈ, ਤਾਂ ਫਿਰ ਸੰਤ ਭਿੰਡਰਾਂਵਾਲੇ ਨੂੰ ਉਸਦੀ ਖਾੜਕੂ ਜੱਦੋ-ਜਹਿਦ ਕਾਰਨ ਦੋਸ਼ ਕਿਉਂ ਦਿੱਤਾ ਜਾਂਦਾ ਹੈ?

ਮੀਰੀ-ਪੀਰੀ ਦਾ ਸੰਕਲਪ ਅਤੇ ਖਾਲਸੇ ਦਾ ਫਲਸਫਾ ਬਹਾਦਰ ਸਿੱਖਾਂ ਨੂੰ ਆਪਣੇ ਹੱਕਾਂ ਲਈ ਲੜਨ ਅਤੇ ਆਪਣੇ ਹਿੱਤਾਂ ਦੀ ਰਾਖੀ ਕਰਨ ਲਈ ਵਚਨਬੱਧ ਕਰਦਾ ਹੈ। ਇਵੇਂ ਜੇਕਰ ਸੰਤ ਭਿੰਡਰਾਂਵਾਲੇ ਨੇ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਮੀਰੀ-ਪੀਰੀ ਅਤੇ ਖਾਲਸੇ ਦੇ ਫਲਸਫੇ ਦੀ ਪਾਲਨਾ ਕੀਤੀ ਹੈ (ਜਿਸ ਦਾ ਸਮਰਥਨ ਸਪੱਸ਼ਟ ਰੂਪ 'ਚ ਗਾਂਧੀ ਨੇ ਵੀ ਕੀਤਾ ਹੈ) ਤਾਂ ਉਸਨੇ ਇਸ ਵਿਚ ਕਿਹੜੀ ਗਲਤੀ ਕੀਤੀ ਹੈ? ਉਸ ਨੂੰ ਕਾਂਗਰਸ ਵੱਲੋਂ ਸਿੱਖਾਂ ਨਾਲ ਵੱਖਰੇ ਹੋਮਲੈਂਡ ਦੇ ਕੀਤੇ ਗਏ ਵਾਅਦਿਆਂ ਨੇ ਪ੍ਰੇਰਿਆ ਅਤੇ ਇਸ ਲਈ ਉਸ ਨੇ ਇਹਨਾਂ ਵਫ਼ਾ ਨਾ ਹੋਏ ਇਕਰਾਰਾਂ ਦੀ ਪੂਰਤੀ ਦੀ ਇੱਛਾ ਪ੍ਰਗਟ ਕੀਤੀ। ਇਹੀ ਉਸ ਦੇ ਜੀਵਨ ਦਾ ਇਕੋ ਇਕ ਮਿਸ਼ਨ ਸੀ ਅਤੇ ਇਸ ਲਈ ਉਹ ਸੂਰਮਤਾਈ ਨਾਲ ਲੜਿਆ।

ਅਧਿਆਇ ਚੌਥਾ

# ਸੰਤ ਭਿੰਡਰਾਂਵਾਲਾ ਅਤੇ ਧਰਮ ਯੁੱਧ ਮੋਰਚਾ

ਅਕਾਲੀ ਦਲ ਨੇ ਹਰਚੰਦ ਸਿੰਘ ਲੌਂਗੋਵਾਲ ਦੀ ਕਮਜ਼ੋਰ ਅਗਵਾਈ ਹੇਠ ਬੜੀ ਬੇਦਿਲੀ ਨਾਲ ਜਨਵਰੀ ਅਤੇ ਫਰਵਰੀ 1981 ਵਿਚ ਕੇਵਲ ਜਿਣਸਾਂ ਦੇ ਲਾਹੇਵੰਦ ਮੁੱਲ ਦੇਣ ਅਤੇ ਦਰਬਾਰਾ ਸਿੰਘ ਸਰਕਾਰ, ਜੋ ਜੂਨ 1980 'ਚ ਮੱਧਕਾਲੀ ਚੋਣਾਂ 'ਚ ਅਕਾਲੀਆਂ ਨੂੰ ਹਰਾ ਕੇ ਸੱਤਾ 'ਚ ਆਈ ਸੀ, ਵੱਲੋਂ ਬੱਸ ਕਿਰਾਇਆਂ 'ਚ ਕੀਤੇ ਗਏ ਵਾਧੇ ਨੂੰ ਵਾਪਸ ਲੈਣ ਦੀ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਕੀਤਾ। ਦੋਵੇਂ ਕਮਿਊਨਿਸਟ ਪਾਰਟੀਆਂ ਸੀ.ਪੀ.ਆਈ. ਤੇ ਸੀ.ਪੀ.ਆਈ. (ਐਮ.), ਵੀ ਅੰਦੋਲਨ 'ਚ ਸ਼ਾਮਲ ਹੋ ਗਏ। ਇਸ ਅੰਦੋਲਨ ਨੇ ਜਨਤਾ 'ਤੇ ਕੋਈ ਪ੍ਰਭਾਵ ਨਾ ਪਾਇਆ ਤੇ ਇਸ ਲਈ ਇਹ ਨੀਰਸ ਹੋ ਗਿਆ। ਉਨ੍ਹਾਂ ਦੀ ਇਸ ਤਰਸਯੋਗ ਦਸ਼ਾ ਨੂੰ ਦੇਖ ਕੇ ਦੋਹਾਂ ਕਮਿਊਨਿਸਟ ਪਾਰਟੀਆਂ ਨੇ ਅਕਾਲੀਆਂ ਦੀ ਭਾਈਵਾਲੀ ਛੱਡ ਦਿੱਤੀ। ਹੁਣ ਅਕਾਲੀ ਕਿਸੇ ਅਜਿਹੇ ਨਵੇਂ ਮੁੱਦੇ ਦੀ ਭਾਲ ਵਿਚ ਸਨ, ਜੋ ਜਨਤਾ ਨੂੰ ਉਨ੍ਹਾਂ ਨਾਲ ਰਲਣ ਲਈ ਆਕਰਸ਼ਿਤ ਕਰ ਸਕੇ। ਉਨ੍ਹਾਂ ਸਤਲੁਜ-ਯਮਨਾ ਲਿੰਕ ਨਹਿਰ, ਐਸ.ਵਾਈ.ਐਲ., ਜਿਸ ਨੇ ਕਿ ਪੰਜਾਬ ਦੇ ਕਿਸਾਨਾਂ ਦੀ ਕੀਮਤ 'ਤੇ ਸਤਲੁਜ ਦਾ ਪਾਣੀ ਹਰਿਆਣੇ ਨੂੰ ਲੈ ਕੇ ਜਾਣਾ ਸੀ, ਦੀ ਖੁਦਾਈ ਵਿਰੁੱਧ ਅੰਦੋਲਨ ਸ਼ੁਰੂ ਕਰਕੇ ਆਪਣੀ ਕਿਸਮਤ ਅਜਮਾਈ। ਉਨ੍ਹਾਂ ਪ੍ਰਣ ਕੀਤਾ ਕਿ ਉਹ ਪਟਿਆਲਾ ਦੇ ਕਪੂਰੀ ਪਿੰਡ ਨੇੜੇ 24 ਅਪ੍ਰੈਲ, 1982 ਦੇ ਦਿਨ ਨਹਿਰ ਦੀ ਪੁਟਾਈ ਰੋਕਣਗੇ। ਇਹ ਅੰਦੋਲਨ ਵੀ ਕਿਸਾਨਾਂ ਨੂੰ ਅਕਾਲੀ ਨੇਤਾਵਾਂ ਦੁਆਲੇ ਇਕੱਤਰ ਕਰਨ ਵਿਚ ਅਸਫਲ ਰਿਹਾ ਅਤੇ ਠੁੱਸ ਹੋ ਗਿਆ। ਘੜੀ-ਮੁੜੀ ਅਤੇ ਉਪਰੋ-ਥਲੀ ਹੋਈਆਂ ਨਾਕਾਮੀਆਂ ਨੇ ਅਕਾਲੀਆਂ ਦਾ ਮਨੋਬਲ ਡੇਗ ਦਿੱਤਾ ਅਤੇ ਲੌਂਗੋਵਾਲ ਨੇ ਬੜੀ ਨਿਰਾਸ਼ਾ ਮਹਿਸੂਸ ਕੀਤੀ।

ਲੌਂਗੋਵਾਲ ਸਿੱਖ ਅਵਾਮ ਦੀਆਂ ਭਾਵਨਾਵਾਂ ਟੁੰਬਣ ਵਿਚ ਅਸਫਲ ਰਿਹਾ, ਕਿਉਂਕਿ ਉਹ ਲੀਡਰਸ਼ਿਪ ਲਈ ਲੋੜੀਂਦੇ ਸਾਰੇ ਲਾਜ਼ਮੀ ਗੁਣਾਂ ਤੋਂ ਸੱਖਣਾ ਸੀ। ਉਹ ਰਾਜਸੀ ਦੂਰ-ਦ੍ਰਿਸ਼ਟੀ ਤੋਂ ਕੋਰਾ ਹੋਣ ਕਾਰਨ ਸਿੱਖ ਪੰਥ ਨੂੰ ਨਿੱਗਰ ਸੇਧ ਦੇਣ ਵਿਚ ਅਸਫਲ ਰਿਹਾ। ਉਹ ਖ਼ਾਲਸੇ ਦੀ ਮਾਨਸਿਕਤਾ ਨੂੰ ਟੁੰਬਣ ਵਾਲੀਆਂ ਕੋਈ ਠੋਸ ਮੰਗਾਂ ਨਿਰਧਾਰਤ ਕਰਨ ਵਿਚ ਵੀ ਨਾਕਾਮ ਰਿਹਾ, ਕਿਉਂਕਿ ਉਹ ਖੁਦ ਇਕ ਥੋਥਾ ਅਤੇ ਉਤਸ਼ਾਹ-ਹੀਣ ਨੇਤਾ ਸੀ। ਇਸ ਲਈ ਉਸਦੀ ਕਮਜ਼ੋਰ ਲੀਡਰਸ਼ਿਪ ਨੇ ਅਕਾਲੀਆਂ ਨੂੰ ਵੀਰਾਨੀ ਵਿਚ ਸੁੱਟ ਕੇ ਅਲੱਗ-ਥਲੱਗ ਕਰ ਦਿੱਤਾ।

ਜਦੋਂ ਲੌਂਗੋਵਾਲ ਪੰਜਾਬ 'ਚ ਨਾਂ-ਮਾਤਰ ਲੜਾਈ ਲੜ ਰਿਹਾ ਸੀ ਤਾਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਿੱਲੀ ਵਿਖੇ ਆਨੰਦਪੁਰ ਸਾਹਿਬ ਦੇ ਮਤੇ ਲਈ ਸੰਘਰਸ਼ ਕਰ ਰਿਹਾ ਸੀ। ਉਸ ਨੇ 13 ਅਪ੍ਰੈਲ, 1981 ਨੂੰ ਆਪਣਾ ਹੈਡਕੁਆਰਟਰ ਦਿੱਲੀ ਵਿਖੇ ਤਬਦੀਲ ਕਰ ਲਿਆ ਅਤੇ ਕੇਵਲ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਨ ਦੀ ਇਕੋ ਇਕ ਮੰਗ ਲੈ ਕੇ ਕੱਲਮ-ਕੱਲੇ ਹੀ ਮੋਰਚਾ ਲਾ ਦਿੱਤਾ। ਉਹ ਦਿੱਲੀ ਵਿੱਚ ਆਪਣੀ ਲੜਾਈ ਸ਼ੁਰੂ ਕੀਤੀ ਅਤੇ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕਰਕੇ ਅਨੇਕਾਂ ਵਾਰ ਜੇਲ੍

ਗਿਆ। ਸੰਤ ਭਿੰਡਰਾਂਵਾਲੇ ਵੱਲੋਂ ਉਸ ਨੂੰ ਅਗਸਤ 1982 ਵਿਚ ਪੰਜਾਬ ਵਾਪਸ ਆ ਕੇ ਅਕਾਲੀ ਦਲ ਤੇ ਸੰਤਾਂ ਵੱਲੋਂ ਅੰਮ੍ਰਿਤਸਰ ਤੋਂ ਆਰੰਭੇ ਧਰਮ ਯੁੱਧ ਮੋਰਚੇ 'ਚ ਸ਼ਾਮਲ ਹੋਣ ਲਈ ਮਨਾ ਲੈਣ ਤੱਕ ਉਹ ਦਿੱਲੀ ਅਤੇ ਤਿਹਾੜ ਜੇਲ੍ਹ ਵਿਚ ਹੀ ਰਿਹਾ। ਤਲਵੰਡੀ ਇਸ ਸ਼ਰਤ 'ਤੇ ਧਰਮ ਯੁੱਧ ਮੋਰਚੇ 'ਚ ਸ਼ਾਮਲ ਹੋਣ ਲਈ ਸਹਿਮਤ ਹੋਇਆ ਕਿ ਆਨੰਦਪੁਰ ਸਾਹਿਬ ਮਤੇ ਨੂੰ ਲੌਂਗੋਵਾਲ ਵਾਲੇ ਅਕਾਲੀ ਦਲ ਅਤੇ ਸੰਤ ਭਿੰਡਰਾਂਵਾਲੇ ਵੱਲੋਂ ਨਿਸ਼ਚਿਤ ਕੀਤੀਆਂ ਮੰਗਾਂ ਦੀ ਸੂਚੀ ਵਿੱਚ ਸਭ ਤੋਂ ਉਪਰ ਰੱਖਿਆ ਜਾਵੇਗਾ। ਸੰਤ ਨੇ ਨਾ ਕੇਵਲ ਉਸਦੀ ਇਹ ਸ਼ਰਤ ਹੀ ਮੰਨੀ ਸਗੋਂ ਤਲਵੰਡੀ ਨੂੰ ਭਰੋਸਾ ਦਿੱਤਾ ਕਿ ਉਹ ਆਨੰਦਪੁਰ ਸਾਹਿਬ ਦੇ ਮਤੇ ਨੂੰ ਆਪਣੇ ਮਿਸ਼ਨ ਵਜੋਂ ਅਪਣਾਏਗਾ। ਇਸ ਤੇ ਤਲਵੰਡੀ ਪੰਜਾਬ ਮੁੜ ਆਇਆ ਅਤੇ ਸਤੰਬਰ 1982 ਵਿਚ ਧਰਮ ਯੁੱਧ ਮੋਰਚੇ 'ਚ ਸ਼ਾਮਲ ਹੋ ਗਿਆ।

ਤਲਵੰਡੀ ਨੂੰ ਆਨੰਦਪੁਰ ਸਾਹਿਬ ਦੇ ਮਤੇ ਨਾਲ ਇੰਨਾ ਲਗਾਓ ਕਿਉਂ ਸੀ? ਜਦੋਂ 1977 ਵਿਚ ਪ੍ਰਕਾਸ਼ ਸਿੰਘ ਬਾਦਲ ਵੱਲੋਂ ਬਤੌਰ ਮੁੱਖ ਮੰਤਰੀ ਅਕਾਲੀ ਸਰਕਾਰ ਬਣਾਈ ਗਈ ਉਦੋਂ ਤਲਵੰਡੀ ਅਕਾਲੀ ਦਲ ਦਾ ਪ੍ਰਧਾਨ ਸੀ। 27 ਅਤੇ 28 ਅਕਤੂਬਰ, 1978 ਨੂੰ ਲੁਧਿਆਣਾ ਵਿਖੇ ਅਕਾਲੀ ਦਲ ਦੀ ਸਾਲਾਨਾ ਆਮ ਕਾਨਫਰੰਸ ਕੀਤੀ ਗਈ। ਜਦੋਂ ਬਾਕੀ ਅਖੌਤੀ ਨਰਮ ਖਿਆਲੀ ਅਕਾਲੀ ਅਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕਰਨੋਂ ਕੰਨੀ ਕਤਰਾ ਰਹੇ ਸਨ ਤਾਂ ਕਠੋਰ ਨੀਤੀ ਵਾਲੇ ਨੇਤਾ ਵਜੋਂ ਜਾਣੇ ਜਾਂਦੇ ਤਲਵੰਡੀ ਨੇ ਜ਼ੋਰ ਦੇ ਕੇ ਇਸ ਨੂੰ 28 ਅਕਤੂਬਰ ਵਾਲੇ ਦਿਨ ਆਮ ਇਜਲਾਸ ਵਿਚ ਪ੍ਰਵਾਨ ਕਰਾ ਲਿਆ। ਇਵੇਂ ਇਕ ਤਰ੍ਹਾਂ ਨਾਲ ਤਲਵੰਡੀ ਅਨੰਦਪੁਰ ਸਾਹਿਬ ਦੇ ਮਤੇ ਦਾ ਦੂਸਰਾ ਬਾਨੀ ਬਣ ਗਿਆ ਕਿਉਂ ਜੁ ਅਕਤੂਬਰ 1973 ਵਿਚ ਆਨੰਦਪੁਰ ਸਾਹਿਬ ਵਿਖੇ ਤਿਆਰ ਕੀਤੇ ਗਏ ਅਸਲ ਆਨੰਦਪੁਰ ਸਾਹਿਬ ਦੇ ਮਤੇ ਵਿਚ 1978 ਵਿਚ ਕੁਝ ਕੁ ਸੋਧਾਂ ਕੀਤੀਆਂ ਗਈਆਂ ਸਨ। ਸੋਧੇ ਹੋਏ ਮਤੇ ਵਿੱਚ ਵੀ ਪੰਜਾਬ ਲਈ ਕਾਫੀ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ। ਜਿਸ ਨਾਲ ਇਹ ਖੁਦਮੁਖਤਿਆਰ ਸੂਬਾ ਬਣ ਸਕੇ। ਇਸ ਮਤੇ ਵਿੱਚ ਮੁੱਖ ਰੂਪ ਵਿੱਚ ਇਹ ਅੰਕਤ ਸੀ ਕਿ ਸੁਰੱਖਿਆ, ਵਿਦੇਸ਼ੀ ਮਾਮਲੇ, ਕਰੰਸੀ ਅਤੇ ਸੰਚਾਰ ਦੇ ਮਹਿਕਮੇ ਕੇਂਦਰ ਸਰਕਾਰ ਕੋਲੇ ਰਹਿਣ ਅਤੇ ਬਾਕੀ ਸਾਰੇ ਅਧਿਕਾਰ ਸੂਬਿਆਂ ਨੂੰ ਦਿੱਤੇ ਜਾਣ। ਅਧਿਕਾਰਾਂ ਦੀ ਅਜਿਹੀ ਵੰਡ ਸਿੱਖ ਪੰਥ ਦੀਆਂ ਇਛਾਵਾਂ ਦੀ ਸੰਤੁਸ਼ਟੀ ਲਈ ਕਾਫੀ ਸੀ। ਇਸੇ ਕਾਰਨ ਹੀ ਬਾਅਦ ਵਿਚ ਸੰਤ ਭਿੰਡਰਾਂਵਾਲੇ ਨੇ ਤਹਿ ਦਿਲੋਂ ਇਸ ਨੂੰ ਆਪਣੇ ਜੀਵਨ ਦਾ ਮਿਸ਼ਨ ਬਣਾ ਲਿਆ ਅਤੇ 1973 ਵਿਚ ਅਪਣਾਏ ਗਏ ਆਨੰਦਪੁਰ ਮਤੇ ਦੀ ਪ੍ਰਾਪਤੀ ਲਈ ਪ੍ਰਣ ਲਿਆ। ਲੌਂਗੋਵਾਲ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਆਖਰਕਾਰ ਇਸ ਮਤੇ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਰਾਜਸੀ ਸੱਤਾ ਹਾਸਲ ਕਰਨ ਦੀ ਠਾਣ ਲਈ। ਇਹ ਕੇਵਲ ਸੰਤ ਭਿੰਡਰਾਂਵਾਲੇ ਸਨ ਜੋ ਆਪਣੇ ਇਰਾਦੇ 'ਤੇ ਦ੍ਰਿੜ ਰਹੇ।

ਜੁਲਾਈ 1982 ਦੇ ਅੱਧ ਵਿਚ ਸੰਤ ਭਿੰਡਰਾਂਵਾਲੇ ਬੀਮਾਰ ਹੋ ਗਏ ਅਤੇ ਉਹਨਾਂ ਦੀ ਦੇਖ ਭਾਲ ਕਰ ਰਹੇ ਡਾਕਟਰ ਨੇ ਉਹਨਾਂ ਨੂੰ ਇਕ ਹਫਤਾ ਆਰਾਮ ਕਰਨ ਦੀ ਸਲਾਹ ਦਿੱਤੀ। ਇਸੇ ਦੌਰਾਨ ਸੰਤ ਭਿੰਡਰਾਂਵਾਲੇ ਦੇ ਨਿਕਟ ਸਹਿਯੋਗੀ ਏ.ਆਈ.ਐਸ.ਐਸ.ਐਫ. ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਦੇ ਪ੍ਰਬੰਧਕ ਬਾਬਾ ਠ੍ਹਾਰਾ ਸਿੰਘ ਨੂੰ ਪੁਲਿਸ ਨੇ ਅੰਮ੍ਰਿਤਸਰ ਵਿਚ 19 ਜੁਲਾਈ 1982 ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ 'ਤੇ ਝੂਠਾ ਫੌਜਦਾਰੀ ਕੇਸ ਪਾ ਕੇ ਹਿਰਾਸਤ 'ਚ ਰੱਖਿਆ

ਗਿਆ। ਸਰਕਾਰ ਦੇ ਇਸ ਕਾਰੇ ਨੇ ਸੰਤ ਭਿੰਡਰਾਂਵਾਲੇ ਨੂੰ ਨਿਆਂ ਖਾਤਰ ਲੜਨ ਲਈ ਮਜਬੂਰ ਕਰ ਦਿੱਤਾ। ਆਪਣੇ ਬੀਮਾਰ ਹੋਣ ਦੇ ਬਾਵਜੂਦ ਉਸ ਨੇ ਉਸੇ ਦਿਨ ਆਪਣਾ ਹੈਡਕੁਆਟਰ ਅੰਮ੍ਰਿਤਸਰ ਤਬਦੀਲ ਕਰ ਲਿਆ ਅਤੇ ਗੁਰੂ ਨਾਨਕ ਨਿਵਾਸ ਦੇ ਕਮਰਾ ਨੰ. 47 ਵਿਚ ਟਿਕਾਣਾ ਆ ਕੀਤਾ। ਉਹਨੇ ਨਿਆਂ ਪ੍ਰਾਪਤੀ ਦੀ ਆਪਣੀ ਲੜਾਈ ਦੀ ਸਫਲਤਾ ਲਈ ਅਕਾਲ ਤਖਤ 'ਤੇ ਅਰਦਾਸ ਕੀਤੀ ਅਤੇ 51 ਸਿੰਘਾਂ ਦਾ ਜਥਾ ਗ੍ਰਿਫਤਾਰੀ ਦੇਣ ਲਈ ਡੀ.ਸੀ. ਦੀ ਰਿਹਾਇਸ਼ਗਾਹ 'ਤੇ ਭੇਜਿਆ। ਜਦੋਂ ਜਥੇ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਉਹ ਡੀ.ਸੀ. ਦੀ ਕੋਠੀ ਅੱਗੇ ਸੜਕ ਦੇ ਵਿਚਕਾਰ ਚੌਂਕੜੇ ਮਾਰ ਕੇ ਬੈਠੇ ਰਹੇ, ਜਦ ਤੱਕ ਕਿ 19 ਜੁਲਾਈ ਦੀ ਰਾਤ ਨੂੰ ਗ੍ਰਿਫਤਾਰ ਨਾ ਕਰ ਲਏ ਗਏ। ਇਹ ਧਰਮ ਯੁੱਧ ਮੋਰਚੇ ਦੀ ਸ਼ੁਰੂਆਤ ਸੀ। ਸੰਤਾਂ ਵੱਲੋਂ ਫੌਰੀ ਤੌਰ 'ਤੇ ਨਿਸ਼ਚਿਤ ਮੰਗਾਂ ਸੀ ਕਿ ਭਾਈ ਅਮਰੀਕ ਸਿੰਘ ਅਤੇ ਠਾਰਾ ਸਿੰਘ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਉਹਨਾਂ 'ਤੇ ਪਾਏ ਝੂਠੇ ਕੇਸ ਵਾਪਸ ਲਏ ਜਾਣ। ਇਹਨਾਂ ਸਾਧਾਰਨ ਜਿਹੀਆਂ ਮੰਗਾਂ ਨੂੰ ਨਾ ਮੰਨੇ ਜਾਣ 'ਤੇ ਜੇਲ੍ਹ ਭਰੋ ਅੰਦੋਲਨ ਸ਼ੁਰੂ ਹੋਇਆ। ਹਰ ਰੋਜ਼ ਮੰਜੀ ਸਾਹਿਬ ਤੋਂ ਗ੍ਰਿਫਤਾਰੀ ਵਾਸਤੇ 51 ਬੰਦਿਆਂ ਦਾ ਜਥਾ ਭੇਜਿਆ ਜਾਂਦਾ। ਇਹ ਸਿਲਸਿਲਾ 19 ਜੁਲਾਈ ਤੋਂ 4 ਅਗਸਤ ਤੱਕ ਨਿਰਵਿਘਨ ਜਾਰੀ ਰਿਹਾ। ਇਸ ਮੋਰਚੇ ਦੀ ਕਾਮਯਾਬੀ ਨੂੰ ਦੇਖਦਿਆਂ ਲੌਂਗੋਵਾਲ ਤੇ ਉਹਦੇ ਸਮਰਥਕਾਂ ਨੂੰ ਆਪਣੀ ਖੁੱਸੀ ਛਵੀ ਨੂੰ ਬਹਾਲ ਕਰਨ ਦਾ ਮੌਕਾ ਮਿਲ ਗਿਆ। ਲੌਂਗੋਵਾਲ ਨੇ 25 ਜੁਲਾਈ 1982 ਨੂੰ ਅੰਮ੍ਰਿਤਸਰ ਵਿਖੇ ਅਕਾਲੀ ਦਲ ਦੀ ਐਮਰਜੈਂਸੀ ਮੀਟਿੰਗ ਬੁਲਾਈ ਅਤੇ ਸੰਤ ਭਿੰਡਰਾਂਵਾਲੇ ਨਾਲ ਰਾਇ ਕਰਕੇ 4 ਅਗਸਤ 1982 ਨੂੰ ਰਸਮੀ ਤੌਰ 'ਤੇ ਮੋਰਚੇ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਕ ਨਿਰਸੁਆਰਥ ਅਤੇ ਬੇਲਾਗ ਧਾਰਮਿਕ ਨੇਤਾ ਹੋਣ ਕਾਰਨ ਸੰਤਾਂ ਨੇ ਲੌਂਗੋਵਾਲ ਨੂੰ ਮੋਰਚੇ ਦਾ ਡਿਕਟੇਟਰ ਬਣਾਉਣਾ ਸਵੀਕਾਰ ਕਰ ਲਿਆ। ਇਹ ਤਾਂ ਮਹਿਜ ਲੌਂਗੋਵਾਲ ਦੀ ਹਉਮੈਂ ਨੂੰ ਪੱਠੇ ਪਾਉਣ ਅਤੇ ਉਸਦੀ ਮੂੰਹ ਰੱਖਣੀ ਖ਼ਾਤਰ ਇਕ ਜੁਗਤ ਹੀ ਸੀ। ਹਕੀਕਤ ਵਿਚ ਗੈਰ-ਤਕਨੀਕੀ ਤੌਰ 'ਤੇ ਮੋਰਚੇ ਦਾ ਡਿਕਟੇਟਰ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਹੀ ਸੀ ਅਤੇ ਇਤਫਾਕ ਵਜੋਂ ਮੋਰਚੇ ਦੇ ਆਰੰਭਕ ਵੀ ਉਹੀ ਸੀ।

ਮੋਰਚੇ ਦੇ ਇਸ ਆਰੰਭ ਤੋਂ ਪਹਿਲਾਂ ਹੀ ਸੰਤ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਸਮੇਂ ਧਰਮ ਯੁੱਧ ਮੋਰਚੇ ਦੀ ਰਸਮੀ ਪ੍ਰਾਰੰਭਤਾ ਦੇ ਸੂਚਕ ਵਜੋਂ ਗਜਿੰਦਰ ਸਿੰਘ ਦੀ ਅਗਵਾਈ ਹੇਠ ਕੁਝ ਨੌਜਵਾਨ ਇੰਡੀਅਨ ਏਅਰ ਲਾਈਨਜ਼ ਦਾ ਜਹਾਜ਼ ਅਗਵਾ ਕਰਕੇ ਲਾਹੌਰ ਲੈ ਗਏ ਸਨ। ਇਕ ਹੋਰ ਜਹਾਜ਼ 20 ਅਗਸਤ 1982 ਨੂੰ ਮੁਸੀਬਤ ਸਿੰਘ (ਅਸਲ ਨਾਮ ਮਨਜੀਤ ਸਿੰਘ) ਨੇ ਅਗਵਾ ਕਰ ਲਿਆ, ਪਰ ਉਹਨੂੰ ਲਾਹੌਰ ਨਾ ਉਤਰਨ ਦਿੱਤਾ ਗਿਆ, ਕਿਉਂਕਿ ਭਾਰਤ ਸਰਕਾਰ ਪਹਿਲਾਂ ਹੀ ਪਾਕਿਸਤਾਨ ਕੋਲ ਇਹਦੇ ਸੰਬੰਧੀ ਰੋਸ ਜ਼ਾਹਰ ਕਰ ਚੁੱਕੀ ਸੀ। ਜਹਾਜ਼ ਵਾਪਸ ਅੰਮ੍ਰਿਤਸਰ ਦੇ ਰਾਜਾ ਸਾਂਸੀ ਹਵਾਈ ਅੱਡੇ 'ਤੇ ਉਤਰਿਆ ਅਤੇ ਅਗਵਾਕਾਰ ਨੂੰ ਆਤਮ ਸਮਰਪਣ ਲਈ ਪ੍ਰੇਰਿਆ ਗਿਆ, ਪ੍ਰੰਤੂ ਪੁਲਿਸ ਨੇ ਉਸ 'ਤੇ ਅਦਾਲਤੀ ਕੇਸ ਚਲਾਏ ਬਿਨਾਂ ਹੀ ਧੋਖੇ ਨਾਲ ਉਸ ਨੂੰ ਗੋਲੀ ਮਾਰ ਦਿੱਤੀ। ਸਰਕਾਰ ਦੇ ਇਸ ਵਹਿਸ਼ੀਆਨਾ ਕਾਰੇ ਤੋਂ ਸੰਤ ਭਿੰਡਰਾਂਵਾਲਾ ਗੁੱਸੇ ਵਿਚ ਆਇਆ ਤੇ ਉਹਨੇ ਐਲਾਨ ਕੀਤਾ ਕਿ ਇਹ ਸਿੱਖਾਂ ਨਾਲ ਭਾਰੀ ਅਨਿਆਂ ਹੈ। ਉਸ ਨੇ ਇਸ ਦਾ ਮੂੰਹ ਤੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਜਦੋਂ ਕੇਂਦਰ ਵਿਚ ਜਨਤਾ ਪਾਰਟੀ ਸੱਤਾ ਵਿਚ ਸੀ

ਤਾਂ ਇੰਦਰਾ ਗਾਂਧੀ ਦੀ ਗ੍ਰਿਫਤਾਰੀ ਵਿਰੁੱਧ ਰੋਸ ਵਜੋਂ ਦੋ ਪਾਂਡੇ ਭਰਾਵਾਂ ਨੇ ਜਹਾਜ਼ ਅਗਵਾ ਕੀਤਾ ਸੀ। ਪਰ ਇੰਦਰਾ ਗਾਂਧੀ ਨੇ 1980 ਵਿਚ ਮੁੜ ਸੱਤਾ ਹਥਿਆਉਣ ਉਪਰੰਤ ਉਨ੍ਹਾਂ ਦੋਵਾਂ ਨੂੰ ਉੱਤਰ ਪ੍ਰਦੇਸ਼ ਵਿਧਾਨ ਸਭਾ ਅਤੇ ਲੋਕ ਸਭਾ 'ਚ ਸੀਟਾਂ ਦੇ ਕੇ ਨਿਵਾਜਿਆ ਸੀ। ਇਹ ਮਨਜੀਤ ਸਿੰਘ, ਜਿਸ ਨੂੰ ਪਾਂਡੇ ਭਰਾਵਾਂ ਵਰਗੀ ਹੀ ਕਾਰਵਾਈ ਕਰਨ ਬਦਲੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ, ਦੇ ਕੇਸ ਤੋਂ ਬਿਲਕੁਲ ਭਿੰਨ ਸੀ। ਪਰ ਤਾਂ ਵੀ ਇਸ ਦੁਖਾਂਤਕ ਘਟਨਾ ਨੇ ਮੋਰਚੇ ਨੂੰ ਹੁਲਾਰਾ ਦਿੱਤਾ ਤੇ ਇਸ ਵਿਚ ਹੋਰ ਤੇਜ਼ੀ ਆ ਗਈ। ਦੋ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ 'ਚ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਅਕਾਲੀ ਵਰਕਰਾਂ ਨਾਲ ਤੂੜੀਆਂ ਗਈਆਂ। ਇਥੋਂ ਤੱਕ ਕਿ ਸਰਕਾਰੀ ਇਮਾਰਤਾਂ ਵਿਚ ਤਿਆਰ ਕੀਤੀਆਂ ਗਈਆਂ ਆਰਜ਼ੀ ਜੇਲ੍ਹਾਂ ਵੀ ਗੁੰਜਾਇਸ਼ ਨਾਲੋਂ ਵੱਧ ਭਰ ਗਈਆਂ। ਸੱਚਮੁੱਚ ਹੀ ਅਜਿਹੀ ਕੋਈ ਜਗ੍ਹਾ ਨਹੀਂ ਸੀ ਬਚੀ ਜਿਥੇ ਗ੍ਰਿਫਤਾਰ ਕੀਤੇ ਅਕਾਲੀ ਵਾਲੰਟੀਅਰਾਂ ਨੂੰ ਨਜ਼ਰਬੰਦ ਕੀਤਾ ਜਾ ਸਕਦਾ। ਵਾਲੰਟੀਅਰਾਂ ਨਾਲ ਖਚਾ-ਖਚ ਭਰੀਆਂ ਬੱਸਾਂ ਕਈ ਕਈ ਦਿਨ ਅਤੇ ਕਈ ਵਾਰ ਹਫਤਿਆਂ ਬੱਧੀ ਜੇਲ੍ਹਾਂ ਦੇ ਬਾਹਰ ਜਗ੍ਹਾ ਮਿਲਣ ਦੀ ਉਡੀਕ 'ਚ ਖੜ੍ਹੀਆਂ ਰਹੀਆਂ। ਪ੍ਰੰਤੂ ਸਿੱਖਾਂ ਦਾ ਵਹਿਣ ਬੇਰੋਕ ਜਾਰੀ ਰਿਹਾ। ਬੁੱਢਿਆਂ ਅਤੇ ਨੌਜਵਾਨਾਂ ਵਿਚ ਇਕੋ ਜਿਹਾ ਅਸਾਧਾਰਨ ਉਮਾਹ ਅਤੇ ਟਹਿਕਵਾਂ ਜੋਸ਼ ਦੇਖਿਆ ਜਾ ਸਕਦਾ ਸੀ। ਗਾਤਰੇ, ਕ੍ਰਿਪਾਨਾਂ ਪਾਈ ਅਤੇ ਨੀਲੀਆਂ ਪੱਗਾਂ 'ਤੇ ਕੇਸਰੀ ਪੱਟੀਆਂ ਬੰਨ੍ਹੀਂ ਵਾਲੰਟੀਅਰਾਂ ਅਤੇ ਕੇਸਰੀ ਦੁਪੱਟੇ ਸਿਰਾਂ 'ਤੇ ਲਈ ਔਰਤਾਂ ਨੇ ਪੰਜਾਬ ਦੀ ਫਿਜ਼ਾ ਨੂੰ "ਰਾਜ ਕਰੇਗਾ ਖਾਲਸਾ" ਅਤੇ "ਦੇਗ ਤੇਗ ਫਤਹਿ" ਦੇ ਰਿਵਾਇਤੀ ਨਾਅਰਿਆਂ ਨਾਲ ਗੂੰਜਾ ਦਿੱਤਾ।

ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਸਮੁੱਚਾ ਸਿੱਖ ਪੰਥ ਕਿਸੇ ਮਿਸ਼ਨ 'ਤੇ ਸੀ। ਅਕਾਲੀ ਲਹਿਰਾਂ ਦੇ ਇਤਿਹਾਸ ਵਿਚ ਇਹ ਮੋਰਚਾ ਇਕ ਸ਼ਾਨਦਾਰ ਕਾਮਯਾਬੀ ਸੀ।

ਜਦੋਂ ਮੋਰਚਾ ਪੂਰੇ ਜੋਬਨ 'ਤੇ ਸੀ ਤਾਂ 11 ਸਤੰਬਰ, 1982 ਨੂੰ ਇਕ ਦੁਖਾਂਤਕ ਘਟਨਾ ਵਾਪਰੀ। ਗ੍ਰਿਫਤਾਰ ਕੀਤੇ ਅਕਾਲੀ ਵਰਕਰਾਂ ਨਾਲ ਖਚਾ ਖਚ ਭਰੀ ਬੱਸ ਤਰਨਤਾਰਨ ਵਿਖੇ ਰੇਲਵੇ ਫਾਟਕ 'ਤੇ ਤੇਜ਼ੀ ਨਾਲ ਆ ਰਹੀ ਰੇਲ ਗੱਡੀ ਵਿਚ ਟਕਰਾ ਗਈ ਤੇ 34 ਸਿੱਖ ਮਾਰੇ ਗਏ ਅਤੇ ਵੱਡੀ ਗਿਣਤੀ ਵਿਚ ਗੰਭੀਰ ਰੂਪ 'ਚ ਜ਼ਖਮੀ ਹੋਏ। ਇਹ ਕੋਈ ਸਾਧਾਰਨ ਦੁਰਘਟਨਾ ਨਹੀਂ ਸੀ। ਸਗੋਂ ਇਹ ਕਾਰਾ ਪੰਜਾਬ ਦੇ ਜ਼ਾਲਮ ਤੇ ਚਲਾਕ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਸ਼ਹਿ 'ਤੇ ਅਧਿਕਾਰੀਆਂ ਵੱਲੋਂ ਗਿਣ ਮਿਥ ਕੇ ਕੀਤਾ ਗਿਆ ਪ੍ਰਤੀਤ ਹੁੰਦਾ ਸੀ। ਸ਼ਾਇਦ ਉਹ ਸਿੱਖਾਂ ਦੇ ਵਿਦਰੋਹੀ ਜੋਸ਼ ਅਤੇ ਉਮਾਹ ਨੂੰ ਮੱਠਾ ਕਰਨਾ ਚਾਹੁੰਦਾ ਸੀ। ਪਰ, ਉਹ ਆਪਣੇ ਮਨਹੂਸ ਮਨਸੂਬੇ ਵਿਚ ਅਸਫਲ ਰਿਹਾ। ਉਸ ਦੇ ਇਸ ਘਟੀਆ ਕਾਰੇ ਦਾ ਉਲਟ ਨਤੀਜਾ ਨਿਕਲਿਆ। ਸੰਤ ਭਿੰਡਰਾਂਵਾਲੇ ਨੇ ਇਸ ਵਹਿਸ਼ੀ ਕਾਰੇ ਲਈ ਜਨਤਕ ਤੌਰ 'ਤੇ ਦਰਬਾਰਾ ਸਿੰਘ ਨੂੰ ਦੋਸ਼ੀ ਠਹਿਰਾਇਆ ਅਤੇ ਮਾਰੇ ਗਏ ਸਾਰੇ ਵਰਕਰਾਂ ਨੂੰ ਸ਼ਹੀਦਾਂ ਦਾ ਖਿਤਾਬ ਦਿੱਤਾ।

ਇਸ ਮਨਹੂਸ ਕਾਰੇ ਵਿਰੁੱਧ ਰੋਸ ਪ੍ਰਗਟ ਕਰਨ ਖਾਤਰ 10 ਤੇ 11 ਅਕਤੂਬਰ, 1982 ਨੂੰ ਦਿੱਲੀ ਵਿਖੇ ਭਾਰੀ ਜਲੂਸ ਕੱਢਣ ਦੇ ਮੰਤਵ ਨਾਲ ਅਕਾਲੀ ਆਗੂ ਆਪਣੀ ਅਗਵਾਈ ਹੇਠ ਵਰਕਰਾਂ ਨੂੰ ਦਿੱਲੀ ਲੈ ਕੇ ਆਏ। ਜਦੋਂ ਅਕਾਲੀ ਹਰਿਆਣੇ ਵਿਚੋਂ ਹੀ ਲੰਘੇ ਤਾਂ ਮੁੱਖ ਮੰਤਰੀ ਭਜਨ ਲਾਲ ਦੇ ਇਸ਼ਾਰੇ 'ਤੇ ਪੁਲਿਸ ਨੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ, ਰੋਕਿਆ, ਕੁੱਟਿਆ ਤੇ ਉਨ੍ਹਾਂ ਉਪਰ ਗੋਲੀ ਤੱਕ ਚਲਾ ਦਿੱਤੀ। ਅਜਿਹੀਆਂ ਸਾਰੀਆਂ

ਰੁਕਾਵਟਾਂ ਦੇ ਬਾਵਜੂਦ ਅਕਾਲੀ ਦਿੱਲੀ ਪਹੁੰਚੇ ਅਤੇ ਉਨ੍ਹਾਂ ਭਾਰੀ ਜਲੂਸ ਕੱਢਿਆ। ਆਪਣੀਆਂ ਮੰਗਾਂ ਦੀ ਸੂਚੀ ਪੇਸ਼ ਕਰਨ ਦੇ ਮਕਸਦ ਨਾਲ ਪਾਰਲੀਮੈਂਟ ਵੱਲ ਵੱਧ ਰਹੇ ਇਨ੍ਹਾਂ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਨੇ 11 ਅਕਤੂਬਰ ਨੂੰ ਗੋਲੀ ਚਲਾ ਦਿੱਤੀ। ਫਾਇਰਿੰਗ ਨਾਲ ਅੱਧੀ ਦਰਜਨ ਅਕਾਲੀ ਮਾਰੇ ਗਏ ਅਤੇ ਦਰਜਨ ਤੋਂ ਵੱਧ ਫੱਟੜ ਹੋਏ। ਪਾਰਲੀਮੈਂਟ ਦਾ ਸ਼ੈਸ਼ਨ ਚੱਲਦਾ ਹੋਣ ਕਰਕੇ ਇੰਦਰਾ ਗਾਂਧੀ ਬੁਰੀ ਤਰ੍ਹਾਂ ਹਿੱਲ ਗਈ। ਉਸ ਨੇ ਘਬਰਾਹਟ 'ਚ ਆ ਕੇ ਜੇਲ੍ਹਾਂ ਵਿਚ ਨਜ਼ਰਬੰਦ ਸਾਰੇ ਅਕਾਲੀ ਵਾਲੰਟੀਅਰਾਂ ਦੀ ਰਿਹਾਈ ਦੇ ਹੁਕਮ ਦੇ ਦਿੱਤੇ। ਦਰਅਸਲ ਸਾਰੀਆਂ ਜੇਲ੍ਹਾਂ ਸੰਤ ਭਿੰਡਰਾਂਵਾਲੇ ਦੇ ਸਮਰਥਕ ਸਿੱਖਾਂ ਅਤੇ ਅਕਾਲੀ ਵਰਕਰਾਂ ਨਾਲ ਨੱਕੋ-ਨੱਕ ਭਰੀਆਂ ਪਈਆਂ ਸਨ ਅਤੇ ਉਨ੍ਹਾਂ ਦੇ ਬੇਰੋਕ ਹੜ੍ਹ ਨੂੰ ਸਾਂਭਣ ਲਈ ਪੰਜਾਬ 'ਚ ਉੱਕਾ ਹੀ ਕੋਈ ਥਾਂ ਨਹੀਂ ਸੀ ਬਚੀ। ਧੋਖੇਬਾਜ਼ ਤੇ ਚਲਾਕ ਪ੍ਰਧਾਨ-ਮੰਤਰੀ ਇੰਦਰਾ ਗਾਂਧੀ ਨੂੰ ਤਣਾਓ ਘਟਾਉਣ ਦਾ ਮੌਕਾ ਮਿਲ ਗਿਆ। ਇਸ ਲਈ ਉਸ ਨੇ ਅਕਾਲੀਆਂ ਦੀਆਂ ਜ਼ਖਮੀ ਹੋਈਆਂ ਭਾਵਨਾਵਾਂ 'ਤੇ ਮਲ੍ਹਮ ਲਾਉਣ ਦਾ ਵਕਵੰਜ ਕਰਕੇ ਸਾਰੇ ਵਾਲੰਟੀਅਰਾਂ ਦੀ ਰਿਹਾਈ ਦਾ ਹੁਕਮ ਦੇ ਦਿੱਤਾ, ਪਰ ਉਨ੍ਹਾਂ ਜੇਲ੍ਹਾਂ 'ਚੋਂ ਨਿਕਲਣ ਤੋਂ ਇਨਕਾਰ ਕਰ ਦਿੱਤਾ। ਦਰਬਾਰਾ ਸਿੰਘ ਸਰਕਾਰ ਨੇ ਨਜ਼ਰਬੰਦਾਂ ਨੂੰ ਬਿਜਲੀ ਅਤੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ। ਇਹ ਉਹਨਾਂ ਨੂੰ ਜੇਲ੍ਹਾਂ ਖਾਲੀ ਕਰਨ ਲਈ ਮਜਬੂਰ ਕਰਨ ਵਾਸਤੇ ਦਾਅ-ਪੇਚ ਸੀ, ਪਰ ਉਹ ਢਿੱਲੇ ਨਾ ਪਏ। ਸੰਤ ਭਿੰਡਰਾਂਵਾਲੇ ਨੇ ਉਨ੍ਹਾਂ ਦੇ ਜੇਲ੍ਹਾਂ 'ਚ ਹੀ ਅੜੇ ਰਹਿਣ ਦੀ ਇੱਛਾ ਪ੍ਰਗਟਾਈ, ਪਰ ਲੌਂਗੋਵਾਲ ਨੇ ਉਸਦੇ ਸਟੈਂਡ ਦੀ ਵਿਰੋਧਤਾ ਕੀਤੀ। ਮੋਰਚੇ ਦਾ ਡਿਕਟੇਟਰ ਹੋਣ ਦੀ ਹੈਸੀਅਤ ਵਿਚ ਉਸ ਨੇ ਵਾਲੰਟੀਅਰਾਂ ਨੂੰ ਜੇਲ੍ਹਾਂ ਤੋਂ ਬਾਹਰ ਆਉਣ ਦਾ ਨਿਰਦੇਸ਼ ਦਿੱਤਾ ਅਤੇ ਉਹ ਜੇਤੂਆਂ ਵਾਂਗ ਬਾਹਰ ਆਏ। ਜ਼ਾਹਰਾ ਤੌਰ 'ਤੇ ਇਹ ਸੂਬਾ ਅਤੇ ਕੇਂਦਰ ਸਰਕਾਰ ਦੀ ਮੁਕੰਮਲ ਹਾਰ ਸੀ। ਇਹ ਅਕਾਲੀਆਂ ਵੱਲੋਂ ਜਿੱਤਿਆ ਗਿਆ ਲੜਾਈ ਦਾ ਪਹਿਲਾ ਦੌਰ ਸੀ, ਜੋ ਦੇਖਣ ਵਿਚ ਲੌਂਗੋਵਾਲ ਦੀ ਅਗਵਾਈ ਹੇਠ ਲੜੀ ਗਈ ਸੀ, ਪਰ ਜਿਸਦਾ ਅਸਲ ਸਿਹਰਾ ਸੰਤ ਭਿੰਡਰਾਂਵਾਲੇ ਦੀ ਰਾਹ-ਨੁਮਾਈ ਅਤੇ ਪ੍ਰੇਰਨਾ ਦੇ ਸਿਰ ਸੀ। ਇਸ ਤਰ੍ਹਾਂ ਧਰਮ ਯੁੱਧ ਮੋਰਚੇ ਦਾ ਪਹਿਲਾ ਪੜਾਅ ਖਤਮ ਹੋਇਆ।

## ਭਾਗ-2

ਧਰਮ ਯੁੱਧ ਮੋਰਚੇ ਦਾ ਪਹਿਲਾ "ਜੇਲ੍ਹ ਭਰੋ" ਦੌਰ ਬੇਮਿਸਾਲ ਕਾਮਯਾਬੀ ਨਾਲ ਨੇਪਰੇ ਚੜ੍ਹਿਆ। ਦੂਜਾ ਪੜਾਅ ਸਿੱਖਾਂ ਵੱਲੋਂ ਫੇਰ ਦਿੱਲੀ ਵੱਲ ਕੂਚ ਕਰਦਿਆਂ ਸ਼ੁਰੂ ਹੋਇਆ। ਕਾਂਗਰਸ (ਆਈ) ਸਰਕਾਰ ਵੱਲੋਂ ਨਵੰਬਰ-ਦਸੰਬਰ 1982 ਵਿਚ ਦਿੱਲੀ ਵਿਖੇ ਏਸ਼ੀਆਡ ਖੇਡਾਂ ਕਰਾਈਆਂ ਗਈਆਂ। ਬਹੁਤ ਸਾਰੇ ਏਸ਼ੀਅਨ, ਅਫਰੀਕਨ ਅਤੇ ਅਰਬ ਦੇਸ਼ਾਂ ਨੇ ਇਨ੍ਹਾਂ ਖੇਡਾਂ 'ਚ ਭਾਗ ਲਿਆ। ਹਿੱਸਾ ਲੈਣ ਵਾਲੇ ਦੇਸ਼ਾਂ 'ਚ ਰੂਸ, ਚੀਨ ਅਤੇ ਜਪਾਨ ਪ੍ਰਮੁੱਖ ਸਨ। ਅਕਾਲੀ ਦਲ ਨੇ ਵਿਦੇਸ਼ੀ ਨੁਮਾਇੰਦਿਆਂ ਨੂੰ ਆਪਣੀਆਂ ਮੰਗਾਂ ਦਾ ਚਾਰਟਰ ਵੰਡਣ ਲਈ ਕੁਝ ਅਕਾਲੀ ਵਰਕਰਾਂ ਨੂੰ ਦਿੱਲੀ ਭੇਜਣ ਦਾ ਨਿਰਣਾ ਲਿਆ। ਉਨ੍ਹਾਂ ਦਾ ਮਕਸਦ ਕੇਵਲ ਕੇਂਦਰ ਸਰਕਾਰ ਵੱਲੋਂ ਸਿੱਖਾਂ ਨੂੰ ਦੁਬੇਲ ਬਣਾਉਣ ਲਈ ਅਪਨਾਏ ਜਾ ਰਹੇ ਜ਼ੁਲਮੀ ਅਤੇ ਦਮਨਕਾਰੀ ਹੱਥਕੰਡਿਆਂ ਵੱਲ ਹੋਰਨਾਂ ਦੇਸ਼ਾਂ ਦਾ ਧਿਆਨ ਦਿਵਾਉਣਾ ਅਤੇ ਉਨ੍ਹਾਂ ਨੂੰ ਆਪਣੀਆਂ ਵਾਜਬ ਮੰਗਾਂ ਤੋਂ ਜਾਣੂੰ ਕਰਾਉਣਾ ਸੀ। ਇੰਦਰਾਂ ਗਾਂਧੀ ਨੇ ਖੇਡਾਂ ਦਾ ਇੰਚਾਰਜ ਰਾਜੀਵ ਗਾਂਧੀ ਨੂੰ ਬਣਾਇਆ ਸੀ, ਜੋ ਉਸ ਸਮੇਂ ਕਾਂਗਰਸ (ਆਈ)

ਦਾ ਜਨਰਲ ਸਕੱਤਰ ਸੀ। ਜਦੋਂ ਉਸਨੂੰ ਪਤਾ ਲੱਗਾ ਕਿ ਅਕਾਲੀ ਆਪਣੀਆਂ ਮੰਗਾਂ ਕੌਮਾਂਤਰੀ ਫੋਰਮ 'ਤੇ ਲਿਜਾਣ ਲਈ ਬਜ਼ਿੱਦ ਹਨ ਤਾਂ ਉਹ ਚਿੰਤਤ ਅਤੇ ਭੈ-ਭੀਤ ਹੋ ਉਠਿਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਆਪਣੇ ਪੁੱਤਰ ਦੀ ਚਿੰਤਾ ਵਿਚ ਸ਼ਰੀਕ ਹੋਈ। ਇਸ ਲਈ ਭਾਰਤ ਸਰਕਾਰ ਨੇ ਖੇਡਾਂ ਦੇ ਸੰਚਾਲਨ ਦੌਰਾਨ ਸਾਰੇ ਸਿੱਖਾਂ ਦੇ ਦਿੱਲੀ ਵਿਚ ਦਾਖਲੇ ਨੂੰ ਰੋਕਣ ਦਾ ਫੈਸਲਾ ਕੀਤਾ। ਦਿੱਲੀ ਜਾ ਰਹੇ ਸਾਰੇ ਸਿੱਖਾਂ ਨੂੰ, ਭਾਵੇਂ ਕੋਈ ਨਿੱਜੀ ਮਕਸਦ ਲਈ ਜਾ ਰਿਹਾ ਹੋਵੇ, ਦਿੱਲੀ ਦੀ ਹਦੂਦ ਅੰਦਰ ਦਾਖਲ ਹੋਣੋਂ ਰੋਕ ਦਿੱਤਾ ਗਿਆ। ਪੰਜਾਬ ਤੋਂ ਦਿੱਲੀ ਨੂੰ ਜਾਂਦੇ ਸਭ ਰਸਤੇ ਮੁਕੰਮਲ ਤੌਰ 'ਤੇ ਸੀਲ ਕਰ ਦਿੱਤੇ ਗਏ। ਦੇਸ਼ ਦੀ ਰਾਜਧਾਨੀ ਕਿਸੇ ਵੀ ਤਰ੍ਹਾਂ ਦੇ ਸਰੂਪ ਵਾਲੇ ਅਤੇ ਕਿਸੇ ਵੀ ਰਾਜਸੀ ਪਾਰਟੀ ਨਾਲ ਸੰਬੰਧਤ ਸਿੱਖਾਂ ਲਈ ਦਾਖਲੇ ਤੋਂ ਵਿਵਰਜਿਤ ਕਰ ਦਿੱਤੀ ਗਈ। ਚਾਹੇ ਕੋਈ ਜਿੱਡੇ ਮਰਜ਼ੀ ਰੁਤਬੇ ਦਾ ਮਾਲਕ ਸੀ, ਹਰ ਸਿੱਖ ਨੂੰ ਆਵਾਜਾਈ ਦੇ ਹਰ ਵਾਹਨ 'ਚੋਂ ਘੜੀਸ ਕੇ ਬਾਹਰ ਕੱਢਿਆ ਗਿਆ ਅਤੇ ਪ੍ਰੇਸ਼ਾਨ ਤੇ ਜਲੀਲ ਕੀਤਾ ਗਿਆ। ਇਥੋਂ ਤੱਕ ਕਿ ਉਨ੍ਹਾਂ ਨੂੰ ਹਰਿਆਣਾ ਦੀਆਂ ਨੀਮ ਫੌਜੀ ਟੁਕੜੀਆਂ ਵੱਲੋਂ ਗ੍ਰਿਫਤਾਰ ਅਤੇ ਨਜ਼ਰਬੰਦ ਵੀ ਕੀਤਾ ਗਿਆ। ਸਾਬਕਾ ਚੀਫ ਏਅਰ ਮਾਰਸ਼ਲ ਅਰਜਨ ਸਿੰਘ ਵਰਗੀ ਪ੍ਰਮੁੱਖ ਹਸਤੀ ਨੂੰ ਵੀ ਤੁਅੱਸਬੀ ਹਿੰਦੂ ਨੀਮ ਫੌਜੀ ਬਲਾਂ ਅਤੇ ਪੁਲਿਸ ਵੱਲੋਂ ਜ਼ਲੀਲ ਕੀਤਾ ਗਿਆ। ਹਾਈ ਕੋਰਟ ਦੇ ਜੱਜਾਂ ਅਤੇ ਬ੍ਰਿਗੇਡੀਅਰ ਜਿਹੇ ਪਤਵੰਤਿਆਂ ਸਮੇਤ ਹਰ ਸਿੱਖ ਨੂੰ ਨਿਰਾਦਰ ਸਹਿਣਾ ਪਿਆ। ਹਰਿਆਣਾ ਪੁਲਿਸ ਨੇ ਕਾਂਗਰਸ (ਆਈ) ਦੀ ਐਮ.ਪੀ. ਅਮਰਜੀਤ ਕੌਰ ਤੱਕ ਨੂੰ ਵੀ ਨਾ ਬਖਸ਼ਿਆ। ਸਿੱਖਾਂ ਦੇ ਵਿਰੁੱਧ ਇਸ ਵਧੀਕੀ ਅਤੇ ਤਬਾਹੀ ਨੇ ਉਨ੍ਹਾਂ ਦੀ ਮਨ-ਆਤਮਾ ਨੂੰ ਹੋਰ ਵੀ ਜ਼ਖਮੀ ਕੀਤਾ ਅਤੇ ਉਨ੍ਹਾਂ ਨੂੰ ਇਹ ਰਾਇ ਬਨਾਉਣ ਲਈ ਮਜਬੂਰ ਕਰ ਦਿੱਤਾ ਕਿ ਭਾਰਤ ਸਰਕਾਰ ਉਨ੍ਹਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਰਤਾਓ ਕਰ ਰਹੀ ਹੈ।

ਭਾਰਤ ਸਰਕਾਰ ਦੇ ਇਨ੍ਹਾਂ ਸਾਰੇ ਇਹਤਿਆਤੀ ਪ੍ਰਬੰਧਾਂ ਦੇ ਬਾਵਜੂਦ ਕੁਝ ਸਿੱਖ ਨੌਜਵਾਨ ਸਟੇਡੀਅਮ ਅੰਦਰ ਦਾਖਲ ਹੋ ਕੇ ਵਿਦੇਸ਼ੀ ਪ੍ਰਤੀਨਿਧਾਂ ਨੂੰ ਕਿਤਾਬਚੇ ਵੰਡਣ ਵਿਚ ਸਫ਼ਲ ਹੋ ਗਏ ਅਤੇ ਵਿਦੇਸ਼ੀ ਨੁਮਾਇੰਦੇ ਭਾਰਤ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੇ ਜਾ ਰਹੇ ਪੱਖਪਾਤੀ ਵਿਹਾਰ ਤੋਂ ਜਾਣੂੰ ਹੋ ਗਏ। ਇਵੇਂ ਭਾਰਤ ਸਰਕਾਰ ਦੀ ਇਹ ਮੂਰਖਾਨਾ ਕਾਰਵਾਈ ਪੰਜਾਬ ਸਮੱਸਿਆ ਦੇ ਸੰਦਰਭ ਵਿਚ ਪ੍ਰਚਾਰ ਨੂੰ ਠੁੱਸ ਕਰਨ ਵਿਚ ਨਾਕਾਮ ਸਾਬਤ ਹੋਈ। ਸਗੋਂ ਅਸਿੱਧੇ ਤੌਰ 'ਤੇ ਇਸ ਦਾ ਚੋਖ਼ਾ ਪ੍ਰਚਾਰ ਹੋ ਗਿਆ, ਜਿੰਨਾ ਕਿ ਅਕਾਲੀ ਦਲ ਨੇ ਵੀ ਨਹੀਂ ਸੀ ਵਿਉਂਤਿਆ।

ਤਕਰੀਬਨ ਹਰ ਵਰਗ ਦੇ ਸਿੱਖਾਂ ਨੇ ਏਸ਼ੀਅਨ ਖੇਡਾਂ ਦੌਰਾਨ ਉਹਨਾਂ ਜਾਂ ਉਹਨਾਂ ਦੇ ਸੰਬੰਧੀਆਂ ਵੱਲੋਂ ਭੋਗੀ ਜ਼ਲਾਲਤ ਵਿਰੁੱਧ ਤਿੱਖਾ ਪ੍ਰਤੀਕਰਮ ਜ਼ਾਹਰ ਕੀਤਾ। ਇਸ ਮੌਕੇ ਦਾ ਪੂਰਾ ਪੂਰਾ ਲਾਭ ਉਠਾਉਂਦਿਆਂ ਅਕਾਲੀ ਦਲ ਨੇ 4 ਅਪ੍ਰੈਲ, 1983 ਨੂੰ "ਰਸਤਾ ਰੋਕੋ" ਪ੍ਰੋਗਰਾਮ ਦਾ ਸੱਦਾ ਦੇ ਦਿੱਤਾ। ਉਹਨਾਂ ਦੇ ਇਸ ਸੱਦੇ ਨੂੰ ਕਮਾਲ ਦਾ ਹੁੰਗਾਰਾ ਮਿਲਿਆ। ਪੰਜਾਬ 'ਚੋਂ ਗੁਜ਼ਰਨ ਵਾਲੇ ਸਾਰੇ ਪ੍ਰਦੇਸ਼ਕ ਅਤੇ ਕੌਮੀ ਸ਼ਾਹ-ਰਾਹ ਵਾਲੰਟੀਅਰਾਂ ਦੀ ਭੀੜ ਨਾਲ ਜਾਮ ਹੋ ਗਏ। ਲੱਖਾਂ ਲੋਕ ਇਕੱਤਰ ਹੋਏ ਅਤੇ ਸੜਕਾਂ ਦੇ ਵਿਚਕਾਰੇ ਚੌਂਕੜੇ ਮਾਰ ਕੇ ਬੈਠ ਗਏ। ਨਤੀਜੇ ਵਜੋਂ ਪੰਜਾਬ ਅੰਦਰ ਕਿਧਰੇ ਵੀ ਕੋਈ ਵੀ ਬੱਸ ਜਾਂ ਆਵਾਜਾਈ ਦਾ ਕੋਈ ਹੋਰ ਸਾਧਨ ਨਾ ਚੱਲਣ ਦਿੱਤਾ ਗਿਆ। ਇਹ ਪ੍ਰੋਗਰਾਮ ਮੁਕੰਮਲ ਸਫ਼ਲਤਾ ਸਿੱਧ

ਹੋਇਆ। ਭਾਵੇਂ ਸਿੱਖਾਂ ਨੂੰ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਦਰਜਨ ਦੇ ਕਰੀਬ ਵਰਕਰਾਂ ਦੇ ਰੂਪ ਵਿਚ ਕੀਮਤ ਤਾਰਨੀ ਪਈ। ਬਹੁਤ ਸਾਰੇ ਵਰਕਰ ਫ਼ੱਟੜ ਅਤੇ ਨਕਾਰਾ ਕਰ ਦਿੱਤੇ ਗਏ।

ਇਸ ਸ਼ਾਨਦਾਰ ਸਫਲਤਾ ਤੋਂ ਪਿੱਛੋਂ ਅਕਾਲੀ ਦਲ ਨੇ 7 ਜੂਨ, 1983 ਨੂੰ "ਰੇਲ ਰੋਕੋ" ਪ੍ਰੋਗਰਾਮ ਦਾ ਸੱਦਾ ਦੇ ਦਿੱਤਾ। ਇਸ 'ਤੇ ਭਾਰਤ ਸਰਕਾਰ ਘਬਰਾ ਗਈ ਕਿਉਂਕਿ ਉਹ ਸਿੱਖਾਂ ਦੀ ਤਾਕਤ ਨੂੰ ਪਹਿਲਾਂ ਹੀ ਪਰਖ਼ ਚੁੱਕੀ ਸੀ, ਜਦੋਂ ਉਹਨਾਂ 4 ਅਪ੍ਰੈਲ ਨੂੰ ਸੜਕੀ ਆਵਾਜਾਈ ਮੁਕੰਮਲ ਤੌਰ 'ਤੇ ਠੱਪ ਕਰ ਦਿੱਤੀ ਸੀ। ਇਸ ਲਈ ਸਰਕਾਰ ਨੇ ਆਪਣੇ ਤੌਰ 'ਤੇ ਹੀ 7 ਜੂਨ ਨੂੰ ਰੇਲ ਗੱਡੀਆਂ ਨਾ ਚਲਾਉਣ ਦਾ ਫ਼ੈਸਲਾ ਕਰ ਲਿਆ ਅਤੇ ਇਉਂ ਅਕਾਲੀਆਂ ਨੂੰ ਰੇਲ ਆਵਾਜਾਈ ਰੋਕਣ ਦੀ ਵਾਹ-ਵਾਹ ਖੱਟਣ ਤੋਂ ਵਾਂਝਿਆ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਪਰ ਹਰ ਹਾਲ ਵਿਚ ਇਸਦਾ ਸਿਹਰਾ ਅਕਾਲੀਆਂ ਸਿਰ ਹੀ ਬੱਝਾ ਕਿਉਂ ਜੁ ਰਾਜ ਅੰਦਰ ਕੋਈ ਵੀ ਰੇਲ ਗੱਡੀ ਨਾ ਚੱਲੀ।

ਅਕਾਲੀ ਦਲ ਵੱਲੋਂ ਲਗਾਤਾਰ ਅਤੇ ਵਾਲੰਟੀਅਰਾਂ ਵੱਲੋਂ ਸਫ਼ਲਤਾ ਸਹਿਤ ਨੇਪਰੇ ਚਾੜ੍ਹੇ ਗਏ ਇਹਨਾਂ ਪ੍ਰੋਗਰਾਮਾਂ ਨੇ ਇੰਦਰਾ ਗਾਂਧੀ ਨੂੰ ਭੈ-ਭੀਤ ਕਰ ਦਿੱਤਾ ਅਤੇ ਸਰਕਾਰ ਨੂੰ ਵੀ ਝਟਕਾ ਲੱਗਾ। ਇਹ ਸ਼ਾਨਦਾਰ ਕਾਮਯਾਬੀਆਂ ਪ੍ਰਮੁੱਖ ਰੂਪ ਵਿਚ ਸੰਤ ਭਿੰਡਰਾਂਵਾਲੇ ਵੱਲੋਂ ਵੱਖ-ਵੱਖ ਅਕਾਲੀ ਗੁੱਟਾਂ ਅਤੇ ਹੋਰ ਸਿੱਖ ਜਥੇਬੰਦੀਆਂ ਵਿਚਾਲੇ ਕਰਾਈ ਗਈ ਏਕਤਾ ਦਾ ਸਿੱਟਾ ਸਨ।

ਧਰਮ ਯੁੱਧ ਮੋਰਚੇ ਦੀ ਗਤੀ ਅਤੇ ਇਸ ਵੱਲੋਂ ਇਕ ਸਾਲ ਦਰਮਿਆਨ ਪ੍ਰਾਪਤ ਕੀਤੀਆਂ ਕਾਮਯਾਬੀਆਂ ਨੂੰ ਦੇਖਦੇ ਹੋਏ ਇੰਦਰਾ ਗਾਂਧੀ ਅਤੇ ਉਸਦੀ ਸਰਕਾਰ ਬੇਚੈਨ ਹੋ ਉਠੀ। ਹਿੰਦੂਆਂ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਅਤੇ ਹੋਰ ਜਥੇਬੰਦੀਆਂ ਅਤੇ ਸਾਰੀਆਂ ਵੰਨਗੀਆਂ ਦੇ ਕਮਿਊਨਿਸਟਾਂ ਸਮੇਤ ਇੰਦਰਾ ਗਾਂਧੀ ਉੱਪਰ ਅਕਾਲੀਆਂ ਵਿਰੁੱਧ ਅਤੇ ਵਿਸ਼ੇਸ਼ ਤੌਰ 'ਤੇ ਸੰਤ ਭਿੰਡਰਾਂਵਾਲੇ ਅਤੇ ਉਸਦੇ ਸਮਰਥਕਾਂ, ਜੋ ਅੰਦੋਲਨ ਦਾ ਧੁਰਾ ਬਣੇ ਹੋਏ ਸਨ, ਵਿਰੁੱਧ ਸਖਤ ਕਾਰਵਾਈ ਕਰਨ ਲਈ ਦਬਾਅ ਪਾ ਰਹੀਆਂ ਸਨ। ਹਰ ਹਾਲਤ ਵਿਚ ਉਸਨੇ ਇਹ ਬੁੱਝ ਲਿਆ ਸੀ ਕਿ ਜਿੰਨੀ ਦੇਰ ਤੱਕ ਅਕਾਲੀ ਇੱਕ ਸਨ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਮੁਸ਼ਕਲ ਸੀ। ਇਸ ਲਈ ਉਸ ਨੇ ਇਕ ਕਪਟੀ ਰਾਜਨੀਤੀ ਸ਼ਾਸਤਰੀ ਕੌਟੱਲਿਆ ਵੱਲੋਂ ਰਚੇ 'ਅਰਥ ਸ਼ਾਸਤਰ' ਵਿਚ ਪ੍ਰਸਤੁਤ ਕੀਤੀ ਗਈ "ਕੂਟਲ ਨੀਤੀ" ਅਪਨਾਉਣ ਦਾ ਮਨ ਬਣਾਇਆ। "ਅਰਥ ਸ਼ਾਸਤਰ" ਰਾਜਨੀਤੀ ਸੰਬੰਧੀ ਇਕ ਅਨੈਤਿਕ ਖੋਜ ਪੁਸਤਕ ਹੈ। ਕੂਟਨੀਤਕ ਇਤਾਲਵੀ ਸਿਆਸਤਦਾਨ ਮੈਕਾਵਲੀ ਦੀ ਰਚਨਾ "ਦੀ ਪ੍ਰਿੰਸ", "ਅਰਥ ਸ਼ਾਸਤਰ" ਦੇ ਮੁਕਾਬਲੇ ਪਾਸਕੂ ਵੀ ਨਹੀਂ ਹੈ। ਇਸ ਕੌਟੱਲਿਆ-ਸ਼ਾਸਤਰ ਦੀਆਂ ਮੁੱਖ ਵਿਸ਼ੇਸ਼ਤਾਈਆਂ ਹਨ :- ਸਾਮ, ਦਾਮ, ਭੇਦ, ਦੰਡ ਜਿਸਦਾ ਭਾਵ ਕ੍ਰਮਵਾਰ ਪਤਿਆਉਣਾ, ਰਿਸ਼ਵਤ ਦੇਣਾ, ਫੁੱਟ ਪਾਉਣਾ ਅਤੇ ਤਾਕਤ ਦੀ ਵਰਤੋਂ ਕਰਨਾ ਹੈ। ਇਹ ਸਾਰੇ ਗੁਰ ਲੋੜ ਅਨੁਸਾਰ ਇਕੱਲੇ ਇਕੱਲੇ ਜਾਂ ਇਕੱਠੇ ਵਰਤੇ ਜਾ ਸਕਦੇ ਹਨ। ਰਾਜਨੀਤੀ ਸੰਬੰਧੀ ਇਸ ਅਨੈਤਿਕ ਖ਼ੋਜ-ਪੁਸਤਕ ਦਾ ਭਰਪੂਰ ਲਾਭ ਉਠਾਉਂਦਿਆਂ ਇੰਦਰਾ ਗਾਂਧੀ ਨੇ ਪਹਿਲਾਂ ਸੰਤ ਭਿੰਡਰਾਂਵਾਲੇ ਨੂੰ ਪੁਚਕਾਰਨ ਦੀ ਕੋਸ਼ਿਸ਼ ਕੀਤੀ, ਜਿਹੜੇ ਕਿ ਧਰਮ ਯੁੱਧ ਮੋਰਚੇ ਦੀ ਅਸਲ ਸ਼ਕਤੀ ਸੀ। ਪ੍ਰੰਤੂ ਉਹ ਇਕ ਦ੍ਰਿੜ੍ਹ ਵਿਅਕਤੀ ਅਤੇ ਖਾਲਸਾਈ ਸਿਧਾਂਤਾਂ ਦਾ ਸਾਖ਼ਿਆਤ ਰੂਪ ਸੀ।

ਇਸ ਲਈ ਉਸਨੇ ਇੰਦਰਾ ਗਾਂਧੀ ਦੀਆਂ ਧੋਖੇ ਭਰੀਆਂ ਸਾਰੀਆਂ ਪੇਸ਼ਕਸ਼ਾਂ ਨੂੰ ਠੁਕਰਾ ਦਿੱਤਾ। ਉਸ ਨੂੰ ਆਪਣੇ ਸੱਚੇ-ਸੁੱਚੇ ਕਾਜ ਤੋਂ ਥਿੜਕਾਉਣ ਵਿਚ ਅਸਫ਼ਲ ਹੋਣ ਉਪਰੰਤ ਇੰਦਰਾ ਗਾਂਧੀ ਨੇ ਉਸ ਨੂੰ ਬਾਕੀਆਂ ਤੋਂ ਵੱਖ ਕਰਨ ਦਾ ਫੈਸਲਾ ਕੀਤਾ। ਇਸ ਮੰਤਵ ਦੀ ਪੂਰਤੀ ਲਈ ਉਸ ਨੇ ਆਪਣੀ ਨਿਗਾਹ ਚੰਚਲ ਮਨ ਦੇ ਮਾਲਕ ਲੌਂਗੋਵਾਲ ਅਤੇ ਉਸਦੇ ਤਾਕਤ ਦੇ ਭੁੱਖੇ ਗਰੋਹ 'ਤੇ ਟਿਕਾਈ, ਜਿਸ ਦੀ ਅਗਵਾਈ ਸੁਰਜੀਤ ਸਿੰਘ ਬਰਨਾਲਾ ਅਤੇ ਸਾਬਕਾ ਵਿੱਤ ਮੰਤਰੀ ਬਲਵੰਤ ਸਿੰਘ ਵਰਗੇ ਕਰਦੇ ਸਨ। ਲੌਂਗੋਵਾਲ ਅਤੇ ਉਸਦੀ ਬਦਨਾਮ ਜੁੰਡਲੀ ਉਸਦੀ ਚਾਲ ਦੀ ਸੌਖਿਆਂ ਹੀ ਸ਼ਿਕਾਰ ਹੋ ਗਈ ਕਿਉਂਕਿ ਇਹ ਕੇਵਲ ਸੱਤਾ ਹਾਸਲ ਕਰਨ ਲਈ ਤਰਲੋਮੱਛੀ ਹੋ ਰਹੇ ਸਨ ਅਤੇ ਇੰਦਰਾ ਗਾਂਧੀ ਉਨ੍ਹਾਂ ਅੱਗੇ ਇਹ ਟੁੱਕੜਾ ਸੁੱਟਣ ਨੂੰ ਤਿਆਰ ਸੀ। ਇਉਂ ਉਸਨੇ ਉਹਨਾਂ ਨੂੰ ਰਾਜਸੀ ਸੱਤਾ ਸੌਂਪਣ ਦਾ ਇਕਰਾਰ ਕਰਕੇ ਫੁਸਲਾਇਆ ਅਤੇ ਰਿਸ਼ਵਤ ਦਿੱਤੀ। ਇਸ ਦੇ ਬਦਲੇ ਉਸ ਨੇ ਉਹਨਾਂ ਦੇ ਜ਼ਿੰਮੇਂ ਅਕਾਲੀ ਦਲ ਵਿਚ ਫੁੱਟ ਪਾਉਣ ਅਤੇ ਸੰਤ ਭਿੰਡਰਾਂਵਾਲੇ ਨੂੰ ਅਲੱਗ-ਥਲੱਗ ਕਰਨ ਦਾ ਕੰਮ ਲਾਇਆ। ਇਹ ਗੁਪਤ ਸੌਦੇਬਾਜ਼ੀ ਲੌਂਗੋਵਾਲ ਤੇ ਉਸਦੀ ਢਾਣੀ ਵੱਲੋਂ ਸੰਤ ਭਿੰਡਰਾਂਵਾਲੇ ਦੀ ਪਿੱਠ ਪਿੱਛੇ ਨੇਪਰੇ ਚਾੜ੍ਹੀ ਗਈ।

ਆਪਣੇ ਧ੍ਰੋਹ ਭਰੇ ਕਾਰਿਆਂ ਨੂੰ ਛਲ-ਕਪਟ ਦਾ ਪਰਦਾ ਤਾਣ ਕੇ ਲੁਕਾਉਣ ਦੇ ਇਰਾਦੇ ਨਾਲ ਲੌਂਗੋਵਾਲ ਤੇ ਉਹਦੇ ਸਮਰਥਕਾਂ ਨੇ ਸੰਤ ਭਿੰਡਰਾਂਵਾਲੇ ਖ਼ਿਲਾਫ਼ ਵੱਡੀ ਪੱਧਰ 'ਤੇ ਮੁਹਿੰਮ ਛੇੜ ਦਿੱਤੀ ਅਤੇ ਉਸਨੂੰ ਕਾਂਗਰਸ ਦਾ ਏਜੰਟ, ਦਹਿਸ਼ਤਵਾਦੀ ਕਾਰਵਾਈਆਂ ਨੂੰ ਸ਼ਹਿ ਦੇਣ ਵਾਲਾ ਅਤੇ ਹਿੰਸਾ ਦਾ ਸੰਚਾਲਕ ਆਦਿ ਖਿਤਾਬ ਦੇਣੇ ਸ਼ੁਰੂ ਕਰ ਦਿੱਤੇ। ਉਹਨਾਂ ਸੰਤ ਨੂੰ ਅੱਤਵਾਦੀ, ਵੱਖਵਾਦੀ ਅਤੇ ਸਿੱਖ ਪੰਥ ਦਾ ਗਦਾਰ ਤੱਕ ਕਹਿ ਮਾਰਿਆ। ਲੌਂਗੋਵਾਲ ਅਤੇ ਉਸ ਦੇ ਬਦਕਾਰ ਗ੍ਰੋਹ ਨੇ ਹਰ ਪ੍ਰਕਾਰ ਦੇ ਘਟੀਆ ਅਤੇ ਹੋਛੇ ਪ੍ਰਚਾਰ ਦਾ ਸਹਾਰਾ ਲਿਆ ਅਤੇ ਉਸ ਨੂੰ ਸਿੱਖਾਂ ਅਤੇ ਹਿੰਦੂਆਂ ਦੀਆਂ ਨਜ਼ਰਾਂ 'ਚ ਇੱਕੋ ਸਮਾਨ ਬਦਨਾਮ ਕਰਨ ਲਈ ਨੀਚਤਾ ਦੀਆਂ ਸਾਰੀਆਂ ਹੱਦਾਂ ਟੱਪ ਗਏ। ਇੰਦਰਾ ਗਾਂਧੀ ਇਹੋ ਚਾਹੁੰਦੀ ਸੀ ਅਤੇ ਲੌਂਗੋਵਾਲ 'ਤੇ ਉਹਦੀ ਜੁੰਡਲੀ ਤੋਂ ਵੀ ਇਹੋ ਉਮੀਦ ਕਰ ਰਹੀ ਸੀ ਅਤੇ ਇਹੀ ਸਿਰਨਾਵੇਂ ਉਹਨੇ ਖ਼ੁਦ ਸੰਤ ਭਿੰਡਰਾਂਵਾਲੇ ਦੇ ਨਾਮ ਨਾਲ ਜੋੜੇ ਸਨ।

ਲੌਂਗੋਵਾਲ ਨੇ ਬਿਆਨ ਦਿੱਤਾ ਕਿ ਸੰਤ ਭਿੰਡਰਾਂਵਾਲੇ ਨੂੰ ਮੰਜੀ ਸਾਹਿਬ ਤੋਂ ਸੰਗਤ ਨੂੰ ਸੰਬੋਧਨ ਕਰਨ ਦੀ ਆਗਿਆ ਨਾ ਦੇਣ ਲਈ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿਉਂਕਿ ਉਹ ਕਾਂਗਰਸ ਦਾ ਏਜੰਟ ਹੈ। ਬਲਵੰਤ ਸਿੰਘ ਦੇ ਬਿਆਨ ਹੋਰ ਵੀ ਹੋਛੇ ਸਨ ਜਿਸਨੇ ਹੱਤਕ ਭਰਪੂਰ ਅੰਦਾਜ਼ ਵਿਚ ਸੰਤ ਭਿੰਡਰਾਂਵਾਲੇ ਦੀ ਤੁਲਨਾ ਚੰਬਲ ਘਾਟੀ ਦੇ ਡਾਕੂਆਂ ਨਾਲ ਕੀਤੀ। ਇਸ ਝੂਠ ਦੇ ਪੁਲੰਦੇ ਨੂੰ ਸਰਕਾਰੀ ਪ੍ਰਚਾਰ ਸਾਧਨਾਂ ਦੁਆਰਾ ਵੱਡੇ ਪੱਧਰ 'ਤੇ ਹਵਾ ਦਿੱਤੀ ਗਈ। ਹਿੰਦੂ ਪ੍ਰੈਸ ਨੇ ਉਹਦੇ ਵਿਰੁੱਧ ਵੈਰ-ਭਾਵਨਾ ਭਰੇ ਪ੍ਰਚਾਰ ਦੇ ਬੀਜ ਬਿਖੇਰਨ ਵਿਚ ਸਰਕਾਰੀ ਮੀਡੀਏ ਨੂੰ ਵੀ ਮਾਤ ਦੇ ਦਿੱਤੀ। ਇਸ ਸਾਰੇ ਭੰਡੀ ਪ੍ਰਚਾਰ ਅਤੇ ਭੜਕਾਊ ਹਮਲੇ ਦੇ ਬਾਵਜੂਦ ਸੰਤ ਭਿੰਡਰਾਂਵਾਲੇ ਨੇ ਆਪਣਾ ਜ਼ਾਬਤਾ ਕਾਇਮ ਰੱਖਿਆ ਅਤੇ ਸ਼ਾਂਤ ਰਿਹਾ। ਇਹ ਉਸ ਦਾ ਵਡੱਪਣ ਸੀ ਕਿ ਉਸਨੇ ਕਦੇ ਵੀ ਆਪਣੇ ਦੋਖ਼ੀਆਂ ਖ਼ਿਲਾਫ਼ ਕੋਈ ਵੀ ਨਿੰਦਾ-ਭਰੇ ਵਚਨ ਨਾ ਬੋਲੇ। ਉਸਨੇ ਬੜੇ ਸਾਧਾਰਨ ਸ਼ਬਦਾਂ 'ਚ ਕੇਵਲ ਇਹੀ ਕਿਹਾ ਕਿ ਸਮਾਂ ਸਾਬਤ ਕਰ ਦੇਵੇਗਾ ਕਿ ਕਾਂਗਰਸ ਦੇ ਏਜੰਟ ਅਤੇ ਪੰਥ ਦੇ ਗੱਦਾਰ ਕੌਣ ਹਨ? ਉਸ ਨੇ ਧਿਆਨ ਦਿਵਾਇਆ ਕਿ

ਅਕਾਲੀ ਆਗੂਆਂ ਨੇ ਮੋਰਚੇ ਦੇ ਡੇਢ ਸਾਲ ਦੌਰਾਨ ਕਰੀਬ ਛੇ ਵੇਰਾਂ ਉਸ 'ਤੇ ਅਜਿਹੀ ਦੂਸ਼ਣਬਾਜ਼ੀ ਕੀਤੀ ਹੈ, ਪਰ ਉਸਨੇ ਕਦੇ ਵੀ ਪ੍ਰਤੀਕਰਮ ਵਜੋਂ ਉਨ੍ਹਾਂ 'ਚੋਂ ਕਿਸੇ ਖ਼ਿਲਾਫ਼ ਕੁਝ ਨਹੀਂ ਕਿਹਾ। ਉਹ ਜਾਣਦਾ ਸੀ ਕਿ ਢੁਕਵਾਂ ਸਮਾਂ ਆਉਣ 'ਤੇ ਅਕਾਲੀ ਆਗੂਆਂ ਦੇ ਕੋਝੇ ਚਿਹਰੇ ਨੰਗੇ ਹੋ ਜਾਣਗੇ।

ਯੋਜਨਾ ਅਨੁਸਾਰ 1983 ਦੇ ਅੱਧ 'ਚ ਲੌਂਗੋਵਾਲ ਦੀਆਂ ਲੁਕਵੀਆਂ ਗੋਂਦਾਂ ਉਘੜਨ ਲੱਗ ਪਈਆਂ। ਇਸ ਮੌਕੇ ਤੱਕ ਲੌਂਗੋਵਾਲ ਤੇ ਉਹਦੇ ਸਮਰਥਕ ਕੇਂਦਰ ਸਰਕਾਰ ਤੇ ਇੰਦਰਾ ਗਾਂਧੀ ਨਾਲ ਸਰਗਰਮ ਮੇਲ-ਜੋਲ ਰੱਖ ਰਹੇ ਸਨ। ਇਹ ਨਾ ਸਿਰਫ਼ ਸ਼ੁਧ-ਹਿਰਦੇ ਵਾਲੇ ਉਪਦੇਸ਼ਕ ਅਤੇ ਪ੍ਰਚਾਰਕ ਸੰਤ ਭਿੰਡਰਾਂਵਾਲੇ ਨਾਲ ਧੋਖ਼ਾ ਸੀ ਬਲਕਿ ਇਸ ਤੋਂ ਵੀ ਵੱਧ ਇਹ ਸਿੱਖ ਪੰਥ ਨਾਲ ਵੱਡਾ ਵਿਸ਼ਵਾਸ਼ਘਾਤ ਸੀ। ਪ੍ਰੰਤੂ, ਉਦੋਂ ਅਜੇ ਗੱਦਾਰਾਂ ਦੇ ਬਦਸੂਰਤ ਚਿਹਰੇ ਸਿੱਖ ਪੰਥ ਅੱਗੇ ਬੇਨਕਾਬ ਹੋਣੇ ਸਨ।

ਜਦੋਂ ਸੰਤ ਭਿੰਡਰਾਂਵਾਲੇ ਨੂੰ ਇਹ ਸਪੱਸ਼ਟ ਹੋ ਗਿਆ ਕਿ ਲੌਂਗੋਵਾਲ ਨੂੰ ਵਿਸ਼ਵਾਸਘਾਤੀ ਰਾਹ ਤੋਂ ਮੋੜਨਾ ਅਸੰਭਵ ਸੀ ਤਾਂ ਉਸਨੇ 3 ਅਤੇ 4 ਸਤੰਬਰ, 1983 ਨੂੰ ਗੁਰੂ ਨਾਨਕ ਨਿਵਾਸ ਵਿਖੇ ਸੱਚੇ-ਸੁੱਚੇ ਸ਼ਰਧਾਲੂ ਸਿੱਖਾਂ ਦੀ ਕਨਵੈਨਸ਼ਨ ਬੁਲਾਉਣ ਦਾ ਰਸਤਾ ਚੁਣਿਆ ਤਾਂ ਕਿ ਉਹਨਾਂ ਨੂੰ ਸਹੀ ਸਥਿਤੀ ਤੋਂ ਜਾਣੂ ਕਰਵਾਇਆ ਜਾਏ ਅਤੇ ਧਰਮ ਯੁੱਧ ਮੋਰਚੇ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਯੋਗ ਢੰਗ ਤਰੀਕੇ ਉਲੀਕਣ ਲਈ ਵਿਚਾਰ-ਵਟਾਂਦਰਾ ਹੋ ਸਕੇ। ਮੋਰਚੇ ਦਾ ਇੱਕੋ ਇੱਕ ਨਿਸ਼ਾਨਾ ਅਕਾਲੀ ਦਲ ਵੱਲੋਂ 1973 'ਚ ਅਪਣਾਇਆ ਗਿਆ ਆਨੰਦਪੁਰ ਸਾਹਿਬ ਦਾ ਮਤਾ ਸੀ। ਇਸ ਸੱਦੇ ਤੋਂ ਲੌਂਗੋਵਾਲ ਘਬਰਾ ਗਿਆ ਕਿਉਂਕਿ ਉਸ ਨੂੰ ਇਉਂ ਪ੍ਰਤੀਤ ਹੋਇਆ ਕਿ ਸੰਤ ਭਿੰਡਰਾਂਵਾਲੇ ਵੱਲੋਂ ਕਨਵੈਨਸ਼ਨ ਬੁਲਾਉਣਾ ਉਸਦੀ ਲੀਡਰਸ਼ਿਪ ਨੂੰ ਚੁਣੌਤੀ ਸੀ। ਲੌਂਗੋਵਾਲ ਨੇ ਇਹ ਐਲਾਨ ਕਰ ਦਿੱਤਾ ਕਿ ਪ੍ਰਸਤਾਵਿਤ ਕਨਵੈਨਸ਼ਨ ਪੰਥ-ਵਿਰੋਧੀ ਹੈ ਅਤੇ ਚਿਤਾਵਨੀ ਦਿੱਤੀ ਕਿ ਇਸ ਵਿਚ ਸ਼ਾਮਲ ਹੋਣ ਵਾਲੇ ਅਕਾਲੀ ਆਗੂਆਂ ਨੂੰ ਅਕਾਲੀ ਦਲ 'ਚੋਂ ਛੇਕ ਦਿੱਤਾ ਜਾਵੇਗਾ। ਉਸ ਦੀ ਇਸ ਥੋਥੀ ਚਿਤਾਵਨੀ ਦੇ ਬਾਵਜੂਦ ਅਕਾਲੀ ਦਲ ਦੇ ਲਗਭਗ 300 ਨੁਮਾਇੰਦਿਆਂ ਨੇ ਸੰਤ ਭਿੰਡਰਾਂਵਾਲੇ ਦੀ ਕਾਰਜਨੀਤੀ ਵਿਚ ਦ੍ਰਿੜਤਾਪੂਰਨ ਭਰੋਸਾ ਪ੍ਰਗਟਾਉਂਦੇ ਹੋਏ ਕਨਵੈਨਸ਼ਨ ਵਿਚ ਹਿੱਸਾ ਲਿਆ। ਸ਼ਾਮਲ ਹੋਣ ਵਾਲਿਆਂ ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ ਪ੍ਰਮੁੱਖ ਸੀ ਜਿਸਨੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਵਫ਼ਾਦਾਰੀ ਨਾਲ ਅਪਣਾਈ ਰੱਖਿਆ ਸੀ। ਹਿੱਸਾ ਲੈਣ ਵਾਲੀਆਂ ਹੋਰਨਾਂ ਮਹੱਤਵਪੂਰਨ ਸਖਸ਼ੀਅਤਾਂ ਵਿਚ ਸੇਵਾ-ਮੁਕਤ ਫੌਜੀ ਜਰਨੈਲ ਅਤੇ ਸਿਵਲ ਅਧਿਕਾਰੀ ਸ਼ਾਮਲ ਸਨ। ਕਨਵੈਨਸ਼ਨ 'ਚ ਸ਼ਾਮਲ ਹੋਰ ਮਹਾਂਰਥੀਆਂ 'ਚ ਮੇਜਰ ਜਨਰਲ ਸੁਬੇਗ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ, ਬ੍ਰਿਗੇਡੀਅਰ ਮਹਿੰਦਰ ਸਿੰਘ ਅਤੇ ਗੁਰਤੇਜ ਸਿੰਘ ਸਾਬਕਾ ਆਈ.ਏ.ਐਸ. ਅਫਸਰ ਸਨ। ਤਲਵੰਡੀ ਨੇ ਲੌਂਗੋਵਾਲ 'ਤੇ ਆਨੰਦਪੁਰ ਸਾਹਿਬ ਦੇ ਮਤੇ ਤੋਂ ਪਿਛਾਂਹ ਹਟਣ ਦਾ ਦੋਸ਼ ਲਾਉਂਦਿਆਂ ਉਸ 'ਤੇ ਸਖ਼ਤ ਹਮਲਾ ਕੀਤਾ। ਉਸ ਨੇ ਹੋਰਨਾਂ ਅਕਾਲੀਆਂ 'ਤੇ ਵੀ ਧਰਮ ਯੁੱਧ ਮੋਰਚੇ ਦੇ ਨਿਰਧਾਰਤ ਨਿਸ਼ਾਨੇ ਤੋਂ ਲਾਂਭੇ ਜਾਣ ਦਾ ਦੋਸ਼ ਲਾਇਆ। ਕਨਵੈਨਸ਼ਨ ਵਿਚਲੇ ਹੋਰ ਪਤਵੰਤਿਆਂ ਨੇ ਵੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਅਤੇ ਲੌਂਗੋਵਾਲ ਦੀਆਂ ਕਪਟ-ਭਰਪੂਰ ਅਤੇ ਗੁੰਮਰਾਹ ਕੁੰਨ ਚਾਲਾਂ ਨੂੰ ਨਿੰਦਿਆ। ਆਖਰੀ ਦਿਨ ਕਨਵੈਨਸ਼ਨ ਨੇ ਕਈ ਮਤੇ ਪਾਸ ਕੀਤੇ। ਇਨ੍ਹਾਂ 'ਚੋਂ ਸਭ ਤੋਂ ਮਹੱਤਵਪੂਰਨ ਮਤਾ ਸੀ

ਕਿ ਧਰਮ ਯੁੱਧ ਮੋਰਚਾ ਭਾਰਤ ਸਰਕਾਰ ਵੱਲੋਂ ਆਨੰਦਪੁਰ ਸਾਹਿਬ ਮਤੇ ਦੇ ਇੰਨ ਬਿੰਨ ਮੰਨ ਲਏ ਜਾਣ ਤੱਕ ਜਾਰੀ ਰਹੇਗਾ। ਸੰਤ ਭਿੰਡਰਾਂਵਾਲੇ, ਤਲਵੰਡੀ ਵਰਗੇ ਮਹਾਂਰਥੀ ਅਤੇ ਹੋਰ ਉੱਘੀਆਂ ਸਿੱਖ ਹਸਤੀਆਂ ਵੱਲੋਂ ਲਏ ਗਏ ਦ੍ਰਿੜਤਾ ਭਰਪੂਰ ਸਟੈਂਡ ਨੂੰ ਦੇਖਦੇ ਹੋਏ ਲੌਂਗੋਵਾਲ ਬਹੁਤ ਛਿੱਥਾ ਪੈ ਗਿਆ। ਸਪੱਸ਼ਟ ਰੂਪ ਵਿਚ ਕਹੀਏ ਤਾਂ ਹੁਣ ਉਹ ਚੜ੍ਹਦੇ ਸੂਰਜ ਜਾਂਬਾਜ ਸੰਤ ਵਿਰੁੱਧ ਕੋਈ ਹੋਰ ਸਾਜ਼ਿਸ਼ ਘੜ੍ਹਨ ਦੀ ਉਡੀਕ ਕਰਨ ਲੱਗਾ।

ਇਸ ਸਮੇਂ ਤੱਕ ਸੰਤ ਭਿੰਡਰਾਂਵਾਲਾ, ਬੁੱਢੇ ਤੇ ਨੌਜਵਾਨ, ਸਭ ਸਿੱਖਾਂ ਦੇ ਦਿਲ ਦੀ ਧੜਕਣ ਬਣ ਚੁੱਕਾ ਸੀ। ਦਰਅਸਲ ਉਹ ਖਾਲਸਾ ਪੰਥ ਦਾ ਚਾਨਣ-ਮੁਨਾਰਾ ਬਣ ਗਿਆ ਸੀ।

ਭਾਈ ਅਮਰੀਕ ਸਿੰਘ ਅਤੇ ਸ. ਹਰਮਿੰਦਰ ਸਿੰਘ ਸੰਧੂ ਵੱਲੋਂ ਸੰਤ ਭਿੰਡਰਾਂਵਾਲੇ ਦੀ ਪ੍ਰੇਰਨਾ ਸਦਕਾ ਪੁਨਰ-ਸੁਰਜੀਤ ਕੀਤੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਸੰਤ ਭਿੰਡਰਾਂਵਾਲੇ ਵੱਲੋਂ ਆਰੰਭੀ ਖਾਲਸਾ ਪੰਥ ਦੀ ਜੱਦੋ-ਜਹਿਦ ਦਾ ਹਰਾਵਲ ਦਸਤਾ ਬਣ ਚੁੱਕੀ ਸੀ। ਇਸ ਤੋਂ ਪਹਿਲਾਂ ਪੰਜਾਬ ਦੇ ਵਿਦਿਅਕ ਅਦਾਰਿਆਂ ਅਤੇ ਨੌਜਵਾਨ ਵਰਗ ਵਿਦਿਆਰਥੀਆਂ ਦਰਮਿਆਨ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (SFI) ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (AISF) ਹੀ ਪ੍ਰਚਲਤ ਸਨ। ਇਹ ਜਤੇਬੰਦੀਆਂ ਕਮਿਊਨਿਸਟ ਪਾਰਟੀਆਂ ਦੀਆਂ ਹੱਥ-ਠੋਕਾ ਸਨ ਅਤੇ ਵਿਦਿਆਰਥੀਆਂ ਨੂੰ ਕਮਿਊਨਿਜ਼ਮ ਅਤੇ ਇਨਕਲਾਬ ਦੇ ਨਾਅਰਿਆਂ ਹੇਠ ਗੁੰਮਰਾਹ ਕਰਕੇ ਉਨ੍ਹਾਂ ਨੂੰ ਗੁਰੂ-ਮਾਰਗ ਤੋਂ ਬੇਮੁੱਖ ਕਰਦੀਆਂ ਸਨ। ਅਸਲ ਵਿਚ ਇਨ੍ਹਾਂ ਦਾ ਇਕੋ-ਇਕ ਮੰਤਵ ਵਿਸ਼ੇਸ਼ ਤੌਰ 'ਤੇ ਸਿੱਖ ਨੌਜਵਾਨਾਂ ਨੂੰ ਦਸ ਗੁਰੂ ਸਾਹਿਬਾਨ ਨੇ ਗਾਡੀ ਰਾਹ ਤੋਂ ਥਿੜਕਾਉਣਾ ਸੀ। ਪਰੰਤੂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁੜ ਉਭਾਰ 'ਚ ਆਉਣ 'ਤੇ ਕੇਵਲ ਵਿਦਿਅਕ ਸੰਸਥਾਵਾਂ 'ਚ ਹੀ ਇਸ ਦਾ ਬੋਲ-ਬਾਲਾ ਨਹੀਂ ਸੀ ਹੋਇਆ ਸਗੋਂ ਇਹ ਪੰਜਾਬ 'ਚ ਇਕ ਮੁਕੰਮਲ ਰਾਜਸੀ ਜਮਾਤ ਵਜੋਂ ਬੁਲੰਦ ਹੋ ਗਈ ਸੀ। ਇਸ ਲਈ ਇਸ ਮੌਕੇ ਲੌਂਗੋਵਾਲ ਜਿਹੇ ਗੱਦੀ ਅਤੇ ਉਸਦੇ ਗ੍ਰੋਹ ਵੱਲੋਂ ਸੰਤਾਂ ਨੂੰ ਪੂਰੇ ਉਭਾਰ 'ਚ ਆ ਚੁੱਕੇ ਸਿੱਖ ਅਵਾਮ ਦੇ ਦਿਲੋ-ਦਿਮਾਗ 'ਚੋਂ ਕੱਢ ਸਕਣਾ ਨਾਮੁਮਕਿਨ ਸੀ। ਆਪਣੀ ਲੀਡਰਸ਼ਿਪ ਨੂੰ ਗ੍ਰਹਿਣ ਲੱਗਣ ਦਾ ਖ਼ਤਰਾ ਮਹਿਸੂਸ ਕਰਦਿਆਂ ਲੌਂਗੋਵਾਲ ਨੇ ਸੰਤ ਭਿੰਡਰਾਂਵਾਲੇ ਨੂੰ ਜਾਨੋ ਮਾਰਨ ਲਈ ਇੰਦਰਾ ਗਾਂਧੀ ਨਾਲ ਸਾਜ਼-ਬਾਜ਼ ਕੀਤੀ। ਇਸ ਮੰਦੀ ਯੋਜਨਾ ਦੇ ਇਕ ਹਿੱਸੇ ਤਹਿਤ ਉਸਨੇ ਐਲਾਨ ਕੀਤਾ ਹੋਸਟਲ ਕੰਪਲੈਕਸ ਦਰਬਾਰ ਸਾਹਿਬ ਸਮੂਹ ਦਾ ਹਿੱਸਾ ਨਹੀਂ ਤੇ ਇਉਂ ਇਹ ਸਪੱਸ਼ਟ ਸੰਕੇਤ ਦੇ ਦਿੱਤਾ ਕਿ ਇੰਦਰਾ ਗਾਂਧੀ ਸੰਤ ਭਿੰਡਰਾਂਵਾਲੇ ਨੂੰ ਗੁਰੂ ਨਾਨਕ ਨਿਵਾਸ 'ਚੋਂ ਗ੍ਰਿਫਤਾਰ ਕਰਨ ਲਈ ਸੁਰੱਖਿਆ ਬਲ ਭੇਜ ਸਕਦੀ ਹੈ। ਲੌਂਗੋਵਾਲ ਅਤੇ ਇੰਦਰਾ ਗਾਂਧੀ ਵੱਲੋਂ ਤਿਆਰ ਕੀਤੀ ਗੁਪਤ ਯੋਜਨਾ ਇਹ ਸੀ ਕਿ 16 ਦਸੰਬਰ, 1983 ਨੂੰ ਕਮਾਂਡੋ ਅਚਨਚੇਤ ਛਾਪਾ ਮਾਰਨਗੇ ਅਤੇ ਸੰਤ ਭਿੰਡਰਾਂਵਾਲੇ ਨੂੰ ਕਾਬੂ ਕਰ ਲੈਣਗੇ। ਪੰਥ-ਦੁਸ਼ਮਣਾਂ ਦੇ ਇਸ ਬਦਨੀਤ ਇਰਾਦੇ ਦੀ ਭਿਣਕ ਪੈਣ 'ਤੇ ਖਾਲਸਾ ਪੰਥ ਦੇ ਰਾਹ-ਦਸੇਰੇ ਸੰਤ ਭਿੰਡਰਾਂਵਾਲੇ ਨੇ ਗੁਰੂ ਨਾਨਕ ਨਿਵਾਸ ਤੋਂ ਆਪਣੀ ਤਜਵੀਜ਼-ਸ਼ੁਦਾ ਗ੍ਰਿਫਤਾਰੀ ਦੀ ਮਿਥੀ ਤਾਰੀਖ ਤੋਂ ਪਹਿਲਾਂ ਆਪਣਾ ਹੈਡਕੁਆਟਰ ਅਕਾਲ ਤਖਤ ਵਿਖੇ ਬਦਲ ਲਿਆ। ਇਵੇਂ ਉਸਨੇ ਗੱਦਾਰਾਂ ਦੇ ਬਦਨੀਤ ਹਮਲਾਵਰੀ ਯਤਨ ਨੂੰ ਨਕਾਰਾ ਕਰ ਦਿੱਤਾ। ਉਸਨੇ ਆਪਣੇ ਮਿਸ਼ਨ ਲਈ ਸੰਘਰਸ਼ ਜਾਰੀ ਰੱਖਣ ਹਿਤ

ਅਕਾਲ ਤਖਤ ਦੇ ਨਾਲ ਲਗਦੀ ਇਮਾਰਤ ਨੂੰ ਆਪਣੀ ਆਰਜ਼ੀ ਰਿਹਾਇਸ਼ਗਾਹ ਬਣਾ ਲਿਆ। ਸੰਤ ਨੂੰ ਗ੍ਰਿਫਤਾਰ ਕਰਾਉਣ ਵਿਚ ਆਪਣੀ ਅਸਫਲਤਾ ਉਪਰੰਤ ਲੌਂਗੋਵਾਲ ਪੂਰੀ ਤਰ੍ਹਾਂ ਨਿਰਾਸ਼ ਅਤੇ ਮਾਯੂਸ ਹੋ ਗਿਆ। ਉਹ ਏਨਾ ਗਿਰ ਗਿਆ ਕਿ ਉਹ ਸੰਤ ਭਿੰਡਰਾਂਵਾਲੇ ਨੂੰ ਆਪਣੇ ਰਸਤੇ 'ਚੋਂ ਲਾਂਭੇ ਹਟਾਉਣ ਲਈ ਹੋਰ ਵੀ ਕੋਝੀਆਂ ਯੋਜਨਾਵਾਂ ਬਣਾਉਣ ਵਿਚ ਜੁੱਟ ਗਿਆ। ਉਹ ਆਪਣੀ ਖੁੱਸ ਰਹੀ ਲੀਡਰਸ਼ਿਪ ਨੂੰ ਕਾਇਮ ਰੱਖਣ ਲਈ ਸੰਤ ਦੇ ਖ਼ਿਲਾਫ਼ ਬਦਨੀਤੀ ਭਰਪੂਰ ਤਾਜ਼ਾ ਮੁਹਿੰਮ 'ਤੇ ਚੜ੍ਹ ਤੁਰਿਆ। ਉਸ ਨੇ ਸੰਤ ਦੇ ਅਕਾਲ ਤਖਤ 'ਤੇ ਰਹਿਣ ਦੇ ਖ਼ਿਲਾਫ਼ ਹਾਲ-ਦੁਹਾਈ ਪਾਈ ਅਤੇ ਕਿਹਾ ਕਿ ਇਹ ਸੰਸਾਰਕ ਪ੍ਰਭੂਤਾ ਦੇ ਇਸ ਪਵਿੱਤਰ ਅਸਥਾਨ ਦੀ ਬੇਹੁਰਮਤੀ ਕਰਨ ਦੇ ਤੁੱਲ ਹੈ। ਸੰਤ ਭਿੰਡਰਾਂਵਾਲੇ ਨੇ ਇਸ ਝੂਠੇ ਅਤੇ ਗੁੰਮਰਾਹਕੁੰਨ ਪ੍ਰਚਾਰ ਦਾ ਠੋਸ ਮਿਸਾਲਾਂ ਦਿੰਦਿਆਂ ਵਿਰੋਧ ਕੀਤਾ ਜੋ ਕਿ ਅਕਾਲੀ ਆਗੂਆਂ ਸੰਬੰਧੀ ਸਨ, ਜਿਨ੍ਹਾਂ ਕਿਸੇ ਨਾ ਕਿਸੇ ਮੌਕੇ ਅਕਾਲ ਤਖ਼ਤ ਦੀ ਸ਼ਰਨ ਲਈ ਸੀ। ਇਹਨਾਂ ਅਕਾਲੀ ਆਗੂਆਂ ਵਿਚ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਹਿ ਸਿੰਘ ਅਤੇ ਅਜਿਹੇ ਹੋਰ ਸ਼ਾਮਲ ਸਨ। ਇਸ ਤਰ੍ਹਾਂ ਲੌਂਗੋਵਾਲ ਦਾ ਜਾਂਬਾਜ਼ ਸੰਤ ਨੂੰ ਅਕਾਲ ਤਖ਼ਤ ਤੋਂ ਕੱਢਣ ਦਾ ਮੰਦ-ਇਰਾਦਾ ਪੂਰੀ ਤਰ੍ਹਾਂ ਜ਼ਾਹਰ ਹੋ ਗਿਆ। ਇਸ ਤੋਂ ਬਾਅਦ ਆਖਰੀ ਚਾਰੇ ਵਜੋਂ ਲੌਂਗੋਵਾਲ ਨੇ ਅਕਾਲ ਤਖ਼ਤ ਦੇ ਜਥੇਦਾਰ ਕਿਰਪਾਲ ਸਿੰਘ ਨੂੰ ਸੰਤ ਦੇ ਅਕਾਲ ਤਖ਼ਤ 'ਤੇ ਰਹਿਣ ਦੇ ਖ਼ਿਲਾਫ਼ ਹੁਕਮਨਾਮਾ ਜਾਰੀ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕੀਤੀ। ਪਰ ਜਥੇਦਾਰ ਨੇ ਇਸ ਦਬਾਅ ਅੱਗੇ ਝੁਕਣੋਂ ਇਨਕਾਰ ਕਰ ਦਿੱਤਾ। ਇਸ ਲਈ ਨਹੀਂ ਕਿ ਉਹ ਸੰਤਾਂ ਨੂੰ ਅਕਾਲ ਤਖ਼ਤ ਤੋਂ ਬਾਹਰ ਨਹੀਂ ਸੀ ਕੱਢਣਾ ਚਾਹੁੰਦਾ ਬਲਕਿ ਇਸ ਲਈ ਕਿ ਉਸ ਨੂੰ ਡਰ ਸੀ ਕਿ ਸਿੱਖ ਜਨਤਾ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਇਸ ਬਦਨੀਤ ਕਾਰਵਾਈ ਤੋਂ ਨਰਾਜ਼ ਹੋ ਕੇ ਬਦਲਾ-ਲਊ ਕਾਰਵਾਈ ਬਾਰੇ ਸੋਚਣਗੇ ਅਤੇ ਉਹ ਖ਼ੁਦ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਤੋਂ ਹੱਥ ਧੋ ਬੈਠੇਗਾ। ਆਪਣੀ ਹਰ ਖ਼ੁਫ਼ੀਆ ਚਾਲ ਵਿਚ ਨਾਕਾਮਯਾਬ ਹੋਣ ਉਪਰੰਤ ਸ਼ਾਤਰ ਲੌਂਗੋਵਾਲ ਦੇ ਮਨ ਵਿਚ ਬਦਲੇ ਦੀ ਅੱਗ ਹੋਰ ਵੀ ਭੜਕ ਉੱਠੀ। ਸੰਤ ਭਿੰਡਰਾਂਵਾਲੇ ਦੇ ਵਿਰੁੱਧ ਉਸਦੀ ਮੰਦ-ਭਾਵਨਾ ਅਤੇ ਵੈਰ ਦਿਨ-ਬ-ਦਿਨ ਵਧਦੇ ਗਏ। ਉਸਨੇ ਸੂਰਬੀਰ ਸੰਤ ਦੇ ਖ਼ਿਲਾਫ਼ ਆਪਣੀ ਨੀਚਤਾ ਭਰੀ ਮੁਹਿੰਮ ਗੁਪਤ ਅਤੇ ਜ਼ਾਹਰਾ ਤੌਰ 'ਤੇ ਜਾਰੀ ਰੱਖੀ। ਜਦੋਂ ਸੰਤਾਂ ਨੂੰ ਆਪਣੇ ਰਾਹ ਚੋਂ ਲਾਂਭੇ ਹਟਾਉਣ ਲਈ ਉਸਦੀਆਂ ਸਾਰੀਆਂ ਚਾਲਾਂ ਅਸਫਲ ਹੋ ਗਈਆਂ ਤਾਂ ਉਸਨੇ ਸਰੀਰਕ ਤੌਰ 'ਤੇ ਸੰਤਾਂ ਨੂੰ ਖ਼ਤਮ ਕਰਨ ਵਾਸਤੇ ਕਤਲ ਦੀ ਯੋਜਨਾ ਬਣਾਈ। ਇਸ ਮਕਸਦ ਲਈ ਉਸਨੇ ਇਕ ਬਦਨਾਮ ਸਾਬਕਾ ਨਕਸਲੀ (ਕਮਿਊਨਿਸਟ) ਗੁਰਚਰਨ ਸਿੰਘ ਨੂੰ ਆਪਣਾ ਦਫ਼ਤਰ ਸਕੱਤਰ ਨਿਯੁਕਤ ਕੀਤਾ। ਸੰਤ ਭਿੰਡਰਾਂਵਾਲੇ ਨੂੰ ਮਾਰ-ਮੁਕਾਉਣ ਦਾ ਕੰਮ ਉਸ ਨੇ ਗੁਰਚਰਨ ਸਿੰਘ ਨੂੰ ਸੌਂਪਿਆ, ਜੋ ਕਿ ਆਪਣੇ ਮੁਰਸ਼ਦ ਲੌਂਗੋਵਾਲ ਵਾਂਗ ਹੀ ਤੁੱਛ ਬੁੱਧੀ ਦੀ ਮਾਲਕ ਸੀ। ਗੁਰਚਰਨ ਸਿੰਘ ਨੇ ਇਕ ਪੇਸ਼ੇਵਰ ਕਾਤਲ ਸੁਰਿੰਦਰ ਸਿੰਘ ਛਿੰਦਾ ਅਤੇ ਉਸਦੀ ਬਦਚਲਨ ਨੌਜਵਾਨ ਰਖ਼ੇਲ ਬਲਜੀਤ ਕੌਰ ਦੀਆਂ ਸੇਵਾਵਾਂ ਭਾੜੇ 'ਤੇ ਲਈਆਂ। ਇਸ ਮਕਸਦ ਲਈ ਸਕੱਤਰ ਗੁਰਚਰਨ ਸਿੰਘ ਨੇ ਸੁਰਿੰਦਰ ਛਿੰਦੇ ਨੂੰ ਉਚੇਚੇ ਤੌਰ 'ਤੇ ਕਰੀਬ ਇਕ ਮਹੀਨਾ ਪਹਿਲਾਂ ਜੇਲ੍ਹ ਵਿੱਚੋਂ ਜ਼ਮਾਨਤ ਉੱਤੇ ਰਿਹਾਅ ਕਰਵਾਇਆ। ਉਸਨੇ ਇਨ੍ਹਾਂ ਨੂੰ ਮੋਟੀ ਰਕਮ ਅਦਾ ਕੀਤੀ ਅਤੇ ਸੰਤ ਦਾ ਕੰਡਾ ਕੱਢਣ ਵਿੱਚ ਸਫ਼ਲ ਰਹਿਣ ਦੀ ਸੂਰਤ

ਵਿਚ ਹੋਰ ਰਕਮ ਦੇਣ ਦਾ ਵਾਅਦਾ ਕੀਤਾ ਅਤੇ ਸਰਕਾਰ ਵਲੋਂ ਕੇਸ ਨਾ ਦਰਜ ਕਰਨ ਦਾ ਯਕੀਨ ਦੁਆਇਆ। ਇਨ੍ਹਾਂ ਦੋਹਾਂ ਪੇਸ਼ੇਵਰ ਮੁਜਰਮਾਂ ਨੇ ਸੰਤ ਭਿੰਡਰਾਂਵਾਲੇ ਨੂੰ 13 ਅਪ੍ਰੈਲ, 1984 ਵਾਲੇ ਦਿਨ ਦਰਬਾਰ ਸਾਹਿਬ ਸਮੂਹ 'ਚ ਗੋਲੀ ਮਾਰਨ ਦੀ ਗੁਪਤ ਸਾਜ਼ਿਸ਼ ਰਚੀ। ਪਰ ਦੋਹਾਂ 'ਚੋਂ ਕੋਈ ਵੀ ਸੰਤਾਂ 'ਤੇ ਗੋਲੀ ਚਲਾਉਣ ਦੀ ਹਿੰਮਤ ਨਾ ਜੁਟਾ ਸਕਿਆ, ਹਾਲਾਂਕਿ ਉਹ ਦੋਵੇਂ ਰਿਵਾਲਵਰਾਂ ਨਾਲ ਲੈਸ ਹੋਏ ਸੰਤਾਂ ਦੇ ਸਾਹਮਣੇ ਬੈਠੇ ਸਨ। ਪ੍ਰੰਤੂ, ਇਹ ਦੋਵੇਂ ਭਾੜੇ ਦੇ ਕਾਤਲ 14 ਅਪ੍ਰੈਲ 1984 ਨੂੰ ਸੰਤ ਭਿੰਡਰਾਂਵਾਲੇ ਦੀ ਸੱਜੀ ਬਾਂਹ ਅਤੇ ਭਰੋਸੇਮੰਦ ਸਮਰਥਕ ਸੁਰਿੰਦਰ ਸਿੰਘ ਸੋਢੀ ਨੂੰ ਸਿੰਧੀ ਹੋਟਲ ਵਿਚ ਕਤਲ ਕਰਨ ਵਿਚ ਕਾਮਯਾਬ ਹੋ ਗਏ। ਜਿਥੇ ਕਿ ਉਸ ਨੂੰ ਧੋਖੇ ਨਾਲ ਚਾਹ ਦਾ ਕੱਪ ਪੀਣ ਦੇ ਬਹਾਨੇ ਫੁਸਲਾ ਕੇ ਸੱਦਿਆ ਗਿਆ ਸੀ। ਸੰਤ ਭਿੰਡਰਾਂਵਾਲੇ ਦੀ ਸੱਜੀ ਬਾਂਹ ਸਮਝੇ ਜਾਂਦੇ ਵਿਅਕਤੀ ਦੇ ਇਸ ਵਿਸਾਹਘਾਤੀ ਕਤਲ ਮਗਰੋਂ ਧੋਖੇਬਾਜ਼ ਲੀਡਰ ਲੌਂਗੋਵਾਲ ਦੇ ਇਕ ਧੋਖੇਬਾਜ਼ ਸੇਵਕ ਮਲਿਕ ਸਿੰਘ ਭਾਟੀਆ ਦੀ ਸਰਗਰਮ ਮਦਦ ਨਾਲ ਛਿੰਦਾ ਬਚ ਕੇ ਨਿਕਲ ਗਿਆ। ਫ਼ਿਰ ਵੀ, ਬਲਜੀਤ ਕੌਰ ਸੰਤ ਭਿੰਡਰਾਂਵਾਲੇ ਦੇ ਸਾਥੀਆਂ ਦੇ ਕਾਬੂ ਆ ਗਈ। ਉਸ ਨੂੰ ਸੰਤ ਦੇ ਸਾਹਮਣੇ ਪੇਸ਼ ਕੀਤਾ ਗਿਆ ਜਿਥੇ ਉਸਨੇ ਲੌਂਗੋਵਾਲ ਵੱਲੋਂ ਸੰਤ ਭਿੰਡਰਾਂਵਾਲੇ ਅਤੇ ਉਸਦੇ ਕਰੀਬੀ ਸਾਥੀ ਸੋਢੀ ਨੂੰ ਕਤਲ ਕਰਨ ਲਈ ਰਚੀ ਗਈ ਸਾਜ਼ਿਸ਼ ਦਾ ਖੁਲਾਸਾ ਕੀਤਾ। ਉਸ ਨੇ ਸੋਢੀ ਦੇ ਭਿਆਨਕ ਕਤਲ ਵਿੱਚ ਆਪਣੀ ਸਰਗਰਮ ਸ਼ਮੂਲੀਅਤ ਦਾ ਵੀ ਇਕਬਾਲ ਕੀਤਾ। ਸੋਢੀ ਦੇ ਕਤਲ ਤੋਂ 24 ਘੰਟੇ ਦੇ ਅੰਦਰ ਹੀ ਸਿੱਖ ਨੌਜਵਾਨਾਂ ਨੇ ਛਿੰਦੇ, ਭਾਟੀਏ ਅਤੇ ਬਲਜੀਤ ਕੌਰ ਦਾ ਫ਼ਸਤਾ ਵੱਢ ਕੇ, ਉਸਦੀ ਮੌਤ ਦਾ ਬਦਲਾ ਲੈ ਲਿਆ। ਇਸ ਬਦਲਾ-ਲਊ ਕਾਰਵਾਈ ਨੇ ਲੌਂਗੋਵਾਲ ਅਤੇ ਉਸਦੇ ਪਿੱਠੂ ਗੁਰਚਰਨ ਸਿੰਘ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ। ਹੁਣ ਉਨ੍ਹਾਂ ਨੂੰ ਵੀ ਸੋਢੀ ਦੇ ਕਾਤਲਾਂ ਵਰਗਾ ਹੀ ਆਪਣਾ ਹਸ਼ਰ ਹੋਣ ਦਾ ਡਰ ਸੀ।

ਸੰਤ ਭਿੰਡਰਾਂਵਾਲੇ ਨੇ ਜਨਤਕ ਤੌਰ 'ਤੇ ਇਸ ਘਿਨਾਉਣੇ ਜੁਰਮ ਦਾ ਦੋਸ਼ ਗੁਰਚਰਨ ਸਿੰਘ 'ਤੇ ਲਾਇਆ ਅਤੇ ਉਸਨੇ ਐਲਾਨ ਕਰ ਦਿੱਤਾ ਕਿ ਹੁਣ ਉਹ ਮੂਕ ਦਰਸ਼ਕ ਬਣ ਕੇ ਨਹੀਂ ਬੈਠਾ ਰਹੇਗਾ। ਉਸਨੇ ਸ਼ਰੇਆਮ ਕਿਹਾ ਕਿ ਸੋਢੀ ਦੇ ਕਤਲ ਦੀ ਸਾਜ਼ਿਸ਼ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਵੱਲੋਂ ਘੜੀ ਗਈ ਹੈ। ਇਸ ਖੁਲ੍ਹੇਆਮ ਐਲਾਨ ਕਾਰਨ ਕਾਇਰ ਲੌਂਗੋਵਾਲ ਹੋਰ ਵੀ ਡਰ ਗਿਆ ਅਤੇ ਉਸਨੇ ਆਪਣੀ ਹੀ ਮੂਰਖਤਾ ਨਾਲ ਸਿਰਜੇ ਖਤਰਨਾਕ ਹਾਲਾਤਾਂ ਕਾਰਨ ਆਪਣੀ ਤਕਦੀਰ ਵਿਚ ਲਿਖੇ ਭਾਵੀ ਅੰਤ ਤੋਂ ਬਚਣ ਲਈ ਇੰਦਰਾ ਗਾਂਧੀ ਦੀ ਛਤਰ-ਛਾਇਆ ਲੈਣ ਲਈ ਯਤਨ ਤੇਜ਼ ਕਰ ਦਿੱਤੇ।

ਸੰਤ ਭਿੰਡਰਾਂਵਾਲੇ ਅਤੇ ਹਰਚੰਦ ਸਿੰਘ ਲੌਂਗੋਵਾਲ ਵਿਚਾਲੜੇ ਮੱਤਭੇਦਾਂ ਨੂੰ ਚਿੰਤਾਜਨਕ ਦਸ਼ਾ ਅਖਤਿਆਰ ਕਰਦੇ ਦੇਖ ਅਤੇ ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੁਝ ਦੂਸਰੀ ਕਤਾਰ ਦੇ ਅਕਾਲੀ ਆਗੂਆਂ ਨੇ ਸੰਤ ਭਿੰਡਰਾਂਵਾਲੇ ਅਤੇ ਲੌਂਗੋਵਾਲ ਦਰਮਿਆਨ ਸਮਝੌਤਾ ਕਰਾਉਣ ਦਾ ਯਤਨ ਕੀਤਾ। ਸੰਤ ਨੇ ਇਨ੍ਹਾਂ ਵਿਚੋਲਿਆਂ ਨੂੰ ਕਿਹਾ ਕਿ ਉਹ ਪਹਿਲਾਂ ਲੌਂਗੋਵਾਲ ਨੂੰ ਪੁੱਛਣ ਕਿ ਉਸਦੇ ਸਕੱਤਰ ਗੁਰਚਰਨ ਸਿੰਘ ਨੇ ਸੋਢੀ ਦੇ ਕਤਲ ਦਾ ਬੰਦੋਬਸਤ ਕਿਉਂ ਕੀਤਾ ਸੀ ਅਤੇ ਇਹ ਮੁਜਰਮਾਨਾ ਸਾਜ਼ਿਸ਼ ਉਸਨੇ ਕਿਸ ਦੀ ਸ਼ਹਿ 'ਤੇ ਰਚੀ ਸੀ, ਲੌਂਗੋਵਾਲ ਨੇ ਅਜੇ ਤੱਕ ਆਪਣੇ ਮੁਜਰਮ ਸਕੱਤਰ ਨੂੰ ਅਹੁਦੇ ਤੋਂ ਕਿਉਂ ਨਹੀਂ ਸੀ ਹਟਾਇਆ ਅਤੇ ਜੇ ਉਹ (ਲੌਂਗੋਵਾਲ) ਇਸ ਦੋਸ਼ੀ ਨੂੰ ਬਰਤਰਫ਼

ਨਹੀਂ ਕਰਦਾ ਤਾਂ ਉਹ ਇਸ ਮੁਜਰਮਾਨਾ ਸਾਜ਼ਿਸ਼ ਤੋਂ ਆਪਣੇ ਆਪ ਨੂੰ ਕਿਵੇਂ ਸੁਰਖ਼ਰੂ ਕਰ ਸਕਦਾ ਹੈ? ਪ੍ਰਤੱਖ ਰੂਪ 'ਚ, ਇਨ੍ਹਾਂ ਕੁਝ ਸਵਾਲਾਂ ਦਾ ਕੋਈ ਵੀ ਜਵਾਬ ਨਾ ਦਿੱਤਾ ਗਿਆ। ਇਸ ਸਭ ਕੁਝ ਦੇ ਬਾਵਜੂਦ ਲੌਂਗੋਵਾਲ ਨੇ ਗੁਰਚਰਨ ਸਿੰਘ ਨੂੰ, ਦਰਬਾਰ ਸਾਹਿਬ ਸਮੂਹ 'ਤੇ ਫ਼ੌਜੀ ਹਮਲੇ ਦੌਰਾਨ 5 ਜੂਨ, 1984 ਦੀ ਰਾਤ ਨੂੰ ਉਹਦੇ ਮਾਰੇ ਜਾਣ ਤੱਕ, ਆਪਣੇ ਨਾਲ ਹੀ ਰੱਖਿਆ। ਲੌਂਗੋਵਾਲ, ਗੁਰਚਰਨ ਸਿੰਘ ਨੂੰ ਅਹੁਦੇ ਤੋਂ ਕਿਵੇਂ ਹਟਾ ਸਕਦਾ ਸੀ? ਕਿਉਂਕਿ ਅਜਿਹਾ ਹੋਣ 'ਤੇ ਗੁਰਚਰਨ ਸਿੰਘ ਨੇ ਅਵੱਸ਼ ਹੀ ਕਤਲ ਦੀ ਸਾਜ਼ਿਸ਼ ਦੇ ਮੁੱਖ ਦੋਸ਼ੀ ਦਾ ਨਾਮ ਜ਼ਾਹਰ ਕਰ ਦੇਣਾ ਸੀ ਅਤੇ ਇਹ ਮੁੱਖ ਦੋਸ਼ੀ ਖ਼ੁਦ ਲੌਂਗੋਵਾਲ ਤੋਂ ਛੁੱਟ ਕੋਈ ਹੋਰ ਨਹੀਂ ਸੀ।

ਇਸ ਲਈ ਪ੍ਰਤੱਖ ਰੂਪ ਵਿੱਚ, ਵਿਚੋਲਿਆਂ ਵੱਲੋਂ ਸੰਤ ਭਿੰਡਰਾਂਵਾਲੇ ਅਤੇ ਲੌਂਗੋਵਾਲ ਦਰਮਿਆਨ ਸਮਝੌਤਾ ਕਰਾਉਣ ਦੇ ਯਤਨ ਫੇਲ੍ਹ ਹੋ ਗਏ। ਇਸ ਲਈ ਉਨ੍ਹਾਂ ਦਾ ਅੰਤਮ ਰੂਪ ਵਿੱਚ ਦੁਫਾੜ ਹੋਣਾ ਯਕੀਨੀ ਸੀ ਅਤੇ ਇਹ ਨਿਖੇੜਾ ਅਪ੍ਰੈਲ 1984 ਵਿਚ ਹੋ ਗਿਆ।

ਇਸ ਪਿੱਛੋਂ ਲੌਂਗੋਵਾਲ ਨੇ 27 ਅਪ੍ਰੈਲ, 1984 ਨੂੰ ਤਾਜ਼ਾ ਸਥਿਤੀ ਦਾ ਜਾਇਜ਼ਾ ਲੈਣ ਅਤੇ ਭਵਿੱਖ ਦੀਆਂ ਨੀਤੀਆਂ ਘੜ੍ਹਨ ਲਈ ਵਿਚਾਰ-ਵਟਾਂਦਰਾ ਕਰਨ ਹਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਹੋਰ ਅਕਾਲੀ ਨੇਤਾਵਾਂ ਦੀ ਇਕ ਸਾਂਝੀ ਮੀਟਿੰਗ ਸੱਦੀ। ਲੌਂਗੋਵਾਲ ਦੀ ਸ਼ਹਿ 'ਤੇ ਜਸਦੇਵ ਸਿੰਘ ਸੰਧੂ ਵਰਗੇ ਉਸਦੇ ਝੋਲੀ ਚੁੱਕ ਨੇ ਸੰਤ ਭਿੰਡਰਾਂਵਾਲੇ 'ਤੇ ਹਮਲਾ ਕਰਦਿਆਂ ਉਸਨੂੰ ਕਾਂਗਰਸੀ ਏਜੰਟ ਕਹਿ ਕੇ ਉਸ 'ਤੇ ਮੋਰਚੇ ਨੂੰ ਸਾਬੋਤਾਜ ਕਰਨ ਦਾ ਦੋਸ਼ ਲਾਇਆ। ਅਜਿਹੀਆਂ ਟਿੱਪਣੀਆਂ ਦੇ ਫ਼ਲਸਰੂਪ ਸੰਤ ਭਿੰਡਰਾਂਵਾਲੇ ਦੇ ਸਮਰਥਕਾਂ ਨੇ ਵੀ ਪ੍ਰਤੀਕਰਮ ਵਜੋਂ ਜਵਾਬੀ ਕਾਰਵਾਈ ਕੀਤੀ। ਦੋਹਾਂ ਧਿਰਾਂ ਦਰਮਿਆਨ ਮੱਤਭੇਦਾਂ ਨੂੰ ਸੁਲਝਾਉਣ ਦਾ ਕੋਈ ਹੱਲ ਨਾ ਲੱਭਦਾ ਦੇਖ ਕੇ 42 ਦੇ ਕਰੀਬ ਐਸ.ਜੀ.ਪੀ.ਸੀ. ਮੈਂਬਰ ਲੌਂਗੋਵਾਲ ਦੀਆਂ ਡਾਵਾਂ-ਡੋਲ ਅਤੇ ਭਟਕਾਊ ਚਾਲਬਾਜ਼ੀਆਂ ਦੇ ਖ਼ਿਲਾਫ਼ ਰੋਸ ਪ੍ਰਗਟਾਉਂਦਿਆਂ ਮੀਟਿੰਗ 'ਚੋਂ ਵਾਕਆਊਟ ਕਰ ਗਏ। ਕੁਝ ਦਿਨਾਂ ਪਿੱਛੋਂ ਇਨ੍ਹਾਂ ਮੈਂਬਰਾਂ ਦੀ ਗਿਣਤੀ 67 ਹੋ ਗਈ। ਉਨ੍ਹਾਂ ਲੌਂਗੋਵਾਲ ਦੇ ਖ਼ਿਲਾਫ਼ ਨਾਅਰੇ ਲਾਏ ਅਤੇ ਸੰਤ ਭਿੰਡਰਾਂਵਾਲੇ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਅਕਾਲ ਤਖ਼ਤ 'ਤੇ ਗਏ। ਇਕ ਗਿਣੀ-ਮਿਥੀ ਸਾਜ਼ਿਸ਼ ਤਹਿਤ ਅਤੇ ਭਾਰਤ ਸਰਕਾਰ ਵੱਲੋਂ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰਨ ਲਈ ਆਧਾਰ ਤਿਆਰ ਕਰਨ ਵਾਸਤੇ ਲੌਂਗੋਵਾਲ ਸਥਿਤੀ ਨੂੰ ਇਸ ਖ਼ਤਰਨਾਕ ਹੱਦ ਤੱਕ ਲੈ ਕੇ ਗਿਆ, ਭਾਵੇਂ ਕਿ ਸਰਕਾਰ ਵੱਲੋਂ ਫ਼ੌਜੀ ਕਾਰਵਾਈ ਲਈ ਪਹਿਲਾਂ ਹੀ ਯੋਜਨਾ ਉਲੀਕੀ ਜਾ ਚੁੱਕੀ ਸੀ।

ਸੰਤ ਭਿੰਡਰਾਂਵਾਲੇ ਵੱਲੋਂ 31 ਦਸੰਬਰ, 1983 ਨੂੰ ਗੁਰੂ ਰਾਮਦਾਸ ਲੰਗਰ ਬਿਲਡਿੰਗ 'ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਆਯੋਜਿਤ ਗੁਰਮਤਿ ਟ੍ਰੇਨਿੰਗ ਕੈਂਪ ਦੇ ਆਖਰੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਕੀਤੀ ਇਹ ਭਵਿੱਖਬਾਣੀ ਬਿਲਕੁਲ ਬੇਮਾਅਨਾ ਨਹੀਂ ਸੀ ਕਿ ਉਹਦੇ ਖ਼ਿਲਾਫ਼ ਬਦਨੀਤੀ ਅਤੇ ਵੈਰ-ਭਾਵਨਾ ਭਰੇ ਦੋਸ਼ ਲਾਉਣ ਦੀ ਅਤੇ ਫਿਰ ਭਾਰਤ ਸਰਕਾਰ ਲਈ ਦਰਬਾਰ ਸਾਹਿਬ ਸਮੂਹ ਅੰਦਰ ਨੀਮ-ਫ਼ੌਜੀ ਦਸਤੇ ਭੇਜਣ ਲਈ ਆਧਾਰ ਤਿਆਰ ਕਰਨ ਵਾਸਤੇ ਇਕ ਸਾਜ਼ਿਸ਼ ਰਚੀ ਗਈ ਹੈ। ਇਸ ਲਈ ਉਸ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਹੋਰ ਅਕਾਲੀ ਵਰਕਰਾਂ ਨੂੰ ਖਾਲਸਾ ਪੰਥ



ਸੰਤ ਜਰਨੈਲ ਸਿੰਘ ਜੀ ਅਤੇ ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਪੰਜਾਬ ਦੇ ਸਾਬਕਾ ਸਿੱਖ ਫ਼ੌਜੀਆਂ ਦੀ ਕਨਵੈਨਸ਼ਨ 'ਚ ਸ਼ਮੂਲੀਅਤ ਉਪਰੰਤ ਬਾਹਰ ਆਉਂਦੇ ਹੋਏ।



ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਆਪਣੇ ਜੁਝਾਰੂ ਕਾਫ਼ਲੇ ਨਾਲ ਰੋਜ਼ਮੱਰਾ ਵਾਂਗ ਗੁਰੂ ਰਾਮ ਦਾਸ ਲੰਗਰ ਦੀ ਇਮਾਰਤ 'ਤੇ ਸਾਰਾ ਦਿਨ ਸਿੱਖ-ਸੰਗਤਾਂ ਨੂੰ ਮਿਲਣ ਉਪਰੰਤ ਸ਼ਾਮ ਦੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਜੁੜਵੀਂ ਆਪਣੀ ਰਿਹਾਇਸ਼ ਵੱਲ ਵਾਪਸ ਜਾਂਦੇ ਹੋਏ।



ਲੇਖਕ ਸ੍ਰੀ ਏ. ਆਰ. ਦਰਸ਼ੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਿਤਾ
ਬਾਬਾ ਜੋਗਿੰਦਰ ਸਿੰਘ ਜੀ ਨਾਲ।

ਦੇ ਇਨ੍ਹਾਂ ਦੁਸ਼ਮਣਾਂ ਤੋਂ ਸੁਚੇਤ ਰਹਿਣ ਲਈ ਖ਼ਬਰਦਾਰ ਕੀਤਾ। ਉਹਨੇ ਲੌਂਗੋਵਾਲ ਦੀ ਲੀਡਰੀ ਹੇਠਲੇ ਸੱਤਾ ਦੇ ਭੁੱਖੇ ਅਕਾਲੀ ਆਗੂਆਂ ਵੱਲ ਸੰਕੇਤ ਕਰਦਿਆਂ ਖਰੇ ਸ਼ਬਦਾਂ ਵਿਚ ਕਿਹਾ ਕਿ ਇਹ ਯਾਦ ਰੱਖਣ ਕਿ ਧਰਮ ਯੁੱਧ ਮੋਰਚਾ ਚਾਹੇ ਜਿੰਨਾ ਮਰਜ਼ੀ ਲੰਮਾ ਸਮਾਂ ਜਾਰੀ ਰਹੇ ਇਸ ਨੂੰ ਕਦੇ ਵੀ ਅੱਧਵਾਟੇ ਬੰਦ ਨਹੀਂ ਕੀਤਾ ਜਾਵੇਗਾ। ਉਸ ਨੇ ਜ਼ੋਰਦਾਰ ਐਲਾਨ ਕੀਤਾ ਕਿ ਭਾਰਤ ਸਰਕਾਰ ਵੱਲੋਂ ਆਨੰਦਪੁਰ ਸਾਹਿਬ ਮਤਾ ਇੰਨ ਬਿੰਨ ਮੰਨੇ ਜਾਣ ਤੱਕ ਮੋਰਚਾ ਜਾਰੀ ਰਹੇਗਾ। ਉਹਨੇ ਇਹ ਵੀ ਕਿਹਾ ਕਿ ਧਰਮ ਯੁੱਧ ਮੋਰਚਾ ਖ਼ਾਲਸਾ ਪੰਥ ਅਤੇ ਹਿੰਦੂ ਤਾਨਾਸ਼ਾਹੀ ਵਿਚਾਲੇ ਅੰਤਮ ਅਤੇ ਫ਼ੈਸਲਾਕੁੰਨ ਲੜਾਈ ਹੈ ਅਤੇ ਹੁਣ ਜਾਂ "ਫ਼ਤਹਿ ਹੋਵੇਗੀ ਜਾਂ ਸਿਰ ਲੱਗਣਗੇ।" ਪਹਿਲਾਂ ਉਹ ਇਹ ਕਿਹਾ ਕਰਦਾ ਸੀ ਕਿ ਉਹ ਨਾ ਖ਼ਾਲਿਸਤਾਨ ਦੀ ਮੰਗ ਦੇ ਹੱਕ 'ਚ ਹੈ ਅਤੇ ਨਾ ਹੀ ਵਿਰੋਧ 'ਚ ਪ੍ਰੰਤੂ ਇਸ ਮੌਕੇ ਉਹਨੇ ਕਹਿ ਦਿੱਤਾ ਕਿ ਹੁਣ ਇਹ ਫ਼ੈਸਲਾ ਸਰਕਾਰ 'ਤੇ ਮੁਨੱਸਰ ਹੈ ਕਿ ਉਹਨੇ ਸਿੱਖਾਂ ਨੂੰ ਨਾਲ ਰੱਖਣਾ ਹੈ ਜਾਂ ਵੱਖ ਕਰਨਾ ਹੈ ਅਤੇ ਜੇ ਉਹਨਾਂ ਨੂੰ ਖ਼ਾਲਿਸਤਾਨ ਦੀ ਪੇਸ਼ਕਸ਼ ਕੀਤੀ ਗਈ ਤਾਂ ਉਹ ਇਨਕਾਰ ਨਹੀਂ ਕਰਨਗੇ। ਇਹ ਗੱਦਾਰ ਲੌਂਗੋਵਾਲ-ਜੁੰਡਲੀ ਅਤੇ ਭਾਰਤ ਸਰਕਾਰ ਨੂੰ ਸਪਸ਼ਟ ਚਿਤਾਵਨੀ ਸੀ ਕਿ ਜਿਸ ਦਿਨ ਫ਼ੌਜਾਂ ਦਰਬਾਰ ਸਾਹਿਬ ਦੇ ਅੰਦਰ ਦਾਖ਼ਲ ਹੋਈਆਂ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਇਹ ਲੌਂਗੋਵਾਲ ਅਕਾਲੀ ਦਲ ਨੂੰ ਵੀ ਚਿਤਾਵਨੀ ਸੀ ਕਿ ਉਹਨਾਂ ਦੇ ਵਿਸ਼ਵਾਸਘਾਤ ਦੇ ਬਾਵਜੂਦ ਵੀ ਧਰਮ ਯੁੱਧ ਮੋਰਚਾ ਨਿਸ਼ਾਨੇ ਦੀ ਪ੍ਰਾਪਤੀ ਤੱਕ ਜਾਰੀ ਰਹੇਗਾ। ਇਹ ਭਾਰਤ ਸਰਕਾਰ ਅਤੇ ਲੌਂਗੋਵਾਲ ਅਕਾਲੀ ਦਲ ਦੀ ਬੜੀ ਵੱਡੀ ਗਲਤ ਫ਼ਹਿਮੀ ਸੀ ਕਿ ਉਹਨਾਂ ਇਸ ਚਿਤਾਵਨੀ ਨੂੰ ਗਪੌੜ-ਸੰਖ ਸਮਝ ਕੇ ਨਜ਼ਰ-ਅੰਦਾਜ਼ ਕਰ ਦਿੱਤਾ ਅਤੇ ਦਰਬਾਰ ਸਾਹਿਬ ਸਮੂਹ ਤੇ ਫ਼ੌਜੀ ਹਮਲਾ ਕਰਨ ਦੀ ਪਹਿਲਾਂ ਤੋਂ ਹੀ ਵਿਉਂਤੀ ਯੋਜਨਾ ਦੇ ਰਸਤੇ ਤੁਰ ਪਏ।

## ਭਾਗ 3

ਜਦੋਂ ਭਾਰਤ ਸਰਕਾਰ ਨਾਲ ਗੱਠਜੋੜ ਦੇ ਤਹਿਤ ਲੌਂਗੋਵਾਲ ਨੇ 1983 ਦੇ ਪਿਛਲੇ ਅੱਧ 'ਚ ਸੰਤ ਭਿੰਡਰਾਂਵਾਲੇ ਤੇ ਕਾਂਗਰਸੀ ਏਜੰਟ ਹੋਣ ਦਾ ਦੋਸ਼ ਲਾਇਆ ਸੀ ਅਤੇ ਨਾਲ ਹੀ ਇਹ ਐਲਾਨ ਕੀਤਾ ਸੀ ਕਿ ਸੰਤ ਨੂੰ ਮੰਜੀ ਸਾਹਿਬ ਤੋਂ ਸੰਗਤ ਨੂੰ ਸੰਬੋਧਨ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਤਾਂ ਸੰਤ ਨੇ ਆਪਣੀ ਸਟੇਜ ਗੁਰੂ ਰਾਮਦਾਸ ਲੰਗਰ ਦੀ ਛੱਤ 'ਤੇ ਬਦਲ ਲਈ-ਇਸ ਲਈ ਨਹੀਂ ਕਿ ਉਹ ਲੌਂਗੋਵਾਲ ਤੋਂ ਡਰਦਾ ਸੀ ਬਲਕਿ ਖ਼ੁਦ ਉਸ ਵੱਲੋਂ ਬੜੇ ਵੱਡੇ ਉੱਦਮ ਨਾਲ ਅਕਾਲੀ ਦਲ 'ਚ ਕਰਾਈ ਗਈ ਏਕਤਾ ਦੇ ਮੱਦੇਨਜ਼ਰ ਉਸਨੇ ਅਜਿਹਾ ਕੀਤਾ ਸੀ। ਇਸ ਲਈ, ਉਸ ਨੇ ਸਵੈ-ਇੱਛਾ ਪੂਰਵਕ ਮੰਜੀ ਸਾਹਿਬ ਜਾਣ ਤੋਂ ਗੁਰੇਜ਼ ਕੀਤਾ ਅਤੇ ਸੰਗਤ ਨੂੰ ਗੁਰੂ ਰਾਮ ਦਾਸ ਲੰਗਰ ਦੀ ਇਮਾਰਤ ਤੋਂ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ, ਮੰਜੀ ਸਾਹਿਬ ਜਾਣ ਵਾਲੀਆਂ ਸੰਗਤਾਂ ਦਾ ਵਹਿਣ ਸਹਿਜੇ-ਸਹਿਜੇ ਬੇਹੱਦ ਮੰਦਾ ਪੈ ਗਿਆ ਅਤੇ ਲੰਗਰ ਦੀ ਇਮਾਰਤ 'ਤੇ ਉਤਸ਼ਾਹਜਨਕ ਸਿੱਖ ਵਲੰਟੀਅਰਾਂ, ਵਿਸ਼ੇਸ਼ ਕਰਕੇ ਨੌਜਵਾਨਾਂ, ਦਾ ਜਮਘਟਾ ਰਹਿਣ ਲੱਗ ਪਿਆ। ਇਉਂ ਸੰਤ ਭਿੰਡਰਾਂਵਾਲੇ ਨੂੰ ਅਲੱਗ-ਥਲੱਗ ਕਰਨ ਦੀ ਵਿਅਰਥ ਕੋਸ਼ਿਸ਼ ਕਰਨ ਵਾਲਾ ਲੌਂਗੋਵਾਲ ਖ਼ੁਦ ਸਿੱਖ ਜਨਤਾ ਤੋਂ ਅਲੱਗ-ਥਲੱਗ ਹੋ ਕੇ ਰਹਿ ਗਿਆ। ਇਸ ਸਥਿਤੀ ਨੇ ਲੌਂਗੋਵਾਲ ਨੂੰ ਮੁਕੰਮਲ ਤੌਰ 'ਤੇ ਮਾਯੂਸ ਕਰ ਦਿੱਤਾ। ਤਾਂ ਵੀ, ਬਰਨਾਲਾ, ਬਲਵੰਤ ਤੇ ਹੋਰਨਾਂ ਚਮਚਿਆਂ ਵੱਲੋਂ ਹੱਲਾਸ਼ੇਰੀ ਦਿੱਤੇ ਜਾਣ ਉਪਰੰਤ ਲੌਂਗੋਵਾਲ ਨੇ

ਆਪਣੀ ਲੋਕ-ਪ੍ਰਿਯਤਾ ਟੋਹਣ ਲਈ 29 ਅਗਸਤ, 1983 ਨੂੰ "ਕੰਮ ਰੋਕੋ" ਅੰਦੋਲਨ ਦਾ ਸੱਦਾ ਦਿੱਤਾ। ਪਰ ਇਸ ਵਾਰੀ ਸਿੱਖ ਜਨਤਾ ਵੱਲੋਂ ਮਿਲਿਆ ਹੁੰਗਾਰਾ ਬਹੁਤ ਨਿਗੂਣਾ (ਮੱਠਾ) ਸੀ। ਪੁਰਾਣੇ ਅਕਾਲੀ ਆਪਣੀਆਂ ਚਿੱਟੀਆਂ ਦਾੜ੍ਹੀਆਂ ਖੋਲ੍ਹ ਕੇ ਅਫ਼ਸਰਾਂ ਦੀ ਸਲਾਹ ਨਾਲ ਚਹਿਲ ਕਦਮੀ ਕਰਦੇ ਹੋਏ ਦਫ਼ਤਰਾਂ ਵਿੱਚ ਗਏ ਅਤੇ ਮੁਲਾਜ਼ਮਾਂ ਨੂੰ ਕੰਮ ਬੰਦ ਕਰਨ ਲਈ ਬੇਨਤੀਆਂ ਕੀਤੀਆਂ। ਦਫ਼ਤਰਾਂ ਦੇ ਦੌਰੇ ਉਪਰੰਤ ਅਕਾਲੀ ਬੜੇ ਫੁੱਲੇ ਹੋਏ ਬਾਹਰ ਆਏ ਅਤੇ ਦਾਅਵਾ ਕੀਤਾ ਕਿ ਉਹਨਾਂ ਸਾਰੇ ਸਰਕਾਰੀ ਦਫ਼ਤਰ ਬੰਦ ਕਰਾ ਦਿੱਤੇ ਹਨ। ਹਕੀਕਤ ਵਿਚ ਸੰਤ ਭਿੰਡਰਾਂਵਾਲੇ ਦੀ ਹਿਮਾਇਤ ਤੋਂ ਬਿਨਾਂ ਦਿੱਤਾ ਗਿਆ ਇਹ ਸੱਦਾ ਮੁਕੰਮਲ ਤੌਰ 'ਤੇ ਅਸਫ਼ਲ ਹੋਇਆ। ਫਿਰ ਵੀ, ਆਪਣੀ ਮਿੱਟੀ ਮਿਲ ਚੁੱਕੀ ਸਾਖ ਨੂੰ ਮੁੜ ਉਭਾਰਨ ਦੀ ਆਖਰੀ ਕੋਸ਼ਿਸ਼ ਵਜੋਂ ਲੌਂਗੋਵਾਲ ਨੇ ਅਚਾਨਕ ਬੜਾ ਦਲੇਰਾਨਾ ਰੁਖ਼ ਅਖਤਿਆਰ ਕੀਤਾ ਅਤੇ ਆਪਣੇ ਅਕਾਲੀ ਦਲ ਨੂੰ 27 ਫਰਵਰੀ, 1984 ਨੂੰ ਭਾਰਤੀ ਸੰਵਿਧਾਨ ਸਾੜਨ ਦਾ ਸੱਦਾ ਦਿੱਤਾ। ਇਸ ਵੇਰਾਂ ਵੀ ਸਿੱਖ ਜਨਤਾ ਦਾ ਹੁੰਗਾਰਾ ਨਾਂ-ਮਾਤਰ ਹੀ ਸੀ। ਕੇਵਲ ਬਾਦਲ, ਟੌਹੜਾ ਤੇ ਅਜਿਹੇ ਹੋਰ ਲੀਡਰ ਪ੍ਰਗਟ ਹੋਏ ਅਤੇ ਇਹਨਾਂ ਨੇ ਸੰਵਿਧਾਨ ਨਹੀਂ, ਕੇਵਲ ਸੰਵਿਧਾਨ ਦੀ ਧਾਰਾ 25 (2) (ਬੀ) ਦੀ ਟਾਈਪ ਕੀਤੀ ਹੋਈ ਕਾਪੀ ਸਾੜਨ ਦਾ ਨਾਟਕ ਰਚਿਆ। ਪਰ, ਅਸਲ ਵਿੱਚ ਇਹ ਧਾਰਾ 25 (2) (ਬੀ) ਦੀ ਕਾਪੀ ਨੂੰ ਸਾੜ ਕੇ ਮੁਜ਼ਾਹਰਾ ਕਰਨ ਦਾ ਹੀਆ ਵੀ ਨਾ ਕਰ ਸਕੇ ਅਤੇ ਕੇਵਲ ਇਸ ਨੂੰ ਪਾੜ ਕੇ ਹੀ ਜਲਦੀ ਨਾਲ ਕਾਰਵਾਈ ਪਾ ਦਿੱਤੀ। ਧਾਰਾ 25 (2) (ਬੀ) ਦੀ ਇਹ ਮੱਦ ਸਿੱਖਾਂ ਨੂੰ ਹਿੰਦੂ ਪਰਿਭਾਸ਼ਤ ਕਰਦੀ ਹੈ। ਬਾਦਲ ਨੂੰ ਦਿੱਲੀ ਵਿਖੇ ਅਤੇ ਟੌਹੜਾ ਤੇ ਹੋਰਨਾਂ ਨੂੰ ਚੰਡੀਗੜ੍ਹ 'ਚ ਭਾਰਤੀ ਸੰਵਿਧਾਨ ਨੂੰ ਸਾੜਨ ਦੇ ਕਥਿਤ ਅਪਰਾਧ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਪਰ ਅਸਲ ਵਿਚ ਇਹ ਕੇਵਲ ਸਟੰਟ ਸੀ। ਇਹ ਡਰਾਮਾ ਸਿੱਖਾਂ ਨੂੰ ਬੁੱਧੂ ਬਣਾਉਨ ਲਈ ਰਚਿਆ ਗਿਆ ਸੀ। ਅਸਲ ਵਿਚ ਇਹ ਸਭ ਕੁਝ ਸਰਕਾਰ ਦੇ ਇਸ਼ਾਰੇ 'ਤੇ ਕੀਤਾ ਗਿਆ ਤਾਂ ਕਿ ਸਾਰੇ ਪ੍ਰਮੁੱਖ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਇਕੱਤਰ ਕੀਤਾ ਜਾ ਸਕੇ ਅਤੇ ਸਰਕਾਰ ਨਾਲ ਇਹ ਗੱਲਬਾਤ ਕਰ ਸਕਣ। ਤਲਵੰਡੀ ਨੂੰ ਭਾਈ ਅਮਰੀਕ ਸਿੰਘ ਦੇ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਚੁਣੇ ਜਾਣ ਮੌਕੇ 20 ਸਤੰਬਰ, 1983 ਨੂੰ ਭਖਵੀਂ ਤਕਰੀਰ ਕਰਨ ਕਾਰਨ ਪਹਿਲਾਂ ਹੀ ਐਨ.ਐਸ.ਏ. ਤਹਿਤ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ ਕਿਉਂਕਿ ਉਸ ਨੇ ਸਮਾਗਮ ਵਿਚ ਤਕਰੀਰ ਕਰਦਿਆਂ ਸੰਤ ਭਿੰਡਰਾਂਵਾਲੇ ਦੇ ਨਾਲ ਹੀ ਬੈਠੇ ਲੌਂਗੋਵਾਲ ਨੂੰ ਇਹ ਸੁਝਾਅ ਦਿੱਤਾ ਸੀ ਕਿ ਲਾਮਿਸਾਲ ਕੁਰਬਾਨੀਆਂ ਕਰਨ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦੇਣ ਉਪਰੰਤ ਉਹਨੂੰ ਅੰਮ੍ਰਿਤਸਰ ਵਿਖੇ ਸਮਾਨਾਂਤਰ ਸਰਕਾਰ ਸਥਾਪਤ ਕਰ ਦੇਣੀ ਚਾਹੀਦੀ ਹੈ।

ਜਦੋਂ ਲੌਂਗੋਵਾਲ ਅਤੇ ਉਸਦਾ ਗਰੋਹ ਸੰਤ ਭਿੰਡਰਾਂਵਾਲੇ ਉੱਤੇ ਫ਼ੌਜੀ ਹਮਲਾ ਹੋਣ ਦੀ ਉਡੀਕ ਕਰ ਰਿਹਾ ਸੀ ਤਾਂ ਉਦੋਂ ਹੀ ਸੰਤ, ਬੜੀ ਗੰਭੀਰਤਾ ਨਾਲ, ਨੀਮ ਫ਼ੌਜੀ ਬਲਾਂ ਜਾਂ ਹਥਿਆਰਬੰਦ ਫ਼ੌਜਾਂ ਵੱਲੋਂ ਹਮਲੇ ਦੀ ਸੂਰਤ ਵਿੱਚ, ਦਰਬਾਰ ਸਾਹਿਬ ਸਮੂਹ ਦੀ ਰਾਖੀ ਕਰਨ ਦੇ ਆਪਣੇ ਯਤਨਾਂ ਵਿਚ ਰੁੱਝਾ ਹੋਇਆ ਸੀ। ਇਸ ਨਾਜ਼ੁਕ ਮੌਕੇ 'ਤੇ ਲੌਂਗੋਵਾਲ ਆਪਣੇ ਏਅਰਕੰਡੀਸ਼ਨਡ ਕਮਰੇ 'ਚ ਬੈਠਾ ਅੰਦਰੋ-ਅੰਦਰ ਪ੍ਰਸੰਨ ਹੋ ਰਿਹਾ ਸੀ ਜਦੋਂ ਕਿ ਸੰਤ ਭਿੰਡਰਾਂਵਾਲਾ ਬੜੀ ਨਿਸ਼ਠਾ ਨਾਲ ਸਰਵਉੱਚ ਪਵਿੱਤਰ ਅਸਥਾਨ ਦਰਬਾਰ ਸਾਹਿਬ

ਅਤੇ ਅਕਾਲ ਤਖ਼ਤ ਦੀ ਰੱਖਿਆ ਲਈ ਯੋਜਨਾਵਾਂ ਬਣਾ ਰਿਹਾ ਸੀ। ਇਨ੍ਹਾਂ ਦੋਹਾਂ ਨੇਤਾਵਾਂ, ਜਿਨ੍ਹਾਂ 'ਚੋਂ ਇਕ ਕਾਗਜ਼ੀ ਸ਼ੇਰ ਅਤੇ ਗੱਦਾਰ ਸੀ ਅਤੇ ਦੂਜਾ ਸੱਚੀ-ਮੁੱਚੀਂ ਦਾ ਸ਼ੇਰ ਅਤੇ ਦਿਲੋਂ ਪੰਥ-ਪ੍ਰਸਤ ਸੀ, ਵੱਲੋਂ ਇਸ ਗੰਭੀਰ ਸਥਿਤੀ ਪ੍ਰਤੀ ਲਏ ਗਏ ਅਜਿਹੇ ਵੱਖ-ਵੱਖ ਸਟੈਂਡ ਵਿਚ ਕਿੰਨਾ ਅੰਤਰ ਸੀ!

ਲੌਂਗੋਵਾਲ ਦੀ ਗੱਦਾਰੀ ਅਤੇ ਇੰਦਰਾ ਗਾਂਧੀ, ਜਿਸਨੇ ਸੰਤ ਭਿੰਡਰਾਂਵਾਲੇ ਪ੍ਰਤੀ ਡੂੰਘੀ ਨਿੱਜੀ ਘਿਰਣਾ ਪਾਲ ਰੱਖੀ ਸੀ, ਦੇ ਹਥਕੰਡਿਆਂ ਤੋਂ ਨਿਧੜਕ ਸੰਤ ਨੇ ਲੰਗਰ ਦੀ ਇਮਾਰਤ ਤੋਂ ਸੰਗਤ ਨੂੰ ਰਾਜਸੀ-ਧਾਰਮਿਕ ਪ੍ਰਵਚਨ ਸੁਣਾਉਣੇ ਜਾਰੀ ਰੱਖੇ। ਉਹ ਸਿੱਖਾਂ ਨੂੰ, ਖ਼ਾਸ ਕਰਕੇ ਨੌਜਵਾਨਾਂ ਨੂੰ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਦੇ ਧਰਮ ਦੀ ਰਾਖੀ ਕਰਨ ਲਈ ਉਤਸ਼ਾਹਿਤ ਅਤੇ ਲਾਮਬੰਦ ਕਰ ਰਿਹਾ ਸੀ-ਜੋ ਉਸ ਨੂੰ ਸੰਕਟ ਵਿਚ ਫ਼ਸੇ ਪ੍ਰਤੀਤ ਹੋ ਰਹੇ ਸਨ। ਉਹਨੇ ਐਲਾਨ ਕੀਤਾ ਕਿ ਗੁਰੂ ਨਾਨਕ ਦੇ ਮੱਤ ਅਤੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਨੂੰ ਅੰਦਰੋਂ ਵੀ ਅਤੇ ਬਾਹਰੋਂ ਵੀ ਖ਼ਤਰਾ ਦਰਪੇਸ਼ ਹੈ। ਇਸ ਲਈ, ਉਸ ਨੇ ਆਪਣੇ ਸਮਰਥਕਾਂ ਨੂੰ ਨਸੀਹਤ ਦਿੱਤੀ ਕਿ ਉਹ ਦੋ ਮੁਹਾਜ਼ਾਂ 'ਤੇ ਲੜਨ ਲਈ ਤਿਆਰ ਰਹਿਣ—ਇੱਕ, ਪੰਥ ਦੇ ਅੰਦਰ ਬੈਠੇ ਹਮਲੇ ਦੀ ਉਡੀਕ ਕਰ ਰਹੇ ਬੁੱਕਲ ਦੇ ਸੱਪਾਂ ਨਾਲ ਅਤੇ ਦੂਜਾ, ਬਾਹਰੋਂ ਉਹਨਾਂ 'ਤੇ ਝਪਟਣ ਲਈ ਮੌਕੇ ਦੀ ਤਾਕ 'ਚ ਬੈਠੇ ਦੁਸ਼ਮਣ ਨਾਲ। ਆਖਰਕਾਰ ਉਸਦੀ ਇਹ ਭਵਿੱਖ ਬਾਣੀ ਸੱਚ ਸਾਬਤ ਹੋਈ।

ਅਧਿਆਇ ਪੰਜਵਾਂ

# ਸੰਤ ਭਿੰਡਰਾਂਵਾਲੇ ਖਿਲਾਫ਼ ਇੰਦਰਾ ਗਾਂਧੀ ਦੇ ਸਿਆਸੀ ਦਾਅ-ਪੇਚ

ਪਿੱਛੇ ਅਸੀਂ ਦੇਖਿਆ ਹੈ ਕਿ ਅਕਾਲੀਆਂ ਅਤੇ ਇੰਦਰਾ ਗਾਂਧੀ ਦੇ ਮੰਤਰੀਆਂ ਦੀ ਟੀਮ ਵਿਚਾਲੇ ਤ੍ਰੈ-ਧਿਰੀ ਗੱਲਬਾਤ ਦੌਰਾਨ ਕੋਈ ਨਾ ਕੋਈ ਸਮਝੌਤਾ ਹੋਇਆ ਸੀ ਜਿਸ ਤੋਂ ਇੰਦਰਾ ਗਾਂਧੀ ਪਿਛਾਂਹ ਹਟ ਗਈ। ਉਸ ਦੇ ਗੁੱਝੇ ਮਨੋਰਥਾਂ ਦਾ ਵਿਰੋਧੀ ਧਿਰ ਦੇ ਆਗੂਆਂ ਨੂੰ ਇਲਮ ਨਹੀਂ ਸੀ। ਇਹ ਬਹੁਤ ਪ੍ਰਤੱਖ ਸੀ ਕਿ ਜਨਵਰੀ 1985 ਵਿੱਚ ਲੋਕ ਸਭਾ ਦੀਆਂ ਚੋਣਾਂ ਨਿਸ਼ਚਿਤ ਸਨ ਅਤੇ ਉਹ ਮਨ ਹੀ ਮਨ ਇਹ ਚੋਣਾਂ ਨਿਯਤ ਸਮੇਂ ਤੋਂ ਪਹਿਲਾਂ ਕਰਾਉਣ ਦੀ ਠਾਣ ਚੁੱਕੀ ਸੀ। ਚੋਣਾਂ ਜਿੱਤਣ ਲਈ ਉਹਨੂੰ ਹਿੰਦੂ ਵੋਟਾਂ ਦੀ ਲੋੜ ਸੀ ਕਿਉਂਕਿ ਘੱਟਗਿਣਤੀਆਂ ਉਹਦੀਆਂ ਨੀਤੀਆਂ ਤੋਂ ਉਕਤਾ ਚੁੱਕੀਆਂ ਸਨ ਅਤੇ ਕਾਂਗਰਸ (ਆਈ) ਤੋਂ ਪਾਸਾ ਵੱਟ ਗਈਆਂ ਸਨ। ਆਪਣੇ ਮਿਥੇ ਉਦੇਸ਼ਾਂ ਦੀ ਪੂਰਤੀ ਲਈ ਉਸਨੇ ਰਾਜੀਵ ਗਾਂਧੀ, ਜੋ ਆਪਣੇ ਛੋਟੇ ਭਰਾ ਸੰਜੇ ਗਾਂਧੀ ਦੀ ਮੌਤ ਉਪਰੰਤ ਚਮਕਿਆ ਸੀ, ਦੀ ਪੂਰੀ ਹਿਮਾਇਤ ਨਾਲ ਇੱਕ ਬਹੁ-ਪੱਖੀ ਵਿਉਂਤ ਬਣਾਈ। ਅਰੁਣ ਨਹਿਰੂ, ਅਰੁਣ ਸਿੰਘ ਅਤੇ ਉਹਦੇ ਹੋਰ ਚਾਪਲੂਸਾਂ ਨੇ ਵੀ ਇਸ ਬਦਨੁਮਾ ਖੇਡ ਵਿਚ ਪੱਖਪਾਤੀ ਰੋਲ ਨਿਭਾਇਆ।

ਉਹਨਾਂ ਦੀ ਬਦਨੀਤ ਸਾਜ਼ਿਸ਼ ਦਾ ਉਦੇਸ਼ ਹਿੰਦੂ ਜਜ਼ਬਾਤਾਂ ਨੂੰ ਭੜਕਾਉਣਾ, ਹਿੰਦੂ ਕੱਟੜਵਾਦ ਨੂੰ ਜਗਾਉਣਾ ਅਤੇ ਮੁੜਕੇ ਚੋਣਾਂ ਜਿੱਤਣ ਲਈ ਇਹਦਾ ਦੁਰ-ਉਪਯੋਗ ਕਰਨਾ ਸੀ। ਆਪਣੇ ਮਕਸਦ ਦੀ ਪੂਰਤੀ ਨੂੰ ਧਿਆਨ 'ਚ ਰੱਖਦਿਆਂ ਉਹਨੇ ਅਕਾਲੀ ਦਲ 'ਚ ਘੁਸੇੜੇ ਹੋਏ ਆਪਣੇ ਏਜੰਟਾਂ ਨੂੰ ਪੰਜਾਬ ਸੰਕਟ ਨੂੰ ਤੀਲ੍ਹੀ ਲਾਉਣ ਲਈ ਨਿਰਦੇਸ਼ ਦਿੱਤੇ। ਇਹ ਬੜਾ ਧਿਆਨ ਦੇਣ ਯੋਗ ਕੀਮਤੀ ਤੱਥ ਹੈ ਕਿ ਜਦੋਂ ਅਕਾਲੀਆਂ ਨੇ ਬੱਸ ਕਿਰਾਇਆਂ ਵਿਚ ਵਾਧੇ ਵਿਰੁੱਧ ਅਤੇ ਨਹਿਰ-ਰੋਕੋ ਮੋਰਚਾ ਲਾਇਆ ਉਦੋਂ ਹਰਿਆਣੇ ਦਾ ਮੁੱਖ ਮੰਤਰੀ ਭਜਨ ਲਾਲ ਅਤੇ ਹਰਿਆਣਵੀ ਚੁੱਪ ਰਹੇ। ਪਰ, ਜਦੋਂ ਅਕਾਲੀ ਮੋਰਚੇ ਨੇ ਜ਼ੋਰ ਫੜਿਆ ਅਤੇ ਇੰਦਰਾ ਗਾਂਧੀ 'ਤੇ ਦਬਾਅ ਵਧਿਆ ਤਾਂ ਉਹਨੇ ਭਜਨ ਲਾਲ ਨੂੰ ਅਕਾਲੀਆਂ ਦੀਆਂ ਮੰਗਾਂ ਦੇ ਵਿਰੁੱਧ ਜਵਾਬੀ ਪ੍ਰਤੀਕਰਮ ਲਈ ਉਕਸਾਇਆ ਅਤੇ ਭਜਨ ਲਾਲ ਨੇ ਬੜੀ ਵਫ਼ਾਦਾਰੀ ਨਾਲ ਉਸਦੀ ਸਲਾਹ 'ਤੇ ਅਮਲ ਕੀਤਾ। ਇਸ ਪਿੱਛੋਂ ਉਸਦਾ ਮੂੰਹ ਖੁੱਲ੍ਹ ਗਿਆ ਅਤੇ ਉਸ ਨੇ ਜ਼ੋਰਦਾਰ ਸ਼ਬਦਾਂ ਵਿਚ ਅਕਾਲੀ ਮੰਗਾਂ ਦਾ ਵਿਰੋਧ ਕੀਤਾ, ਖਾਸ ਤੌਰ 'ਤੇ ਚੰਡੀਗੜ੍ਹ, ਅਬੋਹਰ, ਫ਼ਾਜ਼ਿਲਕਾ ਅਤੇ ਪਾਣੀਆਂ ਦੀ ਵੰਡ ਸੰਬੰਧੀ ਮੰਗਾਂ ਦਾ। ਬਾਅਦ ਵਿੱਚ, ਨਹਿਰੀ ਪਾਣੀਆਂ ਦੀ ਵੰਡ ਦੇ ਝਗੜੇ ਸੰਬੰਧੀ ਰਾਜਸਥਾਨ ਨੂੰ ਵੀ ਇਸ ਕਲੇਸ਼ ਵਿੱਚ ਸ਼ਾਮਲ ਕਰ ਦਿੱਤਾ ਗਿਆ। ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਵੀ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਅਕਾਲੀਆਂ ਵਿਰੁੱਧ ਮੁਹਿੰਮ ਆਰੰਭ ਦਿੱਤੀ। ਉਸਨੇ ਆਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਨ ਦੀ ਮੰਗ ਨੂੰ ਦੇਸ਼-ਵਿਰੋਧੀ ਕਰਾਰ ਦਿੱਤਾ। ਹੌਲੀ-ਹੌਲੀ ਭਾਰਤੀ ਜਨਤਾ ਪਾਰਟੀ, ਲੋਕ ਦਲ, ਸੀ.ਪੀ.ਆਈ. ਆਦਿ ਸਾਰੀਆਂ ਮੁੱਖ ਵਿਰੋਧੀ-

ਪਾਰਟੀਆਂ ਖੁੱਲ੍ਹ ਕੇ ਅਕਾਲੀ ਮੰਗਾਂ ਦੇ ਵਿਰੁੱਧ ਡਟ ਗਈਆਂ। ਇਸ ਤਰ੍ਹਾਂ ਇਕ ਨਿਰੰਤਰ ਪ੍ਰਤੀਕਿਰਿਆ ਹੁੰਦੀ ਰਹੀ ਅਤੇ ਅਖੀਰ ਪੰਜਾਬੀ ਹਿੰਦੂਆਂ ਸਮੇਤ ਸਾਰੇ ਭਾਰਤ ਦੇ ਹਿੰਦੂ ਪਾਰਟੀ-ਸੰਬੰਧਾਂ ਦੇ ਅੰਤਰ ਨੂੰ ਨਜ਼ਰ-ਅੰਦਾਜ਼ ਕਰਕੇ ਅਕਾਲੀਆਂ ਖ਼ਿਲਾਫ਼ ਉਠ ਖੜ੍ਹੇ ਹੋਏ। ਇਸ ਅੱਗ ਵਿੱਚ ਇੰਦਰਾ ਗਾਂਧੀ ਬਾਲਣ ਸੁੱਟ ਰਹੀ ਸੀ ਅਤੇ ਉਹਦੇ ਝੋਲੀ-ਚੁੱਕ ਅਤੇ ਵਿਰੋਧੀ ਪਾਰਟੀਆਂ ਇਸ ਨੂੰ ਹਵਾ ਝੱਲਦੀਆਂ ਰਹੀਆਂ। ਇਉਂ ਮੈਕਾਵਲੀਅਨ ਪ੍ਰਿੰਸੈਸ* ਇੰਦਰਾ ਗਾਂਧੀ (ਭਾਵ ਇਤਾਲਵੀ ਸਿਆਸਤਦਾਨ ਮੈਕਾਵਲੀ ਵਰਗੀ ਚਾਲਬਾਜ਼) ਸਾਰਿਆਂ ਨੂੰ ਉੱਲੂ ਬਣਾ ਗਈ ਕਿਉਂਕਿ ਇਹ ਸਾਰੇ ਉਸ ਦੇ ਦਿਲ ਦੀਆਂ ਰਮਜ਼ਾਂ ਨੂੰ ਬੁੱਝ ਨਾ ਸਕੇ।

ਅਜਿਹਾ ਨਹੀਂ ਸੀ ਕਿ ਕੇਵਲ ਹਿੰਦੂ ਬਹੁਗਿਣਤੀ ਵਾਲੀਆਂ ਰਾਜਸੀ ਪਾਰਟੀਆਂ ਹੀ ਅਕਾਲੀਆਂ ਅਤੇ ਸਿੱਖਾਂ ਦੇ ਵਿਰੁੱਧ ਲਾਮਬੰਦ ਸਨ। ਇੰਦਰਾ ਗਾਂਧੀ ਵੀ ਉਸ ਨੂੰ ਮਿਲਣ ਜਾਣ ਵਾਲੇ ਹਰ ਹਿੰਦੂ ਵਫ਼ਦ ਨੂੰ ਅਕਾਲੀਆਂ ਵਿਰੁੱਧ ਪ੍ਰਤੀਕਿਰਿਆ ਲਈ ਉਕਸਾਉਂਦੀ ਅਤੇ ਭੜਕਾਉਂਦੀ ਸੀ। ਇਹ ਵਫ਼ਦ ਪੰਜਾਬ ਦੀਆਂ ਘਟਨਾਵਾਂ ਨੂੰ ਤਰੋੜ-ਮਰੋੜ ਕੇ ਪੇਸ਼ ਕਰਦੇ ਅਤੇ ਇਹ ਗ਼ਲਤ-ਬਿਆਨੀ ਕਰਦੇ ਕਿ ਸੰਤ ਭਿੰਡਰਾਂਵਾਲੇ ਦੀ ਰਾਹ-ਨੁਮਾਈ ਹੇਠ ਖ਼ਾੜਕੂ ਸਿੱਖ, ਹਿੰਦੂਆਂ 'ਤੇ ਜ਼ੁਲਮ ਢਾਹ ਰਹੇ ਹਨ। ਇਸ ਸੰਬੰਧੀ ਉਸਦਾ ਜਵਾਬ ਇਕੋ ਹੀ ਹੁੰਦਾ ਸੀ "ਤੁਸੀਂ ਹਰ ਗੱਲ ਨੂੰ ਲੰਮੇ ਪੈ ਕੇ ਕਿਉਂ ਸਵੀਕਾਰ ਰਹੇ ਹੋ? ਤੁਸੀਂ ਪ੍ਰਤੀਕਰਮ ਵਜੋਂ ਜਵਾਬੀ ਕਾਰਵਾਈ ਕਿਉਂ ਨਹੀਂ ਕਰਦੇ?" ਇਹ ਉਹਦਾ ਹਿੰਦੂਆਂ ਨੂੰ ਦਿੱਤਾ ਜਾਂਦਾ ਸੰਦੇਸ਼ ਸੀ। ਇਹ ਜਾਣਕਾਰੀ ਮੈਨੂੰ ਇੱਕ ਤੋਂ ਵਧੇਰੇ ਜ਼ਿੰਮੇਵਾਰ ਕਾਂਗਰਸ (ਆਈ) ਆਗੂਆਂ ਕੋਲੋਂ ਮਿਲੀ, ਜਿਹੜੇ ਇੰਦਰਾ ਗਾਂਧੀ ਨੂੰ ਮਿਲਣ ਜਾਣ ਵਾਲੇ ਵਫ਼ਦਾਂ ਦੀ ਅਗਵਾਈ ਕਰਦੇ ਰਹੇ ਸਨ। ਇਹਨਾਂ ਸਭ ਨੇ ਕੁਝ ਕਾਂਗਰਸੀ ਵਰਕਰਾਂ ਅਤੇ ਸਮਾਜ ਵਿਰੋਧੀ ਤੱਤਾਂ, ਜਿਹੜੇ ਕਿ ਜਾਣੇ ਪਛਾਣੇ ਨਹੀਂ ਸਨ, ਨੂੰ ਹਿੰਦੂਆਂ ਦੀ ਤਿੱਖੀ ਪ੍ਰਤਿਕਿਰਿਆ ਦੀ ਅੱਗ ਨੂੰ ਭੜਕਾਉਣ ਲਈ ਉਤਸ਼ਾਹਤ ਕੀਤਾ। ਅਜਿਹੀ ਇਕ ਉਦਾਹਰਣ ਪਟਿਆਲਾ ਦੇ ਇੱਕ ਮੁਜਰਮ ਪਵਨ ਕੁਮਾਰ ਸ਼ਰਮਾ ਦੀ ਹੈ, ਜਿਸ ਨੇ ਰਾਤੋ ਰਾਤ ਹਿੰਦੂ ਸੁਰੱਖਿਆ ਸੰਮਤੀ ਬਣਾ ਲਈ, ਜਿਸ ਦੀ ਕਾਂਗਰਸ ਨੇ ਪੂਰੀ ਮਦਦ ਕੀਤੀ। ਉਸ ਨੇ ਪਟਿਆਲੇ 'ਚ ਬਹੁਤ ਸ਼ੈਤਾਨੀਆਂ ਕੀਤੀਆਂ। ਇਕ ਹੋਰ ਮਿਸਾਲ ਲੁਧਿਆਣਾ ਦੇ ਇੱਕ ਬਦਨਾਮ ਬ੍ਰਾਹਮਣ ਸਮਗਲਰ ਜਗਦੀਸ਼ ਟਾਂਗਰੀ ਦੀ ਹੈ। ਉਸ ਨੇ ਹਿੰਦੂ ਸ਼ਿਵ ਸੈਨਾ ਬਣਾਈ। ਉਸ ਨੂੰ ਵੀ ਕਾਂਗਰਸ (ਆਈ) ਵੱਲੋਂ ਚੋਰੀ-ਛਿਪੇ ਸਮਰਥਨ ਮਿਲਿਆ। ਇੱਕ ਹੋਰ, ਅੰਮ੍ਰਿਤਸਰ ਦਾ, ਸ਼ਰਾਰਤੀ ਸੁਰਿੰਦਰ ਕੁਮਾਰ ਬਿੱਲਾ ਵੀ ਸੀ, ਜਿਸ ਨੇ ਆਪਣੀ ਵੱਖਰੀ ਸੁਰੱਖਿਆ ਸੰਮਤੀ ਬਣਾ ਲਈ। ਇਹ ਹੁਣ ਤੱਕ ਬੇਨਾਮ ਰਹੇ ਵਿਅਕਤੀ ਅਤੇ ਅਜਿਹੇ ਹੋਰ ਗੁੰਡੇ, ਹਿੰਦੂ ਪ੍ਰੈਸ ਅਤੇ ਸਰਕਾਰੀ ਪ੍ਰਚਾਰ ਸਾਧਨਾਂ ਵੱਲੋਂ ਹਿੰਦੂਆਂ ਦੇ ਰਖਵਾਲਿਆਂ ਵਜੋਂ ਪ੍ਰਚਾਰੇ ਅਤੇ ਪੇਸ਼ ਕੀਤੇ ਗਏ। ਕਾਂਗਰਸ ਅਤੇ ਬੀ.ਜੇ.ਪੀ. ਦੀ ਰਾਜਸੀ ਅਤੇ ਆਰਥਿਕ ਸਹਾਇਤਾ ਨਾਲ ਇਨ੍ਹਾਂ ਕਾਗਜ਼ੀ ਜਥੇਬੰਦੀਆਂ ਨੇ ਸਿੱਖਾਂ ਦੇ ਖ਼ਿਲਾਫ਼ ਨਫ਼ਰਤ ਫ਼ੈਲਾਈ ਅਤੇ ਹਿੰਦੂ ਪ੍ਰੈਸ ਨੇ ਇਨ੍ਹਾਂ ਨੂੰ ਐਨੇ ਵਿਆਪਕ ਪੱਧਰ 'ਤੇ ਲੋਕ-ਪ੍ਰਸਿੱਧ ਕੀਤਾ ਕਿ ਇਨ੍ਹਾਂ ਨੇ ਅਕਾਲੀ ਮੰਗਾਂ ਨੂੰ ਦੇਸ਼-ਵਿਰੋਧੀ ਰੰਗਤ ਦੇ ਦਿੱਤੀ। ਇਹ ਕੋਈ ਅਨੋਖੀ ਗੱਲ ਨਹੀਂ ਕਿ ਕਾਂਗਰਸ ਵਿਰੁੱਧ ਸ਼ੁਰੂ ਕੀਤੀ ਹਰ ਮੁਹਿੰਮ ਨੂੰ ਹਿੰਦੂ-ਵਿਰੋਧੀ ਕਰਾਰ ਦਿੱਤਾ ਜਾਂਦਾ ਹੈ ਅਤੇ ਇਸ ਲਈ ਹੀ ਦੇਸ਼ ਵਿਰੋਧੀ ਵੀ। ਹਿੰਦੂ ਜਿਹੜੇ ਵੀ ਮੁੱਦੇ ਨੂੰ ਹਿੰਦੂ-ਵਿਰੋਧੀ ਮੰਨ ਲੈਣ ਉਸੇ ਨੂੰ ਹੀ ਦੇਸ਼ ਵਿਰੋਧੀ ਵੀ ਕਹਿੰਦੇ ਹਨ। ਇਵੇਂ ਹੀ ਇਹਨਾਂ ਨੇ

* ਮੈਕਾਵਲੀ (Machiavelli), ਇਟਲੀ ਦਾ ਇੱਕ ਬੇਹੱਦ ਚਲਾਕ ਕੂਟਨੀਤਕ ਸਿਆਸਤਦਾਨ ਹੋਇਆ ਹੈ।

ਸਿੱਖਾਂ 'ਤੇ ਦੇਸ਼ ਵਿਰੋਧੀ ਹੋਣ ਦਾ ਦੋਸ਼ ਲਾਇਆ। ਇਸੇ ਸੰਦੇਸ਼ ਦਾ ਪ੍ਰਚਾਰ ਹੀ ਰਾਜੀਵ ਗਾਂਧੀ ਨੇ ਦਿਸੰਬਰ 1984 ਦੀਆਂ ਲੋਕ ਸਭਾ ਚੋਣਾਂ ਮੌਕੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਅਤੇ ਪੰਜਾਬ ਤੋਂ ਆਸਾਮ ਤੱਕ ਕੀਤਾ। ਹਮੇਸ਼ਾਂ ਧਰਮ ਨਿਰਪੱਖਤਾ ਦਾ ਰਾਗ ਅਲਾਪਣ ਵਾਲੀ ਕਾਂਗਰਸ ਦਾ ਇਹੀ ਅਸਲ ਚਿਹਰਾ ਹੈ।

ਹਿੰਦੂ ਪ੍ਰਤੀਕਿਰਿਆ ਦੀ ਪਹਿਲੀ ਉਦਾਹਰਣ ਉਦੋਂ ਕਾਇਮ ਹੋਈ ਜਦੋਂ 1982 ਦੇ ਆਰੰਭ ਵਿਚ ਅਕਾਲੀ ਦਲ ਨੇ ਆਪਣੇ ਵਰਕਰਾਂ ਨੂੰ ਸ਼ਾਂਤਮਈ ਮੁਜ਼ਾਹਰੇ ਵਾਸਤੇ ਦਿੱਲੀ ਲਿਜਾਣ ਦਾ ਫ਼ੈਸਲਾ ਕੀਤਾ। ਹਰਿਆਣੇ ਦੇ ਮੁੱਖ-ਮੰਤਰੀ ਭਜਨ ਲਾਲ ਨੇ ਇੰਦਰਾ ਗਾਂਧੀ ਨੂੰ ਖੁਸ਼ ਕਰਨ ਲਈ ਹੱਦੋਂ ਵੱਧ ਪ੍ਰਤੀਕਰਮ ਜ਼ਾਹਰ ਕੀਤਾ। ਉਸ ਨੇ ਪੁਲਿਸ ਤੇ ਅਰਧ-ਸੈਨਿਕ ਬਲਾਂ ਨੂੰ ਹੁਕਮ ਦਿੱਤਾ ਕਿ ਸਿੱਖਾਂ ਨੂੰ ਦਿੱਲੀ ਵੱਲ ਲਿਜਾ ਰਹੇ ਵਾਹਨਾਂ ਨੂੰ ਰੋਕ ਲਿਆ ਜਾਵੇ। ਹਰਿਆਣੇ ਵਿਚੋਂ ਗੁਜ਼ਰਨ ਵਾਲੀਆਂ ਰੇਲ ਗੱਡੀਆਂ ਰੋਕ ਲਈਆਂ ਗਈਆਂ ਅਤੇ ਸਿੱਖ ਮੁਸਾਫ਼ਰਾਂ ਨੂੰ ਘੇਰਿਆ ਗਿਆ। ਦਿੱਲੀ ਜਾ ਰਹੇ ਸਿੱਖਾਂ ਨੂੰ ਰਸਤੇ 'ਚ ਰੋਕ ਕੇ ਬੇਇੱਜ਼ਤ ਕੀਤਾ ਗਿਆ, ਉਨ੍ਹਾਂ 'ਤੇ ਹਮਲਾ ਕੀਤਾ ਗਿਆ ਅਤੇ ਉਹਨਾਂ 'ਤੇ ਗੋਲੀਆਂ ਤੱਕ ਵੀ ਚਲਾਈਆਂ ਗਈਆਂ। ਇਹ ਬਹੁਤ ਹੈਰਾਨੀਜਨਕ ਹੈ ਕਿ ਸੀ.ਪੀ.ਆਈ., ਸੀ.ਪੀ.ਆਈ (ਐਮ), ਲੋਕ ਦਲ ਅਤੇ ਬੀ.ਜੇ.ਪੀ. ਵਰਗੀਆਂ ਹੋਰਨਾਂ ਪਾਰਟੀਆਂ ਨੂੰ ਕਦੇ ਵੀ ਦਿੱਲੀ ਵਿੱਚ ਮੁਜ਼ਾਹਰੇ ਅਤੇ ਇਕੱਠ ਕਰਨ ਤੋਂ ਨਾ ਰੋਕਿਆ ਗਿਆ। ਕੇਵਲ ਸਿੱਖਾਂ ਨਾਲ ਹੀ ਅਜਿਹੇ ਮਾਮਲਿਆਂ ਵਿਚ ਵਿਤਕਰਾ ਕੀਤਾ ਜਾਂਦਾ ਸੀ।

ਸਿੱਖਾਂ ਨਾਲ ਜ਼ਲਾਲਤ ਭਰੇ ਦੁਰਵਿਹਾਰ ਦਾ ਦੂਜਾ ਦੌਰ ਅਜੇ ਵਾਪਰਨਾ ਸੀ। ਇਹ ਦੌਰ ਨਵੰਬਰ-ਦਿਸੰਬਰ 1982 'ਚ ਦਿੱਲੀ 'ਚ ਹੋ ਰਹੀਆਂ ਏਸ਼ੀਆਈ ਖੇਡਾਂ ਦੌਰਾਨ ਵਾਪਰਿਆ, ਜਿਸਦਾ ਕੁਝ ਜ਼ਿਕਰ ਪਹਿਲਾਂ ਵੀ ਕੀਤਾ ਜਾ ਚੁੱਕਾ ਹੈ। ਇਸ ਵਾਰ ਕਿਸੇ ਵੀ ਸਿੱਖ ਨੂੰ ਉਸਦੇ ਰੁਤਬੇ ਦਾ ਖਿਆਲ ਕੀਤੇ ਬਿਨਾਂ ਦਿੱਲੀ ਦੀ ਹਦੂਦ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਪੰਜਾਬ ਤੋਂ ਹਰਿਆਣਾ ਰਾਹੀਂ ਦਿੱਲੀ ਨੂੰ ਜਾਣ ਵਾਲੀਆਂ ਸਭ ਸੜਕਾਂ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਤਾਂ ਜੋ ਸਿੱਖਾਂ ਦਾ ਦਾਖ਼ਲਾ ਰੋਕਿਆ ਜਾ ਸਕੇ। ਏਅਰ ਚੀਫ ਮਾਰਸ਼ਲ ਅਰਜਨ ਸਿੰਘ, ਲੈਫ. ਜਨ. ਜਗਜੀਤ ਸਿੰਘ ਅਰੋੜਾ ਵਰਗੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਹੋਰ ਕਿੰਨੇ ਹੀ ਪਤਵੰਤਿਆਂ ਨੂੰ ਦਿੱਲੀ ਜਾਂਦਿਆਂ ਰਸਤੇ 'ਚ ਤੁਅੱਸਬੀ ਹਿੰਦੂਆਂ ਹੱਥੋਂ ਜ਼ਲੀਲ ਹੋਣਾ ਪਿਆ। ਹਾਈ ਕੋਰਟ ਦੇ ਇੱਕ ਜੱਜ, ਬ੍ਰਿਗੇਡੀਅਰਾਂ ਅਤੇ ਹੋਰ ਉੱਚੇ ਰੁਤਬੇ ਵਾਲੇ ਸਿੱਖਾਂ ਨੂੰ ਨਿਰਾਦਰ ਸਹਿਣਾ ਪਿਆ, ਜਿਨ੍ਹਾਂ 'ਚ ਕਾਂਗਰਸ (ਆਈ) ਦੀ ਇੱਕ ਨੇਤਾ ਅਮਰਜੀਤ ਕੌਰ ਐਮ.ਪੀ. ਵੀ ਸ਼ਾਮਲ ਸੀ।

ਹਾਲਾਂ ਵੀ, ਬਹੁਤ ਭੈੜੀ ਬਦਸਲੂਕੀ ਦਾ ਤੀਜਾ ਦੌਰ ਸਿੱਖਾਂ ਦੀ ਉਡੀਕ ਵਿੱਚ ਸੀ। ਇਹ ਭਿਆਨਕ ਦੁਖਾਂਤ ਹਰਿਆਣਾ ਅਤੇ ਕੇਂਦਰ ਸਰਕਾਰ ਵੱਲੋਂ ਚੰਗੀ ਤਰ੍ਹਾਂ ਵਿਉਂਤਿਆ ਗਿਆ ਸੀ ਅਤੇ ਇਹ ਫ਼ਰਵਰੀ 1984 ਦੇ ਤੀਜੇ ਹਫ਼ਤੇ ਵਿੱਚ ਵਾਪਰਿਆ।

ਇਸ ਬੇਇਜ਼ਤੀ ਨੇ ਸਿੱਖ ਮਨਾਂ 'ਤੇ ਹੋਰ ਸੱਟ ਮਾਰੀ ਅਤੇ ਉਹ ਇਹ ਅਹਿਸਾਸ ਕਰਨ ਲਈ ਮਜਬੂਰ ਹੋ ਗਏ ਕਿ ਉਹ ਵਾਕਿਆ ਹੀ ਦੂਜੇ ਦਰਜੇ ਦੇ ਸ਼ਹਿਰੀ ਹਨ। ਉਨ੍ਹਾਂ ਆਪਣੇ ਆਪ ਨੂੰ ਬੇਗਾਨਾ ਮਹਿਸੂਸ ਕੀਤਾ। ਇਸੇ ਕਾਰਨ ਹੀ ਸੰਤ ਭਿੰਡਰਾਂਵਾਲਾ ਵਾਰ ਵਾਰ ਇਹ ਐਲਾਨ ਕਰਦਾ ਸੀ ਕਿ ਭਾਰਤ ਵਿੱਚ ਸਿੱਖ ਗੁਲਾਮਾਂ ਦੀ ਤਰ੍ਹਾਂ ਰਹਿ ਰਹੇ ਹਨ। ਇਸੇ ਲਈ ਉਸ ਨੇ ਸਿੱਖਾਂ ਨੂੰ ਆਪਣੀ ਆਜ਼ਾਦੀ ਲਈ ਲੜਨ ਵਾਸਤੇ ਨਸੀਹਤ ਦਿੱਤੀ।

ਸਿੱਖਾਂ ਵੱਲੋਂ ਹੰਢਾਏ ਜਾ ਰਹੇ ਸੰਤਾਪ ਨੂੰ ਦੇਖਦਿਆਂ ਇੰਦਰਾ ਗਾਂਧੀ ਨੇ ਅਕਾਲੀ ਨੇਤਾਵਾਂ ਨੂੰ ਫਿਰ ਗੱਲਬਾਤ ਕਰਨ ਲਈ ਸੱਦਾ ਦੇ ਕੇ, ਇਕ ਵਾਰ ਫ਼ਿਰ ਸਿੱਖਾਂ ਦੀਆਂ ਵਲੂੰਧਰੀਆਂ ਗਈਆਂ ਭਾਵਨਾਵਾਂ 'ਤੇ ਮੱਲ੍ਹਮ ਲਾਉਣ ਦਾ ਢੌਂਗ ਕੀਤਾ। ਗੱਲਬਾਤ ਵਿੱਚ ਰਾਜੀਵ ਗਾਂਧੀ ਨੇ, ਬੜੀ ਹੈਰਾਨੀ ਪੂਰਵਕ, ਸਰਗਰਮ ਭੂਮਿਕਾ ਨਿਭਾਈ। ਇਹ ਗੱਲਬਾਤ ਦਿੱਲੀ ਵਿੱਚ 17 ਅਤੇ 24 ਜਨਵਰੀ, 1983 ਨੂੰ ਹੋਈ ਪਰ ਪਹਿਲਾਂ ਵਾਂਗ ਹੀ ਇਸ ਵਾਰ ਵੀ ਕੋਈ ਸਿੱਟਾ ਨਾ ਨਿਕਲਿਆ। ਇਨ੍ਹਾਂ ਦੋ ਗੁਪਤ ਮੀਟਿੰਗਾਂ ਤੋਂ ਛੁੱਟ ਰਾਜੀਵ ਗਾਂਧੀ ਨੇ ਕਦੇ ਵੀ ਕਿਸੇ ਹੋਰ ਗੱਲਬਾਤ 'ਚ ਹਿੱਸਾ ਨਹੀਂ ਸੀ ਲਿਆ। ਇਹ ਬਹੁਤ ਹੈਰਤ -ਅੰਗੇਜ਼ ਸੀ। ਸ਼ਾਇਦ ਉਸਨੇ ਇਹ ਮਨ ਬਣਾ ਲਿਆ ਸੀ ਕਿ ਅਕਾਲੀਆਂ ਨਾਲ ਅਗਾਂਹ ਵੀ ਗੱਲਬਾਤ ਕਰਨੀ ਫ਼ਜ਼ੂਲ ਹੋਵੇਗੀ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਉਹ ਮਨ ਹੀ ਮਨ ਸੰਤ ਭਿੰਡਰਾਂਵਾਲੇ ਦੀ ਅਗਵਾਈ ਹੇਠਲੇ ਸਿੱਖਾਂ ਖ਼ਿਲਾਫ਼ ਫ਼ੌਜੀ ਕਾਰਵਾਈ ਕਰਨ ਦੀ ਠਾਣ ਚੁੱਕਾ ਸੀ।

1983 ਦਾ ਵਰ੍ਹਾ ਕੇਂਦਰ ਸਰਕਾਰ ਦੀਆਂ ਹਿਦਾਇਤਾਂ 'ਤੇ ਖ਼ੁਫ਼ੀਆ ਏਜੰਸੀਆਂ ਵੱਲੋਂ ਪੈਦਾ ਕੀਤੇ ਅਤੇ ਭੜਕਾਏ ਗਏ ਅਤਿਅੰਤ ਤਣਾਅ ਪੂਰਨ ਮਾਹੌਲ 'ਚ ਗੁਜ਼ਰਿਆ। ਕੇਂਦਰ ਸਰਕਾਰ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲੇ ਦਰਮਿਆਨ ਨਵੰਬਰ 1983 'ਚ ਮੁਕੰਮਲ ਤੋੜ-ਵਿਛੋੜਾ ਕਰਾਉਣ ਵਿੱਚ ਪੂਰੀ ਤਰ੍ਹਾਂ ਸਫਲ ਹੋ ਗਈ। ਉਨ੍ਹਾਂ ਵਿਚਾਲੇ ਪਾਇਆ ਗਿਆ ਪਾੜਾ ਗੰਭੀਰ ਮੱਤ ਭੇਦਾਂ ਦਾ ਰੂਪ ਧਾਰਨ ਕਰ ਗਿਆ ਅਤੇ ਉਹਨਾਂ ਦਾ ਆਪਸ ਵਿੱਚ ਜ਼ਬਾਨੀ ਬੋਲ-ਚਾਲ ਵੀ ਨਾ ਰਿਹਾ।

ਇਸ ਮੌਕੇ ਇੰਦਰਾ ਗਾਂਧੀ ਨੇ ਕੌਟੱਲਿਆ ਜਾਂ ਵਿਸ਼ਨੂੰ ਗੁਪਤ ਦੁਆਰਾ 'ਅਰਥ ਸ਼ਾਸਤਰ' 'ਚ ਸੁਝਾਈ ਗਈ 'ਕੂਟਲਨੀਤੀ' ਦਾ ਭਰਪੂਰ ਉਪਯੋਗ ਕੀਤਾ। ਕੌਟੱਲਿਆ ਵੱਲੋਂ ਦੁਸ਼ਮਣ ਨੂੰ ਭਾਂਜ ਦੇਣ ਲਈ ਨਿਰਧਾਰਤ ਕੀਤੇ ਗਏ ਹੋਰਾਂ ਤੋਂ ਇਲਾਵਾ ਚਾਰ ਅਨੈਤਿਕ ਸਿਧਾਂਤ ਹਨ : ਸਾਮ, ਦਾਮ, ਭੇਦ ਅਤੇ ਦੰਡ-ਭਾਵ ਕਿ ਖ਼ੁਸ਼ਾਮਦ ਕਰਕੇ ਫ਼ੁਸਲਾਉਣਾ, ਰਿਸ਼ਵਤ ਦੇਣਾ, ਫੁੱਟ ਪਾਉਣੀ ਅਤੇ ਤਾਕਤ ਵਰਤਣੀ। ਜੇ ਰਾਜਾ ਦੁਸ਼ਮਣ ਨੂੰ ਸੌਖਿਆਂ ਹੀ ਤਬਾਹ ਜਾਂ ਕਤਲ ਕਰਨਾ ਚਾਹੇ ਤਾਂ ਪਹਿਲਾਂ ਉਸ ਨੂੰ ਆਪਣੇ ਵਿਰੋਧੀ ਨੂੰ ਪਤਿਆਉਣਾ ਚਾਹੀਦਾ ਹੈ, ਜੇ ਇਸ ਵਿੱਚ ਅਸਫ਼ਲ ਰਹੇ ਤਾਂ ਰਿਸ਼ਵਤ ਦੇਣ ਦਾ ਯਤਨ ਕਰਨਾ ਚਾਹੀਦਾ ਹੈ, ਜੇ ਇਹ ਯਤਨ ਵੀ ਅਸਫ਼ਲ ਰਹੇ ਤਾਂ ਉਸਦੀਆਂ ਸਫ਼ਾਂ ਵਿਚ ਦਰਾੜ ਪਾਉਣੀ ਚਾਹੀਦੀ ਹੈ ਅਤੇ ਉਸ ਨੂੰ ਹਰਾਉਣ ਲਈ ਆਖਰੀ ਹਥਕੰਡੇ ਵਜੋਂ ਤਾਕਤ ਦੀ ਵਰਤੋਂ ਕਰਨੀ ਚਾਹੀਦੀ ਹੈ। ਸੰਤ ਭਿੰਡਰਾਂਵਾਲੇ ਦੀ ਸਰਬੋਤਮ ਚੜ੍ਹਤ ਨੂੰ ਖਤਮ ਕਰਨ ਅਤੇ ਲੌਂਗੋਵਾਲ ਜਿਹੇ ਬੁਜ਼ਦਿਲ ਆਗੂ ਦੀ ਅਗਵਾਈ ਹੇਠਲੇ ਰਵਾਇਤੀ ਅਕਾਲੀ ਨੇਤਾਵਾਂ ਨੂੰ ਸ਼ਾਂਤ ਕਰਨ ਦੀ ਮਨਸ਼ਾ ਨਾਲ ਇੰਦਰਾ ਗਾਂਧੀ ਨੇ ਉਪਰੋਕਤ ਚਾਰੇ ਅਨੈਤਿਕ ਹਥਕੰਡੇ ਵਰਤੋਂ ਵਿਚ ਲਿਆਂਦੇ। ਉਹ ਸੰਤ ਭਿੰਡਰਾਂਵਾਲੇ ਅਤੇ ਲੌਂਗੋਵਾਲ ਦਰਮਿਆਨ ਨਾ ਮਿਟ ਸਕਣ ਵਾਲਾ ਪਾੜਾ ਪਾਉਣ ਵਿੱਚ ਸਫ਼ਲ ਹੋ ਗਈ। ਉਸ ਨੇ ਸੁਰਜੀਤ ਸਿੰਘ ਬਰਨਾਲਾ ਅਤੇ ਸਾਬਕਾ ਵਿੱਤ ਮੰਤਰੀ ਬਲਵੰਤ ਸਿੰਘ ਨੂੰ ਕ੍ਰਮਵਾਰ ਮੁੱਖ ਮੰਤਰੀ ਅਤੇ ਮੰਤਰੀ ਦਾ ਅਹੁਦਾ ਦੇਣ ਦਾ ਵਾਅਦਾ ਕਰਕੇ ਪਤਿਆ ਲਿਆ। ਫ਼ਿਰ ਉਸ ਨੇ ਸੰਤ ਭਿੰਡਰਾਂਵਾਲੇ ਨੂੰ ਅਲੱਗ-ਥਲੱਗ ਕਰਕੇ ਮਗਰੋਂ ਉਸਦਾ ਗੜ੍ਹ ਤੋੜਨ ਲਈ ਫ਼ੌਜੀ ਤਾਕਤ ਦੀ ਵਰਤੋਂ ਕੀਤੀ। ਇਵੇਂ, ਉਸ ਨੇ ਸਫ਼ਲਤਾ ਪੂਰਵਕ ਆਪਣੇ ਮਿਸ਼ਨ ਦੀ

ਪ੍ਰਾਪਤੀ ਕੀਤੀ ਭਾਵੇਂ ਕਿ ਇਸ ਦੇ ਤਬਾਹਕੁੰਨ ਅਤੇ ਅਣਕਿਆਸੇ ਭਿਆਨਕ ਸਿੱਟੇ ਨਿਕਲੇ।

ਅਕਾਲੀ ਦਲ ਨੇ 8 ਫਰਵਰੀ, 1984 ਨੂੰ ਸ਼ਾਂਤਮਈ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ। ਇਸ ਦੇ ਪ੍ਰਤੀਕਰਮ ਵਜੋਂ ਹਿੰਦੂ ਸੁਰੱਖਿਆ ਸੰਮਤੀ, ਹਿੰਦੂ ਸ਼ਿਵ ਸੈਨਾ ਅਤੇ ਅਜਿਹੀਆਂ ਹੋਰ ਜਨੂੰਨੀ ਜਥੇਬੰਦੀਆਂ ਨੇ ਕਾਂਗਰਸ (ਆਈ) ਦੇ ਸਮਰਥਨ ਨਾਲ 14 ਫਰਵਰੀ ਨੂੰ ਪੰਜਾਬ ਬੰਦ ਦਾ ਸੱਦਾ ਦੇ ਦਿੱਤਾ। ਕੇਂਦਰ, ਪੰਜਾਬ ਦੇ ਸੰਕਟ ਨੂੰ ਹੋਰ ਤੀਲ੍ਹੀ ਲਾਉਣੀ ਚਾਹੁੰਦਾ ਸੀ ਤਾਂ ਕਿ ਥੋੜ੍ਹੇ ਹੀ ਸਮੇਂ ਬਾਅਦ ਕੀਤੀ ਜਾਣ ਵਾਲੀ ਫੌਜੀ ਕਾਰਵਾਈ, ਜਿਸਦਾ ਨਾਮ ਅਪਰੇਸ਼ਨ ਨੀਲਾ ਤਾਰਾ ਰੱਖਿਆ ਗਿਆ ਸੀ, ਨੂੰ ਉਚਿਤ ਠਹਿਰਾਇਆ ਜਾ ਸਕੇ।

ਜਨੂੰਨੀ ਹਿੰਦੂਆਂ ਦੁਆਰਾ ਥੋੜ੍ਹੇ ਹੀ ਚਿਰ ਤੋਂ ਸਥਾਪਿਤ ਕੀਤੀਆਂ ਫਿਰਕੂ ਜਥੇਬੰਦੀਆਂ ਨੇ ਜਿੱਥੋਂ ਕਿਤੋਂ ਵੀ ਸੰਭਵ ਸੀ, ਉੱਥੋਂ-ਉੱਥੋਂ ਸਮਾਜ-ਵਿਰੋਧੀ ਤੱਤ ਇਕੱਤਰ ਕੀਤੇ। ਹਿੰਦੂ ਨੇਤਾਵਾਂ ਨੇ ਹਰੇਕ ਸ਼ਰਾਰਤੀ ਅਨਸਰ ਨੂੰ ਬੰਦ ਤੋਂ ਇਕ ਦਿਨ ਪਹਿਲਾਂ ਇਕ-ਇਕ ਸ਼ਰਾਬ ਦੀ ਬੋਤਲ ਅਤੇ ਸੌ-ਸੌ ਰੁਪਏ ਦਾ ਨੋਟ ਦਿੱਤਾ। ਇਨ੍ਹਾਂ ਨੇ ਲੁਧਿਆਣਾ ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਨਾਲ ਹੀ ਗਲੀਆਂ-ਕੂਚਿਆਂ ਦੇ ਦੋਹੀਂ ਪਾਸੀਂ ਛੱਤਾਂ ਉਪਰ ਇੱਟਾਂ-ਵੱਟੇ, ਸੋਢੇ ਦੀਆਂ ਬੋਤਲਾਂ, ਤੇਜ਼ਾਬ ਦੀਆਂ ਭਰੀਆਂ ਬੋਤਲਾਂ ਅਤੇ ਹੋਰ ਹੱਥਾਂ ਨਾਲ ਸੁੱਟਣ ਵਾਲਾ ਸਾਜ਼ੋ ਸਮਾਨ ਇਕੱਤਰ ਕਰ ਲਿਆ। ਕੁਝ ਸਮਾਜ ਵਿਰੋਧੀ ਤੱਤ ਹਿੰਦੂ ਨੇਤਾਵਾਂ ਵੱਲੋਂ ਭਾੜੇ 'ਤੇ ਲਿਆਂਦੇ ਗਏ ਅਤੇ ਇਨ੍ਹਾਂ ਭਾੜੇ ਦੇ ਟਟੂਆਂ ਨੇ ਹਿੰਸਾ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਸਿੱਖਾਂ ਨੂੰ ਦੁਕਾਨਾਂ ਦੇ ਸ਼ਟਰ ਹੇਠਾਂ ਸੁੱਟਣ ਲਈ ਕਿਹਾ ਅਤੇ ਉਨ੍ਹਾਂ ਦੇ ਇਨਕਾਰ ਕਰਨ 'ਤੇ ਇਨ੍ਹਾਂ ਨੇ ਇੱਟਾਂ-ਪੱਥਰਾਂ ਨਾਲ ਜ਼ੋਰਦਾਰ ਹਮਲਾ ਕੀਤਾ।

ਲੇਖਕ ਇੱਥੇ, ਲੁਧਿਆਣਾ ਵਿਚ ਅੱਖੀਂ ਦੇਖੀ ਘਟਨਾ ਦੀ ਤਫ਼ਸੀਲ ਬਿਆਨ ਕਰ ਰਿਹਾ ਹੈ। ਇਸ ਸਨਅਤੀ ਸ਼ਹਿਰ ਅੰਦਰ ਸਭ ਤੋਂ ਨਾਜ਼ੁਕ ਖੇਤਰ ਚੌੜਾ ਬਾਜ਼ਾਰ ਹੈ, ਜਿੱਥੇ ਹਿੰਦੂ ਸ਼ਿਵ ਸੈਨਾ ਦਾ ਮੁੱਖ ਦਫ਼ਤਰ ਸਥਿਤ ਹੈ। ਮੈਂ ਇਸ ਨਾਜ਼ੁਕ ਇਲਾਕੇ ਵਿਚ ਅਮਨ-ਕਾਨੂੰਨ ਨੂੰ ਕਾਇਮ ਰੱਖਣ ਲਈ ਚੀਫ਼ ਮੈਜਿਸਟਰੇਟ ਵਜੋਂ ਡਿਊਟੀ 'ਤੇ ਤਾਇਨਾਤ ਸਾਂ। ਜਦੋਂ ਗੁੰਡਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਸਹਿਤ ਕੁਝ ਸੈਂਕੜਿਆਂ ਦੀ ਗਿਣਤੀ ਵਿੱਚ ਹਿੰਦੂਆਂ ਅਤੇ ਭਾੜੇ 'ਤੇ ਲਿਆਂਦੇ ਸਮਾਜ ਵਿਰੋਧੀ ਅਨਸਰਾਂ ਦੀ ਮਿਲੀ-ਜੁਲੀ ਭੀੜ ਸਵੇਰੇ 10 ਵਜੇ ਦੇ ਆਸਪਾਸ ਬਾਜ਼ਾਰ ਵਿਚ ਇਕੱਤਰ ਹੋਈ ਅਤੇ ਧੱਕੇਸ਼ਾਹੀ ਨਾਲ ਸਿੱਖਾਂ ਦੀਆਂ ਦੁਕਾਨਾਂ ਬੰਦ ਕਰਾਉਣ ਦੀ ਕੋਸ਼ਿਸ਼ ਕਰਨ ਲੱਗੀ ਤਾਂ ਮੈਂ ਪੁਲੀਸ ਦੀ ਮਦਦ ਨਾਲ ਬੜੀ ਆਸਾਨੀ ਨਾਲ ਇਸਨੂੰ ਖਿੰਡਾ ਦਿੱਤਾ। ਕੁਝ ਹੀ ਦੇਰ ਬਾਅਦ ਉਥੇ ਡਿਪਟੀ ਕਮਿਸ਼ਨਰ ਅਤੇ ਐਸ. ਐਸ. ਪੀ. ਆ ਪਹੁੰਚੇ। ਖਿੰਡੇ ਹੋਏ ਅੰਦੋਲਨਕਾਰੀ ਇਨ੍ਹਾਂ ਦੋਹਾਂ ਅਫ਼ਸਰਾਂ ਦੁਆਲੇ ਇਕੱਠੇ ਹੋ ਗਏ ਅਤੇ ਦੋਹੇਂ ਅਫ਼ਸਰ ਉਨ੍ਹਾਂ ਨਾਲ ਫਜ਼ੂਲ ਦੀ ਬਹਿਸ 'ਚ ਉਲਝ ਪਏ। ਭੀੜ ਨੂੰ ਵੱਧਣ ਦਾ ਮੌਕਾ ਦਿੱਤਾ ਗਿਆ ਅਤੇ ਜ਼ਿਲ੍ਹਾ ਪ੍ਰਸ਼ਾਸਕਾਂ ਵੱਲੋਂ ਇਨ੍ਹਾਂ ਨੂੰ ਖਿੰਡਾਉਣ ਲਈ ਕੋਈ ਵੀ ਕਦਮ ਨਾ ਚੁੱਕਿਆ ਗਿਆ। ਅੰਦੋਲਨਕਾਰੀ ਆਪਣੀ ਇਸ ਮੰਗ 'ਤੇ ਬਜ਼ਿੱਦ ਸਨ ਕਿ ਉਨ੍ਹਾਂ ਨੂੰ ਖੁੱਲ੍ਹਾ ਘੁੰਮਣ ਦਿੱਤਾ ਜਾਵੇ ਤਾਂ ਕਿ ਉਹ ਸਿੱਖਾਂ ਦੀਆਂ ਦੁਕਾਨਾਂ ਦੀ ਬੰਦੀ ਨੂੰ ਯਕੀਨੀ ਬਣਾ ਸਕਣ। ਅਜਿਹੀ ਆਗਿਆ ਨਾ

ਦਿੱਤੀ ਗਈ ਕਿਉਂਕਿ ਇਵੇਂ ਪਹਿਲਾਂ ਹੀ ਬੇਹੱਦ ਵਿਸਫ਼ੋਟਕ ਬਣੀ ਹੋਈ ਸਥਿਤੀ ਹੋਰ ਵਿਗੜ ਸਕਦੀ ਸੀ। ਇਸ ਪਿਛੋਂ ਹਿੰਦੂ ਸ਼ਿਵ ਸੈਨਾ ਦੇ ਆਗੂ ਜਗਦੀਸ਼ ਟਾਂਗਰੀ ਨੇ ਗੁੰਡਿਆਂ ਨੂੰ ਆਪਣਾ ਕੰਮ ਸ਼ੁਰੂ ਕਰਨ ਦਾ ਇਸ਼ਾਰਾ ਕਰ ਦਿੱਤਾ। ਉਪਰ ਦੱਸੇ ਗਏ ਹਰ ਪ੍ਰਕਾਰ ਦੇ ਹੱਥ-ਗੋਲੇ (ਹੱਥ-ਸ਼ਸਤਰ) ਸਾਡੇ ਅਤੇ ਪੁਲੀਸ ਉੱਪਰ ਸੁੱਟੇ ਗਏ। ਇੱਟਾਂ, ਟੁੱਟੀਆਂ ਹੋਈਆਂ ਬੋਤਲਾਂ ਇੰਨੀਂ ਸੰਘਣੀ ਮਾਤਰਾ 'ਚ ਖਿੱਲਰੀਆਂ ਪਈਆਂ ਸਨ ਕਿ ਪੈਰ ਧਰਨ ਨੂੰ ਵੀ ਕੋਈ ਜਗ੍ਹਾ ਨਹੀਂ ਸੀ। ਪੁਲੀਸ ਇੱਧਰ ਉੱਧਰ ਭੱਜ ਉੱਠੀ ਅਤੇ ਇਵੇਂ ਹੀ ਉੱਚ ਅਧਿਕਾਰੀ ਵੀ ਨੱਠ ਗਏ। ਲੇਖਕ ਅਤੇ ਕੁਝ ਸਿੱਖ ਪੁਲੀਸ ਜਵਾਨ ਬਾਜ਼ਾਰ ਦੇ ਵਿਚਕਾਰ ਸ਼ਿਵ ਸੈਨਾ ਦੇ ਦਫ਼ਤਰ ਦੇ ਸਾਹਮਣੇ ਇੱਕ ਅਸੁਰੱਖਿਅਤ ਜਗ੍ਹਾ ਵਿੱਚ ਘਿਰ ਗਏ। ਫ਼ਿਰ ਬਾਅਦ ਦੁਪਹਿਰ 2 ਵਜੇ ਦੇ ਕਰੀਬ ਜ਼ਿਲ੍ਹਾ ਮੈਜਿਸਟਰੇਟ ਨੇ ਕਰਫ਼ਿਊ ਲਾ ਦਿੱਤਾ ਅਤੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ ਗਏ। ਕੋਠਿਆਂ ਤੋਂ ਭਾਰੀ ਪਥਰਾਓ ਜਾਰੀ ਰਿਹਾ। ਪੁਲੀਸ ਨੂੰ ਸਥਿਤੀ 'ਤੇ ਕਾਬੂ ਪਾਉਣ ਲਈ ਕਰੀਬ 2 ਘੰਟੇ ਲੱਗ ਗਏ। ਜੇ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ, ਜਿਵੇਂ ਕਿ ਲੇਖਕ ਨੇ ਸਵੇਰੇ 11.30 ਦੇ ਕਰੀਬ ਜ਼ਿਲ੍ਹਾ ਮੈਜਿਸਟਰੇਟ ਨੂੰ ਸੁਝਾਅ ਦਿੱਤਾ ਸੀ, ਤਾਂ ਬਿਨਾਂ ਕਿਸੇ ਦੁਰਘਟਨਾ ਦੇ ਆਸਾਨੀ ਨਾਲ ਸਥਿਤੀ ਕੰਟਰੋਲ ਕੀਤੀ ਜਾ ਸਕਦੀ ਸੀ। ਪਰ, ਇੰਜ ਲਗਦਾ ਸੀ ਜਿਵੇਂ ਸਰਕਾਰ ਦੇ ਗੁਪਤ ਹੁਕਮਾਂ ਰਾਹੀਂ ਸਥਿਤੀ ਨੂੰ ਗਿਣੀ-ਮਿਥੀ ਯੋਜਨਾ ਤਹਿਤ ਵਿਗੜਨ ਦਿੱਤਾ ਗਿਆ ਸੀ। ਬਾਅਦ ਵਿੱਚ ਮੈਨੂੰ ਇਹ ਪਤਾ ਚੱਲਿਆ ਕਿ ਅੰਮ੍ਰਿਤਸਰ ਅਤੇ ਪਟਿਆਲਾ ਵਿਚ ਵੀ ਲੁਧਿਆਣੇ ਵਾਂਗ ਹੀ ਕਰੀਬ ਉਸੇ ਸਮੇਂ 'ਤੇ ਕਰਫ਼ਿਊ ਲਗਾਇਆ ਗਿਆ ਸੀ। ਸਪਸ਼ਟ ਰੂਪ ਵਿਚ ਇਹ ਪੰਜਾਬ ਅੰਦਰ ਹਿੰਸਾ ਭੜਕਾਉਣ ਲਈ ਸਰਕਾਰ ਦੁਆਰਾ ਚੰਗੀ ਤਰ੍ਹਾਂ ਵਿਉਂਤੀ ਗਈ ਯੋਜਨਾ ਸੀ।

ਹਰਿਆਣਾ ਵਿੱਚ ਜੋ ਕੁਝ ਵਾਪਰਿਆ ਉਹ ਹੋਰ ਵੀ ਜ਼ਾਲਮਾਨਾ ਅਤੇ ਘਿਨਾਉਣਾ ਸੀ। ਜਨੂੰਨੀ ਅਤੇ ਵਹਿਸ਼ੀ ਹਿੰਦੂਆਂ ਨੇ 15 ਫ਼ਰਵਰੀ, 1984 ਤੋਂ 20 ਫ਼ਰਵਰੀ, 1984 ਦਰਮਿਆਨ ਬਹੁਤ ਹੀ ਕਰੂਰਤਾ ਭਰੀ ਹਿੰਸਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਬੇਰਹਿਮੀ ਨਾਲ ਦਰਜਨ ਦੇ ਕਰੀਬ ਸਿੱਖਾਂ 'ਤੇ ਅੱਤਿਆਚਾਰ ਕੀਤੇ ਅਤੇ ਕਤਲ ਕਰ ਦਿੱਤਾ ਅਤੇ ਹੋਰ ਅਨੇਕਾਂ ਨੂੰ ਜ਼ਖ਼ਮੀਂ ਅਤੇ ਨਕਾਰਾ ਕਰ ਦਿੱਤਾ। ਇਨ੍ਹਾਂ ਗੁੰਡੇ ਹਿੰਦੂਆਂ ਨੇ ਕੁਝ ਸਿੱਖ ਬੀਬੀਆਂ ਦੀ ਬੇਪਤੀ ਕੀਤੀ ਅਤੇ ਉਨ੍ਹਾਂ ਦੁਆਰਾ ਪਹਿਨੇ ਹੋਏ ਸੋਨੇ ਅਤੇ ਹੀਰਿਆਂ ਦੇ ਬਣੇ ਗਹਿਣੇ ਲੁੱਟ ਲਏ। ਪਾਨੀਪਤ, ਕਰਨਾਲ, ਕੈਥਲ ਅਤੇ ਜੀਂਦ ਆਦਿ ਸ਼ਹਿਰਾਂ ਵਿੱਚ ਦਰਜਨ ਤੋਂ ਵਧੇਰੇ ਗੁਰਦੁਆਰਿਆਂ ਨੂੰ ਨੁਕਸਾਨ ਪਹੁੰਚਾਇਆ ਗਿਆ ਅਤੇ ਢਹਿ-ਢੇਰੀ ਕੀਤਾ ਗਿਆ।

ਇਹ ਹਿੰਸਾ ਵੀ ਸਰਕਾਰੀ ਖ਼ੁਫ਼ੀਆ ਏਜੰਸੀਆਂ ਦੇ ਇਸ਼ਾਰੇ 'ਤੇ ਹੀ ਭੜਕੀ। ਇਸ ਤਬਾਹੀ ਪਿੱਛੇ ਸਰਕਾਰ ਦਾ ਇੱਕੋ ਇੱਕ ਉਦੇਸ਼ ਅਕਾਲੀਆਂ ਨਾਲ ਚੱਲ ਰਹੀ ਗੱਲਬਾਤ ਨੂੰ ਵਿਚਾਲੇ ਤੋੜਨਾ ਸੀ। ਇਹ ਗੱਲਬਾਤ, ਜਿਹੜੀ 14 ਫ਼ਰਵਰੀ, 1984 ਨੂੰ ਹੋਈ, 20 ਫ਼ਰਵਰੀ, 1984 ਤੱਕ ਅੱਗੇ ਪਾ ਦਿੱਤੀ ਗਈ। ਇਉਂ ਆਪਣੀਆਂ ਏਜੰਸੀਆਂ ਰਾਹੀਂ ਹਰਿਆਣਾ ਅਤੇ ਪੰਜਾਬ ਵਿਚ ਹਿੰਸਾ ਭੜਕਾ ਕੇ ਸਰਕਾਰ ਨੇ ਬੜੀ ਕਾਮਯਾਬੀ ਨਾਲ ਗੱਲਬਾਤ ਟਾਲ ਦਿੱਤੀ ਅਤੇ ਇੰਦਰਾ ਗਾਂਧੀ ਨੇ ਅਜਿਹੇ ਦਾਅ-ਪੇਚ ਖੇਡ ਕੇ ਅਕਾਲੀਆਂ ਨੂੰ ਪਛਾੜ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੂੰ ਫ਼ਰਵਰੀ, 1984 'ਚ ਚੱਲ ਰਹੀ ਗੱਲਬਾਤ ਵਿਚੋਂ

ਪਿਛਾਂਹ ਹਟਣ ਲਈ ਮਜਬੂਰ ਕਰ ਦਿੱਤਾ ਗਿਆ। ਇੰਦਰਾ ਗਾਂਧੀ ਨੇ ਇਸ ਗੱਲਬਾਤ ਨੂੰ ਨਾਕਾਮ ਕਿਉਂ ਕੀਤਾ? ਕਿਉਂਕਿ, ਵਿਰੋਧੀ ਪਾਰਟੀਆਂ ਨੇ ਇੱਕ ਅਜਿਹਾ ਫ਼ਾਰਮੂਲਾ ਸੁਝਾਇਆ ਸੀ ਜਿਸਨੇ ਪੰਜਾਬ ਸਮੱਸਿਆ ਨੂੰ ਲਗਭਗ ਹੱਲ ਕਰ ਦਿੱਤਾ ਸੀ ਪਰ ਪ੍ਰਧਾਨ ਮੰਤਰੀ ਨੂੰ ਅਜਿਹਾ ਮਨਜ਼ੂਰ ਨਹੀਂ ਸੀ। ਇਹ ਬੜਾ ਹੈਰਾਨੀਜਨਕ ਹੈ ਕਿ ਸਰਕਾਰ ਨੇ 'ਵਾਈਟ ਪੇਪਰ' ਵਿੱਚ ਦਰਜ ਮੀਟਿੰਗਾਂ ਦੇ ਬਿਓਰੇ ਵਿੱਚ ਸੋਚੀ ਸਮਝੀ ਵਿਉਂਤ ਤਹਿਤ 14 ਫ਼ਰਵਰੀ, 1984 ਦੀ ਮੀਟਿੰਗ ਨੂੰ ਨਜ਼ਰ-ਅੰਦਾਜ਼ ਕੀਤਾ ਹੈ ਅਤੇ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ। ਇਹ ਸਪਸ਼ਟ ਹੈ ਕਿ ਸਰਕਾਰ ਨੇ 'ਵਾਈਟ ਪੇਪਰ' ਦੀ ਰਚਨਾ ਬੇਈਮਾਨੀ ਤਹਿਤ ਕੀਤੀ ਹੈ। ਇਵੇਂ ਪੰਜਾਬ ਦੇ ਸੰਕਟ ਨੂੰ ਜੂਨ 1984 ਵਿਚ ਫ਼ੌਜੀ ਕਾਰਵਾਈ ਕਰਨ ਤੱਕ ਲਮਕਾਈ ਰੱਖਿਆ ਗਿਆ।

ਇਹ ਕੈਸਾ ਵਿਰੋਧਾਭਾਸ ਹੈ ਕਿ 24 ਜੁਲਾਈ, 1985 ਨੂੰ ਰਾਜੀਵ ਗਾਂਧੀ ਤੇ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਏ ਸਮਝੌਤੇ ਦਾ ਆਧਾਰ ਲਗਭਗ ਉਹੀ ਫ਼ਾਰਮੂਲਾ ਸੀ, ਜੋ ਵਿਰੋਧੀ ਪਾਰਟੀਆਂ ਨੇ ਸੁਝਾਇਆ ਸੀ ਅਤੇ ਜਿਸਦਾ ਜ਼ਿਕਰ ਉਪਰ ਕੀਤਾ ਗਿਆ ਹੈ। ਹਰਚੰਦ ਸਿੰਘ ਲੌਂਗੋਵਾਲ ਉਦੋਂ ਬਲਵੰਤ ਸਿੰਘ ਅਤੇ ਬਰਨਾਲੇ ਵਰਗੇ ਜਾਅਲੀ ਅਕਾਲੀਆਂ ਦੇ ਵੱਖ ਹੋਏ ਛੋਟੇ ਜਿਹੇ ਧੜੇ ਦਾ ਪ੍ਰਧਾਨ ਸੀ।

ਹਰਿਆਣਾ ਪੁਲਿਸ ਨੇ ਕਾਨੂੰਨ ਵਿਵਸਥਾ ਨੂੰ ਬਹਾਲ ਕਰਨ ਅਤੇ ਸਿੱਖਾਂ ਦੇ ਜਾਨ-ਮਾਲ ਦੀ ਰਾਖੀ ਕਰਨ ਦੀ ਬਜਾਏ ਹਿੰਦੂਆਂ ਨੂੰ ਗੁੰਡਾ-ਗਰਦੀ ਅਤੇ ਤਬਾਹੀ ਲਈ ਉਕਸਾਇਆ। ਭਜਨ ਲਾਲ, ਮੁੱਖ-ਮੰਤਰੀ, ਹਰਿਆਣਾ, ਨੇ ਇਕ ਪੱਤਰਕਾਰ ਵੱਲੋਂ ਇਨ੍ਹਾਂ ਗੈਰ-ਮਨੁੱਖੀ ਜੁਰਮਾਂ ਬਾਰੇ ਟਿੱਪਣੀ ਕਰਨ ਲਈ ਕਹਿਣ 'ਤੇ ਖ਼ਚਰਿਆਂ ਵਾਂਗ ਮੁਸਕਰਾ ਛੱਡਿਆ। ਅਨੇਕਾਂ ਹਿੰਦੂ ਅਤੇ ਕਾਂਗਰਸ (ਆਈ) ਨੇਤਾਵਾਂ ਨੇ ਬੜੀ ਸ਼ੇਖ਼ੀ ਨਾਲ ਇਹ ਐਲਾਨ ਕੀਤਾ ਕਿ ਇਹ ਪੰਜਾਬੋਂ ਬਾਹਰਲੇ ਸਿੱਖਾਂ ਨੂੰ ਕੇਵਲ ਇਕ ਟਰੇਲਰ ਹੀ ਦਿਖਾਇਆ ਗਿਆ ਹੈ। ਉਨ੍ਹਾਂ ਦੀ ਇਹ ਗੱਲ ਉਦੋਂ ਸਹੀ ਸਾਬਤ ਹੋਈ ਜਦੋਂ ਬਾਅਦ ਵਿੱਚ ਨਵੰਬਰ 1984 ਦੇ ਪਹਿਲੇ ਹਫਤੇ ਦੌਰਾਨ ਵਾਪਰਿਆ ਘੱਲੂਘਾਰਾ ਸਿੱਖਾਂ 'ਤੇ ਢਾਹੇ ਗਏ ਵਹਿਸ਼ੀ ਜ਼ੁਲਮਾਂ ਦੀ ਪੂਰੀ ਲੰਮੀ ਫ਼ੀਚਰ ਫ਼ਿਲਮ ਸਾਬਤ ਹੋਇਆ।

ਇਹ ਉਹੀ ਕੁਝ ਸੀ ਜਿਸ ਬਾਰੇ ਇੰਦਰਾ ਗਾਂਧੀ ਗਾਹੇ-ਬ-ਗਾਹੇ ਸੰਤ ਭਿੰਡਰਾਂਵਾਲੇ ਨੂੰ ਧਮਕਾਉਂਦੀ ਸੀ ਕਿ ਉਹ ਯਾਦ ਰੱਖਣ ਕਿ ਪੰਜਾਬੋਂ ਬਾਹਰ ਵੱਸਦੇ ਸਿੱਖਾਂ ਦਾ ਕੀ ਬਣੂੰ? ਉਸ ਨੇ ਜੋ ਕਿਹਾ, ਉਹ ਕਰ ਵਿਖਾਇਆ। ਕੀ ਇਹ ਇਕ ਧਰਮ-ਨਿਰਪੱਖ ਅਤੇ ਸਭਿਅਕ ਪ੍ਰਧਾਨ ਮੰਤਰੀ ਦਾ ਕਿਰਦਾਰ ਹੈ?

## ਭਾਗ 2

ਪਿਛਲੇ ਪੰਨਿਆਂ 'ਚ ਇਹ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਇੰਦਰਾ ਗਾਂਧੀ ਅਤੇ ਉਸਦੀ ਜੁੰਡਲੀ ਕਦੇ ਵੀ ਅਕਾਲੀ ਦਲ ਨਾਲ ਕਿਸੇ ਠੋਸ ਗੱਲਬਾਤ ਰਾਹੀਂ ਪੰਜਾਬ ਸਮੱਸਿਆ ਦਾ ਹੱਲ ਨਹੀਂ ਸੀ ਕਰਨਾ ਚਾਹੁੰਦੀ। ਇੰਦਰਾ ਗਾਂਧੀ ਇਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਕਾਂਗਰਸ ਪਾਰਟੀ ਦਾ ਵੋਟ ਬੈਂਕ ਬਣਨ ਵਾਲੀਆਂ ਘੱਟਗਿਣਤੀਆਂ ਹੁਣ ਕਾਂਗਰਸ ਤੋਂ ਦੂਰ ਚਲੀਆਂ ਗਈਆਂ ਹਨ। ਇਸ ਲਈ ਉਸ ਕੋਲ ਹਿੰਦੂ ਵੋਟ ਬੈਂਕ ਨੂੰ ਆਕਰਸ਼ਿਤ ਕਰਨ ਤੋਂ ਸਿਵਾ ਕੋਈ ਹੋਰ ਚਾਰਾ ਨਹੀਂ ਸੀ। ਹਿੰਦੂ ਵੋਟ ਬੈਂਕ ਤੇ ਕਾਬਜ਼ ਹੋਣ ਲਈ ਜਾਂ ਤਾਂ 1971, ਵਾਂਗ ਬੰਗਲਾ ਦੇਸ਼ ਦੀ ਲੜਾਈ ਵਰਗੀ ਕਾਰਗੁਜ਼ਾਰੀ ਦੁਹਰਾਉਣੀ ਪੈਣੀ ਸੀ

ਅਤੇ ਜਾਂ ਸ੍ਰੀ ਲੰਕਾ ਵਿੱਚ ਦਖਲਅੰਦਾਜ਼ੀ ਕਰਨੀ ਪੈਣੀ ਸੀ। ਅਜ਼ਾਦ ਕਸ਼ਮੀਰ ਨੂੰ ਮੁਕਤ ਕਰਾਉਣ ਲਈ ਪਾਕਿਸ੍ਤਾਨ 'ਤੇ ਹਮਲਾ ਬੜਾ ਖ਼ਤਰਨਾਕ ਮਸਲਾ ਸੀ, ਜਿਸ ਨਾਲ ਭਾਰਤ ਦੀ ਅਖੰਡਤਾ ਨੂੰ ਖ਼ਤਰਾ ਪੈਦਾ ਹੋ ਸਕਦਾ ਸੀ। ਇਸ ਦਾ ਕਾਰਨ ਸੀ ਕਿ ਪਾਕਿਸਤਾਨ ਬਹੁਤ ਮਜ਼ਬੂਤ ਅਤੇ ਸ਼ਕਤੀਸ਼ਾਲੀ ਹੋ ਚੁੱਕਾ ਸੀ। ਉਦੋਂ ਤੱਕ ਉਸ ਕੋਲ ਐਟਮ ਬੰਬ ਵੀ ਮੌਜੂਦ ਸੀ। ਇਸ ਤੋਂ ਇਲਾਵਾ ਅਮਰੀਕਾ ਬਾਰ-ਬਾਰ ਇਹ ਐਲਾਨ ਕਰ ਚੁੱਕਾ ਸੀ ਕਿ ਉਹ ਪਾਕਿਸਤਾਨ ਦੀ ਸੁਰੱਖਿਆ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਦ੍ਰਿੜ ਹੈ। 1971 ਦੀ ਹਿੰਦ-ਪਾਕਿ ਜੰਗ ਵਾਂਗ ਇਸ ਵਾਰ ਅਮਰੀਕਾ ਦੇ ਮੂਕ-ਦਰਸ਼ਕ ਬਣੇ ਰਹਿਣ ਦੀ ਸੰਭਾਵਨਾ ਨਹੀਂ ਸੀ। ਭਾਰਤ ਵੱਲੋਂ ਪਾਕਿਸਤਾਨ 'ਤੇ ਜੰਗ ਠੋਸੇ ਜਾਣ ਦੀ ਸੂਰਤ ਵਿੱਚ ਪਾਕਿਸਤਾਨ ਦੀ ਹਮਾਇਤ 'ਤੇ ਦਖ਼ਲ ਦੇਣ ਲਈ ਅਮਰੀਕਾ ਪੂਰੀ ਤਿਆਰੀ ਵਿੱਚ ਪ੍ਰਤੀਤ ਹੋ ਰਿਹਾ ਸੀ। ਅਮਰੀਕਾ ਦੋ ਕਾਰਨਾਂ ਕਰਕੇ ਪਾਕਿਸਤਾਨ ਦੀ ਹਿਫ਼ਾਜ਼ਤ ਕਰਨ ਲਈ ਮਜਬੂਰ ਸੀ। ਇੱਕ-ਰੂਸ ਪਹਿਲਾਂ ਹੀ ਅਫ਼ਗਾਨਿਸਤਾਨ ਵਿੱਚ ਫ਼ੌਜੀ ਦਖ਼ਲ ਦੇ ਚੁੱਕਾ ਸੀ ਅਤੇ ਪਾਕਿਸਤਾਨ ਦੀ ਸੁਰੱਖਿਆ ਲਈ ਖ਼ਤਰਾ ਬਣ ਚੁੱਕਾ ਸੀ। ਦੋ-ਆਇਤ-ਉੱਲਾ-ਖੁਮੀਨੀ ਨੇ ਇਰਾਨ ਵਿੱਚ ਮੁੜ ਮੁਸਲਿਮ ਕੱਟੜਵਾਦ ਨੂੰ ਸੁਰਜੀਤ ਕਰ ਦਿੱਤਾ ਸੀ। ਇਵੇਂ ਖੁਮੀਨੀ ਦੀ ਚੜ੍ਹਤ ਤੋਂ ਪਹਿਲਾਂ ਮੱਧ-ਪੂਰਬੀ ਏਸ਼ੀਆ ਵਿੱਚ ਅਮਰੀਕਾ ਦੇ ਪ੍ਰਮੁੱਖ ਸਹਿਯੋਗੀ ਰਹੇ ਇਰਾਨ ਨੇ ਹੁਣ ਆਪਣੀਆਂ ਬੰਦੂਕਾਂ ਅਮਰੀਕਾ ਦੇ ਵਿਰੋਧ ਵਿੱਚ ਸੇਧ ਲਈਆਂ ਸਨ। ਹੁਣ ਰੂਸੀ ਫ਼ੈਲਾਓ ਨੂੰ ਠੱਲ੍ਹਣ ਲਈ ਅਤੇ ਭਾਰਤ ਨੂੰ ਜ਼ਾਬਤੇ 'ਚ ਰੱਖਣ ਲਈ ਅਮਰੀਕਾ ਕੋਲ ਆਖਰੀ ਮਿੱਤਰ ਦੇਸ਼ ਪਾਕਿਸਤਾਨ ਹੀ ਰਹਿ ਗਿਆ ਸੀ। ਜੇ ਪਾਕਿਸਤਾਨ ਟੁੱਟਦਾ ਸੀ ਤਾਂ ਸਾਰੇ ਏਸ਼ੀਆ ਅਤੇ ਦੱਖਣੀ ਏਸ਼ੀਆ 'ਚ ਅਮਰੀਕੀ ਤਾਕਤ ਇੱਕੋ ਵਾਰ ਹਮੇਸ਼ਾਂ ਲਈ ਖਤਮ ਹੋ ਸਕਦੀ ਸੀ। ਅਮਰੀਕਾ ਪਹਿਲਾਂ ਹੀ ਪੂਰਬ ਵਿਚ ਵੀ ਵੀਅਤਨਾਮ, ਕੰਬੋਡੀਆ ਅਤੇ ਲਾਊਸ ਨੂੰ ਆਪਣੇ ਗਲਬੇ ਹੇਠੋਂ ਗੁਆ ਚੁੱਕਾ ਸੀ। ਇਹਨਾਂ ਹਾਲਾਤਾਂ ਦੇ ਮੱਦੇ-ਨਜ਼ਰ ਤਾਕਤ ਦੀ ਵਰਤੋਂ ਨਾਲ ਆਜ਼ਾਦ ਕਸ਼ਮੀਰ ਨੂੰ ਭਾਰਤ ਨਾਲ ਜੋੜਨਾ ਅਤੇ ਬੰਗਲਾ ਦੇਸ਼ ਜੰਗ ਵਰਗੀ ਕੁਸ਼ਲਤਾ ਦੁਹਰਾਉਣੀ ਇੰਦਰਾ ਗਾਂਧੀ ਲਈ ਸੰਭਵ ਨਹੀਂ ਸੀ।

ਸ੍ਰੀਲੰਕਾ ਵਿਚ ਦਖ਼ਲ ਦੇਣ ਨਾਲ ਹਿੰਦੀ ਬੋਲਦੇ ਖੇਤਰਾਂ ਵਿੱਚ ਹਿੰਦੂ ਵੀ ਪ੍ਰਭਾਵਤ ਨਹੀਂ ਸੀ ਹੋ ਸਕਣੇ। ਇਸ ਲਈ, ਇੰਦਰਾ ਗਾਂਧੀ ਕੋਲ ਦਰਬਾਰ ਸਾਹਿਬ ਸਮੂਹ ਉੱਤੇ ਹਮਲਾ ਕਰਨ ਦਾ ਰਸਤਾ ਹੀ ਬਚਿਆ ਸੀ ਇਸ ਕਾਰਵਾਈ ਤੋਂ ਉਸ ਨੂੰ ਉਮੀਦ ਸੀ ਕਿ ਇਹ ਹਿੰਦੂ ਜਜ਼ਬਾਤਾਂ ਨੂੰ ਉਸਦੇ ਹੱਕ ਵਿਚ ਉਭਾਰੇਗੀ।

ਇਸ ਤਜਵੀਜ਼ ਉੱਪਰ ਅਮਲ ਕਰਨਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ ਅਤੇ ਇਸਦੇ ਗੰਭੀਰ ਸਿੱਟੇ ਨਿਕਲਣੇ ਯਕੀਨੀ ਸਨ। ਪਰ, ਉਸਦੇ ਸਲਾਹਕਾਰ, ਜਿਨ੍ਹਾਂ 'ਚ ਉਸਦਾ ਅੜੀਅਲ ਸਪੁੱਤਰ ਰਾਜੀਵ ਗਾਂਧੀ ਅਤੇ ਦਿਓ-ਕੱਦ ਅਰੁਣ ਨਹਿਰੂ ਸ਼ਾਮਲ ਸਨ, ਫ਼ੌਜੀ ਕਾਰਵਾਈ ਦੇ ਜ਼ੋਰਦਾਰ ਸਮਰਥਕ ਸਨ। ਸਮੁੱਚੇ ਹਿੰਦੂਆਂ ਅਤੇ ਦੋਵੇਂ ਕਮਿਊਨਿਸਟ ਪਾਰਟੀਆਂ ਨੇ ਉਸ ਨੂੰ ਦਰਬਾਰ ਸਾਹਿਬ ਸਮੂਹ 'ਤੇ ਹਮਲੇ ਲਈ ਉਤਸ਼ਾਹਤ ਕੀਤਾ। ਫ਼ੌਜੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਲਈ ਸਾਜ਼ਗਾਰ ਹਾਲਾਤ ਪੈਦਾ ਕਰਨ ਵਾਸਤੇ ਇੰਦਰਾ ਗਾਂਧੀ ਨੇ ਇਕ ਬਹੁਤ ਹੀ ਗੁਪਤ 'ਸੁਪਰ ਇੰਟੈਲੀਜੈਂਸ ਜਥੇਬੰਦੀ' (Super Intellegence Agency) ਕਾਇਮ ਕੀਤੀ। ਇਸ ਸੁਪਰ ਇੰਟੈਲੀਜੈਂਸ ਏਜੰਸੀ ਦਾ ਕੋਡ-

ਨਾਮ "ਤੀਜੀ ਏਜੰਸੀ" (The Third Agency) ਰੱਖਿਆ ਗਿਆ ਜਿਸ ਦਾ ਦਫ਼ਤਰ ਬੀਕਾਨੇਰ ਹਾਊਸ, ਸ਼ਾਹਜਹਾਂ ਰੋਡ, ਨਵੀਂ ਦਿੱਲੀ ਵਿਖੇ ਬਣਾਇਆ ਗਿਆ। ਇਸ ਨੂੰ ਛਲ ਦੇ ਪਰਦੇ ਹੇਠ ਰੱਖਣ ਲਈ ਇਸ ਦੇ ਦਫ਼ਤਰ ਦੇ ਗੇਟ 'ਤੇ "ਕੈਬਿਨੇਟ ਸਕੱਤਰੇਤ (ਸੁਰੱਖਿਆ)" ਦਾ ਬੋਰਡ ਟੰਗ ਦਿੱਤਾ ਗਿਆ। ਵਾਸਤਵ ਵਿਚ ਇਸ ਏਜੰਸੀ ਦਾ ਨਾਮ "ਰਿਸਰਚ ਐਂਡ ਅਨੈਲਿਸਿਸ ਵਿੰਗ" (Raw/ਰਾਅ) ਸੀ।

ਤੀਜੀ ਏਜੰਸੀ ਨੂੰ ਇੰਦਰਾ ਗਾਂਧੀ ਦਾ ਮੁੱਖ ਸੁਰੱਖਿਆ ਸਲਾਹਕਾਰ ਆਰ.ਐਨ. ਕਾਓ ਚਲਾ ਰਿਹਾ ਸੀ। ਰਾਅ ਦਾ ਸਾਬਕਾ ਮੁਖੀ ਐਨ.ਐਫ ਸੰਤੂਕ, ਰਾਅ ਦਾ ਮੌਜੂਦਾ ਮੁਖੀ ਅਤੇ ਪ੍ਰਧਾਨ ਮੰਤਰੀ ਸਕੱਤਰੇਤ ਦਾ ਡਾਇਰੈਕਟਰ ਆਰ. ਸ਼ੰਕਰਨ ਨਾਇਰ ਇਸ ਸੁਪਰ ਇੰਟੈਲੀਜੈਂਸ ਏਜੰਸੀ ਦੇ ਹੋਰ ਮਹੱਤਵਪੂਰਨ ਪ੍ਰਬੰਧਕ ਸਨ। ਇਹ ਬਹੁਤ ਹੈਰਤ-ਅੰਗੇਜ਼ ਤੱਥ ਹੈ ਕਿ ਇਨ੍ਹਾਂ ਨੇ ਇਜ਼ਰਾਈਲ (ਜਿਸ ਨਾਲ ਭਾਰਤ ਦੇ ਕੋਈ ਸਫ਼ਾਰਤੀ ਸੰਬੰਧ ਵੀ ਨਹੀਂ ਸਨ) ਦੀ ਖ਼ੁਫ਼ੀਆ ਏਜੰਸੀ ਮਾਸੇਦ ਤੋਂ ਸਰਗਰਮ ਪੇਸ਼ਾਵਰ ਮਦਦ ਪ੍ਰਾਪਤ ਕੀਤੀ।

ਇਸ 'ਤੀਜੀ ਏਜੰਸੀ' ਜਾਂ ਰਾਅ ਉੱਪਰ ਇੰਦਰਾ ਗਾਂਧੀ ਖ਼ੁਦ ਨਿਗਰਾਨੀ ਰੱਖ ਰਹੀ ਸੀ। ਇਸ ਗੁਪਤ ਏਜੰਸੀ ਵਿਚ ਉਸ ਦਾ ਮੁੱਖ ਸਹਾਇਕ ਰਾਜੀਵ ਗਾਂਧੀ ਸੀ। ਉਨ੍ਹਾਂ ਦੇ ਮੁੱਖ ਉਦੇਸ਼ ਸਨ :

1. ਹਰ ਮਸਲੇ ਤੇ ਅੰਦੋਲਨ ਕਰਨ ਵਾਲੇ ਸਿੱਖਾਂ ਨੂੰ ਸਬਕ ਸਿਖਾਉਣਾ ਅਤੇ ਹਿੰਦੂਆਂ ਨੂੰ ਪਤਿਆ ਕੇ ਉਹਨਾਂ ਨੂੰ ਕਾਂਗਰਸ (ਆਈ) ਦੇ ਵੋਟ ਬੈਂਕ ਵਿੱਚ ਪਲਟਣਾ।

2. ਹਿੰਦੂ ਮੂਲਵਾਦ (ਕੱਟੜਵਾਦ) ਦੀ ਨੁਮਾਇੰਦਗੀ ਕਰਦੀਆਂ ਜਨਸੰਘ ਅਤੇ ਹੋਰ ਵਿਰੋਧੀ ਪਾਰਟੀਆਂ ਦੀ ਸਾਖ ਨੂੰ ਨਸ਼ਟ ਕਰਨਾ ਅਤੇ ਹਿੰਦੂਆਂ ਨੂੰ ਇਹ ਯਕੀਨ ਦਿਵਾਉਣਾ ਕਿ ਉਹ ਪਾਰਟੀਆਂ ਉਹਨਾਂ (ਹਿੰਦੂਆਂ) ਦੇ ਹਿੱਤਾਂ ਦੀ ਰਾਖੀ ਨਹੀਂ ਕਰ ਸਕਦੀਆਂ।

3. ਇਹ ਸਾਬਤ ਕਰਨਾ ਕਿ ਕਾਂਗਰਸ (ਆਈ) ਹੀ ਇੱਕੋ-ਇੱਕ ਸਿਆਸੀ ਪਾਰਟੀ ਹੈ ਜੋ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਇੰਦਰਾ ਗਾਂਧੀ ਇਨ੍ਹਾਂ ਮੰਤਵਾਂ ਨੂੰ ਪ੍ਰਾਪਤ ਕਰਨ ਵਿੱਚ ਅਸਥਾਈ ਰੂਪ ਵਿਚ ਸਫ਼ਲ ਵੀ ਹੋਈ ਭਾਵੇਂ ਕਿ ਬਾਅਦ ਵਿਚ ਫ਼ੌਜੀ ਕਾਰਵਾਈ ਦੇ ਫ਼ਲਸਰੂਪ ਨਿਕਲਣ ਵਾਲੇ ਸਿੱਟੇ ਇਸ ਤੋਂ ਉਲਟ ਸਾਬਤ ਹੋਏ।

ਤੀਸਰੀ ਏਜੰਸੀ ਦੇ ਸੰਚਾਲਕਾਂ ਨੇ ਆਈ.ਬੀ. ਅਤੇ ਰਾਅ ਦੇ ਅਫ਼ਸਰਾਂ ਨੂੰ ਅਸਲ ਮੰਤਵਾਂ ਦੀ ਜਾਣਕਾਰੀ ਦਿੱਤੇ ਬਿਨਾਂ ਉਨ੍ਹਾਂ ਦੀਆਂ ਸੇਵਾਵਾਂ ਦੀ ਭਰਪੂਰ ਵਰਤੋਂ ਕੀਤੀ। ਜੀ.ਐਸ.ਮਿਸ਼ਰਾ ਨੂੰ ਇੰਦਰਾ ਗਾਂਧੀ ਨੇ 1980 'ਚ ਗੁੰਮਨਾਮੀ 'ਚੋਂ ਵਾਪਸ ਲਿਆਂਦਾ ਅਤੇ ਉਸ ਨੂੰ ਗੁਪਤ ਸਰਗਰਮੀਆਂ ਦਾ ਅਨੁਸਰਣ ਅਤੇ ਨਿਰੀਖਣ ਕਰਨ ਲਈ ਪੰਜਾਬ, ਜੰਮੂ-ਕਸ਼ਮੀਰ ਅਤੇ ਰਾਜਸਥਾਨ ਦਾ ਇੰਚਾਰਜ ਥਾਪ ਦਿੱਤਾ। ਕਰਨਲ ਬੀ.ਲਾਂਗਰ, ਜਿਹੜਾ ਗੁਪਤ-ਹੱਤਿਆਵਾਂ ਦੀਆਂ ਯੋਜਨਾਵਾਂ ਬਣਾਉਣ ਅਤੇ ਸਿਆਸੀ ਹੇਰ-ਫ਼ੇਰ ਨਾਲ ਮਾਤ ਦੇਣ ਵਿੱਚ ਮਾਹਰ ਮੰਨਿਆ ਜਾਂਦਾ ਸੀ, ਉਸਦਾ ਸਹਾਇਕ ਸੀ। ਇਹ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਦੇ ਇੰਟੈਲੀਜੈਂਸ ਵਿੰਗ ਦੀ ਰਾਜਸੀ ਸ਼ਾਖਾ ਦਾ ਇੰਚਾਰਜ ਰਿਹਾ ਸੀ। ਰਾਅ ਏਜੰਸੀ ਦਾ ਐਚ.ਐਸ. ਕ੍ਰਿਪਲਾਨੀ ਵੀ ਗੁਪਤ ਹੱਤਿਆਵਾਂ ਵਿਉਂਤਣ ਵਿਚ ਮਾਹਰ ਸੀ। ਉਸ ਨੂੰ ਪੰਜਾਬ ਦਾ ਇੰਚਾਰਜ ਥਾਪਿਆ ਗਿਆ ਅਤੇ ਪੰਜਾਬ ਵਿਚ ਗੁਪਤ ਹੱਤਿਆਵਾਂ ਦੀਆਂ ਯੋਜਨਾਵਾਂ ਬਣਾਉਣ ਦਾ ਕੰਮ ਉਸਨੂੰ ਸੌਂਪਿਆ ਗਿਆ। ਉਸ ਨੂੰ ਬੰਦੂਕਧਾਰੀ ਗਰੋਹਾਂ ਦਾ ਸੰਚਾਲਕ ਵੀ ਬਣਾਇਆ ਗਿਆ। 1980-81 ਦੌਰਾਨ ਰਾਅ ਦਾ ਅਸਿਸਟੈਂਟ

ਡਾਇਰੈਕਟਰ ਰਬਿੰਦਰ ਓਹਰੀ ਜੋਧਪੁਰ ਤੋਂ ਆਪਣੀਆਂ ਸਰਗਰਮੀਆਂ ਚਲਾਉਂਦਾ ਸੀ ਅਤੇ ਕਰਿਪਲਾਨੀ ਨਾਲ ਤਾਲਮੇਲ ਰੱਖਦਾ ਸੀ। ਰਾਅ ਦੇ ਅਸਿਸਟੈਂਟ ਡਾਇਰੈਕਟਰ ਡਬਲਿਊ. ਐਨ.ਬੀ. ਰਾਓ ਨੇ ਓਹਰੀ ਦੀ ਜਗ੍ਹਾ ਚਾਰਜ ਸੰਭਾਲਿਆ ਅਤੇ ਗੁਪਤ ਕਾਰਵਾਈਆਂ ਦਾ ਅਨੁਸਰਣ ਕੀਤਾ। ਰਾਅ ਦੇ ਇੱਕ ਹੋਰ ਅਸਿਸਟੈਂਟ ਡਾਇਰੈਕਟਰ ਆਰ.ਐਨ. ਗੁਪਤਾ ਨੇ 1982 ਵਿੱਚ ਰਾਓ ਦੀ ਜਗ੍ਹਾ ਲਈ ਅਤੇ ਜੋਧਪੁਰ ਤੋਂ ਕਾਰਵਾਈਆਂ ਦੀ ਨਿਗਰਾਨੀ ਕਰਦਾ ਰਿਹਾ ਅਤੇ ਨਾਲ ਹੀ ਉਸਨੇ ਖ਼ੁਫ਼ੀਆ ਤੌਰ 'ਤੇ ਪੰਜਾਬ ਵਿੱਚ ਹਥਿਆਰ ਵੀ ਦਾਖ਼ਲ ਕੀਤੇ। ਉਹ ਦਿਸੰਬਰ 1983 ਤੱਕ ਇਸ ਅਹੁਦੇ 'ਤੇ ਰਿਹਾ। ਉਦੋਂ ਤੱਕ ਉਸ ਦਾ ਕੰਮ ਸੰਪੂਰਨ ਹੋ ਚੁੱਕਾ ਸੀ ਕਿਉਂਕਿ ਉਸਨੇ ਪੰਜਾਬ ਵਿਚ ਕਾਫ਼ੀ ਹਥਿਆਰ ਦਾਖ਼ਲ ਕਰ ਦਿੱਤੇ ਸਨ।

ਰਾਅ ਦਾ ਇੱਕ ਅਫ਼ਸਰ ਏ.ਆਈ. ਵਾਸਾਵਾੜਾ 1982 ਦੇ ਮੱਧ ਤੱਕ ਅੰਮ੍ਰਿਤਸਰ ਦਾ ਇੰਚਾਰਜ ਰਿਹਾ। 20 ਸਤੰਬਰ, 1981 ਨੂੰ ਚੌਕ ਮਹਿਤਾ ਵਿਖੇ ਸੰਤ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਪਿੱਛੋਂ ਢਾਹੇ ਗਏ ਜ਼ੁਲਮ ਦਾ ਬਾਨੀ ਇਹੀ ਅਫ਼ਸਰ ਸੀ। ਉਹਦੀ ਜਗ੍ਹਾ 1982 ਵਿਚ ਐਸ.ਕੇ. ਤ੍ਰਿਪਾਠੀ ਨੇ ਲਈ, ਜਿਸਨੇ ਗੁਰਦਾਸਪੁਰ ਵਿਚ ਦਰਜਨ ਦੇ ਕਰੀਬ ਹਿੰਦੂਆਂ ਦੇ ਕਤਲ ਦੀ ਯੋਜਨਾ ਉਲੀਕੀ ਸੀ। 3 ਮਈ, 1984 ਨੂੰ ਉਸ ਨੂੰ ਅੰਮ੍ਰਿਤਸਰ ਤੋਂ ਹਟਾ ਲਿਆ ਗਿਆ ਕਿਉਂਕਿ ਉਸਦਾ ਮਿਸ਼ਨ ਵੀ ਪੂਰਾ ਹੋ ਚੁੱਕਾ ਸੀ।

ਕਰਨਲ ਬੀ. ਲਾਂਗਰ ਨੇ ਵੀ ਪੰਜਾਬ ਸੰਕਟ ਵਿਚ ਘਿਨਾਉਣਾ ਰੋਲ ਅਦਾ ਕੀਤਾ। ਇਹੀ ਉਹ ਵਿਅਕਤੀ ਸੀ ਜਿਸਨੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕੀਤੇ ਜਾਣ ਦੇ ਫ਼ਲਸਰੂਪ ਸਮੁੱਚੇ ਰੂਪ 'ਚ ਉਪਜਣ ਵਾਲੇ ਸੰਭਾਵੀ ਨਤੀਜਿਆਂ ਦਾ ਵਿਸ਼ਲੇਸ਼ਣ ਕੀਤਾ। ਇਸਨੇ ਇਹ ਸਿੱਟਾ ਕੱਢਿਆ ਕਿ ਫ਼ੌਜੀ ਕਾਰਵਾਈ ਨਾਲ ਚੋਣਾਂ ਜਿੱਤਣ ਲਈ ਪੂਰੇ ਦੇਸ਼ 'ਚ ਕਾਂਗਰਸ (ਆਈ) ਦੇ ਹੱਕ ਵਿੱਚ ਸਿਆਸੀ ਮਾਹੌਲ ਸਿਰਜਿਆ ਜਾਵੇਗਾ। ਇਸ ਲਈ ਇਹੀ ਉਹ ਵਿਅਕਤੀ ਸੀ ਜਿਸਨੇ ਜਨਵਰੀ 1985 'ਚ ਹੋਣ ਜਾ ਰਹੀਆਂ ਚੋਣਾਂ ਤੋਂ ਕੇਵਲ ਛੇ ਮਹੀਨੇ ਪਹਿਲਾਂ ਕੀਤੀ ਗਈ ਇਸ ਫ਼ੌਜੀ ਕਾਰਵਾਈ ਨੂੰ ਕਾਂਗਰਸ ਦੇ ਹੱਕ ਵਿਚ ਬਦਲ ਦਿੱਤਾ।

ਜੇਕਰ ਤੀਸਰੀ ਏਜੰਸੀ ਦੀਆਂ ਘਿਨਾਉਣੀਆਂ ਗੁਪਤ ਕਾਰਵਾਈਆਂ ਨੂੰ ਅਤੇ ਅਕਾਲੀ ਨੇਤਾਵਾਂ ਸੰਬੰਧੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀਆਂ ਸਿਆਸੀ ਪੈਂਤੜੇਬਾਜ਼ੀਆਂ ਨੂੰ ਨਾਲੋ ਨਾਲ ਵਾਚੀਏ ਤਾਂ ਮਸਲਾ ਸਪੱਸ਼ਟ ਹੋ ਜਾਵੇਗਾ। ਇੰਦਰਾ ਗਾਂਧੀ ਨੇ ਅਕਾਲੀਆਂ ਨਾਲ ਤਿੰਨ ਵਾਰ ਸਮਝੌਤੇ 'ਤੇ ਪੁੱਜਣ ਤੋਂ ਬਾਅਦ ਤਿੰਨੇ ਵਾਰ ਆਪਣਾ ਪੈਰ ਪਿਛਾਂਹ ਖਿੱਚਿਆ ਹੋਰਨਾਂ ਤੋਂ ਇਲਾਵਾ ਸਾਬਕਾ ਰੱਖਿਆ ਮੰਤਰੀ ਸਵਰਨ ਸਿੰਘ, ਕੈਪਟਨ ਅਮਰਿੰਦਰ ਸਿੰਘ ਅਤੇ ਸੀ.ਪੀ.ਆਈ. (ਐਮ) ਦੇ ਜਨਰਲ ਸਕੱਤਰ ਹਰਕਿਸ਼ਨ ਸਿੰਘ ਸੁਰਜੀਤ ਆਖਰੀ ਮੌਕਿਆਂ ਉਪਰ ਇੰਦਰਾ ਗਾਂਧੀ ਵੱਲੋਂ ਸਮਝੌਤਿਆਂ ਤੋਂ ਖਿਸਕਣ ਦੇ ਗਵਾਹ ਹਨ। ਕਿਉਂ? ਕਿਉਂਕਿ ਉਹ ਕਦੇ ਵੀ ਪੰਜਾਬ ਸਮੱਸਿਆ ਨੂੰ ਸੁਲਝਾਉਣ ਲਈ ਸੰਜੀਦਾ ਨਹੀਂ ਸੀ। ਉਸ ਦੀ ਰੁਚੀ ਕੇਵਲ ਪੰਜਾਬ ਸੰਕਟ ਨੂੰ ਲਮਕਾਉਣ ਅਤੇ ਹੋਰ ਵਿਗਾੜਨ ਵਿੱਚ ਸੀ ਤਾਂ ਕਿ ਉਹ ਦਰਬਾਰ ਸਾਹਿਬ ਸਮੂਹ 'ਤੇ ਫ਼ੌਜੀ ਹਮਲਾ ਕਰਨ ਲਈ ਅਨੁਕੂਲ ਹਾਲਾਤ ਪੈਦਾ ਕਰ ਸਕੇ। ਰਾਜੀਵ ਗਾਂਧੀ ਦਾ ਰੋਲ ਵੀ ਕੋਈ ਘੱਟ ਨੀਚਤਾ ਵਾਲਾ ਨਹੀਂ ਸੀ। ਉਸਨੇ ਅਕਾਲੀਆਂ ਨਾਲ, ਪਹਿਲਾਂ 17-1-1983 ਨੂੰ ਤੇ

ਫ਼ਿਰ 2-4-1984 ਨੂੰ, ਦੋ ਗੁਪਤ ਮੀਟਿੰਗਾਂ ਕੀਤੀਆਂ। ਜੇ ਭਾਰਤ ਸਰਕਾਰ ਵੱਲੋਂ ਪ੍ਰਕਾਸ਼ਤ 'ਵਾਈਟ ਪੇਪਰ/ਝੂਠ ਪੇਪਰ' ਵਿਚਲੀ ਘਟਨਾਵਾਂ ਦੀ ਸੂਚੀ ਨੂੰ ਪੜ੍ਹੀਏ ਤਾਂ ਇਹ ਗੱਲ ਦੇਖਣ ਯੋਗ ਹੈ ਕਿ ਅਕਾਲੀਆਂ ਨਾਲ ਉਸਦੀ ਪਹਿਲੇ ਗੇੜ ਦੀ ਗੱਲਬਾਤ ਮਗਰੋਂ ਪੰਜਾਬ ਵਿਚ ਹਿੰਸਕ ਘਟਨਾਵਾਂ ਦੀ ਗਿਣਤੀ ਵਿੱਚ ਅਸਧਾਰਨ ਵਾਧਾ ਹੋਇਆ। ਸਰਕਾਰ ਵੱਲੋਂ ਪ੍ਰਕਾਸ਼ਤ ਅੰਕੜਿਆਂ ਅਨੁਸਾਰ 1981 ਵਿੱਚ ਕੇਵਲ 28 ਅਤੇ 1982 ਵਿੱਚ 22 ਹਿੰਸਕ ਘਟਨਾਵਾਂ ਵਾਪਰੀਆਂ। ਇਹ ਬਹੁਤ ਧਿਆਨ ਦੇਣ ਯੋਗ ਹੈ ਕਿ ਅਜਿਹੀਆਂ ਘਟਨਾਵਾਂ ਦੀ ਗਿਣਤੀ 1983 ਵਿੱਚ ਵਧ ਕੇ 138 ਹੋ ਗਈ। ਰਾਜੀਵ ਗਾਂਧੀ ਵੱਲੋਂ 24-1-1984 ਨੂੰ ਆਯੋਜਿਤ ਦੂਜੇ ਗੇੜ ਦੀ ਗੱਲਬਾਤ ਤੋਂ ਬਾਅਦ 1 ਮਈ 1984 ਤੋਂ 31 ਮਈ 1984 ਤੱਕ ਹਿੰਸਕ ਘਟਨਾਵਾਂ ਦੀ ਗਿਣਤੀ 342 'ਤੇ ਜਾ ਪੁੱਜੀ। ਕਰੀਬ 22 ਘਟਨਾਵਾਂ ਕੇਵਲ ਦੋ ਦਿਨਾਂ, 1 ਅਤੇ 2 ਜੂਨ, 1984, ਦੌਰਾਨ ਵਾਪਰੀਆਂ ਭਾਵੇਂ ਕਿ 31 ਮਈ ਨੂੰ ਪੰਜਾਬ 'ਚ ਫ਼ੌਜ ਤਾਇਨਾਤ ਕੀਤੀ ਜਾ ਚੁੱਕੀ ਸੀ। ਜੇਕਰ ਇਨ੍ਹਾਂ ਘਟਨਾਵਾਂ, ਖ਼ਾਸਕਰ ਜਿਹੜੀਆਂ 1984 ਦੇ ਪਹਿਲੇ ਪੰਜਾਂ ਮਹੀਨਿਆਂ 'ਚ ਵਾਪਰੀਆਂ, ਦਾ ਵਿਸ਼ਲੇਸ਼ਣ ਕਰੀਏ ਤਾਂ ਇਹਨਾਂ 'ਚੋਂ 90 ਪ੍ਰਤੀਸ਼ਤ ਤੁੱਛ ਅਤੇ ਮਹੱਤਵਹੀਣ ਹਨ। ਇਹ ਘਟਨਾਵਾਂ ਸਪਸ਼ਟ ਰੂਪ 'ਚ ਤੀਸਰੀ ਏਜੰਸੀ ਦੀ ਸਾਜ਼ਬਾਜ਼ ਦਾ ਸਿੱਟਾ ਸਨ। ਇਸ ਏਜੰਸੀ ਨੇ ਅਪਰੇਸ਼ਨ ਬਲੂ-ਸਟਾਰ ਦੇ ਮਿਥੇ ਸਮੇਂ ਤੋਂ ਕੇਵਲ ਦੋ ਮਹੀਨੇ ਪਹਿਲਾਂ ਹਿੰਸਕ ਕਾਰਵਾਈਆਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਤਾਂ ਕਿ ਫ਼ੌਜੀ ਕਾਰਵਾਈ ਨੂੰ ਉਚਿਤ ਠਹਿਰਾਇਆ ਜਾ ਸਕੇ। ਇਸ ਤਰ੍ਹਾਂ ਤੀਸਰੀ ਏਜੰਸੀ ਦੀਆਂ ਗੁਪਤ ਸਰਗਰਮੀਆਂ ਅਤੇ ਇੰਦਰਾ ਗਾਂਧੀ ਦੇ ਸਿਆਸੀ ਦਾਅ-ਪੇਚਾਂ ਨੇ ਨਾ ਸਿਰਫ਼ ਧੁੰਦਲੀ ਮਾਨਸਿਕਤਾ ਵਾਲੇ ਅਕਾਲੀਆਂ ਬਲਕਿ ਹਿੰਦੂਆਂ ਅਤੇ ਹੋਰ ਸਿਆਸੀ ਪਾਰਟੀਆਂ ਨੂੰ ਵੀ ਉੱਲੂ ਬਣਾ ਦਿੱਤਾ। ਇੰਦਰਾ ਗਾਂਧੀ ਨੇ ਕਦੇ ਵੀ ਆਪਣੇ ਲੁਕਵੇਂ ਉਦੇਸ਼ਾਂ ਨੂੰ ਜ਼ਾਹਰ ਨਹੀਂ ਸੀ ਕੀਤਾ।

ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੇ ਤੀਸਰੀ ਏਜੰਸੀ ਦੀ ਮਦਦ ਨਾਲ ਬੜੀ ਬਾਰੀਕੀ ਨਾਲ ਸਿੱਖਾਂ ਨੂੰ ਕੌੜਾ ਸਬਕ ਸਿਖਾਉਣ ਦੀ ਵਿਉਂਤ ਬਣਾਈ, ਇਸ ਨੂੰ ਲਾਗੂ ਕੀਤਾ ਅਤੇ ਅਖ਼ੀਰ ਸਫ਼ਲਤਾ ਹਾਸਲ ਕੀਤੀ ਪਰ ਦੇਸ਼ ਦੀ ਏਕਤਾ-ਅਖੰਡਤਾ ਨੂੰ ਦਾਅ 'ਤੇ ਲਾ ਕੇ। ਪਰ, ਹਕੀਕਤ ਤੋਂ ਬਿਲਕੁਲ ਉਲਟ ਸਰਕਾਰ ਨੇ ਸਾਰੀਆਂ ਹਿੰਸਕ ਘਟਨਾਵਾਂ ਸੰਤ ਭਿੰਡਰਾਂਵਾਲੇ ਉਪਰ ਠੋਸ ਦਿੱਤੀਆਂ। ਇਹ ਕੇਹਾ ਦੁਖਾਂਤ ਹੈ ਕਿ ਬਹੁਤ ਘੱਟ ਲੋਕ ਇਸ ਸੱਚ ਤੋਂ ਵਾਕਫ਼ ਸਨ।

ਤੀਸਰੀ ਏਜੰਸੀ ਦੇ ਖ਼ੁਫ਼ੀਆ ਅਫ਼ਸਰਾਂ, ਜੋ ਪੰਜਾਬ 'ਚ 1981 ਤੋਂ 1984 ਤੱਕ ਗੁਪਤ ਪੱਧਰ 'ਤੇ ਕਾਰਵਾਈਆਂ ਕਰਦੇ ਰਹੇ ਸਨ, ਦੀ ਉਪਰੋਥੱਲੀ ਅਦਲਾ-ਬਦਲੀ ਵੀ ਬਾ-ਮਕਸਦ ਕੀਤੀ ਜਾਂਦੀ ਸੀ ਤਾਂ ਕਿ ਉਹਨਾਂ ਦੀ ਪਹਿਚਾਣ ਅਤੇ ਉਹਨਾਂ ਦੀਆਂ ਕਾਰਵਾਈਆਂ ਜ਼ਾਹਰ ਨਾ ਹੋ ਸਕਣ। ਪੰਜਾਬ ਦੇ ਗਵਰਨਰ ਵੀ ਇੱਕ ਗਿਣੀ-ਮਿਥੀ ਚਾਲ ਅਧੀਨ ਇਸੇ ਹੀ ਗਤੀ ਵਿਚ ਤਬਦੀਲ ਕੀਤੇ ਗਏ। ਜੂਨ 1980 ਵਿਚ ਕਾਂਗਰਸ (ਆਈ) ਦੀ ਸਰਕਾਰ ਬਣਨ ਸਮੇਂ ਪੰਜਾਬ ਦਾ ਗਵਰਨਰ ਜੈ ਸੁਖ ਲਾਲ ਹਾਥੀ ਸੀ। ਹਾਥੀ ਨੇ ਅਗਸਤ 1981 ਵਿਚ ਅਸਤੀਫਾ ਦੇ ਦਿੱਤਾ ਅਤੇ ਅਮੀਨੂ ਦੀਨ ਖਾਨ ਅਹਿਮਦ ਨੇ ਉਹਦੀ ਜਗ੍ਹਾ ਲਈ ਜਿਸ ਨੂੰ ਅਪ੍ਰੈਲ 1982 'ਚ 8 ਮਹੀਨੇ ਅਹੁਦੇ 'ਤੇ ਰਹਿਣ ਮਗਰੋਂ ਹਟਾ ਦਿੱਤਾ ਗਿਆ। ਉਸ ਦੀ ਥਾਂ 'ਤੇ ਚੰਨਾ ਰੈਡੀ ਨੂੰ ਲਿਆਂਦਾ ਗਿਆ ਅਤੇ ਉਸ ਨੂੰ ਵੀ 10

ਦਿੱਤਾ ਗਿਆ। ਉਸ ਦੀ ਥਾਂ 'ਤੇ ਚੰਨਾ ਰੈਡੀ ਨੂੰ ਲਿਆਂਦਾ ਗਿਆ ਅਤੇ ਉਸ ਨੂੰ ਵੀ 10 ਮਹੀਨੇ ਦੇ ਸਮੇਂ ਬਾਅਦ ਘਰੇ ਤੋਰ ਦਿੱਤਾ ਗਿਆ। ਫ਼ਿਰ ਏ.ਪੀ. ਸ਼ਰਮਾ ਦੀ ਵਾਰੀ ਆਈ, ਜੋ 6 ਮਹੀਨੇ ਅਹੁਦੇ 'ਤੇ ਰਿਹਾ ਅਤੇ ਬੀ.ਡੀ. ਪਾਂਡੇ ਲਈ ਜਗ੍ਹਾ ਖਾਲੀ ਕਰ ਗਿਆ। ਬੀ.ਡੀ ਪਾਂਡੇ ਨੂੰ ਰਾਸ਼ਟਰਪਤੀ ਰਾਜ ਲਾਗੂ ਹੋਣ ਮਗਰੋਂ ਸਾਹਮਣੇ ਲਿਆਂਦਾ ਗਿਆ ਅਤੇ ਇਹਦੇ ਕਾਰਜ ਕਾਲ ਦੌਰਾਨ ਹੀ ਜੂਨ 1984 ਦੇ ਪਹਿਲੇ ਹਫ਼ਤੇ "ਅਪ੍ਰੇਸ਼ਨ ਬਲੂ-ਸਟਾਰ" ਦੇ ਕੋਡ-ਨਾਮ ਵਜੋਂ ਜਾਣੀ ਜਾਂਦੀ ਭਿਆਨਕ ਫ਼ੌਜੀ ਕਾਰਵਾਈ ਕੀਤੀ ਗਈ। ਉਸਨੇ ਰੋਸ ਵਜੋਂ ਉਸੇ ਸਾਲ ਕੁਝ ਦਿਨਾਂ ਮਗਰੋਂ 28 ਜੂਨ ਨੂੰ ਅਸਤੀਫ਼ਾ ਦੇ ਦਿੱਤਾ ਕਿਉਂਕਿ ਉਸਨੇ ਦਰਬਾਰ ਸਾਹਿਬ ਸਮੂਹ 'ਤੇ ਵਹਿਸ਼ੀਆਨਾ ਫ਼ੌਜੀ ਕਾਰਵਾਈ ਦਾ ਵਿਰੋਧ ਕੀਤਾ ਸੀ।

ਦੋ ਧਰੋਹੀ ਵਿਅਕਤੀਆਂ, ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀ, ਤੀਜੀ ਏਜੰਸੀ ਵੱਲੋਂ ਪ੍ਰਾਪਤ ਸਹਾਇਤਾ ਨਾਲ ਮਿਥੀ ਖੇਡ ਦਾ ਅੰਤ ਗਵਰਨਰਾਂ ਅਤੇ ਖ਼ੁਫ਼ੀਆ ਵਿਭਾਗਾਂ ਦੇ ਅਫ਼ਸਰਾਂ ਦੀਆਂ ਬਾਰ-ਬਾਰ ਤਬਦੀਲੀਆਂ 'ਤੇ ਹੀ ਨਹੀਂ ਸੀ ਹੋ ਗਿਆ। ਪੰਜਾਬ ਪੁਲੀਸ ਦੇ ਮੁਖੀ ਵੀ, ਇਕ ਤੋਂ ਬਾਅਦ ਦੂਜਾ, ਬਦਲੇ ਜਾਂਦੇ ਰਹੇ। ਪੰਜਾਬ ਸੰਕਟ ਦੇ ਦੌਰਾਨ ਹੀ ਲਗਭਗ 4 ਪੁਲਿਸ ਮੁਖੀ ਬੜੀ ਕਾਹਲੀ ਨਾਲ ਲਾਏ ਗਏ ਅਤੇ ਬਦਲੇ ਗਏ। ਦਰਬਾਰਾ ਸਿੰਘ ਦੇ ਸ਼ਾਸਨ ਦੌਰਾਨ ਪਹਿਲੇ ਆਈ.ਜੀ.ਪੀ. ਬੀਰਬਲ ਨਾਥ ਦੀ ਜਗ੍ਹਾ ਸੀ.ਕੇ. ਸਾਹਨੀ ਨੇ ਲਈ, ਜਿਸ ਨੂੰ ਇੰਦਰਾ ਗਾਂਧੀ ਦੇ ਚਹੇਤੇ ਪ੍ਰੀਤਮ ਸਿੰਘ ਭਿੰਡਰ ਦੁਆਰਾ ਪਦ-ਮੁਕਤ ਕੀਤਾ ਗਿਆ। ਇਸ ਦੇ ਕਾਰਜ ਕਾਲ ਦੌਰਾਨ ਹੀ ਅਪ੍ਰੇਸ਼ਨ ਬਲੂ-ਸਟਾਰ ਸਿਰੇ ਚਾੜ੍ਹਿਆ ਗਿਆ। ਉਸ ਨੂੰ ਵੀ ਫ਼ੌਜੀ ਕਾਰਵਾਈ ਮੁਕੰਮਲ ਹੋਣ ਉਪਰੰਤ ਅਸਤੀਫ਼ਾ ਦੇਣਾ ਪਿਆ। ਉਸ ਨੇ ਇੱਕ ਮੋਨੇ ਸਿੱਖ ਕੇ.ਐਸ. ਢਿੱਲੋਂ ਲਈ ਜਗ੍ਹਾ ਖਾਲੀ ਕੀਤੀ।

ਗਵਰਨਰਾਂ ਅਤੇ ਪੁਲਿਸ ਮੁਖੀਆਂ ਦਾ ਬਾਰ-ਬਾਰ ਬਦਲੇ ਜਾਣਾ ਕੋਈ ਬੇਮਾਅਨਾ ਨਹੀਂ ਸੀ। ਇਹ ਉਪਰੋਥੱਲੀ ਅਦਬਾ-ਬਦਲੀਆਂ ਇੰਦਰਾ ਗਾਂਧੀ ਵੱਲੋਂ ਖੇਡੀ ਜਾ ਰਹੀ ਕਪਟੀ ਖੇਡ ਦਾ ਇੱਕ ਹਿੱਸਾ ਸਨ। ਉਸ ਦੀ ਘਟੀਆ ਵਿਉਂਤ ਇਹ ਸੀ ਕਿ ਕਿਸੇ ਵੀ ਗਵਰਨਰ ਜਾਂ ਪੁਲਿਸ ਮੁਖੀ ਨੂੰ ਇਹ ਭਿਣਕ ਨਾ ਪਵੇ ਕਿ ਉਹ ਪੰਜਾਬ 'ਚ ਕੀ ਕਰਨ ਦਾ ਇਰਾਦਾ ਰੱਖਦੀ ਹੈ। ਉਸ ਨੇ ਹਥਿਆਰਬੰਦ ਫ਼ੌਜਾਂ ਨੂੰ ਦਰਬਾਰ ਸਾਹਿਬ ਸਮੂਹ 'ਤੇ ਹਮਲਾ ਕਰਨ ਲਈ ਭੇਜਣ ਤੱਕ ਆਪਣੇ ਗੁੱਝੇ ਮਨਸੂਬੇ ਪ੍ਰਤੀ ਸਭ ਨੂੰ ਹਨ੍ਹੇਰੇ ਵਿੱਚ ਰੱਖਿਆ। ਇਥੋਂ ਤੱਕ ਕਿ ਉਸ ਨੇ ਆਪਣੇ ਇਸ ਫ਼ੈਸਲੇ ਦੇ ਦਿਨ ਵੀ ਆਪਣੀ ਯੋਜਨਾ ਨੂੰ ਲੁਕਾਈ ਰੱਖਣ ਦਾ ਅਸਫ਼ਲ ਯਤਨ ਕੀਤਾ, ਜਦੋਂ ਉਸ ਨੇ 2 ਜੂਨ, 1984 ਦੀ ਸ਼ਾਮ ਨੂੰ ਟੀ.ਵੀ ਤੋਂ ਰਾਸ਼ਟਰ ਨੂੰ ਸੰਬੋਧਨ ਕੀਤਾ।

ਆਧਿਆਇ ਛੇਵਾਂ

# ਸੰਤ ਭਿੰਡਰਾਂਵਾਲੇ ਵਿਰੁੱਧ ਫ਼ੌਜੀ ਹਮਲੇ ਦੀ ਕੂਟਨੀਤਕ ਤਿਆਰੀ

ਹੁਣ ਤੱਕ ਇਹ ਸਪਸ਼ਟ ਹੋ ਚੁੱਕਾ ਹੈ ਕਿ ਇੰਦਰਾ ਗਾਂਧੀ ਨੇ ਤੀਸਰੀ ਏਜੰਸੀ ਦੀ ਲੁਕਵੀਂ ਮਦਦ ਨਾਲ ਪੰਜਾਬ ਸਮੱਸਿਆ ਪੈਦਾ ਕੀਤੀ, ਇਸ ਨੂੰ ਭੜਕਾਇਆ ਅਤੇ ਇਸ ਨੂੰ ਦੇਖਣ ਵਿਚ ਹੱਲ ਨਾ ਹੋ ਸਕਣ ਵਾਲੀ ਸਮੱਸਿਆ ਦਾ ਰੂਪ ਦੇ ਦਿੱਤਾ। ਸੁਪਰ ਇੰਟੈਲੀਜੈਂਸ ਏਜੰਸੀ ਦੀਆਂ ਕਾਰਵਾਈਆਂ ਰਾਹੀਂ ਜਾਣ ਬੁੱਝ ਕੇ ਅਸੁਰੱਖਿਆ ਅਤੇ ਅਸਥਿਰਤਾ ਦੀ ਭਾਵਨਾ ਪੈਦਾ ਕੀਤੀ ਗਈ। ਇਸੇ ਏਜੰਸੀ ਰਾਹੀਂ ਹੀ ਹਿੰਦੂਆਂ ਅਤੇ ਸਿੱਖਾਂ ਦਰਮਿਆਨ ਪਰਸਪਰ ਬੇਵਿਸ਼ਵਾਸੀ ਦੀ ਭਾਵਨਾ ਉਤਪੰਨ ਕੀਤੀ ਗਈ ਜਿਸ ਦੇ ਫ਼ਲਸਰੂਪ ਕੇਵਲ ਪੰਜਾਬ 'ਚ ਹੀ ਨਹੀਂ ਸਗੋਂ ਸਾਰੇ ਦੇਸ਼ ਅੰਦਰ ਫ਼ਿਰਕੂ ਸਦਭਾਵਨਾ ਵਿਚ ਵਿਘਨ ਪਿਆ। ਸਿੱਖਾਂ ਨੂੰ ਫ਼ਿਰਕੂ, ਅੱਤਵਾਦੀ, ਦਹਿਸ਼ਤਗਰਦ, ਵੱਖਵਾਦੀ ਅਤੇ ਦੇਸ਼-ਵਿਰੋਧੀ ਕਹਿ ਕੇ ਭੰਡਿਆ ਗਿਆ। ਸਿੱਖਾਂ ਵਿਰੁੱਧ ਇਹ ਨੀਚ ਪ੍ਰਾਪੇਗੰਡਾ ਪ੍ਰਚਾਰਨ ਲਈ ਪ੍ਰੈਸ, ਆਲ ਇੰਡੀਆ ਰੇਡੀਓ ਅਤੇ ਟੀ.ਵੀ. ਨੂੰ ਮੈਦਾਨ ਵਿਚ ਉਤਾਰਿਆ ਗਿਆ। ਸਿੱਖਾਂ ਵਿਰੁੱਧ ਖੰਭਾਂ ਦੀਆਂ ਡਾਰਾਂ ਦੇਸ਼ ਦੇ ਹਰ ਕੋਨੇ ਤੱਕ ਪਹੁੰਚਾਈਆਂ ਗਈਆਂ। ਸਿੱਖਾਂ ਦੀ ਕੂਕ-ਪੁਕਾਰ ਇਸ ਜ਼ਹਿਰੀਲੇ ਪ੍ਰਚਾਰ ਦੇ ਵਿਸ਼ਾਲ ਸਮੁੰਦਰ ਵਿਚ ਡੁੱਬ ਕੇ ਰਹਿ ਗਈ। ਸਿਆਸੀ ਮਾਹੌਲ ਨੂੰ ਇਸ ਹੱਦ ਤੱਕ ਭੜਕਾਇਆ ਗਿਆ ਕਿ ਹਿੰਦੂ ਜਥੇਬੰਦੀਆਂ ਇੱਕ ਦੂਜੇ ਤੋਂ ਵੱਧ ਕੇ ਸਿੱਖਾਂ ਦੀ ਭੰਡੀ ਕਰਨ ਲੱਗੀਆਂ ਅਤੇ ਉਨ੍ਹਾਂ ਸੰਤ ਭਿੰਡਰਾਂਵਾਲੇ ਅਤੇ ਉਸ ਦੇ ਸਮਰਥਕਾਂ ਵਿਰੁੱਧ ਫ਼ੌਜੀ ਕਾਰਵਾਈ ਦੀ ਵਕਾਲਤ ਕੀਤੀ। ਬੀ.ਜੇ.ਪੀ. ਪ੍ਰਧਾਨ ਅਟਲ ਬਿਹਾਰੀ ਵਾਜਪਾਈ, ਲੋਕ ਦਲ ਪ੍ਰਧਾਨ ਚਰਨ ਸਿੰਘ, ਦੋਹਾਂ ਕਮਿਊਨਿਸਟ ਪਾਰਟੀਆਂ (ਜਿਹੜੀਆਂ ਕਿ ਆਪਣੇ ਆਪ ਨੂੰ ਧਰਮ ਨਿਰਪੱਖ ਪਾਰਟੀਆਂ ਵਜੋਂ ਪੇਸ਼ ਕਰਦੀਆਂ ਹਨ ਪਰ ਮੂਲ ਰੂਪ 'ਚ ਫ਼ਿਰਕੂ ਹੀ ਹਨ) ਦੇ ਲੀਡਰ ਆਦਿ ਜੰਗਜੂ ਸਿੱਖਾਂ ਦੇ ਖ਼ਿਲਾਫ਼ ਫ਼ੌਜੀ ਕਾਰਵਾਈ ਦੇ ਸਮਰਥਕ ਸਨ। ਇਥੋਂ ਤੱਕ ਕਿ ਹਰਚੰਦ ਸਿੰਘ ਲੌਂਗੋਵਾਲ, ਸਾਬਕਾ ਮੰਤਰੀ ਬਲਵੰਤ ਸਿੰਘ, ਸੁਰਜੀਤ ਸਿੰਘ ਬਰਨਾਲਾ ਅਤੇ ਕੁਝ ਹੋਰ ਅਕਾਲੀ ਨੇਤਾਵਾਂ ਨੇ ਕੇਵਲ ਕੇਂਦਰ ਨੂੰ ਖ਼ੁਸ਼ ਕਰਨ ਅਤੇ ਮਗਰੋਂ ਸਿਆਸੀ ਤਾਕਤ ਹਥਿਆਉਣ ਲਈ ਚੋਰੀ-ਛਿੱਪੇ ਫ਼ੌਜੀ ਕਾਰਵਾਈ ਦੀ ਹਮਾਇਤ ਕੀਤੀ। ਇਸ ਤਰ੍ਹਾਂ ਸਮੁੱਚੀਆਂ ਹਿੰਦੂ ਪਾਰਟੀਆਂ ਅਤੇ ਸਿੱਖਾਂ ਵਿਚਲੇ ਗੱਦਾਰ ਅਕਾਲੀ ਨੇਤਾ ਇੱਕੋ ਆਵਾਜ਼ ਵਿੱਚ ਚੀਕ ਉੱਠੇ, "ਦਰਬਾਰ ਸਾਹਿਬ ਸਮੂਹ 'ਤੇ ਹਮਲਾ ਕਰੋ ਅਤੇ ਖਾੜਕੂ ਸਿੱਖਾਂ ਨੂੰ ਸਬਕ ਸਿਖਾ ਦਿਓ।"

ਹੁਣ ਮਨੋ-ਵਿਗਿਆਨਕ ਪੱਧਰ ਅਤੇ ਰਾਜਸੀ ਪੱਧਰ 'ਤੇ ਇੰਦਰਾ ਗਾਂਧੀ ਲਈ ਦਰਬਾਰ ਸਾਹਿਬ 'ਤੇ ਹੱਲਾ ਬੋਲਣ ਦਾ ਢੁਕਵਾਂ ਸਮਾਂ ਸੀ। ਉਸ ਨੇ 2 ਜੂਨ, 1984 ਦੀ ਸ਼ਾਮ ਨੂੰ ਰੇਡੀਓ ਅਤੇ ਟੀ.ਵੀ. ਤੋਂ ਰਾਸ਼ਟਰ ਨੂੰ ਸੰਬੋਧਨ ਕੀਤਾ। ਉਸ ਨੇ ਇਹ ਢੌਂਗ ਕੀਤਾ ਕਿ ਉਸ ਨੇ ਪੰਜਾਬ ਸੰਕਟ ਨੂੰ ਹੱਲ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਸੀ ਪਰ ਅਕਾਲੀ ਮਸਲੇ ਨੂੰ ਲਮਕਾਉਣ ਵਾਲੇ ਹਥਕੰਡੇ ਅਪਣਾ ਰਹੇ ਸਨ। ਦੇਸ਼ ਅਤੇ ਵਿਸ਼ਵ ਨੂੰ ਉਸਦਾ



ਸੰਤ ਜਰਨੈਲ ਸਿੰਘ ਖ਼ਾਲਸਾ ਦੀ ਦਮਦਮੀ ਟਕਸਾਲ ਦੇ 14ਵੇਂ ਮੁਖੀ ਵਜੋਂ ਦਸਤਾਰਬੰਦੀ ਮੌਕੇ ਹਾਜ਼ਰ ਪੰਜਾਬ ਦੇ ਤਤਕਾਲੀ ਅਤੇ ਮੌਜੂਦਾ ਮੁੱਖ-ਮੰਤਰੀ ਪ੍ਰਕਾਸ਼ ਸਿੰਘ ਬਾਦਲ (ਜੋ ਸੰਤ ਜਰਨੈਲ ਸਿੰਘ ਦੀਆਂ ਗੌਰਵ -ਮਈ ਸੇਵਾਵਾਂ ਅਤੇ ਇਤਿਹਾਸਕ ਯੋਗਦਾਨ ਨੂੰ ਸਿੱਖ ਮਾਨਸਿਕਤਾ 'ਚੋਂ ਮਿਟਾਉਣ ਦੀਆਂ ਅਸਫਲ ਕੋਸ਼ਿਸ਼ਾਂ 'ਚ ਕਾਰਜਸ਼ੀਲ ਹੈ) ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ।

ਇਹ ਸੰਬੋਧਨ ਉਸ ਦੇ ਮੰਦੇ ਇਰਾਦਿਆਂ ਉੱਪਰ ਪਰਦਾ-ਪੋਸ਼ੀ ਕਰਨ ਲਈ ਇੱਕ ਭੁਲਾਵਾ ਸੀ। ਉਸ ਦੇ ਇਰਾਦੇ ਸਪਸ਼ਟ ਸਨ ਕਿਉਂਕਿ ਉਹ ਪਹਿਲਾਂ ਤੋਂ ਹੀ 1 ਜੂਨ, 1984 ਨੂੰ ਪੰਜਾਬ ਵਿਚ ਫ਼ੌਜ ਦੀਆਂ ਘੱਟੋ-ਘੱਟ ਸੱਤ ਡਿਵੀਜ਼ਨਾਂ ਤਾਇਨਾਤ ਕਰ ਚੁੱਕੀ ਸੀ, ਜਿਨ੍ਹਾਂ ਨੇ ਉਸੇ ਦਿਨ ਹੀ ਪਹਿਲਾਂ ਤੋਂ ਨਿਰਧਾਰਤ ਆਪੋ-ਆਪਣੀਆਂ ਪੁਜ਼ੀਸ਼ਨਾਂ ਸੰਭਾਲ ਲਈਆਂ ਸਨ। ਦਰਅਸਲ, ਉਸਦਾ ਰਾਸ਼ਟਰ ਨੂੰ ਇਹ ਸੰਬੋਧਨ ਕੋਰਾ ਝੂਠ ਸੀ ਅਤੇ ਅਕਾਲੀਆਂ ਨੂੰ ਇੱਕ ਤਰ੍ਹਾਂ ਦੀ ਧਮਕੀ ਸੀ ਕਿ ਜੇ ਉਹਨਾਂ ਨੇ ਉਸ ਦੀਆਂ ਹਿਦਾਇਤਾਂ ਦੀ ਪਾਲਨਾ ਨਾ ਕੀਤੀ ਤਾਂ ਉਹ ਤਾਕਤ ਦੀ ਵਰਤੋਂ ਦੁਆਰਾ ਆਪਣੇ ਇਰਾਦਿਆਂ ਦੀ ਪੂਰਤੀ ਕਰੇਗੀ।

ਆਪਣੇ ਪ੍ਰਸਾਰਨ ਵਿੱਚ ਉਸਨੇ ਅਕਾਲੀ ਨੇਤਾਵਾਂ ਉਪਰ ਸਮਝੌਤਾ ਨਾ ਕਰਨ ਦਾ ਦੋਸ਼ ਲਾਇਆ ਭਾਵੇਂ ਕਿ ਨੰਗਾ ਚਿੱਟਾ ਤੱਥ ਇਹ ਸੀ ਕਿ ਉਹ ਖੁਦ ਆਪ, ਇਕ ਵਾਰ ਨਹੀਂ ਸਗੋਂ ਤਿੰਨ ਵਾਰ, ਅਕਾਲੀਆਂ ਅਤੇ ਉਸਦੇ ਮੰਤਰੀਆਂ ਦੀ ਟੀਮ ਵਿਚਾਲੇ ਹੋਏ ਸਮਝੌਤਿਆਂ ਤੋਂ ਮੁੱਕਰ ਗਈ ਸੀ। ਉਸਦਾ ਇਹ ਕਥਨ ਕਿ ਅੰਮ੍ਰਿਤਸਰ ਦੇ ਚਾਰ-ਦੀਵਾਰੀ ਵਿਚਲੇ ਸ਼ਹਿਰ ਅੰਦਰ ਨਿਰਧਾਰਤ ਥਾਵਾਂ 'ਤੇ ਤੰਬਾਕੂ, ਸ਼ਰਾਬ ਅਤੇ ਮੀਟ ਦੀ ਵਿਕਰੀ ਬੰਦ ਕਰ ਦਿੱਤੀ ਗਈ ਸੀ, ਇੱਕ ਸਫ਼ੈਦ ਝੂਠ ਸੀ। ਆਲ ਇੰਡੀਆ ਗੁਰਦੁਆਰਾ ਐਕਟ ਬਣਾਏ ਜਾਣ ਸੰਬੰਧੀ ਉਸ ਨੇ ਕਿਹਾ ਕਿ ਹੋਰਨਾਂ ਸੂਬਿਆਂ ਦੀ ਰਾਇ ਲਈ ਜਾ ਰਹੀ ਹੈ। ਮਹਿਜ਼ ਰਾਇ ਲੈਣ ਨੂੰ ਮੰਗ ਮੰਨ ਲੈਣਾ ਨਹੀਂ ਸਮਝਿਆ ਜਾ ਸਕਦਾ। ਇਸੇ ਤਰ੍ਹਾਂ ਹੀ ਉਸਦਾ ਇਹ ਐਲਾਨ ਕਿ ਉਹ ਪਾਣੀਆਂ ਦੀ ਵੰਡ ਦੇ ਝਗੜੇ ਨੂੰ ਨਿਪਟਾਉਣ ਲਈ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਹੇਠ ਇੱਕ ਟ੍ਰਿਬਿਊਨਲ ਬਣਾ ਦਏਗੀ, ਕੇਵਲ ਕੂਟਨੀਤਕ ਚਾਲ ਸੀ ਜਿਸ ਵਿੱਚ ਸੰਜੀਦਗੀ ਨਜ਼ਰ ਨਹੀਂ ਸੀ ਆਉਂਦੀ। ਚੰਡੀਗੜ੍ਹ, ਅਬੋਹਰ, ਫਾਜ਼ਿਲਕਾ ਅਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਦੇ ਝਗੜੇ ਸੰਬੰਧੀ ਕਮਿਸ਼ਨ ਬਿਠਾਉਣ ਦੀ ਉਸਦੀ ਪੇਸ਼ਕਸ਼ ਵੀ ਇੱਕ ਖੋਖਲਾ ਐਲਾਨ ਸੀ। ਸਰਕਾਰੀਆ ਕਮਿਸ਼ਨ ਦੀ ਸਥਾਪਨਾ ਅਕਾਲੀਆਂ ਦੀ ਅਨੰਦਪੁਰ ਸਾਹਿਬ ਮਤੇ ਦੀ ਮੁੱਖ ਮੰਗ ਨੂੰ ਖੂਹ ਖਾਤੇ ਪਾਉਣ ਦੇ ਤੁਲ ਸੀ।* ਉਸਦੇ ਪ੍ਰਸਾਰਨ ਤੋਂ ਇਹ ਸਪਸ਼ਟ ਸੀ ਕਿ ਉਹ ਅਕਾਲੀਆਂ ਨੂੰ ਮਿੱਠੇ ਪਰ ਖੋਖਲੇ ਵਾਅਦਿਆਂ ਦੀਆਂ ਲੋਰੀਆਂ ਨਾਲ ਰਝਾਉਣਾ ਚਾਹੁੰਦੀ ਸੀ। ਅਕਾਲੀ ਦਲ ਨੇ 1982 ਵਿੱਚ ਜਿਨ੍ਹਾਂ ਮੰਗਾਂ ਲਈ ਮੋਰਚਾ ਲਾਇਆ ਸੀ ਉਨ੍ਹਾਂ 'ਚੋਂ ਕੋਈ ਇੱਕ ਵੀ ਮੰਗ ਸਵਿਕਾਰ ਨਹੀਂ ਸੀ ਕੀਤੀ ਗਈ।

ਇੰਦਰਾ ਗਾਂਧੀ ਨੇ ਇੱਕ ਚਲਾਕੀ ਤਹਿਤ ਨਰਮ-ਖ਼ਿਆਲ ਅਕਾਲੀਆਂ ਉੱਪਰ ਮੋਰਚੇ ਤੋਂ ਕੰਟਰੋਲ ਗੁਆ ਬਹਿਣ ਦਾ ਦੋਸ਼ ਲਾਇਆ। ਉਸ ਨੇ ਉਹਨਾਂ ਨੂੰ ਇਸ ਗੱਲੋਂ ਝਾੜ ਪਾਈ ਕਿ ਦਹਿਸ਼ਤਗਰਦ, ਰਾਸ਼ਟਰ-ਵਿਰੋਧੀ ਤੱਤਾਂ ਅਤੇ ਹਠ-ਧਰਮੀਆਂ ਦਾ ਹੱਥ ਉੱਪਰ ਹੋ ਗਿਆ ਸੀ ਅਤੇ ਇਹੋ ਹੀ ਲਹਿਰ ਦੀ ਅਗਵਾਈ ਕਰ ਰਹੇ ਸਨ। ਇਹ ਸੰਕੇਤ ਸੰਤ ਭਿੰਡਰਾਂਵਾਲੇ ਅਤੇ ਉਸਦੇ ਸਮਰਥਕਾਂ ਸੰਬੰਧੀ ਸੀ। ਇਹਨਾਂ ਢੁੱਚਰਾਂ ਦੇ ਤਹਿਤ ਉਸ ਨੇ ਸਿੱਖਾਂ ਦੇ ਵਿਰੁੱਧ ਫ਼ੌਜੀ ਕਾਰਵਾਈ ਆਰੰਭ ਦਿੱਤੀ। ਫ਼ੌਜੀ ਹਮਲਾ ਆਰੰਭ ਕਰਨ ਲਈ ਉਸ ਨੇ ਤਟ-ਫਟ ਬਹਾਨਾ ਅਕਾਲੀ ਦਲ ਵੱਲੋਂ ਨਾ-ਮਿਲਵਰਤਣ ਲਹਿਰ ਦੇ ਦਿੱਤੇ ਸੱਦੇ ਨੂੰ ਬਣਾਇਆ। ਇਹ ਸੱਦਾ ਲੌਂਗੋਵਾਲ ਨੇ ਕੇਂਦਰ ਦੇ ਇਸ਼ਾਰੇ 'ਤੇ ਜਾਣ ਬੁੱਝ ਕੇ ਦਿੱਤਾ ਸੀ ਤਾਂ

* ਕੇਂਦਰ ਸਰਕਾਰ ਵੱਲੋਂ ਆਰ.ਐਸ.ਐਸ. ਸਰਕਾਰੀਆ ਦੀ ਸਦਾਰਤ ਹੇਠ ਅਨੰਦਪੁਰ ਦੇ ਮਤੇ ਦੇ ਸੰਦਰਭ 'ਚ ਕੇਂਦਰ-ਰਾਜ ਸੰਬੰਧਾਂ ਦਾ ਮੁੜ ਜਾਇਜ਼ਾ ਲੈਣ ਲਈ ਇਹ ਇੱਕ-ਮੈਂਬਰੀ ਕਮਿਸ਼ਨ ਬਣਾਇਆ ਗਿਆ ਸੀ।

ਕਿ ਇੰਦਰਾ ਗਾਂਧੀ ਆਪਣੇ ਮੰਦਭਾਵੀ ਫ਼ੌਜੀ ਹਮਲੇ ਨੂੰ ਜਾਇਜ਼ ਠਹਿਰਾ ਸਕੇ। ਕੀ ਇੰਦਰਾ ਗਾਂਧੀ ਨੇ ਅਕਾਲੀ ਨੇਤਾਵਾਂ ਨੂੰ 3 ਜੂਨ ਤੋਂ ਆਰੰਭੇ ਜਾਣ ਵਾਲੇ ਆਪਣੇ ਅੰਦੋਲਨ ਦੀ ਧਮਕੀ ਉਪਰ ਮੁੜ ਗੌਰ ਕਰਨ ਲਈ ਇਕ ਦਿਨ ਦਾ ਸਮਾਂ ਵੀ ਦਿੱਤਾ? ਇਹ ਕਾਬਲੇ-ਗੌਰ ਹੈ ਕਿ 3 ਜੂਨ ਨੂੰ ਫ਼ੌਜ ਨੇ ਪੂਰੇ ਪੰਜਾਬ ਵਿੱਚ ਇੰਨੀ ਸਖ਼ਤੀ ਨਾਲ ਕਰਫ਼ਿਊ ਲਾਗੂ ਕਰ ਦਿੱਤਾ ਸੀ ਕਿ ਪੰਜਾਬ ਵਿਚ ਸਮੁੱਚਾ ਜਨ-ਜੀਵਨ ਠੱਪ ਹੋ ਗਿਆ ਸੀ। ਅਜਿਹੇ ਨਾਜ਼ੁਕ ਹਾਲਾਤਾਂ ਵਿਚ ਅਕਾਲੀ ਰੇਲ ਆਵਾਜਾਈ ਵਿੱਚ ਕਿਵੇਂ ਵਿਘਨ ਪਾ ਸਕਦੇ ਸਨ? ਇਹ ਸਪਸ਼ਟ ਸੀ ਕਿ ਫ਼ੌਜੀ ਕਰਫ਼ਿਊ ਨੇ ਪ੍ਰਸਤਾਵਿਤ ਰੇਲ-ਰੋਕੋ ਅੰਦੋਲਨ ਨੂੰ ਮੁਕੰਮਲ ਰੂਪ 'ਚ ਠੁੱਸ ਕਰ ਦਿੱਤਾ ਸੀ। ਤਾਂ ਫਿਰ ਇੰਦਰਾ ਗਾਂਧੀ ਵੱਲੋਂ ਵਹਿਸ਼ੀਆਨਾ ਫ਼ੌਜੀ ਕਾਰਵਾਈ ਦਾ ਚਾਰਾ ਅਪਨਾਉਣ ਦੀ ਕੀ ਤੁਕ ਸੀ? ਪ੍ਰੰਤੂ ਫਿਰ ਵੀ, ਉਸ ਨੇ ਸੰਤ ਭਿੰਡਰਾਂਵਾਲੇ ਅਤੇ ਉਸ ਦੇ ਸਮਰਥਕਾਂ ਵਿਰੁੱਧ ਕਾਰਵਾਈ ਕਰਨ ਲਈ ਬਹਾਨਾ ਲੱਭ ਲਿਆ।

ਪ੍ਰਸਾਰਨ ਦੌਰਾਨ ਉਸ ਦੇ ਆਖ਼ਰੀ ਸ਼ਬਦ- "ਖ਼ੂਨ ਨਾ ਵਹਾਓ, ਨਫ਼ਰਤ ਤਿਆਗੋ"- ਇਉਂ ਪ੍ਰਤੀਤ ਹੋ ਰਹੇ ਸਨ ਜਿਵੇਂ ਸ਼ੈਤਾਨ ਧਰਮ-ਗ੍ਰੰਥ ਦੇ ਉਪਦੇਸ਼ ਦਾ ਹਵਾਲਾ ਦੇ ਰਿਹਾ ਹੋਵੇ। ਇਹ ਇੰਦਰਾ ਗਾਂਧੀ ਆਪ ਸੀ ਜਿਸ ਨੇ ਸਿੱਖਾਂ ਦਾ ਖ਼ੂਨ ਵਹਾਇਆ ਸੀ ਅਤੇ ਉਹਨਾਂ ਵਿਰੁੱਧ ਨਫ਼ਰਤ ਫ਼ੈਲਾਈ ਸੀ, ਨਾ ਕਿ ਸਿੱਖਾਂ ਨੇ ਅਜਿਹਾ ਕੀਤਾ ਸੀ।

ਇਥੇ ਇਹ ਵੀ ਵਰਣਨਯੋਗ ਹੈ ਕਿ ਇੰਦਰਾ ਗਾਂਧੀ ਨੇ ਦੇਸ਼ ਨੂੰ ਸੰਬੋਧਨ ਕਰਨ ਵੇਲੇ ਆਪਣਾ ਭਾਸ਼ਨ ਦੋ ਵਾਰ 15-15 ਮਿੰਟ ਦੇ ਵਕਫ਼ੇ ਨਾਲ ਅੱਗੇ ਪਾ ਦਿੱਤਾ ਸੀ। ਇਸ ਤੋਂ ਵੀ ਵੱਧ ਵਰਣਨਯੋਗ ਤੱਥ ਇਹ ਹੈ ਕਿ ਜਦੋਂ ਇੰਦਰਾ ਗਾਂਧੀ ਭਾਸ਼ਨ ਦੇਣ ਲਈ ਮਾਈਕਰੋਫ਼ੋਨ ਕੋਲ ਜਾ ਰਹੀ ਸੀ ਤਾਂ ਉਸ ਦੀਆਂ ਲੱਤਾਂ ਕੰਬ ਰਹੀਆਂ ਸਨ ਅਤੇ ਭਾਸ਼ਨ ਦਿੰਦੇ ਸਮੇਂ ਉਸਦੀ ਜਬਾਨ ਬਾਰ-ਬਾਰ ਥਿੜਕ ਰਹੀ ਸੀ। ਇਹ ਉਹੀ ਇੰਦਰਾ ਗਾਂਧੀ ਸੀ ਜਿਹੜੀ 1971 ਵਿੱਚ ਬੰਗਲਾ ਦੇਸ਼ ਦੀ ਲੜਾਈ ਤੋਂ ਬਾਅਦ ਆਪਣੇ-ਆਪ ਨੂੰ ਦੁਰਗਾ ਕਹਾਉਣ ਦੀ ਵਡਿਆਈ ਲੈ ਚੁੱਕੀ ਸੀ ਪਰ 2 ਜੂਨ, 1984 ਨੂੰ ਭਾਸ਼ਨ ਦਿੰਦਿਆਂ ਪਤਾ ਨਹੀਂ ਉਹ ਕਿਉਂ ਕੰਬ ਰਹੀ ਸੀ!

ਅਧਿਆਇ ਸੱਤਵਾਂ

# ਅਪ੍ਰੇਸ਼ਨ ਨੀਲਾ ਤਾਰਾ / ਫ਼ੌਜੀ ਹਮਲਾ

ਮੁਗ਼ਲਾਂ ਸਮੇਤ ਮੁਸਲਿਮਾਂ ਅਤੇ ਅੰਗਰੇਜ਼ਾਂ ਦੇ ਰੂਪ 'ਚ ਈਸਾਈਆਂ ਨੇ 13 ਵੀਂ ਸਦੀ ਈਸਵੀ ਤੋਂ 1947 ਈਸਵੀ ਤੱਕ ਭਾਰਤ 'ਤੇ ਰਾਜ ਕੀਤਾ। ਉਹ ਵਿਦੇਸ਼ੀ ਸਨ। ਇੰਡੋ-ਆਰੀਅਨ, ਜਿਨ੍ਹਾਂ ਨੇ ਦੂਜੀ ਦਹਿ ਸਦੀ ਬੀ.ਸੀ. ਦੇ ਅੱਧ 'ਚ (1500 ਬੀ.ਸੀ. 'ਚ) ਭਾਰਤੀ ਉਪ-ਮਹਾਂਦੀਪ 'ਤੇ ਚੜ੍ਹਾਈ ਕੀਤੀ ਅਤੇ ਉਸ ਪਿੱਛੋਂ ਇਥੇ ਆਪਣਾ ਰਾਜ ਸਥਾਪਤ ਕਰ ਲਿਆ, ਵੀ ਵਿਦੇਸ਼ੀ ਸਨ। ਅਜੋਕੇ ਹਿੰਦੂ ਸ਼ਾਸਕ ਉਨ੍ਹਾਂ ਇੰਡੋ-ਆਰੀਅਨਾਂ ਦੇ ਹੀ ਦੁਰੇਡੇ ਵੰਸ਼ਜ ਹਨ। ਉਨ੍ਹਾਂ ਨੇ ਭਾਰਤ ਨੂੰ ਆਪਣੀ ਮਾਤ-ਭੂਮੀ ਬਣਾ ਲਿਆ ਅਤੇ ਮੁਸਲਿਮਾਂ ਨੇ ਵੀ ਇਵੇਂ ਹੀ ਕੀਤਾ। ਕੇਵਲ ਈਸਾਈਆਂ (ਬ੍ਰਿਟਿਸ਼/ਅੰਗਰੇਜ਼) ਨੇ ਹੀ ਅਜਿਹਾ ਨਹੀਂ ਕੀਤਾ।

ਸਿੱਖ ਮੁਗ਼ਲਾਂ ਅਤੇ ਹੋਰ ਮੁਸਲਿਮ ਸ਼ਾਸਕਾਂ ਨਾਲ ਲੜਦੇ ਰਹੇ ਪਰ ਮੁਗ਼ਲਾਂ ਨੇ ਕਦੇ ਵੀ ਦਰਬਾਰ ਸਾਹਿਬ 'ਤੇ ਹਮਲਾ ਨਹੀਂ ਕੀਤਾ ਭਾਵੇਂ ਕਿ ਉਹਨਾਂ ਸਿੱਖਾਂ ਉਪਰ ਭਿਆਨਕ ਅੱਤਿਆਚਾਰ ਕੀਤੇ। ਅੰਗਰੇਜ਼ਾਂ (ਈਸਾਈਆਂ) ਨੇ ਵੀ ਕਦੇ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜ਼ਖ਼ਮੀ ਨਹੀਂ ਕੀਤਾ ਭਾਵੇਂ ਕਿ ਉਹਨਾਂ ਪੰਜਾਬ ਦੇ ਸਿੱਖ ਹੁਕਮਰਾਨਾਂ ਨਾਲ ਤਿੰਨ ਜੰਗਾਂ ਲੜੀਆਂ।

ਬੜੀ ਵਚਿੱਤਰ ਗੱਲ ਹੈ ਕਿ ਇਹ ਹਿੰਦੂ ਹੁਕਮਰਾਨ ਹੀ ਹਨ ਜਿਹੜੇ ਕਿ ਦਾਅਵਾ ਕਰਦੇ ਹਨ ਕਿ ਸਿੱਖ ਉਹਨਾਂ ਦਾ ਅਨਿੱਖੜਵਾਂ ਅੰਗ ਹਨ ਅਤੇ ਫਿਰ ਵੀ ਉਹਨਾਂ ਨੇ ਦਰਬਾਰ ਸਾਹਿਬ ਸਮੂਹ 'ਤੇ ਮੁੱਖ ਜੰਗੀ ਟੈਂਕਾਂ ਅਤੇ ਭਾਰੀ ਫ਼ੀਲਡ ਗੰਨਾਂ ਨਾਲ ਲੈਸ ਹਥਿਆਰਬੰਦ ਫ਼ੌਜਾਂ ਭੇਜ ਕੇ ਹਮਲਾ ਕੀਤਾ ਅਤੇ ਬਦਲਾ-ਲਊ ਭਾਵਨਾ ਨਾਲ ਸਿੱਖਾਂ ਦੇ ਪਵਿੱਤਰ ਅਸਥਾਨ ਅਕਾਲ ਤਖ਼ਤ ਨੂੰ ਢਹਿ-ਢੇਰੀ ਕੀਤਾ।

ਹਮਲੇ ਦਾ ਦਿਨ 3 ਜੂਨ, 1984, ਜੋ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਜੋਂ ਮਨਾਇਆ ਜਾ ਰਿਹਾ ਸੀ, ਇੰਦਰਾ ਗਾਂਧੀ ਅਤੇ ਉਸ ਦੀ ਹਿੰਦੂ ਸਰਕਾਰ ਵੱਲੋਂ ਦੋ ਕਾਰਨਾਂ ਕਰਕੇ ਮਿਥ ਕੇ ਚੁਣਿਆ ਗਿਆ ਸੀ। ਇੱਕ, ਉਹ ਸਿੱਖਾਂ ਦੀ ਧਾਰਮਿਕ ਵਿਰਾਸਤ ਪ੍ਰਤੀ ਨਿਰਾਦਰ ਪ੍ਰਗਟ ਕਰਨਾ ਚਾਹੁੰਦੀ ਸੀ ਅਤੇ ਉਹਨਾਂ ਦੇ ਮੱਤ ਨੂੰ ਚੁਣੌਤੀ ਦੇਣਾ ਚਾਹੁੰਦੀ ਸੀ। ਦੋ, ਉਹ ਵੱਧ ਤੋਂ ਵੱਧ ਸਿੱਖਾਂ ਨੂੰ ਸ਼ਿਕੰਜੇ ਵਿੱਚ ਫਸਾਉਣਾ ਚਾਹੁੰਦੀ ਸੀ ਕਿਉਂਕਿ ਉਸ ਯਾਦਗਾਰੀ ਦਿਨ ਮੌਕੇ ਬਹੁਤ ਵੱਡੀ ਗਿਣਤੀ ਵਿੱਚ ਸਿੱਖ ਸਰੋਵਰ ਵਿੱਚ ਇਸ਼ਨਾਨ ਕਰਨ ਅਤੇ ਸ਼ਰਧਾ ਪ੍ਰਗਟ ਕਰਨ ਲਈ ਦਰਬਾਰ ਸਾਹਿਬ 'ਚ ਇਕੱਤਰ ਹੋਏ ਸਨ। 3 ਜੂਨ ਨੂੰ ਹਜ਼ਾਰਾਂ ਦੀ ਗਿਣਤੀ 'ਚ ਸਿੱਖ ਯਾਤਰੀ ਇਕੱਤਰ ਹੋਏ ਅਤੇ ਦਰਬਾਰ ਸਾਹਿਬ ਸਮੂਹ 'ਚ ਉਹਨਾਂ ਦਾ ਜਮਘਟਾ ਹੋਇਆ। ਉਹ ਸ਼ਹੀਦੀ ਦਿਹਾੜਾ ਮਨਾਉਣ ਲਈ ਭਾਰਤ ਦੇ ਹਰ ਕੋਨੇ ਅਤੇ ਵਿਦੇਸ਼ਾਂ ਤੱਕ ਤੋਂ ਪਹੁੰਚੇ। ਇਵੇਂ ਇੰਦਰਾ ਗਾਂਧੀ ਵੱਲੋਂ ਇਸ ਸ਼ੁਭ ਦਿਹਾੜੇ ਨੂੰ ਫ਼ੌਜੀ ਕਾਰਵਾਈ ਹਿਤ ਚੁਣਨਾ ਮਨੁੱਖਤਾ ਵਿਰੋਧੀ ਇੱਕ ਘਿਨਾਉਣਾ ਜੁਰਮ ਸੀ। ਕੋਈ ਵੀ ਸਭਿਅਕ ਦੇਸ਼ (ਰਾਸ਼ਟਰ) ਅਜਿਹਾ ਕਰਨਾ ਤਾਂ ਦੂਰ ਦੀ ਗੱਲ,

ਅਜਿਹਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਫਿਰ ਵੀ ਫ਼ਿਰਕੂ ਹਿੰਦੂ ਸਰਕਾਰ ਨੇ ਜੂਨ 1984 'ਚ ਪ੍ਰਕਾਸ਼ਿਤ ਕੀਤੇ ਆਪਣੇ ਵਾਈਟ (ਝੂਠੇ) ਪੇਪਰ ਵਿਚ ਬੜੇ ਸਰਲ ਢੰਗ ਨਾਲ ਇਸ ਬਹਾਨੇ ਫ਼ੌਜੀ ਕਾਰਵਾਈ ਦੇ ਸਮੇਂ ਨੂੰ ਉਚਿਤ ਠਹਿਰਾਉਣ ਦਾ ਯਤਨ ਕੀਤਾ ਕਿ ਸੰਤ ਭਿੰਡਰਾਂਵਾਲੇ ਨੇ ਆਪਣੇ ਸਮਰਥਕਾਂ ਨੂੰ 5 ਜੂਨ ਨੂੰ ਹਿੰਦੂਆਂ ਦਾ ਕਤਲੇਆਮ ਕਰਨ ਦੀ ਹਿਦਾਇਤ ਕੀਤੀ ਸੀ। ਇਸ ਕੋਰੇ ਝੂਠ ਨੂੰ ਵਿਸ਼ਵਾਸਯੋਗ ਬਣਾਉਣ ਲਈ ਇੰਦਰਾ ਗਾਂਧੀ ਨੇ ਸੰਤ ਭਿੰਡਰਾਂਵਾਲੇ ਵੱਲੋਂ ਸਿੱਖ ਕਿਸਾਨਾਂ ਨੂੰ ਭੇਜਿਆ ਜਾ ਰਿਹਾ ਅਜਿਹਾ ਸੁਨੇਹਾ ਰਸਤੇ ਵਿੱਚ ਫੜ੍ਹ ਲੈਣ ਦਾ ਦਾਅਵਾ ਕੀਤਾ। ਇਹ ਸੁਨੇਹਾ ਸੰਤ ਭਿੰਡਰਾਂਵਾਲੇ ਨੇ ਕਿਸ ਦਿਨ ਭੇਜਿਆ ਅਤੇ ਸਰਕਾਰ ਨੇ ਇਹ ਹਵਾ ਵਿੱਚੋਂ ਹੀ ਕਦੋਂ ਫੜ੍ਹ ਲਿਆ? ਇਹ ਗੱਲ ਅਜੇ ਵੀ ਇੱਕ ਭੇਦ ਹੈ। ਜੇ ਦਲੀਲ ਵਜੋਂ ਇਸ ਬੇਤੁਕੇ ਝੂਠ ਨੂੰ ਸੱਚ ਮੰਨ ਵੀ ਲਿਆ ਜਾਵੇ ਤਾਂ ਇੰਦਰਾ ਗਾਂਧੀ ਇਹ ਰਾਖਸ਼ੀ ਹਮਲਾ ਕੁਝ ਦਿਨ ਪਹਿਲਾਂ ਕਰ ਸਕਦੀ ਸੀ ਹਾਲਾਂਕਿ ਫ਼ਿਰ ਵੀ ਅਜਿਹੇ ਹਮਲੇ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਸੀ ਮੰਨਿਆ ਜਾ ਸਕਦਾ। ਇਹ ਝੂਠੀ ਅਫ਼ਵਾਹ ਕੇਵਲ ਇੰਦਰਾ ਗਾਂਧੀ ਅਤੇ ਉਸਦੀ ਸਰਕਾਰ ਦੇ ਰਾਖਸ਼ੀ ਮਨਸੂਬੇ ਉੱਪਰ ਬਹਾਨਿਆਂ ਦੀ ਪਰਦਾਪੋਸ਼ੀ ਕਰਨ ਲਈ ਫ਼ੈਲਾਈ ਗਈ ਸੀ।

ਤੱਥਾਂ ਦੀ ਰੌਸ਼ਨੀ 'ਚ, ਹਰ ਹੀਲੇ, ਪਾਣੀ ਦੀ ਤਰ੍ਹਾਂ ਸਪਸ਼ਟ ਹੈ ਕਿ ਇੰਦਰਾ ਗਾਂਧੀ ਅਤੇ ਉਹਦੀ ਸਰਕਾਰ ਨੇ ਦਰਬਾਰ ਸਾਹਿਬ ਸਮੂਹ ਉੱਪਰ ਵਹਿਸ਼ੀ ਫ਼ੌਜੀ ਹਮਲੇ ਲਈ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮੰਦਭਾਵਨਾ ਨਾਲ ਅਤੇ ਜਾਣ-ਬੁੱਝ ਕੇ ਚੁਣਿਆ— ਸਿੱਖਾਂ ਅਤੇ ਉਨ੍ਹਾਂ ਦੇ ਧਰਮ ਨੂੰ ਚੈਲਿੰਜ ਕਰਨ ਲਈ ਅਤੇ ਉਹਨਾਂ ਨੂੰ ਹਿੰਦੂਆਂ ਅੱਗੇ ਆਤਮ ਸਮਰਪਣ ਕਰਨ ਲਈ ਮਜਬੂਰ ਕਰਨ ਵਾਸਤੇ। ਸਿੱਖਾਂ ਨੂੰ ਦੁਬੇਲ ਬਣਾਉਣ ਦੀ ਆਪਣੀ ਘਟੀਆ ਚਾਲ ਵਿਚ ਉਹ ਕਾਮਯਾਬ ਹੋਈ ਜਾਂ ਨਹੀਂ, ਇਸ ਗੱਲ ਦਾ ਮੁਲਾਂਕਣ ਹੋਣਾ ਅਜੇ ਬਾਕੀ ਹੈ।

### 1 ਜੂਨ

ਨੀਮ ਫ਼ੌਜੀ ਟੁਕੜੀਆਂ ਨੇ ਪਹਿਲਾਂ ਤੋਂ ਹੀ ਦਰਬਾਰ ਸਾਹਿਬ ਸਮੂਹ ਦੇ ਨਾਲ ਲੱਗਦੀਆਂ ਨਿੱਜੀ ਇਮਾਰਤਾਂ ਵਿੱਚ ਮੋਰਚਾਬੰਦੀ ਕਰ ਰੱਖੀ ਸੀ। ਹਿੰਦੂਆਂ ਨੇ ਆਪਣੀਆਂ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ, ਜੋ ਨੀਮ ਫ਼ੌਜੀ ਬਲਾਂ ਵੱਲੋਂ ਫ਼ੌਜੀ ਕਾਰਵਾਈ ਲਈ ਮਹੱਤਵਪੂਰਨ ਸਮਝੀਆਂ ਗਈਆਂ ਸਨ, ਸਵੈ-ਇੱਛਾ ਪੂਰਵਕ ਖਾਲੀ ਕਰਕੇ ਪੇਸ਼ ਕੀਤੀਆਂ ਸਨ ਅਤੇ ਸਿੱਖਾਂ ਕੋਲੋਂ ਉਹਨਾਂ ਦੀਆਂ ਅਜਿਹੀਆਂ ਇਮਾਰਤਾਂ ਜਬਰੀ ਖਾਲੀ ਕਰਵਾ ਲਈਆਂ ਗਈਆਂ ਸਨ ਜਿਹੜੀਆਂ ਹਮਲੇ ਵਿਚ ਸਹਾਈ ਹੋਣ ਲਈ ਲੋੜੀਂਦੀਆਂ ਸਨ। ਆਧੁਨਿਕ ਅਤੇ ਨਫ਼ੀਸ ਹਥਿਆਰਾਂ ਨਾਲ ਲੈਸ ਅਰਧ ਸੈਨਿਕ ਬਲਾਂ ਨੇ ਬਿਨਾ ਭੜਕਾਹਟ ਅਚਾਨਕ ਹੀ ਗੁਰੂ ਰਾਮ ਦਾਸ ਲੰਗਰ ਬਿਲਡਿੰਗ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਜਿਥੇ ਕਿ ਸੰਤ ਭਿੰਡਰਾਂਵਾਲਾ ਅਤੇ ਉਸਦੇ ਸਾਥੀ ਖੁੱਲ੍ਹੀ ਛੱਤ 'ਤੇ ਮੌਜੂਦ ਸਨ। ਉਹਨਾਂ ਦਾ ਮੰਤਵ ਸੰਤ ਭਿੰਡਰਾਂਵਾਲੇ ਨੂੰ ਕਤਲ ਕਰਨਾ ਸੀ ਪਰ ਉਸਦੇ ਅੰਗ-ਰੱਖਿਅਕ ਉਸਨੂੰ ਸੁਰੱਖਿਅਤ ਹੇਠਾਂ ਲੈ ਆਏ। ਸੀ.ਆਰ.ਪੀ.ਐਫ. ਨੇ ਬਾਅਦ ਦੁਪਹਿਰ 12.40 'ਤੇ ਗੋਲੀ ਬਾਰੀ ਸ਼ੁਰੂ ਕੀਤੀ ਅਤੇ ਸ਼ਾਮ 7 ਵਜੇ ਤੱਕ ਜਾਰੀ ਰੱਖੀ। ਨਿਧੜਕ ਖਾੜਕੂ ਸਿੰਘਾਂ, ਜਿਨ੍ਹਾਂ ਨੂੰ ਗੁਰੀਲਾ ਜੰਗ ਦੇ ਮਾਹਿਰ ਜਨਰਲ ਸੁਬੇਗ ਸਿੰਘ ਨੇ ਸਿਖਲਾਈ ਦਿੱਤੀ ਸੀ ਅਤੇ ਮੋਰਚਾ ਬੰਦੀ ਕਰਾਈ ਸੀ, ਨੇ ਯੁੱਧਨੀਤਕ ਕਾਰਨਾਂ ਕਰਕੇ ਜੁਆਬੀ ਗੋਲੀ ਨਾ ਚਲਾਈ ਭਾਵੇਂ ਕਿ

ਦਰਜਨ ਦੇ ਕਰੀਬ ਨਿਰਦੋਸ਼ ਯਾਤਰੀ ਮਾਰੇ ਗਏ ਸਨ ਅਤੇ 30 ਤੋਂ ਵੀ ਜ਼ਿਆਦਾ ਗੋਲੀਆਂ ਦਰਬਾਰ ਸਾਹਿਬ ਦੀ ਇਮਾਰਤ ਵਿੱਚ ਵੱਜੀਆਂ ਸਨ। ਸੀ.ਆਰ.ਪੀ.ਐਫ. ਵੱਲੋਂ ਦਰਬਾਰ ਸਾਹਿਬ ਸਮੂਹ 'ਤੇ ਹਮਲੇ ਦਾ ਮੁੱਖ-ਮੰਤਵ 'ਸਮੂਹ' ਅੰਦਰਲੇ 'ਰਾਖਿਆਂ' ਦੇ ਟਿਕਾਣਿਆਂ ਦਾ ਪਤਾ ਲਗਾਉਣਾ ਅਤੇ ਉਹਨਾਂ ਨੂੰ ਜੁਆਬੀ ਗੋਲੀਬਾਰੀ 'ਚ ਉਲਝਾ ਕੇ ਉਹਨਾਂ ਦਾ ਗੋਲੀ-ਸਿੱਕਾ ਖਚਿਤ ਕਰਾਉਣਾ ਸੀ। ਅਰਧ-ਸੈਨਿਕ ਬਲ ਆਪਣੇ ਦੋਹਾਂ ਮੰਤਵਾਂ ਵਿੱਚ ਅਸਫ਼ਲ ਰਹੇ ਕਿਉਂਕਿ 'ਰਾਖੇ' ਸਿੰਘਾਂ ਦੀਆਂ ਬੰਦੂਕਾਂ ਸ਼ਾਂਤ ਰਹੀਆਂ।

ਜਦੋਂ ਸੀ.ਆਰ.ਪੀ.ਐਫ. ਨੇ ਗੋਲੀ ਚਲਾਉਣੀ ਸ਼ੁਰੂ ਕੀਤੀ ਤਾਂ ਫ਼ੌਜੀ ਅਫਸਰ ਉਹਨਾਂ ਦੇ ਨਾਲ ਹਾਜ਼ਰ ਸਨ ਤਾਂ ਕਿ ਉਹ ਦਰਬਾਰ ਸਾਹਿਬ ਸਮੂਹ ਦੇ 'ਰਾਖਿਆਂ' ਦੇ ਟਿਕਾਣਿਆਂ ਦਾ ਥਹੁ ਲਾ ਸਕਣ ਪਰ ਉਹਨਾਂ ਨੂੰ ਦਰਬਾਰ ਸਾਹਿਬ ਅਤੇ ਗੁਰੂ ਰਾਮਦਾਸ ਲੰਗਰ ਦੀ ਇਮਾਰਤ (ਜਿਥੇ ਭਿੰਡਰਾਂਵਾਲਾ ਰੋਜ਼ਾਨਾ ਆਪਣੀ ਇਕੱਤਰਤਾ ਕਰਦਾ ਸੀ) ਨੂੰ ਨੁਕਸਾਨ ਪਹੁੰਚਾਉਣ ਤੋਂ ਸਿਵਾ ਹੋਰ ਬਹੁਤੀ ਪ੍ਰਾਪਤੀ ਨਾ ਹੋਈ।

## 2 ਜੂਨ

ਭਾਰਤੀ ਫ਼ੌਜ ਪਹਿਲਾਂ ਹੀ ਜੰਮੂ-ਕਸ਼ਮੀਰ ਤੋਂ ਲੈ ਕੇ ਗੰਗਾ ਨਗਰ ਤੱਕ ਦੀ ਅੰਤਰ-ਰਾਸ਼ਟਰੀ ਸਰਹੱਦ ਨੂੰ ਤਕਰੀਬਨ ਪੂਰੀ ਤਰ੍ਹਾਂ ਸੀਲ ਕਰ ਚੁੱਕੀ ਸੀ। ਇਸ ਦੇ ਨਾਲ ਹੀ ਘੱਟ ਤੋਂ ਘੱਟ ਫ਼ੌਜ ਦੀਆਂ 7 ਡਵੀਜ਼ਨਾਂ ਪੰਜਾਬ ਦੇ ਪਿੰਡਾਂ ਵਿੱਚ ਦੂਰ ਦੂਰ ਤੱਕ ਤਾਇਨਾਤ ਕਰ ਦਿੱਤੀਆਂ ਗਈਆਂ ਅਤੇ ਫ਼ੌਜੀ ਟੋਲੀਆਂ ਨੇ ਪਹਿਲਾਂ ਤੋਂ ਮਿਥੀਆਂ ਗਈਆਂ ਪੁਜ਼ੀਸ਼ਨਾਂ ਸੰਭਾਲ ਲਈਆਂ। ਟੈਂਕ, ਤੋਪਖ਼ਾਨਾ ਅਤੇ ਬਖ਼ਤਰਬੰਦ ਗੱਡੀਆਂ ਵੀ ਵਰਤੋਂ ਵਿਚ ਲਿਆਂਦੀਆਂ ਗਈਆਂ। ਰਾਤ ਪੈਣ ਉਪਰੰਤ ਮੀਡੀਆ ਅਤੇ ਪ੍ਰੈਸ 'ਤੇ ਪਾਬੰਦੀ ਲਾ ਦਿੱਤੀ ਗਈ। ਪੰਜਾਬ 'ਚ ਰੇਲ, ਸੜਕ ਆਵਾਜਾਈ ਅਤੇ ਹਵਾਈ ਸੇਵਾਵਾਂ ਰੋਕ ਦਿੱਤੀਆਂ ਗਈਆਂ। ਸੂਬੇ ਵਿਚਲੇ ਸੰਚਾਰ ਦੇ ਸਾਰੇ ਵਸੀਲੇ ਅਚਾਨਕ ਠੱਪ ਕਰ ਦਿੱਤੇ ਗਏ। ਵਿਦੇਸ਼ੀਆਂ ਦੇ ਪੰਜਾਬ ਵਿੱਚ ਦਾਖ਼ਲ ਹੋਣ 'ਤੇ ਪਾਬੰਦੀ ਲਾ ਦਿੱਤੀ ਗਈ। ਮੁੱਕਦੀ ਗੱਲ ਕਿ ਪੰਜਾਬ ਨੂੰ ਦੇਸ਼ ਦੇ ਬਾਕੀ ਹਿੱਸਿਆਂ ਅਤੇ ਸੰਸਾਰ ਨਾਲੋਂ ਪੂਰੀ ਤਰ੍ਹਾਂ ਕੱਟ ਦਿੱਤਾ ਗਿਆ। ਸਮੁੱਚੇ ਸੂਬੇ ਨੂੰ ਮੁਕੰਮਲ ਤੌਰ 'ਤੇ ਹਥਿਆਰਬੰਦ ਫ਼ੌਜਾਂ ਨੇ ਘੇਰ ਲਿਆ।

ਫ਼ੌਜੀ ਸ਼ਾਸਨ ਲਾਗੂ ਕਰਕੇ ਜਨਰਲ ਗੌਰੀ ਸ਼ੰਕਰ ਨੂੰ ਪੰਜਾਬ ਦੇ ਗਵਰਨਰ ਦਾ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ। ਸਿਵਲ ਪ੍ਰਸ਼ਾਸਨ ਅਤੇ ਅਰਧ ਸੈਨਿਕ ਬਲਾਂ ਦਾ ਕੰਟਰੋਲ ਵੀ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ। ਅਸਲ 'ਚ ਪੰਜਾਬ ਵਿੱਚ ਮਾਰਸ਼ਲ ਲਾਅ ਹੀ ਲਾਗੂ ਕਰ ਦਿੱਤਾ ਗਿਆ ਸੀ।

ਰਾਤੋ ਰਾਤ ਫ਼ੌਜ ਨੇ ਦਰਬਾਰ ਸਾਹਿਬ ਸਮੂਹ ਦੁਆਲੇ ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਦੀ ਜਗ੍ਹਾ ਲੈ ਲਈ ਅਤੇ 'ਸਮੂਹ' ਨੂੰ ਪੂਰੀ ਤਰ੍ਹਾਂ ਘੇਰੇ 'ਚ ਲੈ ਲਿਆ। ਪਾਣੀ ਅਤੇ ਬਿਜਲੀ ਦੀ ਸਪਲਾਈ ਪੂਰੀ ਤਰ੍ਹਾਂ ਕੱਟ ਕੇ ਅੰਦਰਲੇ ਬਾਸ਼ਿੰਦਿਆਂ ਦੀਆਂ ਆਫ਼ਤਾਂ ਵਿੱਚ ਹੋਰ ਵਾਧਾ ਕੀਤਾ ਗਿਆ। ਸ਼ਾਇਦ ਇਹ ਸਦੀ ਦਾ ਸਭ ਤੋਂ ਗਰਮ ਜੂਨ ਮਹੀਨਾ ਸੀ।

## 3 ਜੂਨ

ਸਿਵਿਆਂ ਵਰਗੀ ਸ਼ਾਂਤੀ ਨਾਲ ਪੰਜਾਬ ਵਿੱਚ ਦਿਨ ਚੜ੍ਹਿਆ ਕਿਉਂ ਜੁ ਫ਼ੌਜ, ਸੀ.ਆਰ.ਪੀ.ਐਫ., ਬੀ.ਐਸ.ਐਫ. ਅਤੇ ਪੁਲੀਸ ਤੋਂ ਇਲਾਵਾ ਕੋਈ ਵੀ ਮਨੁੱਖ ਗਲੀਆਂ,

ਸੜਕਾਂ ਅਤੇ ਪਿੰਡਾਂ ਦੀਆਂ ਗਲੀਆਂ ਵਿੱਚ ਦਿਖਾਈ ਨਹੀਂ ਸੀ ਦਿੰਦਾ ਕਿਉਂਕਿ ਫ਼ੌਜਾਂ ਹਰ ਜਗ੍ਹਾ ਮੁਕੰਮਲ ਮਾਰਸ਼ਲ ਲਾਅ ਨੂੰ ਯਕੀਨੀ ਤੌਰ 'ਤੇ ਲਾਗੂ ਕਰਨ ਲਈ ਗਸ਼ਤ ਕਰ ਰਹੀਆਂ ਸਨ।

ਲੈਫ. ਜਨਰਲ ਕ੍ਰਿਸ਼ਨਾ ਸਵਾਮੀ ਸੁੰਦਰਜੀ ਨੂੰ ਅਪ੍ਰੇਸ਼ਨ ਨੀਲਾ ਤਾਰਾ ਦਾ ਸਮੁੱਚਾ ਚਾਰਜ ਸੌਂਪਿਆ ਗਿਆ। ਲੈਫ. ਜਨਰਲ ਰਣਜੀਤ ਸਿੰਘ ਦਿਆਲ ਨੂੰ ਉਸਦਾ ਸਹਾਇਕ ਲਗਾਇਆ ਗਿਆ। ਉਨ੍ਹਾਂ ਫ਼ੌਜੀ ਕਾਰਵਾਈ ਨੇਪਰੇ ਚਾੜ੍ਹਨ ਲਈ ਠੋਸ ਵਿਉਂਤ ਉਲੀਕੀ। ਉਨ੍ਹਾਂ 'ਸ਼ਾਨਦਾਰ ਦਰਬਾਰ ਸਾਹਿਬ ਸਮੂਹ' 'ਤੇ ਫ਼ੌਜੀ ਹਮਲੇ ਨੂੰ ਅਮਲ 'ਚ ਲਿਆਉਣ ਅਤੇ ਹਮਲੇ ਦਾ ਨਿਰੀਖਣ ਕਰਨ ਲਈ ਦਰਬਾਰ ਸਾਹਿਬ ਸਮੂਹ ਦੇ ਨੇੜੇ ਸਥਿਤ ਕੋਤਵਾਲੀ ਨੂੰ ਕਮਾਂਡ ਹੈੱਡ-ਕੁਆਰਟਰ ਬਣਾਇਆ।

ਇਵੇਂ ਹੀ ਦਿੱਲੀ ਵਿੱਚ ਵੀ ਰਾਜੀਵ ਗਾਂਧੀ ਦੀ ਸਮੁੱਚੀ ਕਮਾਂਡ ਹੇਠ ਲੜਾਈ ਦੀ ਲਗਾਤਾਰ ਜਾਣਕਾਰੀ ਰੱਖਣ ਲਈ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਗਿਆ। ਰਾਜੀਵ ਦਾ ਬੇਹੱਦ ਵਿਸ਼ਵਾਸਪਾਤਰ ਅਰੁਣ ਸਿੰਘ ਅਤੇ ਉਪ ਰੱਖਿਆ ਮੰਤਰੀ ਕੇ.ਪੀ. ਸਿੰਘ ਦਿਓ ਉਸ ਦੀ ਸਹਾਇਤਾ ਕਰ ਰਹੇ ਸਨ।

ਇਸ ਕਾਰਵਾਈ ਲਈ ਤਾਇਨਾਤ ਇੱਕ ਹੋਰ ਮੇਜਰ ਜਨਰਲ, ਕੇ.ਐਸ. ਬਰਾੜ, ਘੋਨਾ ਸਿੱਖ ਸੀ ਅਤੇ ਇਸ ਲਈ ਉਸ ਨੂੰ ਸੱਚਾ-ਸੁੱਚਾ ਸਿੱਖ ਨਹੀਂ ਮੰਨਿਆ ਜਾ ਸਕਦਾ ਅਤੇ ਅਜਿਹਾ ਹੀ ਅਰੁਣ ਨਹਿਰੂ ਸੀ, ਜਿਹੜਾ ਕਪੂਰਥਲਾ ਰਿਆਸਤ ਦੇ ਇੱਕ ਪੁਰਾਣੇ ਰਜਵਾੜੇ ਖ਼ਾਨਦਾਨ ਦੀ ਸੰਤਾਨ ਸੀ। ਆਰ.ਐਸ. ਦਿਆਲ ਕਥਿਤ ਤੌਰ 'ਤੇ ਨਿਰੰਕਾਰੀ ਮੰਡਲ ਦਾ ਪੈਰੋਕਾਰ ਸੀ, ਜਿਹੜਾ ਫ਼ਿਰਕਾ ਦਮਦਮੀ ਟਕਸਾਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਕੱਟੜ ਦੁਸ਼ਮਣ ਸੀ। ਰਾਜੀਵ ਗਾਂਧੀ ਦੇ ਸਿੱਖਾਂ ਪ੍ਰਤੀ ਵਿਚਾਰਾਂ ਤੋਂ ਵੀ ਸਭ ਭਲੀ ਭਾਂਤ ਜਾਣੂੰ ਹਨ। ਉਹ ਇਕ ਹੰਕਾਰੀ ਮਾਂ ਦਾ ਹੰਕਾਰੀ ਪੁੱਤਰ ਸੀ ਅਤੇ ਹਮੇਸ਼ਾਂ ਸਿੱਖਾਂ ਦੇ ਵਿਰੁੱਧ ਫ਼ੌਜੀ ਕਾਰਵਾਈ ਦਾ ਹਮਾਇਤੀ ਰਿਹਾ ਸੀ ਅਤੇ ਉਹਨਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਇਹ ਹਿੰਦੂ ਨੇਤਾਵਾਂ ਦੀ ਬਦੀ ਭਰਪੂਰ ਮਾਨਸਿਕਤਾ ਸੀ ਜਿਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਵਿਰੁੱਧ ਬੇਰਹਿਮੀ ਨਾਲ ਵਹਿਸ਼ੀ ਫ਼ੌਜੀ ਕਾਰਵਾਈ ਦਾ ਆਯੋਜਨ ਅਤੇ ਸੰਚਾਲਨ ਕੀਤਾ ਜਿਨ੍ਹਾਂ ਨੂੰ ਉਹ ਆਪਣੇ ਹਿੰਦੂ ਸਮਾਜ ਦਾ ਅਨਿੱਖੜਵਾਂ ਅੰਗ ਕਹਿੰਦੇ ਹਨ। ਦੇਰ ਰਾਤ ਤੱਕ ਫ਼ੌਜ ਨੇ ਦਰਬਾਰ ਸਾਹਿਬ ਸਮੂਹ ਦੁਆਲੇ ਅੰਦਰ ਜਾਣ ਅਤੇ ਬਾਹਰ ਆਉਣ ਦੇ ਸਭ ਰਸਤੇ ਸਖ਼ਤੀ ਨਾਲ ਮੁਕੰਮਲ ਰੂਪ 'ਚ ਬੰਦ ਕਰ ਦਿੱਤੇ ਤਾਂ ਕਿ ਕੋਈ ਸਮੂਹ ਤੋਂ ਬਾਹਰ ਨਾ ਖਿਸਕ ਸਕੇ।

ਫ਼ੌਜ ਦੀਆਂ ਪੰਜ ਪਲਟਨਾਂ 10ਵੀਂ, 11ਵੀਂ, ਦੂਜੀ, ਪਹਿਲੀ ਅਤੇ 15ਵੀਂ-ਨੂੰ ਦਰਬਾਰ ਸਾਹਿਬ ਸਮੂਹ 'ਤੇ ਹਮਲੇ ਲਈ ਜ਼ੋਸ਼ੋਖਰੋਸ਼ ਨਾਲ ਤਾਇਨਾਤ ਕੀਤਾ ਗਿਆ। ਇਹ ਦਸਤੇ ਫ਼ੌਜ ਦੇ ਵਧੀਆ ਲੜਾਕੂ ਦਲਾਂ 'ਚੋਂ ਚੁਣੇ ਗਏ ਸਨ। ਇਸ ਤੋਂ ਇਲਾਵਾ ਸਪੈਸ਼ਲ ਸਿਖਲਾਈ ਪ੍ਰਾਪਤ ਕਮਾਂਡੋਆਂ ਦੀਆਂ ਦੋ ਬਟਾਲੀਅਨਾਂ ਸਨ ਜਿਨ੍ਹਾਂ ਨੇ ਗੂੜ੍ਹੇ ਕਾਲੇ ਰੰਗ ਦੀਆਂ ਵਰਦੀਆਂ ਪਹਿਨ ਰੱਖੀਆਂ ਸਨ। ਉਹਨਾਂ ਦੇ ਸਿਰ ਤੱਕ ਵੀ ਕਾਲੇ ਲੋਹ-ਟੋਪਾਂ ਨਾਲ ਢੱਕੇ ਗਏ ਸਨ ਤਾਂ ਕਿ ਰਾਤ ਦੇ ਹਨ੍ਹੇਰੇ 'ਚ ਕੰਪਲੈਕਸ ਅੰਦਰਲੇ ਰਾਖੇ ਉਨ੍ਹਾਂ ਦਾ ਥਹੁ-ਪਤਾ ਨਾ ਲਾ ਸਕਣ। ਸਾਰੇ ਕਮਾਂਡੋਆਂ ਨੇ ਬੁਲਟ-ਪਰੂਫ਼ ਜਾਕਟਾਂ ਪਹਿਨੀਆਂ ਹੋਈਆਂ ਸਨ।

ਫ਼ੌਜ ਨੇ ਕੰਪਲੈਕਸ ਦੇ ਰਾਖਿਆਂ ਦੀਆਂ ਪੁਜ਼ੀਸ਼ਨਾਂ 'ਤੇ ਭਾਰੀ ਗੋਲੀਬਾਰੀ ਕੀਤੀ ਪਰ ਉਨ੍ਹਾਂ ਨੂੰ ਮੂੰਹ-ਤੋੜ ਜਵਾਬ ਦਿੱਤਾ ਗਿਆ। ਗੋਲੀਆਂ ਦਾ ਆਦਾਨ-ਪ੍ਰਦਾਨ 3-4 ਜੂਨ ਦੀ ਦਰਮਿਆਨੀ ਰਾਤ ਨਿਰੰਤਰ ਜਾਰੀ ਰਿਹਾ ਅਤੇ ਸਵੇਰ ਸਮੇਂ ਬੰਦ ਹੋ ਗਿਆ। ਪਰ ਫ਼ੌਜ ਨੂੰ ਮੂੰਹ ਦੀ ਖਾਣੀ ਪਈ।

ਜਦੋਂ ਸੰਤ ਭਿੰਡਰਾਂਵਾਲੇ ਅਤੇ ਉਹਦੇ ਸਮਰਥਕ ਸਿੰਘ ਦਰਬਾਰ ਸਾਹਿਬ ਸਮੇਤ ਅਕਾਲ ਤਖ਼ਤ ਦੀ ਅਸਧਾਰਨ ਬਹਾਦਰੀ ਅਤੇ ਸੂਰਮਤਾਈ ਨਾਲ ਰਾਖੀ ਕਰ ਰਹੇ ਸਨ, ਉਦੋਂ ਹਰਚੰਦ ਸਿੰਘ ਲੌਂਗੋਵਾਲ ਅਤੇ ਉਸਦੇ ਜੁੰਡੀਦਾਰ ਐਸ.ਜੀ.ਪੀ.ਸੀ. ਦੇ ਦਫ਼ਤਰ ਵਿੱਚ ਲੁਕੇ ਬੈਠੇ ਸਨ। ਉਹਨਾਂ ਦੁਆਲੇ ਉਹਨਾਂ ਦੇ ਕੁਝ ਸਮਰਥਕ ਜਿਵੇਂ ਕਿ ਬਲਵੰਤ ਸਿੰਘ ਰਾਮੂਵਾਲੀਆ, ਭਾਨ ਸਿੰਘ, ਅਬਿਨਾਸ਼ੀ ਸਿੰਘ (ਐਸ.ਜੀ.ਪੀ.ਸੀ. ਦਾ ਸਹਾਇਕ ਸਕੱਤਰ) ਵੀ ਜੁੜੇ ਬੈਠੇ ਸਨ। ਅਕਾਲੀ ਦਲ ਲੌਂਗੋਵਾਲ ਦਾ ਸਕੱਤਰ ਗੁਰਚਰਨ ਸਿੰਘ ਅਤੇ ਐਸ.ਜੀ.ਪੀ.ਸੀ. ਸਕੱਤਰ ਬੱਗਾ ਸਿੰਘ ਵੀ ਉਥੇ ਮੌਜੂਦ ਸਨ। ਅਖੰਡ ਕੀਰਤਨੀ ਜਥੇ ਦੀ ਮੁਖੀ ਅਤੇ ਬੱਬਰ ਖਾਲਸਾ ਜਥੇਬੰਦੀ ਦੀ ਸਰਪ੍ਰਸਤ ਬੀਬੀ ਅਮਰਜੀਤ ਕੌਰ, ਜਿਸਨੇ ਸੰਤ ਭਿੰਡਰਾਂਵਾਲੇ ਨੂੰ ਡਰਪੋਕ ਕਿਹਾ ਸੀ, ਵੀ ਉਸੇ ਕਮਰੇ 'ਚ ਲੁਕੀ ਬੈਠੀ ਸੀ ਜਿੱਥੇ ਦੂਸਰੇ ਕਾਗਜ਼ੀ ਸ਼ੇਰ ਇਕੱਠੇ ਲੁਕੇ ਹੋਏ ਸਨ। ਇਹ ਅਖੌਤੀ "ਬਹਾਦਰ" ਨੇਤਾ ਉਹਨਾਂ ਵਿੱਚੋਂ ਸਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਮੰਜੀ ਸਾਹਿਬ, ਦਰਬਾਰ ਸਾਹਿਬ ਵਿਖੇ ਕਸਮ ਖਾਧੀ ਸੀ ਕਿ ਉਹ ਪਵਿੱਤਰ ਗੁਰਧਾਮ ਦੀ ਰਾਖੀ ਲਈ ਜਾਨਾਂ ਦਾਅ 'ਤੇ ਲਾ ਦੇਣਗੇ। ਉਹਨਾਂ ਪ੍ਰਤਿਗਿਆ ਕੀਤੀ ਸੀ ਕਿ ਜੇ ਕਦੇ ਭਾਰਤੀ ਫ਼ੌਜ ਦਰਬਾਰ ਸਾਹਿਬ ਕੰਪਲੈਕਸ 'ਚ ਦਾਖ਼ਲ ਹੋਈ ਤਾਂ ਉਸ ਨੂੰ ਉਹਨਾਂ ਦੀਆਂ ਲਾਸ਼ਾਂ ਉਪਰੋਂ ਗੁਜ਼ਰਨਾ ਪਵੇਗਾ ਅਤੇ ਜਦੋਂ ਪਵਿੱਤਰ ਗੁਰਧਾਮਾਂ ਦੀ ਰਾਖੀ ਲਈ ਜੂਝ ਮਰਨ ਦਾ ਮੌਕਾ ਆਇਆ ਤਾਂ ਉਹ ਚੂਹਿਆਂ ਵਾਂਗ ਲੁਕ ਗਏ ਅਤੇ ਬੜੀ ਬੇਸਬਰੀ ਨਾਲ ਉਥੋਂ ਸੁਰੱਖਿਅਤ ਕੱਢ ਲਏ ਜਾਣ ਲਈ ਫ਼ੌਜ ਦੀ ਉਡੀਕ ਕਰਦੇ ਰਹੇ। ਕੀ ਇਹਨਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਸਿੱਖ/ਸਿੰਘ ਕਿਹਾ ਜਾ ਸਕਦਾ ਹੈ? ਖ਼ਾਲਸਾ ਪੰਥ ਦੇ ਇਨ੍ਹਾਂ ਬੇਸ਼ਰਮ ਗੱਦਾਰਾਂ ਨੂੰ ਕੋਈ ਕਾਬਲ-ਏ-ਮਿਸਾਲ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਇਹਨਾਂ ਕੇਵਲ ਪੰਥ ਨਾਲ ਵਿਸ਼ਵਾਸਘਾਤ ਹੀ ਨਹੀਂ ਕੀਤਾ ਸਗੋਂ ਸਿੱਖ ਧਰਮ ਵਿਚ ਬੇਹੱਦ ਪਵਿੱਤਰ ਮੰਨੀ ਜਾਂਦੀ ਅਰਦਾਸ ਵੀ ਭੰਗ ਕੀਤੀ ਹੈ।

## 4 ਜੂਨ

ਜਿਵੇਂ ਕਿ ਪਹਿਲਾਂ ਵਰਣਨ ਕੀਤਾ ਗਿਆ ਹੈ, ਭਾਰਤੀ ਫ਼ੌਜ 3 ਜੂਨ ਨੂੰ ਦਰਬਾਰ ਸਾਹਿਬ ਕੰਪਲੈਕਸ ਨੂੰ ਪੂਰੀ ਤਰ੍ਹਾਂ ਘੇਰ ਚੁੱਕੀ ਸੀ। ਵੱਡੀਆਂ ਅਤੇ ਭਾਰੀ 105 ਐਮ.ਐਮ. ਗੰਨਾ ਬੀੜੀ ਫ਼ੌਜ ਦੇ ਮੁੱਖ ਜੰਗੀ ਟੈਂਕ 'ਵਿਜੇਤਾ', ਭਾਰੀ ਜੰਗੀ ਤੋਪਖ਼ਾਨਾ ਅਤੇ ਬਖ਼ਤਰਬੰਦ ਗੱਡੀਆਂ ਕੰਪਲੈਕਸ ਦੇ ਦੁਆਲੇ ਇਉਂ ਬੀੜੇ ਗਏ ਸਨ ਜਿਵੇਂ ਫੌਜ ਨੇ ਕਿਸੇ ਦੁਸ਼ਮਣ ਦੇਸ਼ ਨਾਲ ਜੰਗ ਲੜਨੀ ਹੋਵੇ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੇ 'ਰਖਵਾਲੇ ਸਿੰਘ' ਵੱਧ ਤੋਂ ਵੱਧ ਐਲ.ਐਮ.ਜੀ., ਰਾਈਫਲਾਂ ਅਤੇ ਕਾਰਬਾਈਨਾਂ ਜਿਹੇ ਸਾਧਾਰਨ ਹਥਿਆਰਾਂ ਨਾਲ ਲੈਸ ਸਨ। ਫ਼ਿਰ ਵੀ ਉਹਨਾਂ ਦਾ ਮਨੋਬਲ ਬਹੁਤ ਉੱਚਾ ਸੀ ਅਤੇ ਉਹ ਆਪਣੇ ਮਿਸ਼ਨ ਖ਼ਾਤਰ ਮਰ-ਮਿਟਣ ਲਈ ਪ੍ਰੇਰਿਤ ਅਤੇ ਵਚਨਬੱਧ ਸਨ।

4 ਜੂਨ ਦੀ ਸਵੇਰ ਭਾਰਤੀ ਫ਼ੌਜ ਨੇ ਗੁਰੂ ਰਾਮ ਦਾਸ ਲੰਗਰ ਹਾਲ ਦੇ ਨਜ਼ਦੀਕ

ਸਥਿਤ 18ਵੀਂ ਸਦੀ ਦੇ ਇੱਟਾਂ ਨਾਲ ਬਣੇ ਬੁਰਜ 'ਇਤਿਹਾਸਕ ਰਾਮਗੜ੍ਹੀਆ ਬੁੰਗਿਆਂ' ਅਤੇ ਗੁਰੂ ਰਾਮ ਦਾਸ ਸਰਾਂ ਦੇ ਪਿੱਛੇ ਸਥਿਤ ਪਾਣੀ ਦੀ ਟੈਂਕੀ ਉਪਰ ਬੰਬਾਰੀ ਕੀਤੀ। ਕੰਪਲੈਕਸ ਦੇ ਨਾਲ ਲਗਦੇ ਘਰਾਂ ਅਤੇ ਦੁਆਲੇ ਸਥਿਤ ਇਮਾਰਤਾਂ ਉਪਰ ਵੀ ਭਾਰੀ ਬੰਬਾਰੀ ਕੀਤੀ ਗਈ। ਭਾਰੀ ਤੋਪਖਾਨਾ, ਜੋ ਕੇਵਲ ਖੁਲ੍ਹੀ ਮੈਦਾਨੀ ਲੜਾਈ ਵਿਚ ਹੀ ਵਰਤਿਆ ਜਾਂਦਾ ਹੈ, ਵੀ ਦਰਬਾਰ ਸਾਹਿਬ ਸਮੂਹ ਦੇ ਰਖਵਾਲਿਆਂ ਵਿਰੁੱਧ ਤਾਇਨਾਤ ਕੀਤਾ ਗਿਆ ਅਤੇ 25 ਦੇ ਕਰੀਬ ਮਾਰੂ ਪਾਊਂਡਰ ਗੋਲੇ ਉਹਨਾਂ 'ਤੇ ਦਾਗੇ ਗਏ। ਨਤੀਜੇ ਵਜੋਂ ਕੰਪਲੈਕਸ ਦੇ ਦੁਆਲੇ ਦੀਆਂ ਇਮਾਰਤਾਂ ਢਹਿ-ਢੇਰੀ ਹੋ ਕੇ ਮਲਬਾ ਬਣ ਗਈਆਂ। ਬੁੰਗੇ ਅਤੇ ਪਾਣੀ ਦੀ ਟੈਂਕੀ ਨੂੰ ਉਨ੍ਹਾਂ ਉੱਪਰ ਮੌਜੂਦ ਸਿੰਘਾਂ ਸਮੇਤ ਉਡਾ ਦਿੱਤਾ ਗਿਆ ਅਤੇ ਉਨ੍ਹਾਂ ਦੇ ਸਰੀਰ ਟੁਕੜੇ-ਟੁਕੜੇ ਹੋ ਕੇ ਖਿੱਲਰ ਗਏ। ਭਾਰਤੀ ਫ਼ੌਜ ਦੀ ਬੰਬਾਰੀ ਇੰਨੀ ਪ੍ਰਚੰਡ, ਇੰਨੀ ਕਰੂਰ ਅਤੇ ਇੰਨੀ ਵਹਿਸ਼ੀਆਨਾ ਸੀ ਕਿ ਇਨ੍ਹਾਂ ਇਮਾਰਤਾਂ ਵਿਚਲਾ ਕੋਈ ਇਕ ਵੀ 'ਰਾਖਾ' ਅਤੇ ਕੋਈ ਹੋਰ ਨਿਰਦੋਸ਼ ਸਿੱਖ ਜਿੰਦਾ ਨਾ ਬਚਿਆ। ਘਿਰੇ ਹੋਏ ਸਿੱਖ ਯਾਤਰੂਆਂ ਦੀ ਮੌਤ ਦੀ ਗਿਣਤੀ ਵੀ ਬਹੁਤ ਜ਼ਿਆਦਾ ਸੀ।

ਮੈਂ ਇਹ ਇਮਾਰਤਾਂ ਭਿਅੰਕਰ ਬੰਬਾਰੀ ਤੋਂ ਕਰੀਬ ਦੋ ਹਫ਼ਤੇ ਪਿੱਛੋਂ ਦੇਖੀਆਂ, ਜੋ ਕਿ ਮਿੱਟੀ 'ਚ ਮਿਲ ਚੁੱਕੀਆਂ ਸਨ। ਭਾਰਤੀ ਫ਼ੌਜ ਵੱਲੋਂ ਆਪਣੇ ਹੀ ਲੋਕਾਂ ਉੱਪਰ ਕੀਤੇ ਗਏ ਜ਼ੁਲਮ ਅਤੇ ਵਹਿਸ਼ੀਪੁਣੇ ਦੀ ਹੱਦ ਦੇਖ ਕੇ ਮੈਨੂੰ ਬੇਹੱਦ ਸਦਮਾ ਪਹੁੰਚਿਆ। ਸ਼ਾਇਦ ਫ਼ੌਜ ਨੇ ਨਿਰਦੋਸ਼ ਸਿੱਖਾਂ ਨਾਲ ਦੁਸ਼ਮਣਾਂ ਵਾਲਾ ਸਲੂਕ ਕੀਤਾ ਸੀ ਅਤੇ ਇਸ ਕਾਰਨ ਇਹ ਸ਼ੰਕਾ ਵੀ ਉਠਦਾ ਹੈ ਕਿ ਕੀ ਇਸ ਫ਼ੌਜ ਦਾ ਸੰਚਾਲਨ ਕਰਨ ਵਾਲੀ ਭਾਰਤ ਸਰਕਾਰ ਨੇ ਇਹਨਾਂ ਨਾਲ ਆਪਣੇ ਸ਼ਹਿਰੀਆਂ ਵਰਗਾ ਵਰਤਾਓ ਕੀਤਾ ਹੋਵੇਗਾ?

ਰਣਜੀਤ ਸਿੰਘ ਦਿਆਲ ਦੀ ਅਗਵਾਈ ਹੇਠ ਫ਼ੌਜ ਨੇ ਗੁਰੂ ਨਾਨਕ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ, ਅਕਾਲ ਰੈਸਟ ਹਾਊਸ ਅਤੇ ਇਨ੍ਹਾਂ ਨਾਲ ਲਗਦੀਆਂ ਹੋਰ ਇਮਾਰਤਾਂ ਨੂੰ ਅੱਡ ਕਰਨ ਵਾਲੀ ਸੜਕ 'ਤੇ ਇਸ ਤਰਤੀਬ ਨਾਲ ਵਿਜੰਤਾ ਟੈਂਕ ਅਤੇ ਬਖ਼ਤਰਬੰਦ ਗੱਡੀਆਂ ਤਾਇਨਾਤ ਕੀਤੀਆਂ ਕਿ ਦਰਬਾਰ ਸਾਹਿਬ ਅਤੇ ਪ੍ਰਕਰਮਾ ਵਾਲਾ ਖ਼ੇਤਰ ਇਨ੍ਹਾਂ ਨਾਲੋਂ ਪੂਰੀ ਤਰ੍ਹਾਂ ਕੱਟਿਆ ਗਿਆ। ਅਸਲ ਵਿੱਚ ਟੈਂਕਾਂ ਅਤੇ ਬਖ਼ਤਰਬੰਦ ਗੱਡੀਆਂ ਨੇ ਇਨ੍ਹਾਂ ਦੋਹਾਂ ਕੰਪਲੈਕਸਾਂ ਦਰਮਿਆਨ ਇੱਕ ਤਰ੍ਹਾਂ ਲੋਹੇ ਦੀ ਦੀਵਾਰ ਖੜ੍ਹੀ ਕਰ ਦਿੱਤੀ ਤਾਂ ਕਿ ਫ਼ੌਜ ਆਪਣਾ ਰਾਖਸ਼ੀ ਹਮਲਾ ਦੋਹਾਂ ਕੰਪਲੈਕਸਾਂ ਉੱਪਰ ਪੂਰੇ ਜ਼ੋਰ ਨਾਲ ਕੇਂਦਰਤ ਕਰ ਸਕੇ।

ਜਦੋਂ ਦਰਬਾਰ ਸਾਹਿਬ ਦੀ ਮੁਕੰਮਲ ਘੇਰਾਬੰਦੀ ਦੀ ਖ਼ਬਰ ਪਿੰਡਾਂ ਵਿੱਚ ਪੁੱਜੀ ਤਾਂ ਹਜ਼ਾਰਾਂ ਦੀ ਤਾਦਾਦ ਵਿੱਚ ਸਿੱਖ ਆਪਣੇ ਰਿਵਾਇਤੀ ਸ਼ਸਤਰਾਂ ਜਿਵੇਂ ਕਿ ਕਿਰਪਾਨਾਂ, ਨੇਜ਼ਿਆਂ ਅਤੇ 12 ਬੋਰ ਬੰਦੂਕਾਂ ਨਾਲ ਲੈਸ ਹੋ ਕੇ ਅੰਮ੍ਰਿਤਸਰ ਨੇੜਲੇ ਪਿੰਡਾਂ ਵਿੱਚ ਇਸ ਦ੍ਰਿੜ੍ਹ ਇਰਾਦੇ ਨਾਲ ਇਕੱਤਰ ਹੋ ਗਏ ਕਿ ਉਹ ਦਰਬਾਰ ਸਾਹਿਬ ਵੱਲ ਕੂਚ ਕਰਕੇ ਆਪਣੇ ਪਵਿੱਤਰ ਗੁਰਧਾਮਾਂ ਨੂੰ ਭਾਰਤੀ ਫ਼ੌਜ ਦੇ ਸ਼ੈਤਾਨੀ ਪੰਜਿਆਂ ਤੋਂ ਮੁਕਤ ਕਰਾਉਣਗੇ। ਅੰਮ੍ਰਿਤਸਰ ਤੋਂ ਕਰੀਬ 25 ਕਿਲੋਮੀਟਰ ਦੂਰ ਗੌਲੇਵਾਲ ਪਿੰਡ ਵਿਚ ਲਗਭਗ 50 ਹਜ਼ਾਰ ਸਿੱਖ ਇਕੱਠੇ ਹੋ ਗਏ ਅਤੇ 30 ਹਜ਼ਾਰ ਸਿੱਖ ਗੁਰਦਾਸਪੁਰ ਵਿਚਲੇ ਬਟਾਲੇ ਵਾਲੇ ਪਾਸਿਉਂ ਆ ਜੁੜੇ। ਇਸ ਤੋਂ ਇਲਾਵਾ 20 ਹਜ਼ਾਰ ਸਿੱਖ ਚੌਕ ਮਹਿਤਾ ਨੇੜੇ ਇਕੱਤਰ ਹੋ ਗਏ, ਜੋ ਕਿ ਸੰਤ ਭਿੰਡਰਾਂਵਾਲੇ ਦਾ ਹੈੱਡਕੁਆਟਰ ਸੀ। 20 ਤੋਂ 30 ਹਜ਼ਾਰ ਸਿੱਖਾਂ ਦੇ ਹੋਰ ਜੱਥੇ

ਹਰੀਕੇ ਪੱਤਣ (ਸਤਲੁਜ ਤੇ ਬਿਆਸ ਦਰਿਆ ਦੇ ਸੰਗਮ 'ਤੇ ਬਣਿਆ ਪੁਲ) ਵਾਲੇ ਪਾਸਿਉਂ ਕੂਚ ਕਰਦੇ ਆ ਰਹੇ ਸਨ। ਫ਼ੌਜ ਦੇ ਹੈਲੀਕਾਪਟਰਾਂ ਨੇ ਦਰਬਾਰ ਸਾਹਿਬ ਨੂੰ ਭਾਰਤੀ ਫ਼ੌਜ ਦੇ ਘੇਰੇ ਤੋਂ ਆਜ਼ਾਦ ਕਰਾਉਣ ਲਈ ਅੰਮ੍ਰਿਤਸਰ ਵੱਲ ਵੱਧਦੇ ਸਿੱਖਾਂ ਦੇ ਕਾਫ਼ਲਿਆਂ ਦੀਆਂ ਗਤੀਵਿਧੀਆਂ ਦਾ ਪਤਾ ਲਾ ਲਿਆ। ਇਨ੍ਹਾਂ ਹੈਲੀਕਾਪਟਰਾਂ ਵਿੱਚ ਸਵਾਰ ਫ਼ੌਜੀ ਅਫਸਰਾਂ ਨੇ ਲੈਫ. ਜਨ. ਕੇ. ਸੁੰਦਰਜੀ ਦੇ ਆਰਜ਼ੀ ਹੈਡਕੁਆਰਟਰ ਨੂੰ ਵਾਇਰਲੈਸ ਸੰਦੇਸ਼ ਭੇਜੇ। ਉਸ ਨੇ ਤੁਰੰਤ ਜੰਗੀ ਟੈਂਕ, ਬਖ਼ਤਰਬੰਦ ਗੱਡੀਆਂ ਅਤੇ ਤੋਪਖਾਨਾ ਉਨ੍ਹਾਂ ਸਾਰੇ ਸਥਾਨਾਂ ਵੱਲ ਰਵਾਨਾ ਕੀਤਾ ਜਿਥੇ ਸਿੱਖ ਇਕੱਤਰ ਹੋਏ ਸਨ ਅਤੇ ਜਿਥੋਂ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਰਹੇ ਸਨ। ਉਹਨਾਂ ਨੂੰ ਅਗਾਂਹ ਵਧਣੋਂ ਰੋਕਣ ਲਈ ਤਾਕਤ ਦੀ ਵਰਤੋਂ ਕਰਨ ਦੇ ਸਪਸ਼ਟ ਹੁਕਮ ਦਿੱਤੇ ਗਏ। ਫ਼ੌਜ ਨੇ ਤੋਪਾਂ ਦੀ ਗੋਲਾਬਾਰੀ ਨਾਲ ਸੈਂਕੜੇ ਸਿੱਖ ਮਾਰ ਮੁਕਾਏ ਅਤੇ ਉਨ੍ਹਾਂ ਨੂੰ ਖਿੰਡਾ ਦਿੱਤਾ ਅਤੇ ਤਾਂ ਹੀ ਉਨ੍ਹਾਂ ਨੂੰ ਅੱਗੇ ਵਧਣੋਂ ਰੋਕ ਸਕੀ।

ਦਿਲਚਸਪ ਗੱਲ ਹੈ ਕਿ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਉਹਦੇ ਸਾਥੀ ਬਹਾਦਰੀ ਅਤੇ ਸਾਹਸ ਨਾਲ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਰਾਖੀ ਕਰ ਰਹੇ ਸਨ ਅਤੇ ਲੱਖਾਂ ਸਿੱਖ ਪਵਿੱਤਰ ਗੁਰਧਾਮਾਂ ਨੂੰ ਮੁਕਤ ਕਰਾਉਣ ਲਈ ਅੰਮ੍ਰਿਤਸਰ ਵੱਲ ਕੂਚ ਕਰ ਰਹੇ ਸਨ ਉਦੋਂ ਗੁਰਚਰਨ ਸਿੰਘ ਟੌਹੜਾ ਆਪਣੇ ਦਫ਼ਤਰ 'ਚੋਂ ਪ੍ਰਗਟ ਹੋਏ ਅਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਮੱਤ ਦੇ 'ਜਾਂਬਾਜ਼ ਰਾਖੇ' ਸੰਤ ਭਿੰਡਰਾਂਵਾਲੇ ਨੂੰ ਮਿਲਣ ਲਈ ਅਕਾਲ ਤਖ਼ਤ ਵਿਖੇ ਪਧਾਰੇ। ਸ਼ਾਇਦ ਉਹ ਸੰਤ ਦੇ ਆਤਮ-ਸਮਰਪਣ ਲਈ ਕੇਂਦਰ ਸਰਕਾਰ ਦੀ ਤਰਫ਼ੋਂ ਵਿਚੋਲਗੀ ਕਰ ਰਿਹਾ ਸੀ। ਇਸੇ ਕਾਰਨ ਹੀ ਕੰਪਲੈਕਸ ਨੂੰ ਘੇਰਾ ਪਾਈ ਬੈਠੀ ਫ਼ੌਜ ਨੇ ਉਸਦੇ ਅਕਾਲ ਤਖ਼ਤ ਤੋਂ ਆਪਣੇ ਦਫ਼ਤਰ ਪਰਤ ਆਉਣ ਤੱਕ ਗੋਲੀ ਨਹੀਂ ਸੀ ਚਲਾਈ।

ਜਦੋਂ ਟੌਹੜੇ ਨੇ ਸੰਤ ਭਿੰਡਰਾਂਵਾਲੇ ਨੂੰ ਇਹ ਦਲੀਲ ਜਚਾਉਣੀ ਚਾਹੀ ਕਿ ਉਹ ਟੈਂਕਾਂ ਅਤੇ ਭਾਰੀ ਤੋਪਾਂ ਦਾ ਮੁਕਾਬਲਾ ਨਹੀਂ ਕਰ ਸਕਣਗੇ ਤਾਂ ਸੰਤ ਨੇ ਟੌਹੜੇ ਨੂੰ ਝਾੜ ਪਾਈ, ਤਾੜਨਾ ਕੀਤੀ ਅਤੇ ਉਸ 'ਤੇ ਭਾਰਤ ਸਰਕਾਰ ਦਾ ਏਜੰਟ ਹੋਣ ਦਾ ਦੋਸ਼ ਲਾਉਂਦਿਆਂ, ਬੜੀ ਨਫ਼ਰਤ ਨਾਲ ਉਸਦੀ ਸਲਾਹ ਨੂੰ ਰੱਦ ਕਰ ਦਿੱਤਾ। ਜੇ ਟੌਹੜੇ ਨੇ ਆਪਣੀ ਸਹੁੰ ਪੁਗਾਉਣੀ ਹੁੰਦੀ ਤਾਂ ਉਹ ਹੁਣ ਜ਼ਰੂਰ ਸੰਤ ਭਿੰਡਰਾਂਵਾਲੇ ਦਾ ਸਾਥ ਦਿੰਦਾ ਅਤੇ ਫ਼ੌਜ ਨਾਲ ਲੜਨ ਲਈ ਉਸ ਦੇ ਨਾਲ ਅਕਾਲ ਤਖ਼ਤ 'ਤੇ ਹੀ ਰੁਕ ਜਾਂਦਾ ਪਰ ਉਸ ਨੇ ਆਤਮ ਸਮਰਪਣ ਕਰਨ ਨੂੰ ਹੀ ਤਰਜੀਹ ਦਿੱਤੀ।

ਸਭ ਤੋਂ ਘਟੀਆ ਰੋਲ ਗੱਦਾਰ ਹਰਚੰਦ ਸਿੰਘ ਲੌਂਗੋਵਾਲ ਦਾ ਸੀ ਜਿਹੜਾ 5-6 ਜੂਨ ਦੀ ਦਰਮਿਆਨੀ ਰਾਤ ਨੂੰ ਫ਼ੌਜ ਵੱਲੋਂ ਸੁਰੱਖਿਅਤ ਕੱਢ ਲਏ ਜਾਣ ਤੱਕ ਐਸ.ਜੀ.ਪੀ.ਸੀ. ਦੇ ਦਫ਼ਤਰ ਵਿਚ ਲੁਕਿਆ ਰਿਹਾ।

ਭਾਰਤੀ ਫ਼ੌਜ ਵੱਲੋਂ 4 ਜੂਨ ਨੂੰ ਕੀਤੇ ਗਏ ਰਾਖਸ਼ੀ ਹਮਲੇ ਨੂੰ ਸੰਤ ਭਿੰਡਰਾਂਵਾਲੇ ਅਤੇ ਉਸਦੇ ਸਮਰਥਕਾਂ ਨੇ ਬਹਾਦਰੀ ਅਤੇ ਸਫ਼ਲਤਾ ਨਾਲ ਪਛਾੜ ਦਿੱਤਾ ਅਤੇ ਲੜਾਈ ਫ਼ਿਰ ਬਿਨਾ ਫ਼ੈਸਲਾ ਰੁਕ ਗਈ। ਨਫ਼ੀਸ ਹਥਿਆਰਾਂ ਨਾਲ ਲੈਸ ਫ਼ੌਜ, ਫ਼ੌਜੀ ਜਰਨੈਲ ਅਤੇ ਭਾਰਤ ਸਰਕਾਰ ਆਪਣੇ ਪਵਿੱਤਰ ਗੁਰਧਾਮ ਦੀ ਰਾਖੀ ਕਰ ਰਹੇ ਚੰਦ ਕੁ ਪ੍ਰੇਰਿਤ ਅਤੇ ਪ੍ਰਤੀਬੱਧ ਸਿੰਘਾਂ ਦਾ ਅਸਾਧਾਰਨ ਹੌਂਸਲਾ ਦੇਖ ਕੇ ਬੌਂਦਲ ਗਏ। ਫ਼ੌਜੀ ਜਰਨੈਲਾਂ ਨੂੰ ਕਿਸੇ

ਵੀ ਕੀਮਤ 'ਤੇ ਇਹ ਜੰਗ ਜਿੱਤਣ ਲਈ ਅਨੇਕਾਂ ਵਾਰ ਰਣਨੀਤੀ ਬਦਲਣੀ ਪਈ ਅਤੇ ਉਹ ਵੀ ਕੰਪਲੈਕਸ ਵਿੱਚ ਘਿਰੇ ਸੈਂਕੜੇ ਨਿਰਦੋਸ਼ ਸਿੱਖਾਂ ਦੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾ।

### 5 ਜੂਨ

ਇਕ ਮੋਨੇ ਸਿੱਖ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ, ਜੋ ਸੰਤ ਭਿੰਡਰਾਂਵਾਲੇ ਦੀ ਗੋਤ ਨਾਲ ਹੀ ਸੰਬੰਧ ਰੱਖਦਾ ਸੀ, ਨੂੰ ਭਾਰਤ ਸਰਕਾਰ ਵੱਲੋਂ ਅਕਾਲ ਤਖ਼ਤ 'ਤੇ ਸਿੱਧਾ ਹਮਲਾ ਕਰਨ ਲਈ ਚੁਣਿਆ ਗਿਆ। ਭਾਰਤੀ ਫ਼ੌਜ ਦੀ ਨਿਪੁੰਨ ਡਿਵੀਜ਼ਨ ਵਜੋਂ ਜਾਣੀ ਜਾਂਦੀ 9ਵੀਂ ਡਿਵੀਜ਼ਨ ਦੇ ਕਮਾਂਡਰ ਮੇਜਰ ਜਨਰਲ ਬਰਾੜ ਨੇ ਅਕਾਲ ਤਖ਼ਤ 'ਤੇ ਸਿੱਧਾ ਹਮਲਾ ਬੋਲ ਦਿੱਤਾ। ਫ਼ੌਜੀ ਕਾਰਵਾਈ 'ਚ ਹਿੱਸਾ ਲੈਣ ਵਾਲੀ ਕੇਵਲ ਇਹੀ ਇਕੱਲੀ ਡਿਵੀਜ਼ਨ ਨਹੀਂ ਸੀ। ਛੇ ਹੋਰ ਡਿਵੀਜ਼ਨਾਂ ਵੀ ਇਸ ਕਾਰਵਾਈ ਵਿੱਚ ਸ਼ਾਮਲ ਸਨ। ਤਾਮਿਲਨਾਡੂ ਤੋਂ ਮਦਰਾਸੀ, ਕੇਂਦਰੀ ਭਾਰਤ ਦੇ ਕਬੀਲਿਆਂ 'ਚੋਂ ਬਿਹਾਰੀ, ਜੰਮੂ-ਕਸ਼ਮੀਰ ਤੋਂ ਡੋਗਰੇ ਅਤੇ ਉੱਤਰ ਪ੍ਰਦੇਸ਼ ਤੋਂ ਕਮਾਊਂ ਅਤੇ ਗੜ੍ਹਵਾਲੀਏ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਰਾਜਸਥਾਨ ਤੋਂ ਰਾਜਪੂਤ ਵੀ ਸਨ। ਸਿੱਖ ਵੀ ਹਾਜ਼ਰ ਸਨ, ਜਿਨ੍ਹਾਂ ਦੀ ਹਾਜ਼ਰੀ ਕੇਵਲ ਨਾਂ-ਮਾਤਰ ਸੀ। ਇਹ ਸਿੱਖ ਭਾਰਤ ਸਰਕਾਰ ਵੱਲੋਂ ਲੋਕ-ਦਿਖਾਵੇ ਦੇ ਉਦੇਸ਼ ਨਾਲ ਸ਼ਾਮਲ ਕੀਤੇ ਗਏ ਸਨ ਤਾਂ ਕਿ ਸੰਸਾਰ ਨੂੰ ਇਹ ਵਿਖਾਇਆ ਜਾ ਸਕੇ ਕਿ ਸਿੱਖਾਂ ਨੇ ਵੀ ਇਸ ਹਮਲੇ ਵਿਚ ਹਿੱਸਾ ਲਿਆ ਹੈ। ਇਨ੍ਹਾਂ ਨਾਂ-ਮਾਤਰ ਸਿੱਖਾਂ ਨੂੰ ਸੱਚੇ ਸਿੱਖ ਨਹੀਂ ਕਿਹਾ ਜਾ ਸਕਦਾ। ਇਹ ਜ਼ਿਆਦਾਤਰ ਨਿਰੰਕਾਰੀਆਂ ਦੇ ਸਮਰਥਕ ਸਨ ਅਤੇ ਕੁਝ ਕੁ ਸੱਚਾਈ ਤੋਂ ਅਣਜਾਣ ਅਤੇ ਮਜਬੂਰ ਸਨ।

ਫ਼ੌਜ ਵੱਲੋਂ ਸੰਤ ਭਿੰਡਰਾਂਵਾਲੇ ਦੇ ਖ਼ਿਲਾਫ਼ ਵਰਤੋਂ ਵਿਚ ਲਿਆਂਦਾ ਗਿਆ ਜੰਗੀ ਸਮਾਨ ਹੇਠ ਲਿਖਿਆ ਸੀ :-

1. 105 ਐਮ.ਐਮ. ਦੀਆਂ ਭਾਰੀ ਤੋਪਾਂ ਬੀੜੇ ਹੋਏ 38 ਟਨ ਵਿਜੰਤਾ ਟੈਂਕ।

2. ਭਾਰੀ ਤੋਪਖਾਨਾ ਜਿਸ ਵਿਚ 25 ਪਾਊਡਰ ਤੋਪਾਂ, ਹੋਵਿਟਜ਼ਰ ਗੰਨਾਂ, ਮਾਰਟਰ ਗੰਨਾਂ ਅਤੇ 3.7" ਹਾਵਲ ਗੰਨਾਂ ਸ਼ਾਮਲ ਸਨ।

3. ਬਖ਼ਤਰਬੰਦ ਗੱਡੀਆਂ।

4. ਓ.ਟੀ. 64 ਬਖ਼ਤਰਬੰਦ ਗੱਡੀਆਂ - ਇਹ ਪੋਲੈਂਡ ਦੀਆਂ ਬਣੀਆਂ 8 ਪਹੀਆਂ ਗੱਡੀਆਂ ਹਨ।

5. ਹੈਲੀਕਾਪਟਰ।

ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਉਪਰੋਕਤ ਜੰਗੀ ਸਮਾਨ ਨਾਲ ਲੈਸ ਕੇ. ਸੁੰਦਰਜੀ ਨੇ ਮਕਰਪੁਣੇ ਨਾਲ ਕਿਹਾ, "ਜਦੋਂ ਅਸੀਂ ਦਰਬਾਰ ਸਾਹਿਬ ਕੰਪਲੈਕਸ ਦੀ ਹਦੂਦ 'ਚ ਦਾਖ਼ਲ ਹੋਏ ਤਾਂ ਸਾਡੇ ਮਨਾਂ 'ਚ ਨਿਮਰਤਾ ਅਤੇ ਬੁੱਲ੍ਹਾਂ 'ਤੇ ਪ੍ਰਾਰਥਨਾ ਸੀ।"

ਸੁੰਦਰਜੀ ਦਾ ਇਹ ਕਥਨ ਹਿੰਦੂਆਂ ਵਿੱਚ ਪ੍ਰਚਲਤ ਇੱਕ ਬੜੇ ਵਿਸ਼ੇਸ਼ ਅਖਾਣ ਦੀ ਯਾਦ ਦਿਵਾਉਂਦਾ ਹੈ। ਇਹ ਹੈ -"ਮੂੰਹ ਮੇਂ ਰਾਮ ਰਾਮ ਬਗਲ ਮੇਂ ਛੁਰੀ।"

ਉਨ੍ਹਾਂ ਆਪਣੇ ਦਿਲਾਂ ਅੰਦਰ ਪੂਰੀ ਬਦਨੀਤੀ ਅਤੇ ਮਨਾਂ ਵਿਚ ਪੂਰੀ ਬੇਰਹਿਮੀ ਰੱਖਦੇ ਹੋਏ ਦਰਬਾਰ ਸਾਹਿਬ ਸਮੂਹ 'ਤੇ ਹੱਲਾ ਬੋਲ ਦਿੱਤਾ। ਉਨ੍ਹਾਂ ਨੇ ਅਕਾਲ ਤਖ਼ਤ ਅਤੇ ਉਸਦੇ ਨਾਲ ਲੱਗਦੀਆਂ ਇਮਾਰਤਾਂ 'ਤੇ ਦਿਨ ਭਰ ਨਿਰੰਤਰ ਗੋਲੀਬਾਰੀ ਜਾਰੀ ਰੱਖੀ ਪਰ

ਸ਼ੇਰ ਬਹਾਦਰ ਸੰਤ ਭਿੰਡਰਾਂਵਾਲੇ ਅਤੇ ਉਸਦੇ ਲੜਾਕੂ ਸਾਥੀਆਂ ਨੂੰ ਭੈਅ-ਭੀਤ ਕਰਨ ਵਿੱਚ ਅਸਫ਼ਲ ਰਹੇ। ਉਹ ਲੜਾਈ ਜਿੱਤਣ ਵਿੱਚ ਵੀ ਕਾਮਯਾਬ ਨਾ ਹੋਏ। ਇੱਕ ਵਾਰ ਫਿਰ ਇਸ ਦਿਨ ਦੀ ਲੜਾਈ ਬਿਨਾ ਨਤੀਜਾ ਰੁਕ ਗਈ ਪਰ ਭਾਰਤੀ ਫੌਜ ਨੂੰ ਮੂੰਹ ਦੀ ਖਾਣੀ ਪਈ।

ਜਦੋਂ ਰਾਤ ਢਲੀ ਤਾਂ ਤਿੰਨੇ ਤਜਰਬੇਕਾਰ ਜਨਰਲ (ਕੇ. ਸੁੰਦਰਜੀ, ਆਰ.ਐਸ. ਦਿਆਲ ਅਤੇ ਕੇ.ਐਸ. ਬਰਾੜ) ਮਾਯੂਸੀ ਦੀ ਸਥਿਤੀ 'ਚ ਸਿਰ ਜੋੜ ਬੈਠੇ ਅਤੇ ਬਹਾਦਰ ਜਰਨੈਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਕਾਬੂ ਕਰਨ ਲਈ ਨਵੀਂ ਰਣਨੀਤੀ ਤਿਆਰ ਕਰਨ ਲੱਗੇ। ਉਨ੍ਹਾਂ ਇੰਦਰਾ ਗਾਂਧੀ ਦੀ ਸੰਤ ਭਿੰਡਰਾਂਵਾਲੇ ਨੂੰ ਜਿੰਦਾ ਜਾਂ ਮੁਰਦਾ ਫੜ੍ਹਨ ਦੀ ਇੱਛਾ ਪੂਰੀ ਕਰਨ ਲਈ ਹਰ ਕੋਸ਼ਿਸ਼ ਕੀਤੀ। ਇਹੀ ਇੰਦਰਾ ਗਾਂਧੀ ਦਾ ਇੱਕੋ-ਇੱਕ ਮੁੱਖ ਮੰਤਵ ਸੀ, ਜੋ ਉਸ ਨੇ ਫੌਜ ਦੇ ਜ਼ਿੰਮੇ ਲਾਇਆ ਸੀ ਪਰ ਇਹ ਕਾਰਜ ਏਨਾ ਸੁਖਾਲਾ ਨਹੀਂ ਸੀ। ਇਸੇ ਕਾਰਨ ਹੀ ਫ਼ੌਜੀ ਜਨਰਲ ਅਤੇ ਇੰਦਰਾ ਗਾਂਧੀ ਸਾਰੇ ਹੀ ਬੜੇ ਚਿੰਤਾਤੁਰ ਸਨ।

ਉਪਰੋਕਤ ਤਿੰਨਾਂ ਜਨਰਲਾਂ ਵੱਲੋਂ ਘੜੀ ਗਈ ਤਾਜ਼ਾ ਰਣਨੀਤੀ ਇਹ ਸੀ ਕਿ ਅਕਾਲ ਤਖ਼ਤ 'ਤੇ ਸਾਰੇ ਪਾਸਿਉਂ ਇਕੱਠਿਆਂ ਸਿੱਧਾ ਹਮਲਾ ਕੀਤਾ ਜਾਵੇ। ਪਹਿਲੀ ਬਟਾਲੀਅਨ ਦੇ ਵਿਸ਼ੇਸ਼ ਸਿਖਲਾਈ ਪ੍ਰਾਪਤ ਕਮਾਂਡੋਆਂ, ਜਿਨ੍ਹਾਂ ਕਾਲੀਆਂ ਵਰਦੀਆਂ ਪਹਿਨੀਆਂ ਹੋਈਆਂ ਸਨ ਅਤੇ ਬੁਲਟ ਪਰੂਫ਼ ਜਾਕਟਾਂ ਪਹਿਨ ਰੱਖੀਆਂ ਸਨ, ਨੂੰ ਕੰਪਲੈਕਸ ਦੇ ਮੁੱਖ-ਦੁਆਰ ਰਾਹੀਂ ਅੰਦਰ ਦਾਖ਼ਲ ਹੋਣ ਦੇ ਆਦੇਸ਼ ਦਿੱਤੇ ਗਏ ਪਰ ਜਿਉਂ ਹੀ ਉਨ੍ਹਾਂ ਅੰਦਰ ਪੈਰ ਧਰੇ ਤਾਂ ਉਹ ਰਸਤੇ ਦੇ ਦੋਹੇਂ ਪਾਸੇ ਘਾਤ ਲਾਈ ਬੈਠੇ 'ਰਾਖਿਆਂ' ਦੀਆਂ ਬੰਦੂਕਾਂ ਨੇ ਮਾਰ ਮੁਕਾਏ। ਇਹਨਾਂ 'ਚੋਂ ਜਿਹੜੇ ਥੋੜ੍ਹੇ ਕੁ ਬਚ ਕੇ ਪਰਕਰਮਾ ਵੱਲ ਨੱਠ ਗਏ ਉਹਨਾਂ ਦਾ ਅਕਾਲ ਤਖ਼ਤ ਦੇ ਦੁਆਲੇ ਸ਼ਿਸਤਾਂ ਬੰਨ੍ਹੀ ਬੈਠੇ ਰਾਖਿਆਂ ਨੇ ਮੱਕੂ ਠੱਪ ਦਿੱਤਾ। ਇਵੇਂ ਕਮਾਂਡੋਆਂ ਦਾ ਹੱਲਾ ਪੂਰੀ ਤਰ੍ਹਾਂ ਅਸਫਲ ਹੋਇਆ। ਅਖੌਤੀ ਬਹਾਦਰ ਕਮਾਂਡੋਆਂ ਨੂੰ ਆਪਣੇ ਜ਼ਿੰਮੇ ਲੱਗਾ ਕਾਰਜ ਨੇਪਰੇ ਚਾੜ੍ਹਨਾ ਅਸੰਭਵ ਪ੍ਰਤੀਤ ਹੋਇਆ। ਹੁਣ ਬਰਾੜ ਨਿਰਾਸ਼ ਹੋ ਉਠਿਆ ਕਿਉਂਕਿ ਉਹ ਬਹਾਦਰ ਲੜਾਕੂ ਸਿੰਘਾਂ ਨੂੰ ਉਨ੍ਹਾਂ ਦੇ ਟਿਕਾਣਿਆਂ ਤੋਂ ਖ਼ਦੇੜਨ ਵਿੱਚ ਅਸਫ਼ਲ ਹੋ ਗਿਆ ਸੀ। ਉਸ ਨੇ ਆਪਣਾ ਕਾਰਜ ਨੇਪਰੇ ਚਾੜ੍ਹਨ ਲਈ ਆਪਣੀ ਫ਼ੌਜ ਨੂੰ ਸਿੱਖ ਰਾਖਿਆਂ ਉੱਪਰ ਬੇਹੋਸ਼ ਕਰਨ ਵਾਲੇ ਬੰਬ ਸੁੱਟਣ ਦਾ ਹੁਕਮ ਦਿੱਤਾ। ਇਹਨਾਂ ਰਸਾਇਣਕ ਹਥਿਆਰਾਂ ਨੇ ਲੜਾਕੂ ਸਿੰਘਾਂ ਨੂੰ ਨੀਮ-ਬੇਹੋਸ਼ ਕਰ ਦਿੱਤਾ। ਕੇਵਲ ਅਜਿਹਾ ਕਰਨ ਉਪਰੰਤ ਹੀ ਕਮਾਂਡੋ ਘੰਟਾ ਘਰ ਦੁਆਰ ਰਾਹੀਂ ਅੰਦਰ ਦਾਖ਼ਲ ਹੋ ਸਕੇ ਅਤੇ ਨੀਮ-ਬੇਹੋਸ਼ ਸਿੰਘਾਂ ਨੂੰ ਗੋਲੀਆਂ ਮਾਰ ਦਿੱਤੀਆਂ। ਕੀ ਇਸ ਨੂੰ ਸਾਵੀਂ ਜੰਗ ਕਿਹਾ ਜਾ ਸਕਦਾ ਹੈ? ਕੀ ਇਸ ਨੂੰ ਬਹਾਦਰੀ ਕਹਿ ਸਕਦੇ ਹਾਂ? ਇਹ ਸਭ ਸ਼ਰਮਨਾਕ ਸੀ, ਇਸ ਤੋਂ ਵੱਧ ਕੁਝ ਨਹੀਂ।

ਖ਼ੈਰ, ਜਦੋਂ 10ਵੀਂ ਗਾਰਡ ਬਟਾਲੀਅਨ (ਜਿਸ ਨੂੰ ਭਾਰਤੀ ਫ਼ੌਜ ਦਾ ਗੌਰਵ ਸਮਝਿਆ ਜਾਂਦਾ ਹੈ) ਦੀ ਮਦਦ ਪ੍ਰਾਪਤ ਹੋਣ 'ਤੇ ਕਮਾਂਡੋ ਪ੍ਰਕਰਮਾ 'ਚ ਦਾਖ਼ਲ ਹੋਏ ਤਾਂ ਉਨ੍ਹਾਂ ਨੂੰ ਸਾਰੀਆਂ ਦਿਸ਼ਾਵਾਂ ਤੋਂ ਗੋਲੀਆਂ ਦੀ ਬੁਛਾੜ ਦਾ ਸਾਹਮਣਾ ਕਰਨਾ ਪਿਆ। ਇਹ ਜਨਰਲ ਸੁਬੇਗ ਸਿੰਘ ਦੀ ਮਾਅਰਕੇ ਦੀ ਯੋਜਨਾਬੰਦੀ ਅਤੇ ਯੁੱਧਨੀਤੀ ਸੀ ਜਿਸਨੇ ਭਾਰਤੀ ਫ਼ੌਜ ਦੇ ਤਿੰਨਾਂ ਜਨਰਲਾਂ ਨੂੰ ਮਾਤ ਦੇ ਦਿੱਤੀ। ਜਨਰਲ ਸੁਬੇਗ ਸਿੰਘ ਦੁਆਰਾ

ਸਿੱਖਿਅਤ ਅਤੇ ਤਾਇਨਾਤ ਰਖਵਾਲੇ ਸਿੰਘਾਂ ਨੇ ਇਨ੍ਹਾਂ ਨਵੇਂ ਗਾਰਡਾਂ ਦੀ ਵਾਢੀ ਪਾ ਦਿੱਤੀ। ਇਵੇਂ ਹਮਲਾਵਰਾਂ ਨੂੰ ਭਾਰੀ ਜਾਨੀ ਨੁਕਸਾਨ ਪਹੁੰਚਾ ਕੇ ਬਹਾਦਰ ਸਿੰਘਾਂ ਨੇ ਦੂਜਾ ਹੱਲਾ ਵੀ ਪਛਾੜ ਦਿੱਤਾ।

ਇਸ ਉਪਰੰਤ 200 ਕਮਾਂਡੋਆਂ ਅਤੇ ਲਗਭਗ ਇੰਨੇ ਹੀ ਗਾਰਡਾਂ ਵੱਲੋਂ ਕੀਤਾ ਗਿਆ ਤੀਜਾ ਹਮਲਾ ਕੁਝ ਹੱਦ ਤੱਕ ਸਫ਼ਲ ਹੋ ਗਿਆ, ਜਦੋਂ ਉਨ੍ਹਾਂ 'ਚੋਂ ਕੁਝ ਅਕਾਲ ਤਖ਼ਤ ਦੇ ਸਾਹਮਣੇ ਪਹੁੰਚ ਗਏ। ਪਰ ਜਿਉਂ ਹੀ ਉਹ ਅਕਾਲ ਤਖ਼ਤ ਅਤੇ ਦਰਸ਼ਨੀ ਡਿਓਢੀ ਵਿਚਾਲੇ ਵਿਹੜੇ ਵਿੱਚ ਪਹੁੰਚੇ ਤਾਂ ਉਹ ਅਕਾਲ ਤਖ਼ਤ ਦੇ ਅੰਦਰ ਟਿਕਾਣੇ ਬਣਾਈ ਬੈਠੇ ਰਾਖਿਆਂ ਦੇ ਦਸਤਿਆਂ ਨੇ ਭੁੰਨ ਸੁੱਟੇ। ਬਾਕੀ ਦੇ ਸੁਰੱਖਿਅਤ ਭੱਜ ਨਿਕਲੇ। ਇਹ ਕੰਪਲੈਕਸ ਦੇ ਮੁੱਖ-ਦੁਆਰ ਜਾਂ ਉੱਤਰੀ ਬਾਹੀ ਦੀ ਲੜਾਈ ਦਾ ਦ੍ਰਿਸ਼ ਸੀ।

ਮਦਰਾਸੀਆਂ ਨੂੰ ਸਰਾਂ (ਹੋਸਟਲ ਕੰਪਲੈਕਸ) ਵਾਲੇ ਪਾਸਿਉਂ ਦਰਬਾਰ ਸਾਹਿਬ ਸਮੂਹ 'ਚ ਦਾਖ਼ਲ ਹੋਣ ਦਾ ਹੁਕਮ ਦਿੱਤਾ ਗਿਆ ਸੀ ਪਰ ਉਹ ਪਰਕਰਮਾ ਦੇ ਨੇੜੇ-ਤੇੜੇ ਵੀ ਨਾ ਪਹੁੰਚ ਸਕੇ। ਉਹਨਾਂ ਨੂੰ ਦੱਖਣੀ ਬਾਹੀ ਵਾਲੇ ਪਾਸੇ ਤਾਇਨਾਤ ਹਲਕੇ ਹਥਿਆਰਾਂ ਨਾਲ ਲੈਸ ਸਿੱਖ ਰਾਖਿਆਂ ਦੇ ਦਸਤਿਆਂ ਨੇ ਬੁਰੀ ਤਰ੍ਹਾਂ ਮਾਰ ਮੁਕਾਇਆ। ਇਵੇਂ ਤਿੰਨਾਂ ਫ਼ੌਜੀ ਜਰਨੈਲਾਂ ਦੁਆਰਾ ਉੱਤਰੀ ਦਿਸ਼ਾ ਵੱਲੋਂ ਕਮਾਂਡੋਆਂ ਅਤੇ ਗਾਰਡਾਂ ਅਤੇ ਦੱਖਣੀ ਬਾਹੀ ਵੱਲੋਂ ਮਦਰਾਸੀਆਂ ਅਤੇ ਗੜ੍ਹਵਾਲੀਆਂ ਰਾਹੀਂ ਇਕੱਠਿਆਂ ਦਾਖ਼ਲਾ ਕਰਨ ਅਤੇ ਫਿਰ ਅਕਾਲ ਤਖ਼ਤ 'ਤੇ ਸਿੱਧੇ ਹਮਲੇ ਲਈ ਪੁਜ਼ੀਸ਼ਨਾਂ ਲੈਣ ਦੀ ਬਣਾਈ ਰਣਨੀਤੀ ਵੀ ਸਿੱਖ ਲੜਾਕੂਆਂ ਨੇ ਅਸਫ਼ਲ ਬਣਾ ਦਿੱਤੀ।

ਤਿੰਨਾਂ ਫ਼ੌਜੀ ਜਰਨੈਲਾਂ, ਸੁੰਦਰਜੀ, ਦਿਆਲ-ਜੀ ਅਤੇ ਬਰਾੜ-ਜੀ, ਜਿਨ੍ਹਾਂ ਇੰਦਰਾ ਗਾਂਧੀ ਕੋਲ ਸੰਤ ਭਿੰਡਰਾਂਵਾਲੇ ਨੂੰ ਦੋ ਘੰਟਿਆਂ ਦੇ ਅੰਦਰ-ਅੰਦਰ ਜਿੰਦਾ ਜਾਂ ਮੁਰਦਾ ਫੜ ਲੈਣ ਦੀਆਂ ਡੀਂਗਾਂ ਮਾਰੀਆਂ ਸਨ, ਦੀ ਫੂਕ ਨਿਕਲ ਗਈ। ਉਨ੍ਹਾਂ ਨੇ ਤਿੰਨ ਦਿਨ ਯਾਨੀ ਕਿ 72 ਘੰਟੇ ਖਚਿਤ ਕਰ ਦਿੱਤੇ ਸਨ ਪਰ ਅਜੇ ਉਹ ਨਿਸ਼ਾਨੇ ਦੇ ਨੇੜੇ-ਤੇੜੇ ਵੀ ਨਹੀਂ ਸਨ। ਉਹ ਮਾਯੂਸ ਅਤੇ ਨਿਰਾਸ਼ ਹੋ ਉੱਠੇ। ਇਹੀ ਹਾਲ ਰਾਜੀਵ ਗਾਂਧੀ, ਕੇ.ਪੀ. ਸਿੰਘ ਦਿਓ ਅਤੇ ਅਰੁਣ ਸਿੰਘ ਦਾ ਸੀ, ਜੋ ਦਿੱਲੀ ਵਿਚਲੇ ਕੰਟਰੋਲ ਰੂਮ ਵਿਖੇ ਕੋਈ "ਸ਼ੁਭ ਸਮਾਚਾਰ" ਸੁਣਨ ਦੀ ਤੀਬਰਤਾ ਨਾਲ ਉਡੀਕ ਕਰ ਰਹੇ ਸਨ। ਸ਼ਾਇਦ ਇੰਦਰਾ ਗਾਂਧੀ ਅਜਿਹੀ ਖ਼ਬਰ ਸੁਣਨ ਲਈ ਸਭ ਤੋਂ ਬੇਚੈਨ ਸੀ। ਉਸ ਨੇ ਆਪਣੇ ਜਨਰਲਾਂ ਨੂੰ ਹੋਰ ਸਮਾਂ ਗੁਆਏ ਬਿਨਾ, ਉਨ੍ਹਾਂ ਦੇ ਜ਼ਿੰਮੇ ਲਾਏ ਗਏ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਹੁਕਮ ਦੇ ਦਿੱਤਾ। ਪਰ ਇਹ ਕਰਨ ਨਾਲੋਂ ਕਹਿਣਾ ਸੌਖਾ ਸੀ। ਹੁਣ ਕ੍ਰੋਧਿਤ ਹੋਏ ਸੁੰਦਰਜੀ ਅਤੇ ਦਿਆਲ ਨੇ ਕਮਾਂਡੋਆਂ ਨੂੰ ਚੌਥਾ ਹੱਲਾ ਬੋਲਣ ਦਾ ਆਦੇਸ਼ ਦਿੱਤਾ। ਇਸ ਵਾਰ ਉਹਨੇ ਮਾਤ ਖਾਧੀ ਬੈਠੇ ਮਦਰਾਸੀਆਂ ਨੂੰ 7ਵੀਂ ਗੜ੍ਹਵਾਲ ਰਾਈਫਲਜ਼ ਦੀਆਂ ਦੋ ਹੋਰ ਕੰਪਨੀਆਂ ਦੀ ਕੁਮਕ ਦੇ ਕੇ ਉਨ੍ਹਾਂ ਦੀ ਕਮਾਨ ਬਰਾੜ ਨੂੰ ਸੌਂਪ ਦਿੱਤੀ। ਉਨ੍ਹਾਂ ਦਾ ਉਦੇਸ਼ ਦੱਖਣੀ ਦੁਆਰ ਵੱਲੋਂ ਦਰਬਾਰ ਸਾਹਿਬ ਸਮੂਹ 'ਚ ਜ਼ੋਰਦਾਰ ਢੰਗ ਨਾਲ ਦਾਖ਼ਲ ਹੋਣਾ ਸੀ, ਪਰ ਸਿੱਖ ਲੜਾਕਿਆਂ ਨੇ ਮਦਰਾਸੀਆਂ ਅਤੇ ਗੜ੍ਹਵਾਲੀਆਂ ਦਾ ਫ਼ੇਰ ਬੁਰੀ ਤਰ੍ਹਾਂ ਮੂੰਹ ਭੰਨਿਆ।

ਇੱਕ ਗਪੌੜੀਆ ਬ੍ਰਿਗੇਡੀਅਰ, ਏ.ਕੇ. ਦੀਵਾਨ, ਮਦਰਾਸੀਆਂ ਅਤੇ ਗੜ੍ਹਵਾਲੀਆਂ ਦੀ ਕਮਾਂਡ ਕਰ ਰਿਹਾ ਸੀ। ਆਪਣੇ ਫ਼ੌਜੀ ਜਵਾਨਾਂ ਦੇ ਦੰਦ ਖੱਟੇ ਹੁੰਦੇ ਦੇਖ ਕੇ ਉਸ ਨੇ ਬਰਾੜ ਨੂੰ ਆਪਣੇ ਸੈਨਿਕਾਂ ਲਈ ਹੋਰ ਕੁਮਕ ਭੇਜਣ ਲਈ ਕਿਹਾ, ਜਿਨ੍ਹਾਂ ਦਾ ਕਿ ਭਾਰੀ

ਜਾਨੀ ਨੁਕਸਾਨ ਹੋ ਚੁੱਕਾ ਸੀ। ਨਵੀਂ ਕੁਮਕ ਦੇ ਨਾਲ ਬਲਵਾਨ ਹੋਏ ਬ੍ਰਿਗੇਡੀਅਰ ਦੀਵਾਨ ਨੇ ਅਕਾਲ ਤਖ਼ਤ ਨੂੰ ਕਬਜ਼ੇ 'ਚ ਲੈਣ ਲਈ ਮੁੜ-ਮੁੜ ਕੇ ਕਈ ਹਮਲੇ ਕੀਤੇ ਪਰ ਹਰ ਵਾਰ ਉਸ ਦੀਆਂ ਫ਼ੌਜੀ ਟੁਕੜੀਆਂ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ ਗਿਆ। ਇਹ ਜਾਣ ਲੈਣ ਉਪਰੰਤ ਕਿ ਭਾਰਤੀ ਫ਼ੌਜ ਲਈ ਅਕਾਲ ਤਖ਼ਤ ਅਜਿੱਤ ਹੈ ਅਤੇ ਇਹ ਮਹਿਸੂਸ ਕਰਦਿਆਂ ਕਿ ਸੰਤ ਭਿੰਡਰਾਂਵਾਲੇ ਨੂੰ ਜਿੱਤਣਾ ਵੀ ਅਸੰਭਵ ਹੈ, ਬ੍ਰਿਗੇਡੀਅਰ ਦੀਵਾਨ ਨੇ ਅਕਾਲ ਤਖ਼ਤ ਨੂੰ ਉਡਾਉਣ ਲਈ ਜਨਰਲ ਬਰਾੜ ਤੋਂ ਵਿਜੰਤਾ ਟੈਂਕ ਉਪਯੋਗ ਕਰਨ ਦੀ ਇਜਾਜ਼ਤ ਮੰਗੀ। ਉਸ ਨੇ ਆਪਣੀ ਦਲੀਲ ਪੇਸ਼ ਕਰਦਿਆਂ ਕਿਹਾ ਕਿ ਜੇ ਉਸ ਨੂੰ ਜੰਗੀ ਟੈਂਕ ਵਰਤਣ ਦੀ ਆਗਿਆ ਨਾ ਦਿੱਤੀ ਗਈ ਤਾਂ ਮੈਦਾਨ-ਏ-ਜੰਗ ਵਿਚ ਘਿਰੇ ਹੋਏ ਉਸਦੇ ਫ਼ੌਜੀ ਜਵਾਨਾਂ ਦਾ ਭੋਗ ਪੈਂਦਿਆਂ ਭੋਰਾ ਦੇਰ ਨਹੀਂ ਲੱਗਣੀ ਕਿਉਂਕਿ ਉਹ ਸਿੱਖ ਜੁਝਾਰੂਆਂ ਸਾਹਮਣੇ ਬਲੀ ਦੇ ਬੱਕਰਿਆਂ ਤੋਂ ਵੱਧ ਕੁਝ ਨਹੀਂ ਸਨ।

ਇਥੇ ਇਸ ਗੱਲ ਨੂੰ ਧਿਆਨ 'ਚ ਰੱਖਣਾ ਬਹੁਤ ਤਰਕ ਸੰਗਤ ਹੈ ਕਿ ਭਾਰਤੀ ਫ਼ੌਜ ਦੇ ਸੈਨਿਕਾਂ ਨੂੰ ਬਾਰ-ਬਾਰ ਨਵੀਆਂ ਕੁਮਕਾਂ ਨਾਲ ਤਰੋ ਤਾਜ਼ਾ ਕੀਤਾ ਜਾ ਰਿਹਾ ਸੀ, ਜਿਨ੍ਹਾਂ ਨੂੰ ਕਿ ਜੀਵਨ ਦੀਆਂ ਸਾਰੀਆਂ ਸੁੱਖ-ਸਹੂਲਤਾਂ ਮੁਹੱਈਆ ਸਨ। ਉਹ ਸੰਸਾਰ ਵਿਚਲੇ ਨਫ਼ੀਸ ਤੋਂ ਨਫ਼ੀਸ ਹਥਿਆਰਾਂ ਨਾਲ ਵੀ ਲੈਸ ਸਨ। ਇਸ ਸਭ ਤੋਂ ਉੱਪਰ ਉਹ ਗਿਣਤੀ ਪੱਖੋਂ "ਸਿੱਖ ਰਾਖਿਆਂ" ਤੋਂ ਹਜ਼ਾਰਾਂ ਗੁਣਾਂ ਵੱਧ ਗਿਣਤੀ ਵਿਚ ਸਨ। ਤਾਂ ਵੀ ਮੁੱਠੀ ਭਰ 'ਜੰਗਜੂ ਸਿੰਘਾਂ' ਨੇ ਉਹਨਾਂ ਨੂੰ ਖੁੱਡੇ ਲਾਈ ਰੱਖਿਆ।

ਦੂਜੇ ਪਾਸੇ 'ਸਿੱਖ-ਰਾਖੇ' ਤਪਸ਼ ਮਾਰਦੀਆਂ ਇਮਾਰਤਾਂ ਅੰਦਰ ਘਿਰੇ ਹੋਏ ਸਨ ਅਤੇ ਉਹ ਵੀ ਝੁਲਸਵੀਂ ਗਰਮੀ 'ਚ, ਜਿਹੜੀ ਕਿ ਜੂਨ 1984 ਦੇ ਪਹਿਲੇ ਹਫ਼ਤੇ ਪੂਰੀ ਸਿਖ਼ਰ 'ਤੇ ਸੀ। ਉਹਨਾਂ ਕੋਲ ਖਾਣ ਲਈ ਭੁੱਜੇ ਹੋਏ ਦਾਣਿਆਂ ਅਤੇ ਪੀਣ ਲਈ ਆਪਣੇ ਪਸੀਨੇ ਤੋਂ ਛੁੱਟ ਹੋਰ ਕੁਝ ਨਹੀਂ ਸੀ। ਉਨ੍ਹਾਂ ਨੇ ਬਿਨਾ ਆਰਾਮ ਅਤੇ ਬਿਨਾ ਨੀਂਦ ਰਾਤਾਂ ਗੁਜ਼ਾਰੀਆਂ ਸਨ। ਉਹਨਾਂ ਕੋਲ ਫ਼ੌਜ ਵਾਂਗ ਆਪਣੀ ਸੈਨਿਕ ਸ਼ਕਤੀ ਨੂੰ ਵਧਾਉਣ ਲਈ ਨਵੀਆਂ ਕੁਮਕਾਂ ਵਾਸਤੇ ਕੋਈ ਬੰਦੋਬਸਤ ਨਹੀਂ ਸੀ। ਉਹਨਾਂ ਕੋਲ ਭਾਰਤੀ ਹਥਿਆਰਬੰਦ ਫ਼ੌਜਾਂ ਦੇ ਮੁਕਾਬਲੇ ਲਈ ਕੋਈ ਆਧੁਨਿਕ ਅਤੇ ਨਫ਼ੀਸ ਹਥਿਆਰ ਨਹੀਂ ਸਨ। ਉਹ 1 ਜੂਨ ਤੋਂ ਸੁੱਤੇ ਨਹੀਂ ਸਨ। ਅਜਿਹੇ ਹਾਲਾਤਾਂ ਵਿਚ ਆਮ ਮਨੁੱਖ ਦਾ ਅੱਕ-ਥੱਕ ਜਾਣਾ ਸੁਭਾਵਕ ਹੀ ਹੁੰਦਾ ਹੈ। ਪਰ ਉਹ ਆਮ ਮਨੁੱਖ ਨਹੀਂ ਸਨ, ਉਹ ਸੰਤ ਜਰਨੈਲ ਸਿੰਘ ਵਲੋਂ ਪੁਨਰ-ਸੁਰਜੀਤ ਅਤੇ ਪ੍ਰੇਰਿਤ ਕੀਤੇ ਅਤੇ ਜਨਰਲ ਸੁਬੇਗ ਸਿੰਘ ਵੱਲੋਂ ਸਿੱਖਿਅਤ ਕੀਤੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਸਨ। ਉਪਰੋਕਤ ਤਸੀਹਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਉਹ ਨਿਧੜਕ ਅਤੇ ਬਹਾਦਰ ਜੋਧਿਆਂ ਵਾਂਗ ਡਟੇ ਰਹੇ। ਉਹ ਨਿਡਰ ਅਤੇ ਅਹਿੱਲ ਰਹੇ। ਭਾਰੀ ਬੰਬਾਰੀ ਅਤੇ ਬੰਦੂਕਾਂ ਦੀ ਨਿਰੰਤਰ ਗੋਲੀਬਾਰੀ ਉਹਨਾਂ ਦਾ ਮਨੋਬਲ ਨਾ ਡੇਗ ਸਕੀ। ਜੇਕਰ ਉਹ ਵੀ ਭਾਰਤੀ ਫ਼ੌਜ ਦੀ ਤਰ੍ਹਾਂ ਹੀ ਵਿਜੰਤਾ ਟੈਂਕਾਂ, ਭਾਰੀ ਫ਼ੀਲਡ ਗੰਨਾਂ ਅਤੇ ਤੋਪਖਾਨੇ ਵਰਗੇ ਹਥਿਆਰਾਂ ਨਾਲ ਲੈਸ ਹੁੰਦੇ ਤਾਂ ਇਸ ਜੰਗ ਦਾ ਨਤੀਜਾ ਕੀ ਹੋਣਾ ਸੀ? ਅਜਿਹੀ ਸੂਰਤ ਵਿਚ ਅਵੱਸ਼ ਹੀ ਲੜਾਕੂ ਸਿੰਘਾਂ ਨੇ ਭਾਰਤੀ ਫ਼ੌਜ ਨੂੰ ਜਮਨਾ ਨਦੀ ਤੋਂ ਪਾਰ ਭਜਾਉਣ ਤੱਕ ਪਿੱਛਾ ਕਰਨਾ ਸੀ। ਇਸੇ ਕਾਰਨ ਹੀ ਜਨਰਲ ਬਰਾੜ ਨੇ ਬੜੇ ਦੁੱਖ ਭਰੇ ਲਹਿਜੇ ਨਾਲ ਲੈਫ. ਜਨ. ਸੁੰਦਰਜੀ ਕੋਲ ਆਪਣੇ ਲੜਾਈ ਲੜ ਰਹੇ ਸੈਨਿਕਾਂ ਦੀ ਨਿਰਾਸ਼ਾਜਨਕ ਹਾਲਤ ਦੀ ਦੁਹਾਈ ਪਾਈ ਕਿ :

"ਪੈਦਲ ਫ਼ੌਜ ਦੇ ਮਾਰੇ ਜਾਣ ਦਾ ਖਤਰਾ ਹੈ। ਇਕੱਲੀ ਪਿਆਦਾ ਫ਼ੌਜ ਲਈ ਇਸ ਕਾਰਜ ਨੂੰ ਜਾਰੀ ਰੱਖਣਾ ਨਾਮੁਮਕਿਨ ਹੈ। ਮੈਨੂੰ ਟੈਂਕ ਮੰਗਵਾ ਕੇ ਅਕਾਲ ਤਖ਼ਤ 'ਤੇ ਬੰਬਾਰੀ ਕਰਕੇ ਉਸ ਨੂੰ ਉਡਾਉਣ ਦੀ ਆਗਿਆ ਦਿੱਤੀ ਜਾਵੇ।"

ਸੁੰਦਰਜੀ ਨੇ ਦਿੱਲੀ ਸੰਪਰਕ ਕੀਤਾ ਜਿਥੇ ਕਿ ਇਸ ਲੜਾਈ 'ਤੇ ਲਗਾਤਾਰ ਨਜ਼ਰ ਰੱਖਣ ਲਈ ਕੰਟਰੋਲ ਰੂਪ ਸਥਾਪਤ ਕੀਤਾ ਗਿਆ ਸੀ। ਉਪ ਰੱਖਿਆ ਮੰਤਰੀ ਕੇ.ਪੀ. ਸਿੰਘ ਦਿਓ ਅਤੇ ਅਰੁਣ ਸਿੰਘ ਉਥੇ, ਰਾਜੀਵ ਗਾਂਧੀ, ਜੋ ਕਿ ਅਪ੍ਰੇਸ਼ਨ ਨੀਲਾ ਤਾਰਾ ਦੇ ਸੰਚਾਲਨ ਲਈ ਸਮੁੱਚੇ ਰੂਪ 'ਚ ਇੰਚਾਰਜ ਸੀ, ਦੀ ਸਹਾਇਤਾ ਹਿਤ ਮੌਜੂਦ ਸਨ। ਰਾਜੀਵ ਗਾਂਧੀ ਨੇ ਅੱਗੋਂ ਆਪਣੀ ਮਾਂ ਇੰਦਰਾ ਗਾਂਧੀ ਨਾਲ ਵਿਚਾਰ ਕੀਤੀ ਅਤੇ ਉਸ ਨੇ ਫ਼ੌਜ ਦੇ ਮੁਖੀ ਏ.ਐਸ. ਵੈਦਯਾ ਨੂੰ ਬੁਲਾ ਲਿਆ। ਝਟਪਟ ਫ਼ੈਸਲਾ ਕੀਤਾ ਗਿਆ ਅਤੇ ਸੁੰਦਰਜੀ ਨੂੰ ਆਗਿਆ ਦਿੱਤੀ ਗਈ ਕਿ ਸੰਤ ਭਿੰਡਰਾਂਵਾਲੇ ਨੂੰ ਕਾਬੂ ਕਰਨ ਲਈ ਜੋ ਵੀ ਹਥਿਆਰ ਕਾਰਗਰ ਹੋਣ, ਵਰਤੋਂ 'ਚ ਲਿਆਂਦੇ ਜਾਣ। ਇਸ ਹੁਕਮ ਵਿੱਚ ਇਥੋਂ ਤੱਕ ਵੀ ਖੁੱਲ੍ਹ ਦਿੱਤੀ ਗਈ ਕਿ ਜੇ ਮੁੱਖ ਜੰਗੀ ਟੈਂਕ ਵਿਜੰਤਾ ਮਿਥੇ ਨਿਸ਼ਾਨੇ ਨੂੰ ਪ੍ਰਾਪਤ ਨਾ ਕਰ ਸਕਣ ਤਾਂ ਅਕਾਲ ਤਖ਼ਤ ਨੂੰ ਉਡਾਉਣ ਲਈ ਹਵਾਈ ਬੰਬਾਰੀ ਲਈ ਜੈੱਟ ਜਹਾਜ਼ ਵਰਤ ਲਏ ਜਾਣ।

ਹਾਲਾਂ ਇੰਦਰਾ ਗਾਂਧੀ ਵੱਲੋਂ ਅੰਤਮ ਹੁਕਮ ਪ੍ਰਾਪਤ ਨਹੀਂ ਸਨ ਹੋਏ ਤਾਂ ਵੀ, ਪਹਿਲਾਂ ਹੀ, ਸੱਤ ਵਿਜੰਤਾ ਟੈਂਕ ਦਰਬਾਰ ਸਾਹਿਬ ਸਮੂਹ ਅੰਦਰ ਤਾਇਨਾਤ ਕਰ ਦਿੱਤੇ ਗਏ ਸਨ। ਜਿਉਂ ਹੀ ਜਨਰਲ ਬਰਾੜ ਨੂੰ ਉਸਦੀ ਇੱਛਾ ਅਨੁਸਾਰ "ਅੱਗੇ ਵਧਣ" ਦਾ ਹੁਕਮ ਮਿਲਿਆ ਉਸਨੇ ਟੈਂਕ ਚਾਲਕਾਂ ਨੂੰ ਅਕਾਲ ਤਖ਼ਤ 'ਤੇ ਬੰਬ ਵਰ੍ਹਾਉਣ ਦਾ ਆਦੇਸ਼ ਦੇ ਦਿੱਤਾ।

105 ਐਮ.ਐਮ. ਦੀਆਂ ਗੰਨਾਂ ਬੀੜੀ ਵਿਜੰਤਾ ਟੈਂਕਾਂ ਨੇ ਅਕਾਲ ਤਖ਼ਤ 'ਤੇ ਸੈਂਕੜੇ ਭਾਰੀ ਵਿਸਫ਼ੋਟਕ ਨੋਕਦਾਰ ਛੇਦਕ-ਸਿਰੇ ਵਾਲੇ ਗੋਲੇ ਦਾਗੇ ਅਤੇ 5-6 ਜੂਨ, 1984 ਦੀ ਦਰਮਿਆਨੀ ਰਾਤ ਨੂੰ ਸਿੱਖ ਪ੍ਰਭੁਤਾ ਦੇ ਸਰਵਉੱਚ ਕੇਂਦਰ ਇਸ ਪਵਿੱਤਰ ਅਸਥਾਨ ਨੂੰ ਛਹਿ-ਛੇਰੀ ਕਰ ਦਿੱਤਾ। ਅਕਾਲ ਤਖ਼ਤ ਦਾ ਸਾਹਮਣਾ ਪਾਸਾ ਪੂਰੇ ਦਾ ਪੂਰਾ ਤਬਾਹ ਹੋ ਗਿਆ ਅਤੇ ਮਸ੍ਹਾਂ ਇਕ ਥੰਮ੍ਹ ਹੀ ਖੜੋਤਾ ਰਹਿ ਗਿਆ। ਨਾਲ ਲਗਦੀਆਂ ਇਮਾਰਤਾਂ 'ਤੇ ਵੀ ਬੰਬਾਰੀ ਕੀਤੀ ਗਈ। ਅਤੇ ਮਿੱਟੀ 'ਚ ਮਿਲਾ ਦਿੱਤੀਆਂ ਗਈਆਂ। 'ਦਰਸ਼ਨੀ ਡਿਓਢੀ' ਅਤੇ 'ਤੋਸ਼ਾਖਾਨਾ' ਤੱਕ ਵੀ ਤਬਾਹ ਕਰ ਦਿੱਤੇ ਗਏ।

ਇਸ ਦੇ ਨਾਲ ਨਾਲ ਹੀ ਕੇ. ਸੁੰਦਰਜੀ ਦੀ ਕਮਾਂਡ ਹੇਠ ਹੋਸਟਲ ਸਮੂਹ ਵਿਚ ਕਾਰਵਾਈ ਕੀਤੀ ਜਾ ਰਹੀ ਸੀ ਜਿਥੇ ਕਿ ਗੱਦਾਰ ਹਰਚੰਦ ਸਿੰਘ ਲੌਂਗੋਵਾਲ ਅਤੇ ਉਸਦੇ ਕਾਇਰ ਝੋਲੀ-ਚੁੱਕ ਲੁਕੇ ਬੈਠੇ ਸਨ। ਇਸ ਕਾਰਵਾਈ ਦਾ ਮੁੱਖ ਉਦੇਸ਼ ਲੌਂਗੋਵਾਲ ਅਤੇ ਗੁਰਚਰਨ ਸਿੰਘ ਟੌਹੜਾ ਦੀ ਸਲਾਮਤੀ ਨੂੰ ਯਕੀਨੀ ਬਣਾਉਣਾ ਅਤੇ ਉਹਨਾਂ ਨੂੰ ਸੁਰੱਖਿਅਤ ਬਾਹਰ ਕੱਢਣਾ ਸੀ। ਦਰਬਾਰ ਸਾਹਿਬ ਸਮੂਹ ਅੰਦਰ ਨਾਲੋ-ਨਾਲ ਦੋਹੀਂ ਪਾਸੀਂ ਚੱਲ ਰਹੀ ਕਾਰਵਾਈ ਦੇ ਉਦੇਸ਼ਾਂ ਵਿਚਲਾ ਅੰਤਰ ਪ੍ਰਤੱਖ ਸੀ। ਅਕਾਲ ਤਖ਼ਤ 'ਤੇ ਕੀਤੀ ਗਈ ਫ਼ੌਜੀ ਕਾਰਵਾਈ ਦਾ ਮੁੱਖ ਮੰਤਵ ਸੰਤ ਭਿੰਡਰਾਂਵਾਲੇ ਦੀ ਸਰੀਰਕ ਤੌਰ 'ਤੇ ਮੌਤ ਨੂੰ ਯਕੀਨੀ ਬਣਾਉਣਾ ਸੀ ਜਦੋਂ ਕਿ ਦੂਜੀ ਕਾਰਵਾਈ ਦਾ ਮੰਤਵ ਲੌਂਗੋਵਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸੀ। ਭਾਰਤ ਸਰਕਾਰ ਦੀ ਇਸ ਕਾਰਵਾਈ ਨੇ ਨਿਰਸੰਦੇਹ ਇਹ

ਸਾਬਤ ਕਰ ਦਿੱਤਾ ਕਿ ਲੌਂਗੋਵਾਲ ਕਾਂਗਰਸ ਸਰਕਾਰ ਦੇ ਏਜੰਟ ਦੇ ਤੌਰ 'ਤੇ ਕੰਮ ਕਰ ਰਿਹਾ ਸੀ ਜਦੋਂ ਕਿ ਸੰਤ ਭਿੰਡਰਾਂਵਾਲਾ ਬਹਾਦਰੀ ਨਾਲ ਦਰਬਾਰ ਸਾਹਿਬ ਸਮੂਹ ਦੀ ਰਾਖੀ ਕਰ ਰਿਹਾ ਸੀ ਅਤੇ ਇਸ ਤਰ੍ਹਾਂ ਉਸ ਨੂੰ ਭਾਰਤ ਸਰਕਾਰ ਦਾ ਦੁਸ਼ਮਣ ਮਿਥਿਆ ਗਿਆ ਸੀ।

ਹੋਸਟਲ ਕੰਪਲੈਕਸ ਦੇ ਮੁੱਖ ਦੁਆਰ 'ਤੇ ਮਜ਼ਬੂਤੀ ਨਾਲ ਸੁਰੱਖਿਆ ਪ੍ਰਦਾਨ ਕਰ ਰਹੇ ਲੋਹੇ ਦੇ ਗੇਟ ਕਿਉਂਕਿ ਹੋਸਟਲ ਕੰਪਲੈਕਸ 'ਚ ਦਾਖਲ ਹੋਣ ਵਿੱਚ ਰੁਕਾਵਟ ਬਣ ਰਹੇ ਸਨ, ਇਸ ਲਈ ਫ਼ੌਜ ਨੂੰ ਗੇਟ ਤੋੜਨ ਲਈ ਜੰਗੀ ਟੈਂਕ ਲਿਆਉਣਾ ਪਿਆ। ਲੋਹ-ਗੇਟ ਭੰਨਣ ਉਪਰੰਤ ਬਖ਼ਤਰਬੰਦ ਗੱਡੀਆਂ ਅੰਦਰ ਲਿਆਂਦੀਆਂ ਗਈਆਂ ਅਤੇ ਦੋਹਾਂ ਕੰਪਲੈਕਸਾਂ ਵਿਚਾਲੜੀ ਸੜਕ 'ਤੇ ਤਾਇਨਾਤ ਕਰ ਦਿੱਤੀਆਂ ਗਈਆਂ। ਇਨ੍ਹਾਂ ਦੇ ਪਿੱਛੇ ਹੀ 9ਵੀਂ ਕਮਾਊਂ ਬਟਾਲੀਅਨ ਦੀ ਫ਼ੌਜ ਅਤੇ ਕਮਾਂਡੋ ਜਿਨ੍ਹਾਂ ਨੇ ਜ਼ਰਾ-ਬਖ਼ਤਰ (ਬੁਲਟ ਪਰੂਫ ਜਾਕਟਾਂ) ਪਹਿਨੇ ਹੋਏ ਸਨ, ਦਾਖ਼ਲ ਹੋ ਗਏ। ਦਾਖ਼ਲ ਹੁੰਦਿਆਂ ਸਾਰ ਹੀ ਫ਼ੌਜ ਸੜਕ ਦੇ ਦੋਹਾਂ ਪਾਸਿਆਂ ਦੀਆਂ ਛੱਤਾਂ ਤੋਂ ਜ਼ਬਰਦਸਤ ਫ਼ਾਇਰਿੰਗ ਦੀ ਮਾਰ ਹੇਠ ਆ ਗਈ। ਪਰ ਇਹ ਟਾਕਰਾ ਓਨਾ ਸਖ਼ਤ ਨਹੀਂ ਸੀ ਜਿੰਨਾ ਕਿ ਫ਼ੌਜ ਨੂੰ ਦਰਬਾਰ ਸਾਹਿਬ ਸਮੂਹ ਅੰਦਰ ਸਹਿਣਾ ਪਿਆ ਸੀ। ਇਸ ਲਈ ਫ਼ੌਜ ਹੋਸਟਲ ਕੰਪਲੈਕਸ ਅੰਦਰ ਦਾਖ਼ਲ ਹੋਣ ਵਿੱਚ ਸਫ਼ਲ ਹੋ ਗਈ, ਜਿਥੇ ਕਿ ਤੇਜਾ ਸਿੰਘ ਸਮੁੰਦਰੀ ਹਾਲ 'ਚ ਸਿੱਖ ਪੰਥ ਦਾ ਗੱਦਾਰ ਲੌਂਗੋਵਾਲ ਆਪਣੇ ਲੁਫੰਗੇ ਸਾਥੀਆਂ ਸਮੇਤ ਗੁਰਚਰਨ ਸਿੰਘ ਟੌਹੜਾ ਦੇ ਦਫ਼ਤਰ ਵਿੱਚ ਸਿਮਟਿਆ ਹੋਇਆ ਸੀ। ਜਦੋਂ ਕਮਾਂਡੋ ਇਸ ਦਫ਼ਤਰ 'ਚ ਦਾਖ਼ਲ ਹੋਏ ਤਾਂ ਉਥੇ ਲੁਕੇ ਸਾਰੇ ਵਿਅਕਤੀਆਂ ਨੇ ਬਿਨਾ ਕਿਸੇ ਹੀਲ-ਹੁੱਜਤ ਬਾਹਵਾਂ ਖੜ੍ਹੀਆਂ ਕਰਕੇ ਆਤਮ-ਸਮਰਪਣ ਕਰ ਦਿੱਤਾ। ਇਹਨਾਂ ਵਿਚ ਹਰਚੰਦ ਸਿੰਘ ਲੌਂਗਵਾਲ, ਗੁਰਚਰਨ ਸਿੰਘ ਟੌਹੜਾ, ਭਾਨ ਸਿੰਘ, ਬਲਵੰਤ ਸਿੰਘ ਰਾਮੂਵਾਲੀਆ ਅਤੇ ਐਸ.ਜੀ.ਪੀ.ਸੀ. ਦਾ ਸਹਾਇਕ ਸਕੱਤਰ ਅਬਿਨਾਸ਼ੀ ਸਿੰਘ ਸ਼ਾਮਲ ਸਨ। ਲੌਂਗੋਵਾਲ ਅਤੇ ਟੌਹੜਾ ਵੱਲੋਂ ਬਾਹਵਾਂ ਖੜ੍ਹੀਆਂ ਕਰਕੇ ਆਤਮ-ਸਮਰਪਣ ਕਰਨ ਵਾਲੇ ਤੱਥ ਦੀ ਪੁਸ਼ਟੀ ਮੈਂ ਮਗਰੋਂ ਅਬਿਨਾਸ਼ੀ ਸਿੰਘ ਅਤੇ ਨਾਜਰ ਸਿੰਘ, ਜੋ ਟੌਹੜਾ ਦਾ ਨਿੱਜੀ ਅੰਗ-ਰੱਖਿਅਕ ਸੀ ਅਤੇ ਜੋ ਇਤਫ਼ਾਕੀਆ ਹੀ ਮੈਨੂੰ ਅਗਸਤ 1984 'ਚ ਲੁਧਿਆਣਾ ਜੇਲ੍ਹ 'ਚ ਮਿਲਿਆ, ਤੋਂ ਵੀ ਕਰ ਲਈ।

ਨਾਜਰ ਸਿੰਘ ਨੇ ਮੈਨੂੰ ਟੌਹੜਾ ਦੀਆਂ 2 ਜੂਨ ਤੋਂ 5 ਜੂਨ, 1984 ਅਤੇ 6 ਜੂਨ ਦੇ ਤੜਕੇ 2 ਵਜੇ ਉਹਦੇ ਵੱਲੋਂ ਆਤਮ-ਸਮਰਪਣ ਕਰਨ ਤੱਕ ਦੀਆਂ ਗਤੀਵਿਧੀਆਂ ਦੀ ਸਾਰੀ ਕਹਾਣੀ ਦੱਸੀ। ਇਥੇ ਹੀ ਗੁਰੂ ਰਾਮ ਦਾਸ ਸਰਾਂ ਵਿੱਚ ਸੰਤ ਭਿੰਡਰਾਂਵਾਲੇ ਦਾ ਮੁੱਖ ਸਲਾਹਕਾਰ ਹਰਮਿੰਦਰ ਸਿੰਘ ਸੰਧੂ ਵੀ ਕੁਝ ਹੋਰ ਸਾਥੀਆਂ ਸਮੇਤ ਫ਼ੌਜ ਦੇ ਕਾਬੂ ਆ ਗਿਆ। ਮੈਨੂੰ ਇਹ ਵੀ ਪਤਾ ਚੱਲਿਆ ਕਿ ਲੌਂਗੋਵਾਲ ਜੁੰਡਲੀ ਵੱਲੋਂ ਇਥੇ ਇਨ੍ਹਾਂ ਨੂੰ ਫ਼ੌਜ ਕੋਲੋਂ ਮਰਵਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਕਿਉਂਕਿ ਗ੍ਰਿਫ਼ਤਾਰੀ ਉਪਰੰਤ ਲੌਂਗੋਵਾਲ ਹੁਰਾਂ ਨੂੰ ਵੀ 6 ਜੂਨ ਦੀ ਸਵੇਰ 5-6 ਵਜੇ ਦੇ ਦਰਮਿਆਨ ਗੁਰੂ ਰਾਮਦਾਸ ਸਰਾਂ ਦੀ ਤੇਜਾ ਸਿੰਘ ਸਮੁੰਦਰੀ ਹਾਲ ਨਾਲ ਲੱਗਦੀ ਬਾਹੀ ਵਾਲੇ ਬਰਾਂਡੇ ਵਿੱਚ ਲਿਆ ਕੇ ਬਿਠਾਇਆ ਗਿਆ ਸੀ ਜਿਥੇ ਕਿ ਕੁਝ ਹੋਰ ਆਮ ਸਿੱਖ ਯਾਤਰੀ ਅਤੇ ਸੰਤ ਭਿੰਡਰਾਂਵਾਲੇ ਦੇ ਉਪਰੋਕਤ ਸਾਥੀ ਵੀ ਮੌਜੂਦ ਸਨ।

ਆਤਮ-ਸਮਰਪਣ ਉਪਰੰਤ ਟੌਹੜਾ ਅਤੇ ਲੌਂਗੋਵਾਲ ਨੂੰ 6 ਜੂਨ ਦੀ ਸਵੇਰ ਬਾਕੀਆਂ

ਨਾਲੋਂ ਅਲਹਿਦਾ ਕਰਕੇ ਸੁਰੱਖਿਅਤ ਜਗ੍ਹਾ ਲੈ ਜਾਇਆ ਗਿਆ। ਗ੍ਰਿਫ਼ਤ ਵਿੱਚ ਆਏ ਬਾਕੀ ਦੇ ਲੋਕ ਪਿੱਛੇ ਰਹਿ ਗਏ। ਉਹਨਾਂ ਨੂੰ ਗੁਰੂ ਰਾਮ ਦਾਸ ਸਰਾਂ ਦੇ ਅੰਦਰਲੇ ਅਹਾਤੇ ਵਿੱਚ ਬਿਠਾ ਦਿੱਤਾ ਗਿਆ ਅਤੇ ਅਚਾਨਕ ਉਨ੍ਹਾਂ ਉੱਪਰ ਗੋਲੀ ਚਲਾ ਦਿੱਤੀ ਗਈ ਅਤੇ ਹੱਥ-ਗੋਲਾ ਵੀ ਸੁੱਟਿਆ ਗਿਆ। ਇਥੇ ਘੱਟੋ-ਘੱਟ 70 ਸਿੱਖਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਕੁਝ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਨਾਜਰ ਸਿੰਘ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਕਿ ਫ਼ੌਜ ਨੇ ਗੋਲੀ ਚਲਾ ਕੇ 70 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਕਈ ਹੋਰਨਾਂ ਨੂੰ ਜ਼ਖਮੀ ਕੀਤਾ ਸੀ। ਖ਼ੁਦ ਉਸ ਨੂੰ ਵੀ ਗੋਲੀਆਂ ਨਾਲ ਦੋ ਜ਼ਖ਼ਮ ਆਏ-ਇਕ ਲੱਤ ਵਿੱਚ ਅਤੇ ਦੂਜਾ ਬਾਂਹ ਦੇ ਉਪਰਲੇ ਹਿੱਸੇ ਵਿੱਚ।

ਇਥੇ ਇਹ ਦਿਲਚਸਪ ਘਟਨਾ ਜ਼ਿਕਰਯੋਗ ਹੈ ਕਿ ਗੁਰਚਰਨ ਸਿੰਘ ਦਫ਼ਤਰ ਸਕੱਤਰ ਅਤੇ ਸੰਤ ਭਿੰਡਰਾਂਵਾਲੇ ਦਾ ਇੱਕ ਕੱਟੜ ਵਿਰੋਧੀ ਬੱਗਾ ਸਿੰਘ ਫ਼ੌਜ ਦੀ ਗੋਲੀ ਨਾਲ ਨਹੀਂ ਸਨ ਮਰੇ। ਉਨ੍ਹਾਂ ਨੂੰ ਸੰਤ ਭਿੰਡਰਾਂਵਾਲੇ ਦੇ ਸਮਰਥਕਾਂ ਨੇ ਗੋਲੀਆਂ ਨਾਲ ਮਾਰ ਮੁਕਾਇਆ। ਇਵੇਂ ਦੋਹਾਂ ਗੱਦਾਰਾਂ ਨੂੰ ਸਜ਼ਾ ਮਿਲ ਗਈ।

ਇਥੇ ਇਹ ਬੜਾ ਦੁੱਖਦਾਇਕ ਹੈ ਕਿ ਲੌਂਗੋਵਾਲ ਨੇ ਮੰਜੀ ਸਾਹਿਬ, ਅੰਮ੍ਰਿਤਸਰ ਵਿਖੇ ਬਾਰ ਬਾਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਇਹ ਸਹੁੰ ਖਾਧੀ ਸੀ ਕਿ ਉਹ ਦਰਬਾਰ ਸਾਹਿਬ ਸਮੂਹ 'ਤੇ ਫ਼ੌਜੀ ਹਮਲਾ ਹੋਣ 'ਤੇ ਇਸ ਦੀ ਰਾਖੀ ਕਰੇਗਾ ਪ੍ਰੰਤੂ ਜਦੋਂ ਇਸ ਪਵਿੱਤਰ ਅਸਥਾਨ 'ਤੇ ਅਸਲੀਅਤ ਵਿੱਚ ਹਮਲਾ ਹੋਇਆ ਤਾਂ ਉਹ ਬਿਨਾ ਕਿਸੇ ਹੀਲ-ਹੁੱਜਤ ਦੇ ਆਪਣੇ ਹੀ ਲੋਕਾਂ ਦੀਆਂ ਲਾਸ਼ਾਂ ਉਤੋਂ ਲੰਘ ਗਿਆ। ਇਵੇਂ 5 ਜੂਨ, 1984 ਦੀ ਕਾਲੀ-ਬੋਲੀ ਤੇ ਭਿਅੰਕਰ ਰਾਤ ਦਾ ਅੰਤ ਹੋਇਆ।

## 6 ਜੂਨ

ਲੋਅ ਲੱਗਣ ਉਪਰੰਤ ਦਿਨ ਚੜ੍ਹਦੇ ਤੱਕ ਵਿਜੇਤਾ ਟੈਂਕ ਅਕਾਲ ਤਖ਼ਤ ਨੂੰ ਮਲੀਆਮੇਟ ਕਰਨੋਂ ਰੁਕ ਗਏ ਅਤੇ ਇਸ ਦੇ ਨਾਲ ਹੀ ਅਕਾਲ ਤਖ਼ਤ ਦੇ ਅੰਦਰੋਂ ਰੁਕ-ਰੁਕ ਕੇ ਕਦੇ-ਕਦਾਈਂ ਹੋ ਰਹੀ ਗੋਲੀਬਾਰੀ ਵੀ ਰੁਕ ਗਈ ਕਿਉਂਕਿ ਜੁਝਾਰੂਆਂ ਵੱਲੋਂ ਸਥਾਪਤ ਟਿਕਾਣੇ ਭਾਰੀ ਬੰਬਾਰੀ ਨਾਲ ਖ਼ਦੇੜ ਦਿੱਤੇ ਗਏ ਸਨ।

ਭਾਰਤ ਸਰਕਾਰ ਵੱਲੋਂ ਪੰਜਾਬ ਅੰਦੋਲਨ ਸੰਬੰਧੀ ਪ੍ਰਕਾਸ਼ਤ ਕੀਤੇ ਗਏ "ਵਾਈਟ (ਝੂਠੇ) ਪੇਪਰ" ਦੇ ਪੈਰ੍ਹਾ 28 ਵਿੱਚ ਇਹ ਦਰਜ ਕੀਤਾ ਗਿਆ ਹੈ ਕਿ 6 ਜੂਨ ਨੂੰ ਬਾਅਦ ਦੁਪਹਿਰ 12.30 ਵਜੇ ਤੱਕ ਫ਼ੌਜ ਨੇ ਅਕਾਲ ਤਖ਼ਤ 'ਤੇ ਕਬਜ਼ਾ ਕਰ ਲਿਆ ਸੀ ਅਤੇ ਕੇਵਲ ਹੇਠਲੀ ਮੰਜ਼ਲ ਅਤੇ ਤਹਿਖਾਨੇ 'ਤੇ ਕਬਜ਼ਾ ਕਰਨਾ ਅਜੇ ਬਾਕੀ ਸੀ।" ਫਿਰ ਪੈਰ੍ਹਾ 30 ਵਿੱਚ ਲਿਖਿਆ ਹੈ ਕਿ "ਅਕਾਲ ਤਖ਼ਤ ਦੀ ਹੇਠਲੀ ਮੰਜ਼ਲ ਅਤੇ ਤਹਿਖ਼ਾਨੇ ਤੋਂ ਲਗਾਤਾਰ ਜਾਰੀ ਮੁਕਾਬਲੇ ਨੂੰ 6-7 ਜੂਨ ਦੀ ਦਰਮਿਆਨੀ ਰਾਤ ਨੂੰ ਠੱਲ੍ਹਿਆ ਗਿਆ।" ਇਹ ਕਥਨ ਮੌਕੇ ਦੇ ਚਸ਼ਮਦੀਦ ਗਵਾਹਾਂ ਵੱਲੋਂ ਦਿੱਤੇ ਗਏ ਅਸਲ ਵੇਰਵੇ ਤੋਂ ਬਿਲਕੁਲ ਉਲਟ ਹੈ। ਇਹ ਕਥਨ ਵੀ ਚਸ਼ਮਦੀਦਾ ਗਵਾਹਾਂ ਵੱਲੋਂ ਦਰਸਾਈ ਹਕੀਕਤ ਤੋਂ ਉਲਟ ਹੈ ਕਿ ਸੰਤ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਦੀਆਂ ਮ੍ਰਿਤਕ ਦੇਹਾਂ 7 ਜੂਨ ਨੂੰ ਹੇਠਲੀ ਮੰਜ਼ਲ ਤੋਂ ਲੱਭੀਆਂ ਸਨ।

ਦਰਬਾਰ ਸਾਹਿਬ ਦਾ ਸੇਵਾਦਾਰ ਹਰੀ ਸਿੰਘ 30 ਹੋਰ ਵਿਅਕਤੀਆਂ ਨਾਲ ਕੋਠਾ ਸਾਹਿਬ ਵਿਖੇ ਲੁਕਿਆ ਹੋਇਆ ਸੀ, ਜਿਥੇ ਗੁਰੂ ਗ੍ਰੰਥ ਸਾਹਿਬ ਦਾ ਰੋਜ਼ਾਨਾ ਰਾਤ ਨੂੰ

ਅਮਰ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਮ੍ਰਿਤਕ ਦੇਹ।



"ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 579)



ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਅਤੇ ਆਪਣੇ ਕਰੀਬੀ ਸਾਥੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜਨ: ਸਕੱਤਰ ਭਾਈ ਹਰਮਿੰਦਰ ਸਿੰਘ ਸੰਧੂ ਨਾਲ ਸਿੱਖ-ਬੁੱਧੀਜੀਵੀ ਕਨਵੈਨਸ਼ਨ ਨੂੰ ਸੰਬੋਧਨ ਕਰਨ ਉਪਰੰਤ ਗੁਰੂ ਰਾਮ ਦਾਸ ਲੰਗਰ ਬਿਲਡਿੰਗ 'ਚੋਂ ਬਾਹਰ ਆਉਂਦੇ ਹੋਏ।

ਮਰਿਆਦਾ ਅਨੁਸਾਰ ਸੁੱਖ-ਆਸਨ ਕੀਤਾ ਜਾਂਦਾ ਹੈ। ਇਹ ਵੀ ਕ੍ਰਿਸ਼ਮਾ ਹੀ ਸੀ ਕਿ ਭਾਰੀ ਬੰਬਾਰੀ ਦੇ ਬਾਵਜੂਦ ਵੀ ਕੋਠਾ ਸਾਹਿਬ ਨੂੰ ਮੁਕਾਬਲਤਨ ਮਾਮੂਲੀ ਨੁਕਸਾਨ ਪੁੱਜਾ ਸੀ ਹਾਲਾਂ ਕਿ ਇਹ ਅਕਾਲ ਤਖ਼ਤ ਦੇ ਸਾਹਮਣੇ ਹਿੱਸੇ 'ਚ ਸਥਿਤ ਹੈ। ਹਰੀ ਸਿੰਘ ਦੱਸਦਾ ਹੈ ਕਿ 6 ਜੂਨ ਨੂੰ ਸਵੇਰੇ ਕਰੀਬ 7.30 ਵਜੇ ਭਾਈ ਅਮਰੀਕ ਸਿੰਘ ਕੋਠਾ ਸਾਹਿਬ 'ਚ ਦਾਖ਼ਲ ਹੋਏ ਅਤੇ ਉਹਨਾਂ ਨੂੰ (ਹਰੀ ਸਿੰਘ ਆਦਿ ਨੂੰ) ਇਹ ਜਗ੍ਹਾ ਛੱਡ ਜਾਣ ਲਈ ਕਿਹਾ ਕਿਉਂਕਿ ਹੁਣ ਉਹ (ਜੁਝਾਰੂ ਰਾਖੇ) ਭਾਰਤੀ ਫ਼ੌਜ ਵੱਲੋਂ ਅੰਦਰ ਲਿਆਂਦੇ ਗਏ ਟੈਂਕਾ ਦੀ ਭਾਰੀ ਬੰਬਾਰੀ ਦਾ ਢੁਕਵਾਂ ਮੁਕਾਬਲਾ ਨਹੀਂ ਸੀ ਕਰ ਸਕਦੇ। ਇਸ ਤੋਂ ਕੁਝ ਹੀ ਮਿੰਟਾਂ ਬਾਅਦ ਸੰਤ ਭਿੰਡਰਾਂਵਾਲਾ ਕਰੀਬ ਚਾਲੀ ਕੁ ਸਾਥੀਆਂ ਸਮੇਤ ਕੋਠਾ ਸਾਹਿਬ ਵਾਲੇ ਕਮਰੇ 'ਚ ਦਾਖ਼ਲ ਹੋਏ। ਸੰਤ ਨੇ ਅਕਾਲ ਤਖ਼ਤ ਦੇ ਸਨਮੁਖ ਅਰਦਾਸ ਕੀਤੀ ਅਤੇ ਫਿਰ ਆਪਣੇ ਸਾਥੀਆਂ ਨੂੰ ਸੰਬੋਧਨ ਕੀਤਾ, "ਜੋ ਸ਼ਹੀਦੀ ਪਾਉਣਾ ਚਾਹੁੰਦੇ ਹਨ ਉਹ ਮੇਰੇ ਨਾਲ ਰਹਿ ਸਕਦੇ ਹਨ ਅਤੇ ਬਾਕੀ ਅਕਾਲ ਤਖ਼ਤ ਤੋਂ ਜਾ ਸਕਦੇ ਹਨ।"

ਜਦੋਂ ਸੰਤ ਭਿੰਡਰਾਂਵਾਲਾ ਕਮਰੇ ਤੋਂ ਬਾਹਰ ਨਿਕਲਿਆ ਤਾਂ ਉਸ ਦੇ ਚਾਲੀ ਸਾਥੀ ਉਸਦੇ ਪਿੱਛੇ ਹੋ ਤੁਰੇ। ਭਾਈ ਅਮਰੀਕ ਸਿੰਘ ਵੀ ਉਨ੍ਹਾਂ 'ਚੋਂ ਇਕ ਸੀ। ਉਹਨਾਂ 'ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗੱਜਾਇਆ ਅਤੇ ਫ਼ੌਜ ਉੱਪਰ ਟੁੱਟ ਪੈਣ ਦੇ ਇਰਾਦੇ ਨਾਲ ਧੁੱਸ ਦਿੱਤੀ ਅਕਾਲ ਤਖ਼ਤ ਤੋਂ ਬਾਹਰ ਨਿਕਲੇ। ਅਕਾਲ ਤਖ਼ਤ 'ਤੇ ਤਿੱਖੀ ਨਿਗਾਹ ਰੱਖ ਰਹੀ ਫ਼ੌਜ ਨੇ ਉਨ੍ਹਾਂ 'ਤੇ ਮਸ਼ੀਨ ਗੰਨਾਂ ਦੇ ਬਰਸਟਾਂ ਨਾਲ ਗੋਲੀਆਂ ਦੀ ਬੁਛਾੜ ਕਰ ਦਿੱਤੀ। ਉਨ੍ਹਾਂ 'ਚੋਂ ਕਈਆਂ ਨੂੰ ਗੋਲੀਆਂ ਲੱਗੀਆਂ ਅਤੇ ਸ਼ਹੀਦ ਹੋ ਗਏ। ਇਨ੍ਹਾਂ ਸ਼ਹੀਦਾਂ 'ਚ ਹੀ ਭਾਈ ਅਮਰੀਕ ਸਿੰਘ ਸ਼ਾਮਲ ਸੀ। ਫਿਰ ਮਸ਼ੀਨਗੰਨਾਂ ਦੀ ਇੱਕ ਹੋਰ ਬੁਛਾੜ ਹੋਈ ਅਤੇ ਦਰਜਨ ਕੁ ਹੋਰਨਾਂ ਦੀ ਜਾਨ ਲੈ ਗਈ। ਬਾਕੀ ਦੇ ਖਾੜਕੂ ਬਚ ਨਿਕਲੇ ਅਤੇ ਦਰਬਾਰ ਸਾਹਿਬ ਦੇ ਇੱਕ ਗ੍ਰੰਥੀ ਭਾਈ ਪ੍ਰੀਤਮ ਸਿੰਘ ਦੇ ਘਰ 'ਚ ਜਾ ਵੜੇ। ਉਸਦਾ ਘਰ ਅਕਾਲ ਤਖ਼ਤ ਦੇ ਪਿਛਵਾੜੇ ਸਥਿਤ ਸੀ। ਸੰਤ ਭਿੰਡਰਾਂਵਾਲੇ ਦੇ ਬਚ ਨਿਕਲੇ ਇਹਨਾਂ ਦਰਜਨ ਕੁ ਸਾਥੀਆਂ ਨੇ ਆਪਣੇ ਰਿਵਾਇਤੀ ਕੱਪੜੇ (ਚੋਗੇ/ਚੋਲੇ) ਬਦਲ ਲਏ ਅਤੇ ਪੈਂਟਾਂ ਕਮੀਜ਼ਾਂ ਪਹਿਨ ਕੇ ਉਥੋਂ ਖਿਸਕ ਗਏ।

ਉਨ੍ਹਾਂ ਭਾਈ ਪ੍ਰੀਤਮ ਸਿੰਘ, ਜੋ ਉੱਥੇ ਹੀ ਲੁਕਿਆ ਹੋਇਆ ਸੀ, ਨੂੰ ਦੱਸਿਆ ਕਿ ਭਾਈ ਅਮਰੀਕ ਸਿੰਘ ਨੇ ਸ਼ਹਾਦਤ ਪ੍ਰਾਪਤ ਕਰ ਲਈ ਹੈ। ਪਰ ਉਹਨਾਂ ਇਹ ਵੀ ਦਾਅਵਾ ਕੀਤਾ ਕਿ ਗੋਲੀਆਂ ਲੱਗਣ ਵਾਲਿਆਂ ਵਿੱਚ ਸੰਤ ਭਿੰਡਰਾਂਵਾਲੇ ਸ਼ਾਮਲ ਨਹੀਂ ਸਨ। ਸੰਤ ਭਿੰਡਰਾਂਵਾਲੇ ਦੇ ਕੁਝ ਜੋਸ਼ੀਲੇ ਸਾਥੀਆਂ ਨੇ ਬੜੇ ਫ਼ਖ਼ਰ ਨਾਲ ਕਿਹਾ ਕਿ ਜੇ ਉਹਨਾਂ ਨੇ ਸੰਤਾਂ ਨੂੰ ਜ਼ਖ਼ਮੀ ਹੁੰਦੇ ਜਾਂ ਸ਼ਹੀਦ ਹੁੰਦੇ ਦੇਖਿਆ ਹੁੰਦਾ ਤਾਂ ਉਹ ਉਸ ਜਗ੍ਹਾ ਨੂੰ ਕਦੇ ਵੀ ਨਾ ਛੱਡ ਕੇ ਆਉਂਦੇ ਅਤੇ ਉੱਥੇ ਮਰ ਜਾਣ ਨੂੰ ਹੀ ਪਹਿਲ ਦਿੰਦੇ। ਸੰਤ ਭਿੰਡਰਾਂਵਾਲਾ ਕਿੱਥੇ ਅਲੋਪ ਹੋ ਗਿਆ? ਇਹਦੇ ਬਾਰੇ ਉਹਨਾਂ ਨੂੰ ਕੁਝ ਪਤਾ ਨਹੀਂ ਸੀ। ਅਕਾਲ ਤਖ਼ਤ ਦੇ ਦੁਆਲੇ ਗੋਲੀਬਾਰੀ ਅਤੇ ਭਾਰੀ ਬੰਬਾਰੀ ਕਾਰਨ ਸੰਘਣਾ ਧੂੰਆਂ ਪਸਰਿਆ ਹੋਇਆ ਸੀ। ਉਨ੍ਹਾਂ ਵੇਰਵਾ ਦਿੰਦਿਆਂ ਕਿਹਾ ਕਿ ਇਸ ਸੰਘਣੇ ਧੂੰਏ ਕਾਰਨ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਇਸ ਲਈ ਉਹ ਸੰਤ ਸਮੇਤ ਕੁਝ ਵੀ ਨਹੀਂ ਦੇਖ ਸਕੇ।

## ਹਉਕਿਆਂ ਦੀ ਦਾਸਤਾਨ

ਖ਼ੈਰ, ਇਹ ਇੱਕ ਹਕੀਕੀ ਤੱਥ ਹੈ ਕਿ 6 ਜੂਨ ਨੂੰ ਫ਼ੌਜ ਦਾ ਦੋਹਾਂ ਕੰਪਲੈਕਸਾਂ 'ਤੇ

ਪੂਰਨ ਕਬਜ਼ਾ ਹੋ ਚੁੱਕਾ ਸੀ। ਮੇਜਰ ਜਨਰਲ ਬਰਾੜ, ਜੋ ਕਿ ਕੰਪਲੈਕਸ ਦੇ ਅੰਦਰ ਮੌਜੂਦ ਸੀ, ਨੇ ਗੁੱਸੇ ਵਿਚ ਆਏ ਹੋਏ ਅਤੇ ਖ਼ੂਨ ਦੇ ਪਿਆਸੇ ਫ਼ੌਜੀਆਂ ਨੂੰ ਪ੍ਰਕਰਮਾ ਵਿੱਚ ਸਥਿਤ ਕਮਰਿਆਂ ਅਤੇ ਨਾਲ ਲਗਦੀਆਂ ਇਮਾਰਤਾਂ ਦੀ ਤਲਾਸ਼ੀ ਲੈਣ ਦਾ ਹੁਕਮ ਦਿੱਤਾ। ਫ਼ੌਜੀ ਵਹਿਸ਼ੀ ਅਤੇ ਜਨੂੰਨੀ ਹੋ ਉੱਠੇ ਅਤੇ ਉਨ੍ਹਾਂ ਨੇ ਕਮਰਿਆਂ ਵਿੱਚ ਹੱਥ-ਗੋਲੇ ਸੁੱਟ ਕੇ ਅੰਦਰ ਮੌਜੂਦ ਵਿਅਕਤੀਆਂ ਨੂੰ ਉਡਾ ਦਿੱਤਾ। ਜਿਹੜੇ ਕਮਰੇ ਅੰਦਰੋਂ ਬੰਦ ਸਨ ਉਹ ਮਸ਼ੀਨਗੰਨਾਂ ਦੀਆਂ ਗੋਲੀਆਂ ਮਾਰ ਕੇ ਖੋਲ੍ਹੇ ਗਏ ਅਤੇ ਉੱਥੇ ਮੌਜੂਦ ਸਿੱਖ ਯਾਤਰੀਆਂ ਨੂੰ ਗੋਲੀ ਮਾਰ ਦਿੱਤੀ ਗਈ। ਜਿਹੜੇ ਸਿੱਖ ਹੋਸਟਲ ਕੰਪਲੈਕਸ ਸਮੇਤ ਹੋਰਨਾਂ ਇਮਾਰਤਾਂ 'ਚੋਂ ਕਾਬੂ ਕੀਤੇ ਗਏ ਜਾਂ ਆਤਮ-ਸਮਰਪਣ ਕਰ ਗਏ ਉਹਨਾਂ ਨੂੰ ਲਾਈਨ 'ਚ ਖੜ੍ਹੇ ਕਰਕੇ ਗੋਲੀ ਮਾਰ ਦਿੱਤੀ ਗਈ। ਫ਼ੌਜ ਦੇ ਕਹਿਰ ਦਾ ਸ਼ਿਕਾਰ ਹੋਣ ਵਾਲੇ ਨਿਰਦੋਸ਼ ਉਹ ਸ਼ਰਧਾਲੂ ਸਨ ਜੋ ਉਸ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਆਏ ਸਨ ਜਿਨ੍ਹਾਂ ਨੇ ਬੜੇ ਚਾਵਾਂ ਨਾਲ ਸਰੋਵਰ ਦਰਮਿਆਨ ਇਹ ਪਵਿੱਤਰ ਅਸਥਾਨ ਉਸਾਰਿਆ ਸੀ। ਫ਼ੌਜ ਨੇ ਬੱਚਿਆਂ ਅਤੇ ਔਰਤਾਂ ਤੱਕ ਨੂੰ ਵੀ ਬੇਰਹਿਮੀ ਨਾਲ ਕਤਲ ਕੀਤਾ। ਜਿੰਦਾ ਬਚੇ ਕੁਝ ਲੋਕਾਂ ਨੇ ਮੈਨੂੰ ਦੱਸਿਆ ਕਿ ਜਵਾਨ ਔਰਤਾਂ ਅਤੇ ਲੜਕੀਆਂ ਨਾਲ ਫ਼ੌਜ ਨੇ ਜਬਰ-ਜ਼ਨਾਹ ਕੀਤਾ ਅਤੇ ਇਹਨਾਂ 'ਚੋਂ ਕੁਝ ਨੂੰ ਮਾਰ ਦਿੱਤਾ। ਤਾਂ ਵੀ ਕੁਝ ਜਿੰਦਾ ਬਚ ਗਈਆਂ ਅਤੇ ਉਹਨਾਂ ਆਪਣੀਆਂ ਦਰਦਨਾਕ ਹੱਡਬੀਤੀਆਂ ਸੁਣਾਈਆਂ। ਇਕ 20ਕੁ ਸਾਲ ਦੀ ਜਵਾਨ ਔਰਤ, ਜੋ ਲੁਧਿਆਣਾ ਦੀ ਸੈਂਟਰਲ ਜੇਲ੍ਹ 'ਚ ਬੰਦ ਸੀ, ਨੇ ਮੈਨੂੰ ਦਹਿਸ਼ਤ ਦੀ ਇੱਕ ਦਿਲ-ਕੰਬਾਊ ਵਿਥਿਆ ਸੁਣਾਈ। ਉਸ ਦੇ ਪਤੀ ਨੇ ਇੱਕ ਨਵਾਂ ਟਰੱਕ ਖ਼ਰੀਦਿਆ ਸੀ। ਦੋ ਕੁ ਮਹੀਨੇ ਪਹਿਲਾਂ ਉਹਨਾਂ ਦੇ ਘਰ ਇੱਕ ਲੜਕਾ ਵੀ ਜਨਮਿਆ ਸੀ। ਇਸ ਲਈ ਉਸਦਾ ਪਤੀ ਆਪਣੀ ਦਾਦੀ ਸਮੇਤ ਸਾਰੇ ਪਰਿਵਾਰ ਨੂੰ ਦਰਬਾਰ ਸਾਹਿਬ ਮੱਥਾ ਟੇਕਣ ਲਈ ਲੈ ਗਿਆ। ਉਹ ਗਿਣਤੀ 'ਚ 14 ਜਣੇ ਸਨ। ਇਸ ਜਵਾਨ ਔਰਤ ਅਤੇ 80 ਕੁ ਸਾਲਾਂ ਦੀ ਦਾਦੀ ਤੋਂ ਛੁੱਟ ਬਾਕੀ ਸਭ ਨੂੰ ਖ਼ੂੰਖ਼ਾਰ ਫ਼ੌਜੀਆਂ ਨੇ ਗੋਲੀ ਮਾਰ ਦਿੱਤੀ। ਉਸ ਦੇ 2 ਮਹੀਨੇ ਦੇ ਬੱਚੇ ਨੂੰ ਵੀ ਉਸਦੀ ਗੋਦ ਵਿੱਚ ਹੀ ਗੋਲੀ ਲੱਗ ਗਈ। ਉਸ ਨਾਲ ਵੀ ਜ਼ਬਰਦਸਤੀ ਕੀਤੀ ਗਈ ਅਤੇ ਫ਼ਿਰ ਫ਼ੌਜੀ ਕੈਂਪ ਵਿਚ ਲੈ ਜਾਇਆ ਗਿਆ। ਇਕ ਹੋਰ ਸ਼ਾਦੀ ਸ਼ੁਦਾ ਲੜਕੀ, ਜੋ ਲੁਧਿਆਣਾ ਜੇਲ੍ਹ 'ਚ ਹੀ ਸੀ, ਨਾਲ ਫ਼ੌਜੀਆਂ ਨੇ ਸਮੂਹਕ ਤੌਰ 'ਤੇ ਮੂੰਹ ਕਾਲਾ ਕੀਤਾ।

ਵਹਿਸ਼ਤ ਦੀ ਇੱਕ ਹੋਰ ਦਿਲ ਦਹਿਲਾਉਣ ਵਾਲੀ ਹੱਡ-ਬੀਤੀ ਖ਼ਾਲਸਾ ਸਕੂਲ, ਪਾਉਂਟਾ ਸਾਹਿਬ ਦੀ ਇੱਕ ਸਿੱਖ ਅਧਿਆਪਕਾ ਨੇ ਸੁਣਾਈ। ਉਹ ਅਤੇ ਉਸਦੇ ਦੋ ਅਧਿਆਪਕ ਸਾਥੀ (ਇੱਕ ਮਰਦ ਤੇ ਇੱਕ ਔਰਤ), ਛੇ ਤੋਂ ਚੌਦਾਂ ਸਾਲ ਦੀ ਉਮਰ ਤੱਕ ਦੇ 65 ਬੱਚੇ ਲੈ ਕੇ ਬੱਸ ਰਾਹੀਂ 2 ਜੂਨ, 1984 ਨੂੰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਦਰਬਾਰ ਸਾਹਿਬ ਸਮੂਹ 'ਚ ਆਏ ਸਨ। ਫ਼ੌਜ ਵਲੋਂ ਸਖ਼ਤ ਕਰਫ਼ਿਊ ਲਾਏ ਜਾਣ ਕਾਰਨ ਉਹ ਉੱਥੇ ਘਿਰ ਗਏ। ਬਚ ਨਿਕਲਣ ਦਾ ਕੋਈ ਵੀ ਰਸਤਾ ਨਾ ਹੋਣ ਕਾਰਨ ਉਹ ਗੁਰੂ ਰਾਮਦਾਸ ਸਰਾਂ ਦੇ ਹਾਲ ਕਮਰੇ 'ਚ ਘੁਸੜ ਗਏ। ਖ਼ੂਨ ਦੇ ਤਿਹਾਏ ਫ਼ੌਜੀ ਭੇੜੀਆਂ ਨੇ ਮਰਦ ਅਧਿਆਪਕ ਦੇ ਨਾਲ 33 ਬੱਚਿਆਂ ਨੂੰ 5 ਅਤੇ 6 ਜੂਨ ਵਿਚਾਲੜੀ ਰਾਤ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। ਬਾਕੀ ਦੇ ਪਤਾ ਨਹੀਂ ਕਿਵੇਂ ਗੋਲੀਆਂ ਦੀ ਮਾਰ ਤੋਂ ਚਮਤਕਾਰੀ ਤਰੀਕੇ ਨਾਲ ਬਚ ਗਏ। ਇਹ ਜਵਾਨ ਅਧਿਕਾਪਕਾ, ਜਿਸਨੇ ਲੁਧਿਆਣਾ

ਜੇਲ੍ਹ 'ਚ ਮੈਨੂੰ ਇਹ ਖ਼ੌਫ਼ਨਾਕ ਕਹਾਣੀ ਸੁਣਾਈ, ਨਾਲ ਫੌਜੀਆਂ ਨੇ ਮੂੰਹ ਕਾਲਾ ਕੀਤਾ ਅਤੇ ਉਸ ਦੀ ਸਾਥਣ ਅਧਿਆਪਕਾ ਨੂੰ ਅਣਦੱਸੀ ਥਾਂ 'ਤੇ ਲੈ ਗਏ। ਮੈਂ ਜਿੰਦਾ ਬਚੇ ਨਾਜ਼ੁਕ ਉਮਰ ਦੇ 32 ਬੱਚਿਆਂ ਨੂੰ ਜੇਲ੍ਹ 'ਚ ਮਿਲਿਆ ਅਤੇ ਦੇਖਿਆ ਕਿ ਉਹ ਬਹੁਤ ਦਹਿਸ਼ਤ-ਜ਼ਦਾ ਸਨ ਅਤੇ ਹਾਲੇ ਵੀ ਸਹਿਮੇ ਹੋਏ ਲੱਗਦੇ ਸਨ। ਮੈਂ ਵਹਿਸ਼ਤ ਦੀ ਇਹ ਭਿਅੰਕਰ ਅਤੇ ਖ਼ੌਫ਼ਨਾਕ ਕਹਾਣੀ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਮੈਂ ਕਦੇ ਕਿਆਸ ਵੀ ਨਹੀਂ ਸੀ ਕਰ ਸਕਦਾ ਕਿ ਭਾਰਤੀ ਫ਼ੌਜ ਇੰਨੀ ਨਿਰਦਈ, ਇੰਨੀ ਜ਼ਾਲਮ, ਇੰਨੀ ਰਾਖਸ਼ੀ ਅਤੇ ਇੰਨੀ ਚਰਿਤਰਹੀਣ ਹੋ ਸਕਦੀ ਹੈ।

ਮੈਂ ਇਸ ਮਾਮਲੇ ਦੀ ਸੂਚਨਾ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੂੰ ਦਿੱਤੀ ਅਤੇ ਉਸ ਨੂੰ ਇਹ ਗੱਲ ਜਚਾਉਣੀ ਚਾਹੀ ਕਿ ਇਹ ਮਾਸੂਮ ਬੱਚੇ, ਜੋ ਭਿਆਨਕ ਸਦਮੇ 'ਚੋਂ ਗੁਜ਼ਰੇ ਹਨ, ਤੁਰੰਤ ਜੇਲ੍ਹ 'ਚੋਂ ਰਿਹਾਅ ਕਰ ਦੇਣੇ ਚਾਹੀਦੇ ਹਨ। ਪਰ ਉਸ ਨੇ ਇਹ ਕਹਿ ਕੇ ਆਪਣੀ ਅਸਮਰੱਥਾ ਜਾਹਰ ਕਰ ਦਿੱਤੀ ਕਿ ਫ਼ੌਜ ਉਹਨਾਂ ਨੂੰ ਰਿਹਾਅ ਕਰਨ ਦੇ ਰੌਂਅ ਵਿੱਚ ਨਹੀਂ। ਫਿਰ ਮੈਂ ਖ਼ੁਦ, ਪੰਜਾਬ ਸਰਕਾਰ ਦੇ ਵਿਸ਼ੇਸ਼ ਮੈਜਿਸਟਰੇਟ ਦੀ ਹੈਸੀਅਤ 'ਚ ਰਾਜ ਸਰਕਾਰ ਵੱਲੋਂ ਹੰਗਾਮੀ ਹਾਲਾਤਾਂ ਦੌਰਾਨ ਪੰਜਾਬ ਦੇ ਵਿਭਿੰਨ ਜ਼ਿਲ੍ਹਿਆਂ ਨਾਲ ਸੰਬੰਧਤ ਨਜ਼ਰਬੰਦਾਂ ਨਾਲ ਨਜਿੱਠਣ ਲਈ ਮੈਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਕੇ, ਇਹਨਾਂ ਨੂੰ ਰਿਹਾਅ ਕਰਨ ਲਈ ਡੀ.ਸੀ. ਤੋਂ ਇਜਾਜ਼ਤ ਮੰਗੀ ਪਰ ਉਹ ਮੈਨੂੰ ਰਸਮੀ ਸਹਿਮਤੀ ਦੇਣ ਤੋਂ ਝਿਜਕਦਾ ਸੀ। ਇਸ ਤੋਂ ਬਾਅਦ ਕੁਝ ਨੇਕ-ਦਿਲ ਵਕੀਲਾਂ ਨੇ ਸੁਪਰੀਮ ਕੋਰਟ ਵਿੱਚ ਸਰਕਾਰ ਵੱਲੋਂ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਵਿਰੁੱਧ ਪਟੀਸ਼ਨ ਦਾਇਰ ਕਰ ਦਿੱਤੀ। ਸੁਪਰੀਮ ਕੋਰਟ ਨੇ ਪਟੀਸ਼ਨ ਨੂੰ ਸਵਿਕਾਰ ਕਰ ਲਿਆ ਅਤੇ ਇਹਨਾਂ ਮਾਸੂਮ ਬੱਚਿਆਂ ਦੀ ਤੁਰੰਤ ਰਿਹਾਈ ਦਾ ਹੁਕਮ ਦਿੱਤਾ। ਤਾਂ ਕਿਤੇ ਜਾ ਕੇ ਇਹਨਾਂ ਦੀ ਰਿਹਾਈ ਹੋਈ।

ਕੀ ਨਾਜ਼ੁਕ ਉਮਰ ਦੇ ਇਹ ਮਾਸੂਮ ਬੱਚੇ ਅੱਤਵਾਦੀ ਅਤੇ ਦਹਿਸ਼ਤਵਾਦੀ ਸਨ?

ਜਦੋਂ 6 ਜੂਨ ਦੀ ਸ਼ਾਮ ਬਾਅਦ ਦੁਪਹਿਰ ਨੂੰ ਦੋ ਘੰਟੇ ਲਈ ਕਰਫ਼ਿਊ ਹਟਾਇਆ ਗਿਆ ਤਾਂ ਸੈਂਕੜੇ ਯਾਤਰੀ ਜੋ ਸਰਾਵਾਂ ਅਤੇ ਨਾਲ ਜੁੜਵੀਆਂ ਹੋਰ ਇਮਾਰਤਾਂ 'ਚ ਲੁਕੇ ਬੈਠੇ ਸਨ, ਆਪੋ-ਆਪਣੇ ਟਿਕਾਣਿਆਂ ਲਈ ਰਵਾਨਾ ਹੋਣ ਵਾਸਤੇ ਬਾਹਰ ਨਿਕਲ ਆਏ। ਪਰ ਇਹਨਾਂ ਸਾਰਿਆਂ ਨੂੰ ਫ਼ੌਜ ਨੇ ਗ੍ਰਿਫ਼ਤਾਰ ਕਰ ਲਿਆ। ਉਹਨਾਂ ਦੇ ਹੱਥ ਉਹਨਾਂ ਦੀਆਂ ਪੱਗਾਂ ਨਾਲ ਪਿੱਛੇ ਬੰਨ੍ਹ ਦਿੱਤੇ ਗਏ ਅਤੇ ਉਹਨਾਂ ਨੂੰ ਲਾਇਬ੍ਰੇਰੀ ਬਿਲਡਿੰਗ ਵਾਲੇ ਪਾਸੇ ਲਿਜਾਇਆ ਗਿਆ। ਉਥੇ ਉਹਨਾਂ ਨੂੰ ਅੰਧਾਧੁੰਦ ਗੋਲੀਆਂ ਮਾਰ ਦਿੱਤੀਆਂ ਗਈਆਂ। ਰਾਖਸ਼ੀ ਫ਼ੌਜ ਵੱਲੋਂ ਇਹ ਕਤਲੋ-ਗਾਰਤ ਦਾ ਦੌਰ 7 ਜੂਨ ਤੱਕ ਜਾਰੀ ਰਿਹਾ।

ਭਾਰਤੀ ਫ਼ੌਜ ਨੇ ਹੋਸਟਲ ਕੰਪਲੈਕਸ ਦੇ ਕਮਰਿਆਂ ਅਤੇ ਹਾਲਾਂ ਵਿੱਚ ਅੱਗ-ਲਾਊ ਬੰਬ ਸੁੱਟੇ ਅਤੇ ਉਨ੍ਹਾਂ 'ਚ ਮੌਜੂਦ ਸਭ ਵਿਅਕਤੀਆਂ ਨੂੰ ਮਾਰ ਸੁੱਟਿਆ। ਇਸ ਬੰਬਾਰੀ ਦੀ ਪ੍ਰਚੰਡਤਾ ਦਾ ਪ੍ਰਗਟਾਵਾ ਝੁਲਸੀਆਂ, ਧੁਆਂਖੀਆਂ ਅਤੇ ਵਿੰਗੀਆਂ ਟੇਢੀਆਂ ਹੋਈਆਂ ਲੋਹੇ ਦੀਆਂ ਅਲਮਾਰੀਆਂ ਅਤੇ ਲੋਹੇ ਦੇ ਫ਼ਰਨੀਚਰ ਅਤੇ ਹੋਰ ਸਮਾਨ ਆਦਿਕ ਤੱਥਾਂ ਤੋਂ ਹੁੰਦਾ ਹੈ। ਬੰਬਾਂ ਦੀ ਅੱਗ ਨਾਲ ਛੱਤਾਂ ਤੇ ਟੰਗੇ ਹੋਏ ਪੱਖੇ ਤੱਕ ਵੀ ਝੁਲਸ ਕੇ ਕੋਲਾ ਹੋ ਗਏ ਸਨ ਅਤੇ ਉਹਨਾਂ ਦੇ ਖੰਭ ਵਿੰਗੇ-ਟੇਢੇ ਹੋਏ ਪਏ ਸਨ।

ਅਕਾਲ ਤਖ਼ਤ ਦੇ ਪਿਛਵਾੜੇ ਸਥਿਤ ਬਹੁ-ਮੰਜ਼ਲੀਆਂ ਇਮਾਰਤਾਂ ਉੱਤੇ ਕੀਤੀ

ਗਈ ਬੰਬਾਰੀ ਇੰਨੀ ਪ੍ਰਚੰਡ ਸੀ ਕਿ ਇਹ ਸਾਰੀਆਂ ਬਿਲਡਿੰਗਾਂ ਮਿੱਟੀ 'ਚ ਮਿਲ ਗਈਆਂ। ਭਾਰੀ ਅਤੇ ਪ੍ਰਚੰਡ ਬੰਬਾਰੀ ਦਾ ਸਬੂਤ ਮਲਬੇ 'ਚ ਡਿੱਗੇ ਹੋਏ ਲੋਹੇ ਦੇ ਭਾਰੀ ਗਾਡਰਾਂ ਤੋਂ ਮਿਲ ਰਿਹਾ ਸੀ, ਜੋ ਵਿੰਗੇ ਹੋਏ ਪਏ ਸਨ। ਮੈਂ ਚਾਰ-ਚੁਫ਼ੇਰੇ ਹੋਈ ਇਸ ਭਿਆਨਕ ਤਬਾਹੀ ਦਾ ਖ਼ੌਫ਼ਨਾਕ ਦ੍ਰਿਸ਼, ਅਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ 17 ਜੂਨ, 1984 ਨੂੰ ਅੱਖੀਂ ਦੇਖਿਆ।

ਫ਼ੌਜੀ ਜਨਰਲਾਂ ਨੇ ਇਹ ਬਿਲਕੁਲ ਝੂਠ ਬੋਲਿਆ ਸੀ ਕਿ ਉਨ੍ਹਾਂ ਦਰਬਾਰ ਸਾਹਿਬ ਉੱਪਰ ਇੱਕ ਵੀ ਗੋਲੀ ਨਹੀਂ ਚਲਾਈ। ਮੈਂ ਖ਼ੁਦ ਦਰਬਾਰ ਸਾਹਿਬ ਦੇ ਅੰਦਰ-ਬਾਹਰ ਬੰਦੂਕਾਂ ਦੀਆਂ ਗੋਲੀਆਂ ਕਾਰਨ ਪਏ 250 ਮਘੋਰੇ ਗਿਣੇ। ਦਰਅਸਲ, ਦਰਬਾਰ ਸਾਹਿਬ ਸਮੂਹ ਦੇ ਅੰਦਰ ਕੋਈ ਵੀ ਅਜਿਹੀ ਇਮਾਰਤ ਜਾਂ ਕਮਰਾ ਨਹੀਂ ਸੀ ਜਿਸ 'ਤੇ ਗੋਲੀਆਂ ਨਾਲ ਮਘੋਰੇ ਨਾ ਪੈ ਗਏ ਹੋਣ।

ਅਕਾਲ ਤਖ਼ਤ ਦੀ ਤਬਾਹੀ ਖ਼ਾਲਸਾ ਪੰਥ ਦੀ ਇੱਛਾ-ਸ਼ਕਤੀ ਅਤੇ ਜੋਸ਼ ਨੂੰ ਤਹਿਸ-ਨਹਿਸ ਕਰਨ ਦਾ ਹੀ ਯਤਨ ਸੀ ਅਤੇ ਅਕਾਲ ਤਖ਼ਤ 'ਤੇ ਵਰ੍ਹਾਈ ਹਰੇਕ ਗੋਲੀ ਨੇ ਖਾਲਸਾ ਪੰਥ ਦੇ ਹਰੇਕ ਮੈਂਬਰ ਦੇ ਮਨ ਨੂੰ ਜ਼ਖ਼ਮੀ ਕੀਤਾ। ਮੁੱਕਦੀ ਗੱਲ ਕਿ ਲੌਂਗੋਵਾਲ, ਬਲਵੰਤ ਸਿੰਘ ਅਤੇ ਅਜਿਹੇ ਹੋਰ ਗੱਦਾਰਾਂ ਤੋਂ ਛੁੱਟ ਪੂਰੀ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਗਏ।

### 7 ਜੂਨ

ਫ਼ੌਜ ਦੀ ਮੁੱਖ ਕਾਰਵਾਈ 7 ਜੂਨ ਦੀ ਸਵੇਰ ਨੂੰ ਸਮਾਪਤ ਹੋ ਗਈ। ਅਨਮੋਲ ਇਤਿਹਾਸਕ ਲਿਖਤਾਂ, ਸਿੱਖ ਗੁਰੂ ਸਾਹਿਬਾਨਾਂ ਦੀਆਂ ਹੱਥ-ਲਿਖਤਾਂ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਸਮੇਤ ਹੋਰ ਧਾਰਮਿਕ ਗ੍ਰੰਥਾਂ ਨੂੰ ਸੁਰੱਖਿਅਤ ਸੰਭਾਲੀ ਬੈਠੀ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਇਮਾਰਤ ਨੂੰ ਫ਼ੌਜ ਵੱਲੋਂ ਅੱਗ ਲਾਉਣ ਦੇ ਨਾਲ ਦਿਨ ਦਾ ਚੜ੍ਹਾਅ ਸ਼ੁਰੂ ਹੋਇਆ। ਫ਼ੌਜ ਨੇ 7 ਜੂਨ ਨੂੰ ਗਿਣੀ-ਮਿਥੀ ਸਾਜ਼ਿਸ਼ ਤਹਿਤ ਲਾਇਬ੍ਰੇਰੀ ਨੂੰ ਅੱਗ ਲਗਾਈ। ਇਹ ਕੋਰਾ ਝੂਠ ਹੈ ਕਿ ਇਹ ਅੱਗ ਜੁਝਾਰੂ ਸਿੱਖਾਂ ਅਤੇ ਫ਼ੌਜ ਦਰਮਿਆਨ ਹੋਈ ਦੁਵੱਲੀ ਫ਼ਾਇਰਿੰਗ ਦੌਰਾਨ ਦੁਰਘਟਨਾ ਪੂਰਵਕ ਲੱਗੀ ਸੀ ਅਤੇ ਇਹ ਹੋਰ ਵੀ ਹਾਸੋਹੀਣਾ ਅਤੇ ਅਸ਼ਲੀਲ ਝੂਠ ਹੈ ਕਿ ਜਦੋਂ ਭਾਰਤੀ ਫ਼ੌਜ ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਤਾਂ ਸਿੱਖ ਜੁਝਾਰੂਆਂ ਨੇ ਉਨ੍ਹਾਂ ਉੱਪਰ ਫਾਇਰਿੰਗ ਕਰਕੇ ਉਨ੍ਹਾਂ ਨੂੰ ਅੱਗ ਬੁਝਾਉਣ ਤੋਂ ਰੋਕੀ ਰੱਖਿਆ। ਆਪਣੇ ਹੀ ਮੱਤ ਦੇ ਅਤੇ ਆਪਣੇ ਹੀ ਗੁਰੂਆਂ ਵੱਲੋਂ ਲਿਖੇ ਗਏ ਧਾਰਮਿਕ ਗ੍ਰੰਥਾਂ ਨੂੰ ਕੌਣ ਆਪ ਹੀ ਨਸ਼ਟ ਕਰ ਸਕਦਾ ਹੈ? ਇਹ ਵਿਚਾਰ ਮੁਕੰਮਲ ਰੂਪ 'ਚ ਬੇਹੂਦਾ ਅਤੇ ਕੋਝਾ ਪ੍ਰਤੀਤ ਹੁੰਦਾ ਹੈ।

ਭਾਰਤੀ ਫ਼ੌਜ ਵੱਲੋਂ ਅਪ੍ਰੇਸ਼ਨ ਬਲਿਊ ਸਟਾਰ ਦੌਰਾਨ ਸਿੱਖਾਂ ਉੱਪਰ ਢਾਹੇ ਗਏ ਜ਼ੁਲਮ ਬੇਹੱਦ ਭਿਅੰਕਰ ਅਤੇ ਸਦਮਾ ਪਹੁੰਚਾਉਣ ਵਾਲੇ ਸਨ। ਬਜ਼ੁਰਗ, ਨੌਜਵਾਨ ਅਤੇ ਬੱਚਿਆਂ ਸਮੇਤ ਸਭ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ। ਔਰਤਾਂ ਨਾਲ ਫ਼ੌਜੀ ਜਵਾਨਾਂ ਨੇ ਬਲਾਤਕਾਰ ਕੀਤੇ। ਨਾਲ ਲਗਦੀਆਂ ਨਿੱਜੀ ਇਮਾਰਤਾਂ 'ਚੋਂ ਕੀਮਤੀ ਸਮਾਨ ਜਿਵੇਂ ਕਿ ਟੀ.ਵੀ., ਵੀ.ਸੀ.ਆਰ., ਫਰਿੱਜ ਅਤੇ ਹੋਰ ਬਿਜਲਈ ਯੰਤਰਾਂ ਤੋਂ ਇਲਾਵਾ ਸੋਨੇ ਅਤੇ ਹੀਰਿਆਂ ਦੇ ਗਹਿਣੇ ਆਦਿ ਫ਼ੌਜ ਵੱਲੋਂ ਲੁੱਟੇ ਅਤੇ ਹੜੱਪ ਲਏ ਗਏ। ਫ਼ੌਜ ਨੇ ਤੋਸ਼ਾ ਖਾਨੇ ਅਤੇ ਕੰਪਲੈਕਸ ਦੇ ਅੰਦਰੋਂ ਭਾਰੀ ਮਾਤਰਾ 'ਚ ਸੋਨਾ ਬਰਾਮਦ ਕੀਤਾ

ਅਤੇ ਹੜੱਪ ਲਿਆ।

ਇਸ ਸੋਨੇ ਵਿੱਚ ਸ਼ਰਧਾਲੂਆਂ ਵੱਲੋਂ ਦਿੱਤੇ ਗਏ ਤੋਹਫ਼ੇ ਅਤੇ ਭੇਟਾਵਾਂ ਸ਼ਾਮਲ ਸਨ। ਭਾਰਤੀ ਫ਼ੌਜ ਦੇ ਸਭ ਜਵਾਨਾਂ ਅਤੇ ਕੁਝ ਅਫ਼ਸਰਾਂ ਦੇ ਹੱਥ ਜਿਹੜੀ ਵੀ ਚੀਜ਼ ਲੱਗੀ, ਉਸ ਨੂੰ ਚੁੱਕ ਤੁਰੇ।

ਇਹ ਜ਼ਿਕਰ ਪਹਿਲਾਂ ਕਰ ਚੁੱਕੇ ਹਾਂ ਕਿ ਫ਼ੌਜ ਨੇ ਵਹਿਸ਼ੀਆਨਾ ਢੰਗ ਨਾਲ ਸਿੱਖਾਂ ਦਾ ਕਤਲੇਆਮ ਕੀਤਾ। ਇਸ ਲਈ ਸ਼ਰਧਾਲੂਆਂ ਸਮੇਤ ਉਥੇ ਕਤਲ ਕੀਤੇ ਗਏ ਸਿੱਖਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਘੱਟ ਨਹੀਂ ਸੀ। ਦਰਬਾਰ ਸਾਹਿਬ ਸਮੂਹ ਦੇ ਨਾਲ ਲੱਗਦੀਆਂ ਆਲੇ ਦੁਆਲੇ ਦੀਆਂ ਘੱਟੋ ਘੱਟ ਸੱਤਰ (70) ਇਮਾਰਤਾਂ ਨਸ਼ਟ ਹੋ ਗਈਆਂ। ਜਾਨੀ ਨੁਕਸਾਨ ਬਾਰੇ ਉਪਰੋਕਤ ਅੰਦਾਂਜ਼ਾ ਬਹੁਤ ਦਰਮਿਆਨਾ ਜਿਹਾ ਹੈ।

ਮ੍ਰਿਤਕ ਦੇਹਾਂ ਦਾ ਕੋਈ ਯੋਗ ਢੰਗ ਨਾਲ ਪੋਸਟ-ਮਾਰਟਮ ਵੀ ਨਾ ਕਰਾਇਆ ਗਿਆ। ਪਰ ਇਹ ਦਿਖਾਵਾ ਕਰਨ ਅਤੇ ਪ੍ਰਭਾਵ ਦੇਣ ਲਈ ਕਿ ਪੋਸਟ ਮਾਰਟਮ ਕੀਤੇ ਗਏ ਹਨ, ਕੋਈ ਸੋ ਕੁ ਲੋਥਾਂ ਮੁਰਦਾਘਰਾਂ ਵਿੱਚ ਲਿਜਾਈਆਂ ਗਈਆਂ ਜਿਥੇ ਗੁਆਂਢੀ ਜ਼ਿਲ੍ਹਿਆਂ ਤੋਂ ਪਹਿਲਾਂ ਤੋਂ ਹੀ ਡਾਕਟਰ ਬੁਲਾਏ ਹੋਏ ਸਨ। ਡਾਕਟਰਾਂ ਨੇ ਕੇਵਲ ਕਾਗਜ਼ੀ ਕਾਰਵਾਈ ਹੀ ਕੀਤੀ। ਕੁਝ ਡਾਕਟਰਾਂ, ਜਿਨ੍ਹਾਂ ਨਾਲ ਮੈਂ ਮਗਰੋਂ ਸੰਪਰਕ ਕੀਤਾ, ਨੇ ਇਸ ਤੱਥ ਦੀ ਪੁਸ਼ਟੀ ਕੀਤੀ ਕਿ ਕੁਝ ਵਿਅਕਤੀਆਂ ਦੀਆਂ ਲਾਸ਼ਾਂ ਦੇ ਹੱਥ ਪਿੱਛੇ ਬੰਨ੍ਹੇ ਹੋਏ ਸਨ ਅਤੇ ਕਈਆਂ ਦੀਆਂ ਬਾਹਾਂ ਉਪਰ ਪੱਗਾਂ ਅਤੇ ਰੱਸੀਆਂ ਦੇ ਨਿਸ਼ਾਨ ਸਨ। ਕਈ ਲੋਥਾਂ ਦੇ ਹੱਥ ਉਦੋਂ ਤੱਕ ਵੀ ਪਿੱਛੇ ਬੱਝੇ ਹੋਏ ਸਨ ਪਰ ਗੰਢਾਂ ਖੁੱਲ੍ਹੀਆਂ ਹੋਈਆਂ ਸਨ। ਇੱਕ ਡਾਕਟਰ ਨੇ ਮੈਨੂੰ ਦੱਸਿਆ ਕਿ ਉਸ ਨੇ ਇੱਕ ਸਿੱਖ ਨੌਜਵਾਨ ਨੂੰ ਦੇਖਿਆ ਜੋ ਹਾਲੇ ਸਹਿਕ ਰਿਹਾ ਸੀ ਅਤੇ ਤਾਂ ਵੀ ਫ਼ੌਜ ਨੇ ਪੋਸਟ-ਮਾਰਟਮ ਲਈ ਲੈ ਆਂਦਾ ਸੀ। ਡਾਕਟਰ ਨੇ ਇਸ ਮਕਸਦ ਲਈ ਡਿਊਟੀ ਤੇ ਤਾਇਨਾਤ ਫ਼ੌਜੀ ਅਫ਼ਸਰ ਨੂੰ ਦੱਸਿਆ ਕਿ ਉਸ ਨੌਜਵਾਨ ਨੂੰ ਤੁਰੰਤ ਇਲਾਜ ਹਿਤ ਅਪ੍ਰੇਸ਼ਨ ਥੀਏਟਰ 'ਚ ਲਿਜਾਇਆ ਜਾਵੇ। ਉਹ ਫ਼ੌਜੀ ਅਫ਼ਸਰ ਉਸ ਸਾਹ ਲੈ ਰਹੇ ਨੌਜਵਾਨ ਨੂੰ ਲੈ ਗਿਆ, ਉਸਦੇ ਗੋਲੀ ਮਾਰ ਦਿੱਤੀ ਅਤੇ ਲੋਥ ਨੂੰ ਡਾਕਟਰ ਕੋਲ ਵਾਪਸ ਲਿਆ ਕੇ ਬੋਲਿਆ, "ਇੱਧਰ ਦੇਖੋ, ਇਹ ਮਰ ਚੁੱਕਾ ਹੈ"। ਡਾਕਟਰ ਇਹ ਦੇਖ ਕੇ ਇਕਦਮ ਚੌਂਕ ਉੱਠਿਆ ਕਿਉਂਕਿ ਉਸ ਨੇ ਮੁਰਦਾਘਰ ਦੇ ਬਾਹਰ ਕੁਝ ਪਲ ਪਹਿਲਾਂ ਗੋਲੀ ਚੱਲਣ ਦੀ ਆਵਾਜ਼ ਸੁਣੀ ਸੀ।

ਕੀ ਸ਼ੈਤਾਨਾਂ ਅਤੇ ਰਾਖਸ਼ਾਂ ਦੇ ਕਾਰੇ ਭਾਰਤੀ ਫ਼ੌਜ ਵੱਲੋਂ ਢਾਹੇ ਗਏ ਵਹਿਸ਼ੀ ਅਤੇ ਜ਼ੁਲਮੀ ਕਾਰਿਆਂ ਨੂੰ ਮਾਤ ਪਾ ਸਕਦੇ ਹਨ? ਨਹੀਂ, ਕਿਉਂਕਿ ਫ਼ੌਜ ਦੇ ਅਫ਼ਸਰ ਅਤੇ ਜਵਾਨ ਰਾਖਸ਼ਾਂ ਨੂੰ ਵੀ ਪਿੱਛੇ ਛੱਡ ਗਏ ਸਨ। ਫ਼ੌਜ ਦੇ ਕਈ ਸੀਨੀਅਰ ਅਫ਼ਸਰਾਂ ਨੇ ਇਹਨਾਂ ਜਾਂਗਲੀ ਅਤੇ ਵਹਿਸ਼ੀ ਕਰਤੂਤਾਂ ਨੂੰ ਇਸ ਦਲੀਲ ਨਾਲ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਕਿ ਫ਼ੌਜੀ ਜਵਾਨ ਅਪ੍ਰੇਸ਼ਨ ਨੀਲਾ ਤਾਰਾ ਦੌਰਾਨ ਸਿੱਖ ਜੁਝਾਰੂਆਂ ਹੱਥੋਂ ਅਸਾਧਾਰਨ ਭਾਰੀ ਜਾਨੀ ਨੁਕਸਾਨ ਹੋਣ ਕਾਰਨ ਕ੍ਰੋਧ ਵਿੱਚ ਆ ਗਏ ਸਨ। ਇਹ ਕਿੰਨੀ ਸ਼ਰਮਨਾਕ ਦਲੀਲ ਹੈ! ਕੀ ਫ਼ੌਜ ਨੇ ਵੀ ਨਿਰਦੋਸ਼ ਯਾਤਰੂਆਂ ਸਣੇ ਹਜ਼ਾਰਾਂ ਸਿੱਖਾਂ ਨੂੰ ਨਹੀਂ ਸੀ ਮਾਰਿਆ?

ਵਾਈਟ ਪੇਪਰ ਵਿਚ ਦਰਜ ਇਹ ਕਥਨ ਵੀ ਕੋਰਾ ਝੂਠ ਹੈ ਕਿ ਫ਼ੌਜ ਨੇ ਕਿਸੇ ਔਰਤ, ਬੱਚੇ ਅਤੇ ਨਿਰਦੋਸ਼ ਸਿੱਖ ਨੂੰ ਨਹੀਂ ਸੀ ਮਾਰਿਆ ਅਤੇ ਦਰਬਾਰ ਸਾਹਿਬ 'ਤੇ ਕੋਈ ਗੋਲੀ

ਨਹੀਂ ਸੀ ਚਲਾਈ। ਫ਼ੌਜ ਦੇ ਰਾਖਸ਼ੀ ਕਾਰਿਆਂ ਨੂੰ ਹੋਰ ਵਾਜਬ ਠਹਿਰਾਉਣ ਲਈ ਸਰਕਾਰ ਨੇ ਬੜੀ ਬੇਸ਼ਰਮੀ ਨਾਲ ਇਹ ਦੋਸ਼ ਮੜ੍ਹ ਦਿੱਤਾ ਕਿ ਅਪ੍ਰੇਸ਼ਨ ਨੀਲਾ ਤਾਰਾ ਦੌਰਾਨ ਖਾੜਕੂ ਸਿੰਘਾਂ ਨੇ ਵੀ ਫ਼ੌਜੀਆਂ ਨੂੰ ਤਸੀਹੇ ਦਿੱਤੇ ਸਨ। ਇਹ ਕਥਨ ਕਿੰਨਾ ਬੇ-ਬੁਨਿਆਦ ਅਤੇ ਹਾਸੋ-ਹੀਣਾ ਹੈ। ਤਾਕਤਵਰ ਅਤੇ ਜੇਤੂ ਧਿਰਾਂ ਹਮੇਸ਼ਾਂ ਇਤਿਹਾਸ ਨੂੰ ਆਪਣੇ ਹੱਕ ਵਿੱਚ ਲਿਖ ਲੈਂਦੀਆਂ ਹਨ ਅਤੇ ਆਪਣੇ ਵਿਰੋਧੀਆਂ ਦੇ ਅਕਸ 'ਤੇ ਕਾਲਖ ਪੋਤ ਕੇ ਇਸ ਨੂੰ ਵਿਗਾੜ ਕੇ ਪੇਸ਼ ਕਰਦੀਆਂ ਹਨ।

### 8 ਜੂਨ

ਭਾਰਤ ਦਾ ਪਹਿਲਾ ਲਹੂ-ਪੀਣਾ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ 8 ਜੂਨ, 1984 ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਦਰਬਾਰ ਸਾਹਿਬ ਕੰਪਲੈਕਸ 'ਚ ਪਧਾਰਿਆ। ਉਸਨੇ ਦੁੱਧ-ਚਿੱਟੀ ਬੇਦਾਗ਼ ਅਚਕਨ ਅਤੇ ਚੂੜੀਦਾਰ ਪਜਾਮਾ ਪਹਿਨੇ ਹੋਏ ਸਨ। ਉਸ ਦੇ ਦੁੱਧ-ਚਿੱਟੇ ਅਤੇ ਬਰਫ਼ ਵਾਂਗ ਬੇਦਾਗ਼ ਅਤੇ ਚਮਕੀਲੇ ਪਹਿਰਾਵੇ 'ਤੇ ਕੇਵਲ ਇੱਕੋ-ਇੱਕ 'ਧੱਬਾ' ਉਸਦੀ ਅਚਕਨ ਦੇ ਖੱਬੇ ਪਾਸੇ ਟੰਗਿਆ ਹੋਇਆ ਗੁਲਾਬ ਦਾ ਫੁੱਲ ਸੀ। ਉਹ 'ਲਾਲ ਗੁਲਾਬ' ਨੂੰ ਹਿੱਕ ਨਾਲ ਲਾਈ ਦਰਬਾਰ ਸਾਹਿਬ ਅੰਦਰ ਇਉਂ ਟਹਿਲ ਰਿਹਾ ਸੀ ਜਿਵੇਂ ਬਰਾਤੇ ਆਇਆ ਹੋਵੇ। ਉਸ ਨੇ ਉੱਥੋਂ ਦਾ ਦਰਦਨਾਕ ਦ੍ਰਿਸ਼ ਵੀ ਜ਼ਰੂਰ ਤੱਕਿਆ ਹੋਵੇਗਾ। ਖ਼ੂਨ ਨਾਲ ਲਿਬੜੇ ਕਮਰੇ ਅਤੇ ਸਰੋਵਰ ਦੁਆਲੇ ਪ੍ਰਕਰਮਾ ਵਿੱਚ ਲਹੂ ਦੇ ਦਾਗ਼ ਇੱਧਰ-ਉੱਧਰ ਅਜੇ ਵੀ ਦਿਸ ਰਹੇ ਸਨ ਭਾਵੇਂ ਕਿ ਫ਼ੌਜ ਨੇ ਉਸ ਦੇ ਆਉਣ ਤੋਂ ਪਹਿਲਾਂ ਇਹਨਾਂ ਸਾਰੀਆਂ ਥਾਵਾਂ ਦੀ ਸਫ਼ਾਈ ਕਰ ਦਿੱਤੀ ਸੀ। ਉਸ ਨੇ ਭਾਰੀ ਅਤੇ ਪ੍ਰਚੰਡ ਬੰਬਾਰੀ ਕਾਰਨ ਮਲਬੇ ਦਾ ਢੇਰ ਬਣਿਆ ਅਕਾਲ ਤਖ਼ਤ, ਬੁਰੀ ਤਰ੍ਹਾਂ ਨਸ਼ਟ ਹੋਈ ਦਰਸ਼ਨੀ ਡਿਓਢੀ ਅਤੇ ਦਰਬਾਰ ਸਾਹਿਬ ਉੱਪਰ ਗੋਲੀਆਂ ਦੇ ਮਘੋਰੇ ਵੀ ਡਿੱਠੇ ਹੋਣਗੇ। ਉਸ ਨੇ ਆਲੇ-ਦੁਆਲੇ ਦੀਆਂ ਇਮਾਰਤਾਂ ਦੀ ਤਬਾਹੀ ਅਤੇ ਪ੍ਰਕਰਮਾ 'ਚ ਅਤੇ ਕੰਪਲੈਕਸ ਤੋਂ ਬਾਹਰ ਖਿੱਲਰਿਆ ਹੋਇਆ ਮਲਬਾ ਅਤੇ ਇੱਟਾਂ-ਰੋੜੇ ਵੀ ਦੇਖੇ ਹੋਣਗੇ। ਹਜ਼ਾਰਾਂ ਸਿੱਖਾਂ ਦੀਆਂ ਗਲ-ਸੜ ਚੁੱਕੀਆਂ ਲਾਸ਼ਾਂ ਦੀ ਬਦਬੂ ਵੀ ਉਹਦੇ ਨੱਕ ਤਾਈਂ ਅੱਪੜੀ ਹੋਵੇਗੀ। ਦਰਿੰਦਗੀ ਅਤੇ ਵਹਿਸ਼ਤ ਭਰਪੂਰ ਕਾਰਿਆਂ ਦਾ ਇਹ ਸਾਰਾ ਦ੍ਰਿਸ਼ ਦੇਖ ਕੇ ਵੀ ਉਸ ਦੇ ਚਿਹਰੇ 'ਤੇ ਕੋਈ ਸਦਮੇ ਅਤੇ ਤੜਪ ਦੇ ਹਾਵ-ਭਾਵ ਨਜ਼ਰੀਂ ਨਹੀਂ ਪਏ। ਉਸ ਨੇ ਗਵਰਨਰ ਬੀ.ਡੀ. ਪਾਂਡੇ ਨੂੰ ਜੋ ਕਿਹਾ ਉਹ ਸੀ, "ਇੰਨੀ ਵੱਡੀ ਮਾਤਰਾ 'ਚ ਅੱਤਵਾਦੀਆਂ ਨੇਂ ਹਥਿਆਰ ਸਮਗਲ ਕਰਕੇ ਦਰਬਾਰ ਸਾਹਿਬ 'ਚ ਕਿਥੋਂ ਅਤੇ ਕਿਵੇਂ ਲੈ ਆਂਦੇ? ਕੀ ਤੁਸੀਂ ਆਪਣੀਆਂ ਅੱਖਾਂ ਅਤੇ ਕੰਨ ਕਿਸੇ ਨੂੰ ਉਧਾਰ ਦੇ ਰੱਖੇ ਸਨ?"

ਹੈਰਤ-ਅੰਗੇਜ਼ ਪਹਿਲੂ ਹੈ ਕਿ ਉਸ ਨੂੰ ਅਕਾਲ ਤਖ਼ਤ ਅਤੇ ਹੋਰ ਇਮਾਰਤਾਂ ਦੀ ਤਬਾਹੀ ਦੇਖ ਕੇ ਕੋਈ ਪ੍ਰੇਸ਼ਾਨੀ ਨਹੀਂ ਹੋਈ। ਨਾ ਹੀ ਉਸਨੇ ਫ਼ੌਜ ਵੱਲੋਂ ਢਾਹੇ ਗਏ ਜ਼ੁਲਮਾਂ ਸੰਬੰਧੀ ਕੋਈ ਚਿੰਤਾ ਦਿਖਾਈ। ਉਸ ਨੇ ਇਹ ਸਵਾਲ ਨਹੀਂ ਕੀਤਾ ਕਿ ਫ਼ੌਜ ਨੇ ਮੁੱਖ ਜੰਗੀ ਟੈਂਕ ਵਿਜੰਤਾ ਅਤੇ ਭਾਰੀ ਫੀਲਡ ਗੰਨਾਂ ਅਕਾਲ ਤਖ਼ਤ ਨੂੰ ਤਬਾਹ ਕਰਨ ਅਤੇ ਹਜ਼ਾਰਾਂ ਸਿੱਖਾਂ ਨੂੰ ਉਡਾਉਣ ਲਈ ਕਿਉਂ ਇਸਤੇਮਾਲ ਕੀਤੇ ਸਨ।

ਗਿਆਨੀ ਜ਼ੈਲ ਸਿੰਘ ਨੇ ਗਵਰਨਰ ਨਾਲ ਜਿਨ੍ਹਾਂ ਹਥਿਆਰਾਂ ਬਾਰੇ ਗੱਲ ਕੀਤੀ ਉਹ ਜੁਝਾਰੂਆਂ ਤੋਂ ਨਹੀਂ ਸਨ ਫੜੇ ਗਏ। ਇਹ ਬਿਲਕੁਲ ਨਵੇਂ-ਨਕੋਰ ਹਥਿਆਰ ਸਨ ਜਿਨ੍ਹਾਂ ਦਾ ਪ੍ਰਬੰਧ ਫ਼ੌਜ ਨੇ ਹੀ ਕੀਤਾ ਸੀ ਤਾਂ ਕਿ ਇਹਨਾਂ ਦੀ ਨੁਮਾਇਸ਼ ਕਰਕੇ ਸਿ

ਪ੍ਰਭਾਵ ਦਿੱਤਾ ਜਾ ਸਕੇ ਕਿ ਖਾੜਕੂ ਵੱਡੀ ਮਾਤਰਾ ਵਿੱਚ ਭਾਰੀ ਹਥਿਆਰਾਂ ਨਾਲ ਲੈਸ ਸਨ। ਜਦੋਂ ਇਹ ਹਥਿਆਰ ਟੀ.ਵੀ. 'ਤੇ ਪ੍ਰਸਾਰਿਤ ਕੀਤੇ ਗਏ ਤਾਂ ਇਹ ਬਿਲਕੁਲ ਨਵੇਂ ਸਨ ਅਤੇ ਚਮਕਾਂ ਮਾਰਦੇ ਸਨ। ਜਿਹੜੇ ਹਥਿਆਰ ਖਾੜਕੂਆਂ ਕੋਲ ਸਨ ਉਹ ਜਾਂ ਤਾਂ ਪ੍ਰਚੰਡ ਬੰਬਾਰੀ ਕਾਰਨ ਨਸ਼ਟ ਹੋ ਗਏ ਸਨ ਤੇ ਜਾਂ ਫ਼ਿਰ ਬਚ ਨਿਕਲੇ ਖਾੜਕੂ ਆਪਣੇ ਨਾਲ ਲੈ ਗਏ ਸਨ। ਉਹਨਾਂ ਤੋਂ ਬਰਾਮਦ ਹੋਏ ਹਥਿਆਰ ਤਾਂ ਪੁਰਾਣੇ ਅਤੇ ਟੁੱਟੇ-ਭੱਜੇ ਹੋਣੇ ਚਾਹੀਦੇ ਸਨ।

ਚਾਹੇ ਜਿਵੇਂ ਵੀ ਸੀ ਪਰ ਗਿਆਨੀ ਜ਼ੈਲ ਸਿੰਘ ਦੇ ਕਿਰਦਾਰ ਅਨੁਸਾਰ ਉਸਦੀ ਉਪਰੋਕਤ ਟਿੱਪਣੀ ਅਨੋਖੀ ਨਹੀਂ ਸੀ। ਉਸ ਕੋਲੋਂ ਜੁਝਾਰੂਆਂ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਭਾਸ਼ਾ ਵਰਤਣ ਦੀ ਉਮੀਦ ਕੀਤੀ ਜਾ ਸਕਦੀ ਸੀ। ਇਹ ਉਹੀ ਗਿਆਨੀ ਜ਼ੈਲ ਸਿੰਘ ਸੀ ਜਿਸ ਨੇ ਭਾਰਤ ਦੇ ਰਾਸ਼ਟਰਪਤੀ ਦੀ ਸੰਸਥਾ ਲਈ ਚੁਣੇ ਜਾਣ ਤੋਂ ਪਹਿਲਾਂ ਸ਼ਰ੍ਹੇਆਮ ਇਹ ਐਲਾਨ ਕਰ ਮਾਰਿਆ ਸੀ ਕਿ "ਜੇ ਮੈਨੂੰ ਇੰਦਰਾ ਗਾਂਧੀ ਕਹੇ ਤਾਂ ਮੈਂ ਉਸ ਦੇ ਕਮਰੇ ਵਿੱਚ ਝਾੜੂ ਫੇਰਨ ਲਈ ਵੀ ਤਿਆਰ ਹਾਂ।" ਜੇ ਇਹ ਮਨੁੱਖ ਏਨਾ ਗਿਰ ਸਕਦਾ ਸੀ ਤਾਂ ਉਸ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਸੀ। ਸੰਤ ਭਿੰਡਰਾਂਵਾਲੇ ਨੇ ਇਹਦੇ ਬਾਰੇ ਠੀਕ ਕਿਹਾ ਸੀ ਕਿ ਇਹ ਇੰਦਰਾ ਗਾਂਧੀ ਦਾ ਸਿੱਖ ਹੈ, ਗੁਰੂ ਗੋਬਿੰਦ ਸਿੰਘ ਦਾ ਨਹੀਂ। ਗਿਆਨੀ ਨੇ ਆਪਣੀ ਖ਼ੁਦਗਰਜ਼ੀ ਰਾਹੀਂ ਇਹ ਸਿੱਧ ਕਰ ਦਿੱਤਾ ਕਿ ਉਹ ਵਾਕਿਆ ਹੀ ਇੰਦਰਾ ਗਾਂਧੀ ਦਾ ਸਿੱਖ ਸੀ, ਜਿਹੜੀ ਕਿ ਸਿੱਖੀ 'ਤੇ ਕਲੰਕ ਹੈ। ਉਸ ਨੇ ਗਿਆਨੀ ਕ੍ਰਿਪਾਲ ਸਿੰਘ ਅਤੇ ਹੋਰਨਾਂ ਨੂੰ ਸਪਸ਼ਟੀਕਰਨ ਦਿੱਤਾ ਕਿ ਉਹ ਦੇਸ਼ ਦਾ ਸੰਵਿਧਾਨਕ ਮੁਖੀ ਹੋਣ ਦੀ ਹੈਸੀਅਤ ਵਿੱਚ ਵੀ ਕੁਝ ਨਹੀਂ ਕਰ ਸਕਿਆ। ਦੂਸਰੇ ਸ਼ਬਦਾਂ 'ਚ ਉਸ ਦਾ ਭਾਵ ਸੀ ਕਿ ਉਹ ਭਾਰਤੀ ਫ਼ੌਜ ਨੂੰ ਅਕਾਲ ਤਖ਼ਤ 'ਤੇ ਹਮਲਾ ਕਰਨੋਂ ਨਹੀਂ ਸੀ ਰੋਕ ਸਕਿਆ। ਜੇ ਉਹ ਏਨਾ ਲਾਚਾਰ ਸੀ ਤਾਂ ਉਹ ਫ਼ੌਜੀ ਕਾਰਵਾਈ ਵਿਰੁੱਧ ਰੋਸ ਵਜੋਂ ਅਸਤੀਫ਼ਾ ਤਾਂ ਦੇ ਸਕਦਾ ਸੀ। ਉਸ ਦਾ ਅਸਤੀਫ਼ਾ ਸ਼ਾਇਦ ਇੰਦਰਾ ਗਾਂਧੀ ਨੂੰ ਦਰਬਾਰ ਸਾਹਿਬ ਸਮੂਹ ਉੱਤੇ ਹਥਿਆਰਬੰਦ ਫ਼ੌਜਾਂ ਚਾੜ੍ਹਨ ਦੇ ਫੈਸਲੇ 'ਤੇ ਪੁਨਰ-ਵਿਚਾਰ ਕਰਨ ਲਈ ਮਜਬੂਰ ਕਰ ਦਿੰਦਾ। ਪਰ ਕੀ ਉਸ ਨੇ ਅਹੁਦਾ ਤਿਆਗਿਆ? ਬਿਲਕੁਲ ਨਹੀਂ। ਪਰ ਇਸ ਤੋਂ ਪਿੱਛੋਂ, ਜਦੋਂ ਹੁਣ ਉਹ ਅਕਾਲ ਤਖ਼ਤ ਤੇ ਹੋਰ ਇਮਾਰਤਾਂ ਦੀ ਭਿਅੰਕਰ ਤਬਾਹੀ ਦੇਖ ਚੁੱਕਾ ਸੀ ਅਤੇ ਸਿੱਖ ਯਾਤਰੂਆਂ ਦੇ ਬੇਦਰਦੀ ਨਾਲ ਕੀਤੇ ਗਏ ਘਾਣ ਤੋਂ ਜਾਣੂੰ ਹੋ ਚੁੱਕਾ ਸੀ ਤਾਂ ਉਸ ਨੂੰ ਉਦੋਂ ਹੀ ਅਤੇ ਉਥੇ ਹੀ ਅਸਤੀਫਾ ਦੇ ਕੇ ਆਪਣੇ ਗੁਨਾਹਾਂ ਦਾ ਪਸ਼ਚਾਤਾਪ ਕਰ ਲੈਣਾ ਚਾਹੀਦਾ ਸੀ।

## ਸੰਤ ਭਿੰਡਰਾਂਵਾਲੇ ਦੇ ਆਖਰੀ ਪਲ

ਜਿਵੇਂ ਕਿ ਪਹਿਲਾਂ ਜ਼ਿਕਰ ਆ ਚੁੱਕਾ ਹੈ ਕਿ ਹਰੀ ਸਿੰਘ ਸੇਵਾਦਾਰ ਅਨੁਸਾਰ ਸੰਤ ਭਿੰਡਰਾਂਵਾਲਾ 6 ਜੂਨ ਨੂੰ ਸਵੇਰੇ 7.30 ਤੋਂ 8.00 ਵਜੇ ਦੇ ਦਰਮਿਆਨ ਕੋਠਾ ਸਾਹਿਬ 'ਚ ਪਹੁੰਚੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕੀਤੀ ਸੀ, ਇਸ ਤੋਂ ਪ੍ਰਤੱਖ ਹੈ ਕਿ ਉਦੋਂ ਤੱਕ ਸੰਤ ਜ਼ਿੰਦਾ ਸੀ। 8 ਵਜੇ ਤੋਂ ਤੁਰੰਤ ਬਾਅਦ ਉਹ ਆਪਣੇ ਕੁਝ ਸਮਰਥਕਾਂ ਸਮੇਤ ਫ਼ੌਜ ਨਾਲ ਲੜਾਈ ਜਾਰੀ ਰੱਖਣ ਲਈ ਤਹਿਖਾਨੇ ਨੂੰ ਰਵਾਨਾ ਹੋ ਗਿਆ। ਪ੍ਰੰਤੂ ਸਰਕਾਰੀ ਕੰਟਰੋਲ ਹੇਠਲਾ ਟੀ.ਵੀ. ਅਤੇ ਰੇਡੀਓ ਨੈਟਵਰਕ ਹਰੀ ਸਿੰਘ ਦੇ ਇਸ ਕਥਨ ਨੂੰ ਝੁਠਲਾਉਂਦਾ ਹੈ। 7 ਜੂਨ ਨੂੰ ਸਵੇਰੇ 8 ਵਜੇ ਟੀ.ਵੀ. ਤੋਂ ਪ੍ਰਸਾਰਿਤ ਖ਼ਬਰਾਂ ਦੇ ਬੁਲਟਿਨ

ਵਿੱਚ ਐਲਾਨ ਕੀਤਾ ਗਿਆ ਕਿ ਸੰਤ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਦੀਆਂ ਮ੍ਰਿਤਕ ਦੇਹਾਂ ਅਕਾਲ ਤਖ਼ਤ ਦੇ ਤਹਿਖ਼ਾਨੇ 'ਚੋਂ ਮਿਲੀਆਂ ਸਨ। ਇਹ ਸਪਸ਼ਟ ਹੈ ਕਿ ਇਨ੍ਹਾਂ ਦੋਹਾਂ 'ਚੋਂ ਇੱਕ ਕਥਨ ਮੰਨਣਯੋਗ ਨਹੀਂ ਹੈ ਅਤੇ ਵਿਸ਼ਵਾਸਯੋਗਤਾ ਤੋਂ ਸੱਖਣਾ ਹੈ। ਸਾਰੇ ਵੇਰਵਿਆਂ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਸੰਬੰਧੀ ਹਰੀ ਸਿੰਘ ਦਾ ਕਥਨ ਵਜ਼ਨਦਾਰ ਹੈ। ਵ੍ਹਾਈਟ ਪੇਪਰ ਦਾ ਪੈਰ੍ਹਾ 30 ਇਥੇ ਮੁੜ ਵਿਚਾਰਨ ਯੋਗ ਹੈ ਜੋ ਇਸ ਮੁੱਦੇ 'ਤੇ ਕੁਝ ਰੌਸ਼ਨੀ ਪਾਉਂਦਾ ਹੈ। ਪੈਰਾ 30 'ਚ ਦਰਜ ਹੈ ਕਿ :

"ਅਕਾਲ ਤਖ਼ਤ ਦੀ ਹੇਠਲੀ ਮੰਜ਼ਿਲ ਅਤੇ ਤਹਿਖਾਨੇ ਤੋਂ ਜਾਰੀ ਮੁਕਾਬਲੇ ਨੂੰ 6-7 ਜੂਨ ਦੀ ਦਰਮਿਆਨੀ ਰਾਤ ਦੌਰਾਨ ਠੱਲ੍ਹਿਆ ਗਿਆ। ਜਦੋਂ ਇਸ ਮੁਕਾਬਲੇ ਨੂੰ "ਮੁਕੰਮਲ ਤੌਰ 'ਤੇ" ਠੱਲ੍ਹ ਦਿੱਤਾ ਗਿਆ ਤਾਂ ਫ਼ੌਜ ਨੇ ਹੇਠਲੀ ਮੰਜ਼ਿਲ ਅਤੇ ਤਹਿਖ਼ਾਨੇ ਦੀ ਬਾਰੀਕੀ ਨਾਲ ਛਾਣ-ਬੀਣ ਕੀਤੀ। ਸੰਤ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਦੀਆਂ ਮ੍ਰਿਤਕਾਂ ਦੇਹਾਂ 34 ਹੋਰ ਮ੍ਰਿਤਕ ਦੇਹਾਂ ਸਮੇਤ ਅਕਾਲ ਤਖ਼ਤ ਦੀ ਹੇਠਲੀ ਮੰਜ਼ਿਲ ਤੋਂ ਮਿਲੀਆਂ।"

ਦੂਜੇ ਵਾਕ ਵਿਚ ਪ੍ਰਯੋਗ ਕੀਤਾ ਗਿਆ ਸ਼ਬਦ "ਮੁਕੰਮਲ" ਬਹੁਤ ਮਹੱਤਵਪੂਰਨ ਹੈ ਅਤੇ ਸਪਸ਼ਟ ਪ੍ਰਗਟ ਕਰਦਾ ਹੈ ਕਿ 7 ਜੂਨ ਦੀ ਸਵੇਰ ਅਕਾਲ ਤਖ਼ਤ ਦੀ ਹੇਠਲੀ ਮੰਜ਼ਿਲ ਅਤੇ ਤਹਿਖਾਨੇ ਅੰਦਰੋਂ ਲੜਾਈ ਜਾਰੀ ਸੀ ਜਾਂ ਇਸ ਤੋਂ ਬਾਅਦ ਤੱਕ ਵੀ ਚੱਲਦੀ ਰਹੀ। ਇਥੇ ਸੰਤ ਭਿੰਡਰਾਂਵਾਲੇ ਦੇ ਭਰਾਤਾ ਕੈਪਟਨ ਹਰਚਰਨ ਸਿੰਘ ਦੀ ਸ਼ਾਹਦੀ ਵੀ ਬਹੁਤ ਸਾਰਥਕ ਹੈ। ਉਸ ਦਾ ਕਹਿਣਾ ਹੈ ਕਿ ਫ਼ੌਜ ਦੇ ਅਧਿਕਾਰੀਆਂ ਨੇ ਉਸ ਦੇ ਭਰਾ ਦੀ ਮ੍ਰਿਤਕ ਦੇਹ, ਜੋ ਦਰਬਾਰ ਸਾਹਿਬ ਦੇ ਮੁੱਖ-ਦੁਆਰ ਦੇ ਅੰਦਰ ਬਰਫ਼ ਦੀ ਸਿੱਲ ਉੱਪਰ ਪਈ ਹੋਈ ਸੀ, ਉਸ ਨੂੰ 7 ਜੂਨ ਨੂੰ ਬਾਅਦ ਦੁਪਹਿਰ 3.30 ਵਜੇ ਦਿਖਾਈ ਅਤੇ ਇਹ ਪਛਾਣ ਤੋਂ ਬਾਹਰੀ ਸੀ। ਜਿਹੜੇ ਡਾਕਟਰਾਂ ਨੇ ਸੰਤ ਭਿੰਡਰਾਂਵਾਲੇ ਦੀ ਪੋਸਟ-ਮਾਰਟਮ ਰਿਪੋਰਟ ਤਿਆਰ ਕੀਤੀ ਸੀ ਉਸ ਦਾ ਬਿਆਨ ਕਿ "ਮ੍ਰਿਤਕ ਦੇ ਮੂੰਹ ਦਾ ਸੱਜਾ ਪਾਸਾ ਬੰਬ ਧਮਾਕੇ ਨਾਲ ਇੰਨੀ ਬੁਰੀ ਤਰ੍ਹਾਂ ਫੱਟੜ ਅਤੇ ਵਿਗੜਿਆ ਹੋਇਆਸੀ ਕਿ ਉਹ ਪਛਾਣ ਤੋਂ ਬਾਹਰਾ ਸੀ" ਵੀ ਹਰਚਰਨ ਸਿੰਘ ਦੇ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ।

ਪੋਸਟ-ਮਾਰਟਮ ਰਿਪੋਰਟ ਵਿੱਚ ਪੋਸਟ-ਮਾਰਟਮ ਕੀਤੇ ਜਾਣ ਦਾ ਸਮਾਂ ਸ਼ਾਮ ਦੇ 8 ਵਜੇ ਦਾ ਦਰਜ ਹੈ, ਜਦੋਂ ਕਿ ਮੁਰਦਾਘਰ ਵਿਚ ਦੇਹ ਨੂੰ ਸ਼ਾਮ 7.30 ਵਜੇ ਲਿਜਾਇਆ ਗਿਆ। ਇਸਦਾ ਭਾਵ ਹੈ ਕਿ ਕਥਿਤ ਪੋਸਟ ਮਾਰਟਮ ਸ਼ਾਮ 8 ਵਜੇ ਕੀਤਾ ਗਿਆ। ਪ੍ਰੰਤੂ ਇਹ ਤੱਥ ਵੀ ਅੰਮ੍ਰਿਤਸਰ ਦੇ ਡੀ.ਸੀ., ਐਸ.ਐਸ.ਪੀ. ਅਤੇ ਪੰਜਾਬ ਸਰਕਾਰ ਦੇ ਸਿਹਤ ਸੇਵਾਵਾਂ ਦੇ ਡਾਇਰੈਕਟਰ ਵੱਲੋਂ ਬਿਆਨ ਕੀਤੇ ਤੱਥਾਂ ਨਾਲ ਝੂਠਾ ਸਿੱਧ ਹੁੰਦਾ ਹੈ। ਉਨ੍ਹਾਂ ਸਪੱਸ਼ਟ ਰੂਪ 'ਚ ਇਹ ਤੱਥ ਬਿਆਨਿਆ ਕਿ 7 ਜੂਨ ਨੂੰ ਸੂਰਜ ਛਿਪਣ ਤੋਂ ਕਿਤੇ ਪਹਿਲਾਂ ਅੰਤਮ-ਸੰਸਕਾਰ ਕਰ ਦਿੱਤਾ ਗਿਆ ਸੀ। ਇਵੇਂ ਸਹਿਜੇ ਹੀ ਸਿੱਟਾ ਨਿਕਲਦਾ ਹੈ ਕਿ ਵਾਸਤਵ ਵਿੱਚ ਸੰਤ ਭਿੰਡਰਾਂਵਾਲੇ ਦਾ ਕੋਈ ਪੋਸਟ-ਮਾਰਟਮ ਨਹੀਂ ਸੀ ਕੀਤਾ ਗਿਆ ਅਤੇ ਕੇਵਲ ਡਾਕਟਰਾਂ ਵਲੋਂ ਰਸਮੀ ਰਿਪੋਰਟ ਹੀ ਤਿਆਰ ਕਰ ਲਈ ਗਈ ਸੀ। ਡਾਕਟਰਾਂ ਨੇ ਵੀ ਬਾਅਦ ਵਿੱਚ ਇਸ ਹਕੀਕਤ ਦੀ ਪੁਸ਼ਟੀ ਕਰ ਦਿੱਤੀ ਸੀ।

ਸੰਤ ਦੇ ਚਿਹਰੇ ਦਾ ਸੱਜਾ ਪਾਸਾ ਉੱਡ ਜਾਣ ਤੋਂ ਇਲਾਵਾ ਉਸ ਦੇ ਸਮੁੱਚੇ ਸਰੀਰ 'ਤੇ ਦਰਜਨ ਤੋਂ ਵੀ ਵੱਧ ਗੋਲੀਆਂ ਦੇ ਜ਼ਖ਼ਮ ਲੱਗੇ ਸਨ। ਇਸ ਤਰ੍ਹਾਂ ਇਹ ਕਾਫ਼ੀ ਹੱਦ ਤੱਕ ਸਿੱਧ ਹੁੰਦਾ ਹੈ ਕਿ ਸੰਤ ਭਿੰਡਰਾਂਵਾਲੇ ਨੇ 6 ਜੂਨ, 1984 ਦੀ ਸਵੇਰ 8 ਵਜੇ ਤੋਂ ਬਾਅਦ

ਕਿਸੇ ਵਕਤ ਅਕਾਲ ਤਖ਼ਤ ਤੋਂ ਫ਼ੌਜ ਨਾਲ ਲੜਦਿਆਂ ਸ਼ਹਾਦਤ ਦਾ ਜਾਮ ਪੀ ਲਿਆ ਸੀ। ਇਸ ਲਈ ਕੁਝ ਜਨੂੰਨੀ ਹਿੰਦੂ ਪੱਤਰਕਾਰਾਂ ਜਾਂ ਲੇਖਕਾਂ ਵੱਲੋਂ ਫ਼ੈਲਾਈਆਂ ਅਫ਼ਵਾਹਾਂ ਅਤੇ ਜਿਤਾਏ ਗਏ ਦਾਅਵੇ, ਕਿ 6 ਜਾਂ 7 ਜੂਨ ਨੂੰ ਸੰਤ ਨੇ ਫ਼ੌਜ ਅੱਗੇ ਆਤਮ-ਸਮਰਪਣ ਕਰ ਦਿੱਤਾ ਸੀ ਅਤੇ ਮਗਰੋਂ ਉਸ ਨੂੰ ਗੋਲੀ ਮਾਰ ਦਿੱਤੀ ਗਈ ਸੀ, ਸਭ ਮੁਤੱਸਬੀ ਅਤੇ ਬੇਤੁਕੇ ਹਨ। ਅਜਿਹੇ ਸ਼ਰਾਰਤੀ ਅਨਸਰਾਂ ਨੇ ਮੰਦ-ਭਾਵਨਾ ਤਹਿਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਵੀਰਤਾ ਪੂਰਨ ਕੁਰਬਾਨੀ ਨੂੰ ਘੱਟੇ-ਮਿੱਟੀ ਰੋਲਣ ਅਤੇ ਮਹੱਤਵਹੀਣ ਬਣਾਉਣ ਦਾ ਯਤਨ ਕੀਤਾ ਸੀ।

ਇਸ ਪ੍ਰਮਾਣਤ ਤੱਥ, ਕਿ ਸੰਤ ਭਿੰਡਰਾਂਵਾਲਾ ਸ਼ਹੀਦੀ ਪ੍ਰਾਂਪਤ ਕਰ ਗਏ ਸਨ, ਦੇ ਬਾਵਜੂਦ ਮੈਂ ਇਹ ਪੁਸਤਕ ਲਿਖਣ ਤੋਂ ਪਹਿਲਾਂ ਸੰਤ ਜੀ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਦੀ ਰਾਇ ਲੈਣੀ ਮੁਨਾਸਬ ਸਮਝੀ। ਉਹਨਾਂ ਬੜੀ ਦ੍ਰਿੜ੍ਹਤਾਪੂਰਵਕ ਕਿਹਾ ਕਿ ਸੰਤ "ਚੜ੍ਹਦੀ ਕਲਾ" 'ਚ ਹਨ ਭਾਵ ਕਿ "ਸੰਤ ਜ਼ਿੰਦਾ ਹਨ ਅਤੇ ਚੜ੍ਹਦੀ ਕਲਾ 'ਚ ਹਨ"। ਅਜਿਹਾ ਹੀ ਦਾਅਵਾ ਦਮਦਮੀ ਟਕਸਾਲ ਦੇ ਐਕਟਿੰਗ ਜਥੇਦਾਰ ਬਾਬਾ ਠਾਕੁਰ ਸਿੰਘ ਜੀ ਨੇ ਕੀਤਾ। ਉਨ੍ਹਾਂ ਦੇ ਇਹ ਰਹੱਸਮਈ ਸ਼ਬਦ ਉਨ੍ਹਾਂ ਦੇ 'ਆਤਮਾ' ਦੇ 'ਅਮਰ' ਹੋਣ ਸੰਬੰਧੀ ਵਿਸ਼ਵਾਸ਼ ਦਾ ਪ੍ਰਤੀਬਿੰਬ ਹਨ ਅਤੇ ਇਹ ਸੰਕੇਤ ਕਰਦੇ ਹਨ ਕਿ ਸ਼ਹੀਦ ਕਦੇ ਨਹੀਂ ਮਰਦੇ, ਉਹ ਹਮੇਸ਼ਾਂ ਜ਼ਿੰਦਾ ਰਹਿੰਦੇ ਹਨ। ਇਸ ਲਈ ਸੰਤ ਭਿੰਡਰਾਂਵਾਲੇ ਦੀ ਅਮਰ ਆਤਮਾ ਖ਼ਾਲਸੇ ਦੇ ਮਨਾਂ ਅੰਦਰ ਹਮੇਸ਼ਾਂ ਵਸਦੀ (ਜ਼ਿੰਦਾ) ਰਹੇਗੀ ਅਤੇ ਉਨ੍ਹਾਂ ਨੂੰ ਅਣਖ ਨਾਲ ਜੀਣ ਅਤੇ ਸ਼ਾਨ ਨਾਲ ਮਰਨ ਦੀ ਪ੍ਰੇਰਨਾ ਦੇਂਦੀ ਰਹੇਗੀ।

ਅਧਿਆਇ 8

# ਅਸਾਵੀਂ ਜੰਗ

ਅਪ੍ਰੇਸ਼ਨ ਬਲਿਊ ਸਟਾਰ ਇੱਕ ਪਾਸੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜਿਸ ਨੂੰ ਭਾਈ ਅਮਰੀਕ ਸਿੰਘ ਅਤੇ ਮੇਜਰ ਜਨ. ਸੁਬੇਗ ਸਹਿਯੋਗ ਦੇ ਰਹੇ ਸਨ, ਦੀ ਅਗਵਾਈ ਹੇਠਲੇ 'ਸਿੱਖ ਰਖਵਾਲਿਆਂ' ਅਤੇ ਦੂਜੇ ਪਾਸੇ ਲੈਫ. ਜਨ. ਕ੍ਰਿਸ਼ਨਾ ਸਵਾਮੀ ਸੁੰਦਰਜੀ, ਲੈਫ. ਜਨ. ਰਣਜੀਤ ਸਿੰਘ ਦਿਆਲ ਅਤੇ ਕੁਲਦੀਪ ਸਿੰਘ ਬਰਾੜ ਦੀ ਕਮਾਨ ਹੇਠ ਵੱਡੀ ਤਾਦਾਦ 'ਚ ਭਾਰਤੀ ਫ਼ੌਜ ਵਿਚਾਲੇ ਸਰਾਸਰ ਬੇਜੋੜ ਲੜਾਈ ਸੀ। ਭਾਰਤੀ ਫ਼ੌਜ ਦੇ ਹਥਿਆਰਾਂ ਦੇ ਮੁਕਾਬਲੇ ਸਿੱਖ ਰਖਵਾਲਿਆਂ ਕੋਲ ਬਿਲਕੁਲ ਸਧਾਰਨ ਅਤੇ ਰਵਾਇਤੀ ਹਥਿਆਰ ਸਨ। ਉਨ੍ਹਾਂ ਕੋਲ ਐਲ.ਐਮ.ਜੀ. ਤੋਂ ਵੱਧ ਉੱਤਮ ਕੋਈ ਹਥਿਆਰ ਨਹੀਂ ਸੀ। ਜਿਹੜੇ ਹੋਰ ਸ਼ਸਤਰ ਉਨ੍ਹਾਂ ਕੋਲ ਸਨ ਉਨ੍ਹਾਂ 'ਚ ਸਟੇਨ ਗੰਨਾਂ, 30 ਬੋਰ ਦੀਆਂ ਕਾਰਬਾਈਨਾਂ, ਸਵੈ-ਚਾਲਤ ਰਾਈਫਲਾਂ (ਐਸ.ਐਲ.ਆਰ.), 303 ਬੋਰ ਦੀਆਂ ਰਾਈਫਲਾਂ, ਵੱਖ ਵੱਖ ਬੋਰਾਂ ਦੇ ਪਿਸਤੌਲ ਅਤੇ ਰਿਵਾਲਵਰ ਅਤੇ ਕੁਝ ਹੱਥ-ਗੋਲੇ ਸਨ। ਦੂਜੇ ਪਾਸੇ ਭਾਰਤੀ ਫ਼ੌਜ ਵਿਜੰਤਾ ਟੈਂਕ, ਭਾਰੀ ਹਾਵਿਟਜ਼ਰ ਤੋਪਾਂ ਅਤੇ ਹਾਵਲ ਗੰਨਾਂ (ਜਿਨ੍ਹਾਂ ਨਾਲ 20 ਪਾਊਂਡਰ ਗੋਲੇ ਦਾਗੇ ਜਾਂਦੇ ਹਨ), ਮਾਰਟਰਾਂ, ਮਸ਼ੀਨਗੰਨਾਂ, ਲਾਈਟ ਮਸ਼ੀਨ ਗੰਨਾਂ ਅਤੇ ਤੋਪਖ਼ਾਨੇ ਦੇ ਹੋਰ ਛੁੱਟ-ਪੁੱਟ ਹਥਿਆਰਾਂ ਨਾਲ ਲੈਸ ਸੀ, ਜੋ ਕਿ ਦੁਸ਼ਮਣ ਦੇਸ਼ ਵਿਰੁੱਧ ਮੈਦਾਨੀ ਜੰਗ ਵਿੱਚ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਫ਼ੌਜ ਕੋਲ ਸਟੇਨ-ਗੈਸ ਬੰਬ (ਬੇਹੋਸ਼ ਕਰਨ ਵਾਲੀ ਗੈਸ ਵਾਲੇ) ਬੰਬ, ਅੱਗ ਲਾਊ ਬੰਬ, ਭਾਰੀ ਵਿਸਫ਼ੋਟਕ ਹੱਥ-ਗੋਲੇ, ਬਖ਼ਤਰਬੰਦ ਗੱਡੀਆਂ ਅਤੇ ਹੋਰ ਨਫ਼ੀਸ ਹਥਿਆਰ ਵੀ ਸਨ। ਫ਼ੌਜ ਨੇ ਰੂਸ ਦੇ ਬਣੇ ਹੈਲੀਕਾਪਟਰ ਵੀ ਵਰਤੋਂ 'ਚ ਲਿਆਂਦੇ।

ਗਿਣਤੀ ਪੱਖੋਂ ਵੀ ਭਾਰਤੀ ਫ਼ੌਜ ਦੀ ਤੁਲਨਾ 'ਚ ਜੁਝਾਰੂ ਸਿੱਖ ਬਹੁਤ ਥੋੜ੍ਹੇ ਸਨ। ਜੰਗਜੂ ਸਿੱਖ 200 ਤੋਂ ਵੱਧ ਨਹੀਂ ਸਨ ਜਦੋਂ ਕਿ ਕੰਪਲੈਕਸ ਦੇ ਅੰਦਰ ਉਨ੍ਹਾਂ ਨਾਲ ਲੜ ਰਹੀ ਫ਼ੌਜ ਦੀ ਗਿਣਤੀ ਘੱਟ ਤੋਂ ਘੱਟ ਸੱਤ ਹਜ਼ਾਰ (7000) ਸੀ।

ਸਿੱਖ ਲੜਾਕੂਆਂ ਕੋਲ ਕੋਈ ਸੰਚਾਰ ਸਾਧਨ ਨਹੀਂ ਸੀ ਅਤੇ ਨਾ ਹੀ ਰਸਦ ਪਾਣੀ ਲਿਆਉਣ ਦਾ ਕੋਈ ਸਾਧਨ ਜਾਂ ਰਸਤਾ ਸੀ। ਉਹ ਬਾਕੀ ਸੂਬੇ, ਦੇਸ਼ ਅਤੇ ਸੰਸਾਰ ਨਾਲੋਂ ਪੂਰੀ ਤਰ੍ਹਾਂ ਕੱਟ ਚੁੱਕੇ ਸਨ। ਉਹ ਪੂਰੀ ਤਰ੍ਹਾਂ ਦਰਬਾਰ ਸਾਹਿਬ ਕੰਪਲੈਕਸ ਅਤੇ ਵਿਸ਼ੇਸ਼ ਕਰਕੇ ਅਕਾਲ ਤਖ਼ਤ ਦੇ ਅੰਦਰ ਘਿਰ ਗਏ ਸਨ। ਬਿਜਲੀ ਅਤੇ ਪਾਣੀ ਦੀ ਸਪਲਾਈ ਵੀ ਕੱਟ ਦਿੱਤੀ ਗਈ ਸੀ। ਉਨ੍ਹਾਂ ਕੋਲ ਆਪਣੇ ਟਿਕਾਣਿਆਂ ਨੂੰ ਮਜ਼ਬੂਤ ਬਣਾਈ ਰੱਖਣ ਲਈ ਕੋਈ ਵਾਧੂ ਰਾਖਵੇਂ ਜੁਝਾਰੂ ਅਤੇ ਜ਼ਖ਼ੀਰੇ ਨਹੀਂ ਸਨ। ਉਨ੍ਹਾਂ ਕੋਲ ਖਾਣ ਲਈ ਸਿਵਾਏ ਗੁੜ ਅਤੇ ਭੁੱਜੇ ਦਾਣਿਆਂ ਤੋਂ ਹੋਰ ਕੁਝ ਨਹੀਂ ਸੀ ਅਤੇ ਪੀਣ ਲਈ ਭਖਵੀਂ ਗਰਮੀ ਕਾਰਨ ਆਪਣੇ ਹੀ ਸਰੀਰਾਂ 'ਚੋਂ ਨੁੱਚੜ ਰਹੇ ਪਸੀਨੇ ਤੋਂ ਛੁੱਟ ਕੁਝ ਨਹੀਂ ਸੀ। ਉਹਨਾਂ ਕੋਲ ਜੰਗਲ-ਪਾਣੀ ਜਾਣ ਲਈ ਵੀ ਕੋਈ ਜਗ੍ਹਾ ਨਹੀਂ ਸੀ। ਉਹਨਾਂ ਸੱਤ ਰਾਤਾਂ ਅਤੇ ਸੱਤ ਦਿਨ ਸੌਂ ਕੇ ਨਹੀਂ ਸੀ ਦੇਖਿਆ। ਇਨ੍ਹਾਂ ਭਿਅੰਕਰ ਹਾਲਾਤਾਂ ਵਿੱਚ ਉਹ ਥੱਕ-ਟੁੱਟ ਚੁੱਕੇ

ਸਨ। ਦੂਜੇ ਪਾਸੇ ਭਾਰਤੀ ਫ਼ੌਜ ਕੋਲ ਹਰ ਤਰ੍ਹਾਂ ਦੀ ਸਮਗਰੀ, ਸਹੂਲਤਾਂ, ਰਾਖਵੇਂ ਭੰਡਾਰ ਸਨ ਅਤੇ ਹੋਰ ਕੀ ਕੁਝ ਨਹੀਂ ਸੀ। ਇਸ ਦੇ ਬਾਵਜੂਦ ਵੀ ਸਿੰਘ ਵੀਰਤਾ ਪੂਰਵਕ ਲੜੇ ਅਤੇ ਉਨ੍ਹਾਂ ਆਪਣੀ ਕਮਾਲ ਦੀ ਜਵਾਂਮਰਦੀ, ਦਲੇਰੀ ਅਤੇ ਜੰਗੀ ਮੁਹਾਰਤ ਦਾ ਪ੍ਰਦਰਸ਼ਨ ਕੀਤਾ ਅਤੇ ਹਰ ਤਰ੍ਹਾਂ ਦੇ ਹਥਿਆਰਾਂ ਅਤੇ ਜ਼ਖ਼ੀਰੇ ਨਾਲ ਬਖੂਬੀ ਲੈਸ ਭਾਰਤੀ ਫ਼ੌਜ ਨੂੰ ਪੰਜ ਦਿਨ ਤੱਕ ਖੁੱਡੇ ਲਾਈ ਰੱਖਿਆ ਅਤੇ ਅਜਿਹਾ ਲਹੂ-ਭਿੱਜਾ ਜਵਾਬ ਦਿੱਤਾ ਜੋ ਫ਼ੌਜ ਰਹਿੰਦੀ ਦੁਨੀਆਂ ਤੱਕ ਯਾਦ ਰੱਖੇਗੀ।

ਅਗਰ ਜੁਝਾਰੂ ਸਿੰਘਾਂ ਕੋਲ ਫ਼ੌਜ ਦੇ ਬਰਾਬਰ ਹੀ ਹਥਿਆਰ ਹੁੰਦੇ ਅਤੇ ਜੇ ਉਨ੍ਹਾਂ ਦੀ ਗਿਣਤੀ ਫ਼ੌਜ ਤੋਂ ਦਸਵਾਂ ਹਿੱਸਾ ਵੀ ਹੁੰਦੀ ਤਾਂ ਉਹ ਫ਼ੌਜ ਨੂੰ ਦਿੱਲੀ ਤੱਕ ਜਾਂ ਸ਼ਾਇਦ ਜਮਨਾ ਤੋਂ ਵੀ ਪਾਰ ਧੱਕ ਆਉਂਦੇ।

ਇਹ ਅਸਾਵੀਂ ਜੰਗ, ਜੋ ਸੰਤ ਭਿੰਡਰਾਂਵਾਲੇ ਦੇ ਮੁੱਠੀ ਭਰ ਜੁਝਾਰੂ ਸਾਥੀਆਂ ਨੇ ਲੜੀ, ਸਿੱਖ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਦਰਜ ਹੋਵੇਗੀ। ਇਸ ਬੇਮਿਸਾਲ ਬਹਾਦਰੀ ਦਾ ਸਿਹਰਾ ਸੰਤ ਭਿੰਡਰਾਂਵਾਲੇ ਦੇ ਸਿਰ ਬੱਝਦਾ ਹੈ ਜਿਸ ਨੇ ਸਿੱਖਾਂ ਨੂੰ ਆਪਣੇ ਹੱਕਾਂ ਲਈ ਲੜਨ ਅਤੇ ਆਪਣੇ ਧਰਮ ਦੀ ਰਾਖੀ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕੀਤਾ। ਇਹ ਕਹਿਣਾ ਵੀ ਬਿਲਕੁਲ ਅਤਿਕਥਨੀ ਨਹੀਂ ਹੋਵੇਗਾ ਕਿ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਕੇਵਲ ਸੰਤ ਭਿੰਡਰਾਂਵਾਲਾ ਹੀ ਸੀ ਜਿਸਨੇ ਖ਼ਾਲਸੇ ਨੂੰ ਅਣਖ ਨਾਲ ਜੀਣ ਅਤੇ ਸ਼ਾਨ ਨਾਲ ਮਰਨ ਦੀ ਜਾਂਚ ਸਿਖਾਈ।

ਅਧਿਆਇ 9

# ਅਪ੍ਰੇਸ਼ਨ ਵੁੱਡ-ਰੋਜ਼

ਪਿਛਲੇ ਸਫ਼ਿਆਂ ਵਿਚ ਜ਼ਿਕਰ ਹੋ ਚੁੱਕਾ ਹੈ ਕਿ ਦਰਬਾਰ ਸਾਹਿਬ ਸਮੂਹ 'ਤੇ ਕੀਤੇ ਗਏ ਹਮਲੇ "ਅਪ੍ਰੇਸ਼ਨ ਬਲੂ ਸਟਾਰ ਜਾਂ "ਨੀਲਾ ਤਾਰਾ" ਵਿੱਚ ਭਾਰਤੀ ਫ਼ੌਜ ਨੇ ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ ਮਨਾਉਣ ਲਈ ਇਕੱਤਰ ਹੋਏ ਘੱਟੋ-ਘੱਟ ਪੰਜ ਹਜ਼ਾਰ ਮਾਸੂਮ ਅਤੇ ਨਿਰਦੋਸ਼ ਸਿੱਖਾਂ ਨੂੰ ਕਤਲ ਕੀਤਾ। ਇਸ ਰਾਖਸ਼ੀ ਖੂਨ-ਖਰਾਬੇ ਤੋਂ ਬਾਅਦ ਵੀ ਸੰਤੁਸ਼ਟੀ ਮਹਿਸੂਸ ਨਾ ਕਰਦਿਆਂ ਭਾਰਤ ਸਰਕਾਰ ਨੇ ਅਪ੍ਰੇਸ਼ਨ ਨੀਲਾ ਤਾਰਾ ਦੇ ਨਾਲ ਨਾਲ ਹੀ ਸਿੱਖਾਂ ਉੱਤੇ 'ਅਪ੍ਰੇਸ਼ਨ ਵੁੱਡ-ਰੋਜ਼' ਦੇ ਨਾਂ ਹੇਠ ਇਕ ਹੋਰ ਮਾਰੂ ਵਾਰ ਆਰੰਭਿਆ। ਇਸ ਕਾਰਵਾਈ ਦਾ ਮਕਸਦ ਪੰਜਾਬ ਦੇ ਸਮੂੰਹ ਪਿੰਡਾਂ 'ਚੋਂ ਸਾਰੇ ਅੰਮ੍ਰਿਤਧਾਰੀ ਸਿੱਖਾਂ, ਖ਼ਾਸਕਰ ਨੌਜਵਾਨ ਮੁੰਡਿਆਂ ਦਾ ਸਫ਼ਾਇਆ ਕਰਨਾ ਸੀ। ਇਸ 'ਸਫ਼ਾਇਆ ਮੁਹਿੰਮ' ਦੌਰਾਨ ਫ਼ੌਜ ਨੇ ਸਭ ਸਿੱਖ ਮੁੰਡਿਆਂ ਅਤੇ ਹੋਰ ਸਿੱਖਾਂ ਨੂੰ, ਜਿਨ੍ਹਾਂ ਦੇ ਦਾੜ੍ਹੇ ਪ੍ਰਕਾਸ਼ ਸਨ ਅਤੇ ਗਾਤਰੇ-ਕ੍ਰਿਪਾਨਾਂ (ਗੁਰੂ ਗੋਬਿੰਦ ਸਿੰਘ ਵੱਲੋਂ ਨਿਰਧਾਰਤ ਪੰਜਾਂ ਕਕਾਰਾਂ 'ਚੋਂ ਇੱਕ) ਪਹਿਨ ਰੱਖੀਆਂ ਸਨ, ਬਿਨਾਂ ਕਿਸੇ ਲਿਹਾਜ਼ ਚੁੱਕ ਲਿਆ। ਇਹ ਬੜੀ ਬੇਹੂਦਾ ਹਰਕਤ ਹੈ ਕਿ ਫ਼ੌਜ ਨੇ ਆਪਣੇ ਵਿਭਾਗੀ ਪ੍ਰਕਾਸ਼ਨ "ਬਾਤ-ਚੀਤ" ਵਿੱਚ ਸਭ ਅੰਮ੍ਰਿਤਧਾਰੀ ਸਿੱਖਾਂ ਨੂੰ ਅੱਤਵਾਦੀ ਗਰਦਾਨਿਆ ਅਤੇ ਇੰਦਰਾ ਗਾਂਧੀ ਦੀ ਅਗਵਾਈ ਹੇਠ ਭਾਰਤ ਸਰਕਾਰ ਨੇ ਅੰਨ੍ਹੀ ਹੋਈ ਫ਼ੌਜ ਵੱਲੋਂ ਫ਼ੈਲਾਏ ਗਏ ਇਸ ਸੰਗੀਨ ਦੁਰ-ਪ੍ਰਚਾਰ ਦਾ ਸਮਰਥਨ ਕੀਤਾ। ਫ਼ੌਜ ਨੂੰ ਨਿਰਦੋਸ਼ ਅੰਮ੍ਰਿਤਧਾਰੀ ਸਿੱਖਾਂ ਦਾ ਲਿਹਾਜ਼ ਰੱਖਣ ਲਈ ਕਹਿਣ ਦੀ ਬਜਾਏ ਭਾਰਤੀ ਹਕੂਮਤ ਨੇ, ਫ਼ੌਜ ਨੂੰ, ਬੁੱਢੇ ਤੇ ਜਵਾਨ, ਸਭ ਸਿੱਖਾਂ ਦੀਆਂ ਅੰਧਾਧੁੰਦ ਗ੍ਰਿਫ਼ਤਾਰੀਆਂ ਜਾਰੀ ਰੱਖਣ ਲਈ ਮਦਦ ਦੇਣ ਹਿਤ, ਕਈ ਸਖ਼ਤ ਵਹਿਸ਼ੀ ਕਾਨੂੰਨ ਘੜ੍ਹ ਮਾਰੇ। ਪੰਜਾਬ ਅਤੇ ਚੰਡੀਗੜ੍ਹ ਦੇ ਇਲਾਕੇ ਨੂੰ ਗੜਬੜ ਵਾਲੇ ਇਲਾਕੇ ਘੋਸ਼ਿਤ ਕਰ ਦਿੱਤਾ ਗਿਆ ਅਤੇ ਇਸ ਨੂੰ ਕਾਨੂੰਨੀ ਮਾਨਤਾ ਦੇਣ ਲਈ ਸਰਕਾਰ ਨੇ 'ਪੰਜਾਬ-ਚੰਡੀਗੜ੍ਹ ਡਿਸਟਰਬਡ ਏਰੀਆਜ਼ ਐਕਟ' ਪਾਸ ਕਰ ਦਿੱਤਾ। ਕੇਵਲ ਇਹੀ ਨਹੀਂ, ਫ਼ੌਜ ਨੂੰ ਆਪਣੀ ਇੱਛਾ ਅਨੁਸਾਰ ਬਿਨਾਂ ਕਿਸੇ ਕਾਨੂੰਨੀ ਸਜ਼ਾ ਤੋਂ ਕਿਸੇ ਵੀ ਸਿੱਖ ਨੂੰ ਗ੍ਰਿਫ਼ਤਾਰ ਕਰਨ ਲਈ ਅਧਿਕਾਰਤ ਕਰਨ ਵਾਸਤੇ ਸਰਕਾਰ ਨੇ ਇੱਕ ਹੋਰ ਕਾਨੂੰਨ "ਆਰਮਡ ਫੋਰਸਿਜ਼ (ਪੰਜਾਬ ਅਤੇ ਚੰਡੀਗੜ੍ਹ) ਐਕਟ" ਪਾਸ ਕਰ ਦਿੱਤਾ। ਅਦਾਲਤਾਂ ਦੇ ਦੰਦ ਤਿੱਖੇ ਕਰਨ ਲਈ "ਅੱਤਵਾਦ ਪ੍ਰਭਾਵਤ ਇਲਾਕੇ (ਵਿਸ਼ੇਸ਼ ਅਦਾਲਤਾਂ) ਐਕਟ" ਪਾਸ ਕੀਤਾ ਗਿਆ ਤਾਂ ਕਿ ਗ੍ਰਿਫ਼ਤਾਰ ਕੀਤੇ ਸਿੱਖਾਂ ਵਿਰੁੱਧ ਸਖ਼ਤੀ ਨਾਲ ਪੇਸ਼ ਆਇਆ ਜਾ ਸਕੇ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾ ਸਕਣ। ਇਸ ਦੇ ਨਾਲ ਹੀ ਪੁਲੀਸ ਅਤੇ ਨੀਮ ਫ਼ੌਜੀ ਬਲਾਂ ਨੂੰ ਨਿਰੰਕੁਸ਼ ਅਧਿਕਾਰਾਂ ਨਾਲ ਲੈਸ ਕਰਨ ਲਈ ਫ਼ੌਜਦਾਰੀ ਕਾਨੂੰਨ ਵਿੱਚ ਸੋਧ ਕੀਤੀ ਗਈ। ਸਿਵਲ ਪ੍ਰਸ਼ਾਸਨ ਨੂੰ ਪੂਰੀ ਤਰ੍ਹਾਂ ਫ਼ੌਜੀ ਅਧਿਕਾਰੀਆਂ ਦੇ ਮਾਤਹਿਤ ਕਰ ਦਿੱਤਾ ਗਿਆ। ਇਵੇਂ ਪੰਜਾਬ ਨੂੰ ਅਸਲ ਵਿੱਚ "ਫ਼ੌਜ ਅਧਿਕਾਰਤ ਖ਼ੇਤਰ" ਵਿੱਚ ਤਬਦੀਲ ਕਰ ਦਿੱਤਾ ਗਿਆ, ਜਿਹਾ ਕਿ ਦੁਸ਼ਮਣ ਦੇਸ਼ ਦੇ ਜਿੱਤੇ ਹੋਏ ਇਲਾਕੇ ਵਿੱਚ ਕੀਤਾ ਜਾਂਦਾ ਹੈ।

ਫ਼ੌਜ ਨੇ ਬਦਲਾ-ਲਊ ਭਾਵਨਾ ਤਹਿਤ ਪੰਜਾਬ ਦੇ ਹਰ ਪਿੰਡ ਦੇ ਹਰ ਕੋਨੇ ਵਿੱਚ ਦਹਿਸ਼ਤ ਦਾ ਰਾਜ ਲਾਗੂ ਕਰ ਦਿੱਤਾ। ਸ਼ਿਕਾਰ 'ਤੇ ਨਿਕਲੇ ਸ਼ਿਕਾਰੀ ਕੁੱਤਿਆਂ ਦੀ ਤਰ੍ਹਾਂ ਉਨ੍ਹਾਂ ਹਜ਼ਾਰਾਂ ਸਿੱਖਾਂ ਨੂੰ, ਖ਼ਾਸਕਰ ਨੌਜਵਾਨਾਂ, ਨੂੰ ਘੇਰ ਘੇਰ ਕੇ ਗ੍ਰਿਫ਼ਤਾਰ ਕੀਤਾ, ਫ਼ੌਜੀ ਕੈਂਪਾਂ 'ਚ ਨਜ਼ਰਬੰਦ ਕੀਤਾ, ਉਨ੍ਹਾਂ ਨੂੰ ਵਹਿਸ਼ੀਆਨਾ ਤਸੀਹੇ ਦਿੱਤੇ ਅਤੇ ਬਹੁਤ ਸਾਰਿਆਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਬਹੁਤ ਸਾਰਿਆਂ ਨੂੰ ਲੂਲੇ-ਲੰਗੜੇ ਕਰ ਕੇ ਉਨ੍ਹਾਂ ਨੂੰ ਹਮੇਸ਼ਾਂ ਲਈ ਨਕਾਰਾ ਕਰ ਦਿੱਤਾ ਗਿਆ। ਇਸ ਬੇਤਹਾਸ਼ਾ ਦਮਨ ਨੇ ਸੈਂਕੜੇ ਅਜਿਹੇ ਸਿੱਖ ਨੌਜਵਾਨਾਂ ਨੂੰ ਪਿੰਡਾਂ 'ਚੋਂ ਭੱਜ ਜਾਣ ਲਈ ਮਜਬੂਰ ਕਰ ਦਿੱਤਾ ਜਿਹੜੇ ਫ਼ੌਜ ਦੇ ਸ਼ਿਕੰਜੇ 'ਚ ਨਹੀਂ ਸੀ ਆਏ। ਉਨ੍ਹਾਂ 'ਚੋਂ ਬਹੁਤ ਸਾਰੇ ਰੂਪੋਸ਼ ਹੋ ਗਏ ਅਤੇ ਕਈ ਪਾਕਿਸਤਾਨ ਅਤੇ ਹੋਰਨਾਂ ਦੇਸ਼ਾਂ ਨੂੰ ਬਚ ਨਿਕਲੇ ਤਾਂ ਕਿ ਫ਼ੌਜ ਵੱਲੋਂ ਢਾਹੇ ਜਾ ਰਹੇ ਬੇਤਹਾਸ਼ਾ ਜ਼ੁਲਮ ਤੋਂ ਬਚ ਸਕਣ। ਜਿਹੜੇ ਸਿੱਖ, ਫ਼ੌਜ ਵੱਲੋਂ ਮਨਮਰਜ਼ੀ ਨਾਲ ਕੀਤੀਆਂ ਜਾ ਰਹੀਆਂ ਆਪ ਹੁਦਰੀਆਂ ਗ੍ਰਿਫ਼ਤਾਰੀਆਂ ਦੇ ਡਰੋਂ ਰੂਪੋਸ਼ ਹੋ ਗਏ ਸਨ, ਉਨ੍ਹਾਂ ਦੀਆਂ ਮਾਵਾਂ, ਭੈਣਾਂ ਅਤੇ ਪਤਨੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਫ਼ੌਜੀ ਕੈਂਪਾਂ 'ਚ ਨਜ਼ਰਬੰਦ ਕੀਤਾ ਗਿਆ, ਤਸੀਹੇ ਦਿੱਤੇ ਗਏ ਅਤੇ ਬਹੁਤ ਸਾਰੇ ਕੇਸਾਂ ਵਿਚ ਉਨ੍ਹਾਂ ਨਾਲ ਛੇੜਖਾਨੀ ਵੀ ਕੀਤੀ ਗਈ ਤਾਂ ਕਿ ਉਨ੍ਹਾਂ ਦੇ ਭਗੌੜੇ ਹੋਏ ਸੰਬੰਧੀਆਂ ਨੂੰ ਆਤਮ ਸਮਰਪਣ ਲਈ ਮਜਬੂਰ ਕੀਤਾ ਜਾ ਸਕੇ। ਉਨ੍ਹਾਂ ਦੀਆਂ ਦੁੱਖ-ਤਕਲੀਫ਼ਾਂ ਅਤੇ ਕੁਰਲਾਹਟਾਂ ਸੁਣਨ ਵਾਲਾ ਕੋਈ ਨਹੀਂ ਸੀ, ਉਨ੍ਹਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਵਾਲਾ ਕੋਈ ਨਹੀਂ ਸੀ। ਕੇਵਲ ਜੰਗਲੀ ਭੇੜੀਏ ਉਨ੍ਹਾਂ 'ਤੇ ਚੀਕਣ ਅਤੇ ਗੁਰਰਾਉਣ ਲਈ ਖੁਲ੍ਹੇ ਛੱਡ ਦਿੱਤੇ ਗਏ ਸਨ। ਪੰਜਾਬ ਵਿੱਚ ਸਿੱਖਾਂ ਦੀ ਇਸ ਤਰਸਯੋਗ ਹਾਲਤ ਉੱਤੇ ਤੁਅੱਸਬੀ ਹਿੰਦੂ ਮੁਸਕੜੀਆਂ 'ਚ ਗੁੱਝਾ ਗੁੱਝਾ ਹੱਸਦੇ ਰਹੇ ਅਤੇ ਪ੍ਰਸੰਨ ਹੁੰਦੇ ਰਹੇ।

ਇਸ ਸਿੱਖ-ਵਿਰੋਧੀ ਵਹਿਸ਼ੀਆਨਾ ਫ਼ੌਜੀ ਕਾਰਵਾਈ ਨੂੰ ਸ਼ਰਾਰਤ ਪੂਰਵਕ 'ਅਪ੍ਰੇਸ਼ਨ ਵੁੱਡ-ਰੋਜ਼' ਦਾ ਕੋਡ-ਨਾਮ ਦਿੱਤਾ ਗਿਆ ਸੀ ਕਿਉਂਕਿ ਭਾਰਤ ਸਰਕਾਰ ਦੀ ਅੰਨ੍ਹੀ ਨਿਗਾਹ ਵਿੱਚ ਸਿੱਖ ਨੌਜਵਾਨ ਹੈ ਤਾਂ 'ਗੁਲਾਬ ਦੇ ਫੁੱਲ' (ਰੋਜ਼-Rose) ਹੀ ਪਰ ਜੰਗਲਾਂ (ਵੁੱਡ-Wood) 'ਚ ਉੱਗੇ ਹੋਏ ਸਨ ਕਿਉਂਕਿ ਪੰਜਾਬ ਨੂੰ ਸਰਕਾਰ ਜੰਗਲ ਹੀ ਸਮਝਦੀ ਸੀ ਅਤੇ ਇਸੇ ਕਾਰਨ ਹੀ ਸਰਕਾਰ ਨੇ ਮੁੱਢ ਤੋਂ ਹੀ ਏਥੇ ਜੰਗਲ ਦਾ ਰਾਜ ਹੀ ਲਾਗੂ ਕਰੀ ਰੱਖਿਆ ਸੀ। ਇਸ ਲਈ ਸਰਕਾਰ ਨੇ ਇਸ ਜੰਗਲ ਨੂੰ ਤਬਾਹ ਕਰਨ ਵਾਸਤੇ ਉਪਰੋਕਤ ਜੰਗਲੀ ਗੁਲਾਬ ਦੇ ਫੁੱਲਾਂ (ਸਿੱਖ ਨੌਜਵਾਨਾਂ) ਨੂੰ ਮਸਲ ਦੇਣ ਦਾ ਫ਼ੈਸਲਾ ਕੀਤਾ। ਭਾਰਤੀ ਫ਼ੌਜ ਨੇ ਵੀ ਇਸੇ ਵੈਰ ਅਤੇ ਘਿਰਣਾ-ਭਾਵ ਨੂੰ ਹੀ ਮਨਾਂ 'ਚ ਸਮੋਈ ਇਹਨਾਂ 'ਗੁਲਾਬ ਦੇ ਫੁੱਲਾਂ' ਨੂੰ 'ਜੰਗਲ' 'ਚੋਂ ਪੁੱਟ ਸੁੱਟਿਆ। ਇਸ ਤਰ੍ਹਾਂ ਗੁਲਾਬਾਂ ਦੀ ਧਰਤੀ ਪੰਜਾਬ ਦੀ ਏਨੀ ਵਿਤੋਂ ਬਾਹਰੀ ਬਰਬਾਦੀ ਹੋਈ ਜਿਸਦੀ ਪੂਰਤੀ ਨਹੀਂ ਸੀ ਕੀਤੀ ਜਾ ਸਕਦੀ।

ਪੰਜਾਬ ਵਿੱਚ ਸਿੱਖਾਂ 'ਤੇ ਬੇਰਹਿਮੀ ਨਾਲ ਕੀਤਾ ਗਿਆ ਇਹ ਜ਼ੁਲਮ 18ਵੀਂ ਸਦੀ ਦੇ ਮੁਗਲ ਰਾਜ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਜ਼ਕਰੀਆ ਖਾਨ ਅਤੇ ਮੀਰ ਮੰਨੂੰ ਵੱਲੋਂ ਢਾਹੇ ਗਏ ਜ਼ੁਲਮਾਂ ਨੂੰ ਵੀ ਮਾਤ ਪਾ ਗਿਆ।

ਇਵੇਂ 'ਅਪ੍ਰੇਸ਼ਨ ਬਲੂ-ਸਟਾਰ' ਅਤੇ 'ਅਪ੍ਰੇਸ਼ਨ ਵੁੱਡ-ਰੋਜ਼' ਗੁਲਾਬ ਦੇ ਫੁੱਲਾਂ ਦੀ ਧਰਤੀ ਦੇ ਹੁਸੀਨ ਮੁਖੜੇ 'ਤੇ ਜ਼ਖ਼ਮਾਂ ਦਾ ਇੱਕ ਡੂੰਘਾ ਅਤੇ ਅਮਿੱਟ ਧੱਬਾ ਛੱਡ ਗਏ। ਇਨ੍ਹਾਂ ਜ਼ਖ਼ਮਾਂ ਨੂੰ ਕੌਣ ਭਰੇਗਾ? ਕੌਣ ਮਿਟਾਏਗਾ ਇਨ੍ਹਾਂ ਫੱਟਾਂ ਦੇ ਨਿਸ਼ਾਨ? ਕੋਈ ਹੋਰ ਨਹੀਂ,

ਸਗੋਂ ਸਿੱਖ ਖ਼ੁਦ ਹੀ ਇੱਕ ਨਾ ਇੱਕ ਦਿਨ ਆਪਣੇ ਇਨ੍ਹਾਂ ਜ਼ਖਮਾਂ ਨੂੰ ਭਰਨਗੇ ਜਾਂ ਫ਼ਿਰ ਕਦੇ ਨਾ ਕਦੇ ਮੁੜ ਕੋਈ ਮਸੀਹਾ ਪੈਦਾ ਹੋ ਕੇ ਉਨ੍ਹਾਂ ਅੰਦਰ ਸਵੈ-ਵਿਸ਼ਵਾਸ ਨੂੰ ਮੁੜ ਬਹਾਲ ਕਰੇਗਾ ਅਤੇ ਉਨ੍ਹਾਂ ਨੂੰ ਬੁਲੰਦੀਆਂ ਵੱਲ ਲਿਜਾਏਗਾ।

ਇਹ ਕੁਦਰਤ ਦਾ ਅਸੂਲ ਹੈ ਕਿ ਜਦੋਂ ਜ਼ੁਲਮੋ-ਤਸ਼ੱਦਦ ਦੀ ਕੋਈ ਹੱਦ ਨਾ ਰਹੇ ਤਾਂ ਕੋਈ ਨਾ ਕੋਈ ਮਸੀਹਾ ਜ਼ਰੂਰ ਪੈਦਾ ਹੁੰਦਾ ਹੈ ਤਾਂ ਕਿ ਉਹ ਜ਼ਾਲਮਾਂ ਦਾ ਨਾਸ਼ ਕਰਕੇ ਜ਼ਖ਼ਮੀ ਅਤੇ ਤੜਪਦੀਆਂ ਰੂਹਾਂ ਨੂੰ ਠਾਰ ਸਕੇ।

ਅਧਿਆਇ 10

# ਅਕਾਲ ਤਖ਼ਤ ਉੱਪਰ ਫ਼ੌਜੀ ਹਮਲੇ ਦਾ ਬਦਲਾ

ਅਤੀਤ ਵਿੱਚ ਜਦ ਵੀ ਅਤੇ ਜਿਸ ਕਿਸੇ ਨੇ ਵੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨੂੰ ਢਾਹੁਣ ਅਤੇ ਇਨ੍ਹਾਂ ਦੀ ਬੇਹੁਰਮਤੀ ਕਰਨ ਦਾ ਗੁਨਾਹ ਕੀਤਾ, ਓੜਕ ਉਸ ਨੂੰ ਸੂਰਬੀਰ ਖ਼ਾਲਸੇ ਦੇ ਹੱਥੋਂ ਮੌਤ ਦੀ ਸਜ਼ਾ ਭੁਗਤਣੀ ਪਈ। ਸਿੱਖ ਤਵਾਰੀਖ ਬੀਤੇ ਸਮੇਂ ਦੀਆਂ ਅਜਿਹੀਆਂ ਘਟਨਾਵਾਂ ਦੀ ਸ਼ਾਹਦੀ ਭਰਦੀ ਹੈ। ਪ੍ਰੰਤੂ, ਮੁਤੱਸਬੀ ਹਿੰਦੂ ਇਨ੍ਹਾਂ ਬਹਾਦਰੀ ਭਰੇ ਕਾਰਨਾਮਿਆਂ ਦੀ ਖਿੱਲੀ ਉਡਾਉਂਦੇ ਸਨ। ਪੰਜਾਬ ਅੰਦਰ ਹੋਈਆਂ ਫ਼ੌਜੀ ਕਾਰਵਾਈਆਂ ਮਗਰੋਂ ਜਦੋਂ ਗੁੱਸੇ ਦੀ ਲਹਿਰ ਵਿਸ਼ਾਲ ਪੱਧਰ 'ਤੇ ਫੈਲੀ ਹੋਈ ਸੀ ਅਤੇ ਇਹ ਅਫ਼ਵਾਹ ਆਮ ਸੀ ਕਿ ਛੇਤੀ ਹੀ ਇੰਦਰਾ ਗਾਂਧੀ ਦਾ ਮੱਸੇ ਰੰਘੜ ਵਾਲਾ ਹਸ਼ਰ ਹੋਵੇਗਾ ਤਾਂ ਫ਼ਿਰਕੂ ਹਿੰਦੂਆਂ ਨੇ ਇਸਦਾ ਹਾਸੇ-ਭਾਣੇ ਮਖੌਲ ਉਡਾ ਛੱਡਿਆ। ਉਨ੍ਹਾਂ ਇਸ ਇਤਿਹਾਸਕ ਘਟਨਾ ਨੂੰ ਸਿਰੇ ਦੀ ਮਿਥਿਹਾਸਕ ਲੋਕ-ਕਥਾ ਕਹਿ ਕੇ ਰੱਦ ਕਰ ਦਿੱਤਾ। ਉਨ੍ਹਾਂ ਕਦੇ ਵੀ ਯਕੀਨ ਨਹੀਂ ਕੀਤਾ ਕਿ 18ਵੀਂ ਸਦੀ ਦੌਰਾਨ ਦਰਬਾਰ ਸਾਹਿਬ ਦੀ ਬੇਹੁਰਮਤੀ ਦੇ ਗੁਨਾਹ ਬਦਲੇ ਯੋਧੇ ਸਿੰਘਾਂ, ਸੁੱਖਾ ਸਿੰਘ ਅਤੇ ਮਹਿਤਾਬ ਸਿੰਘ, ਨੇ ਦਰਬਾਰ ਸਾਹਿਬ ਵਿਖੇ ਹੀ ਮੱਸੇ ਰੰਘੜ ਦਾ ਸਿਰ ਵੱਢ ਦਿੱਤਾ ਸੀ। ਪਰ ਗੁਰੂ ਗੋਬਿੰਦ ਸਿੰਘ ਦੇ ਫ਼ਲਸਫ਼ੇ ਤੋਂ ਪ੍ਰੇਰਿਤ ਦੋ ਨੌਜਵਾਨ ਸਿੰਘਾਂ, ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਨੇ, ਖ਼ਾਲਸੇ ਦੀਆਂ ਸ਼ਾਨਦਾਰ ਰਵਾਇਤਾਂ ਅਤੇ ਗੌਰਵਮਈ ਇਤਿਹਾਸ ਨੂੰ ਕਾਇਮ ਰੱਖਦਿਆਂ 31 ਅਕਤੂਬਰ, 1984 ਦੀ ਇੱਕ ਸੁਹਾਵਣੀ ਸਵੇਰ, ਇੰਦਰਾ ਗਾਂਧੀ ਨੂੰ ਠੀਕ ਉਸ ਦੀ ਕਿਲ੍ਹਾ ਬੰਦ ਸਰਕਾਰੀ ਰਿਹਾਇਸ਼ ਦੇ ਅੰਦਰ ਅਤੇ ਉਸ ਦੇ ਅਣਗਿਣਤ ਸੁਰੱਖਿਆ ਗਾਰਡਾਂ ਦੇ ਠੀਕ ਸਾਹਮਣੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਅਤੇ ਇਉਂ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੀ ਤਬਾਹੀ ਅਤੇ ਬੇਹੁਰਮਤੀ ਦਾ ਬਦਲਾ ਲੈ ਲਿਆ। ਇਹਨਾਂ ਦੋ ਸੂਰਮੇ ਸਿੱਖਾਂ ਨੇ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੇ ਸ਼ਾਨਦਾਰ ਅਤੇ ਕਾਬਲ-ਏ-ਫ਼ਖ਼ਰ ਕਾਰਨਾਮਿਆਂ ਨੂੰ ਦੁਹਰਾ ਕੇ ਇੱਕ ਵਾਰ ਮੁੜ ਇਤਿਹਾਸ ਸਿਰਜ ਦਿੱਤਾ।

ਪੰਜਾਬ 'ਚ ਜਾਬਰ ਫ਼ੌਜੀ ਸ਼ਾਸਨ ਹੇਠ ਜੀਅ ਰਹੇ ਸਿੱਖਾਂ ਨੇ, ਸਿਰ 'ਤੇ ਮੰਡਰਾ ਰਹੇ ਨਵੇਂ ਖ਼ਤਰੇ ਤੋਂ ਬੇਖ਼ਬਰ, ਸੁੱਖ ਦਾ ਸਾਹ ਲਿਆ ਪਰ ਇਹ ਛਿਣ-ਭੰਗਰੀ ਹੀ ਸਾਬਤ ਹੋਇਆ। ਤੁਅੱਸਬੀ ਹਿੰਦੂਆਂ, ਜਿਨ੍ਹਾਂ ਨੂੰ ਪਹਿਲਾਂ ਤੋਂ ਹੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਸਮੇਤ ਹੋਰ ਕਾਂਗਰਸੀ ਨੇਤਾਵਾਂ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਉਕਸਾਇਆ ਹੋਇਆ ਸੀ, ਨੂੰ ਉਸ ਹੋਣੀ ਭਰੇ ਦਿਨ ਦੀ ਸ਼ਾਮ ਨੂੰ ਸੰਗਠਤ ਅਤੇ ਲਾਮਬੰਦ ਕੀਤਾ ਗਿਆ।

ਜਦੋਂ ਰਾਜੀਵ ਗਾਂਧੀ ਉਸ ਦਿਨ ਬਾਅਦ ਦੁਪਹਿਰ 3.30 ਵਜੇ ਨਵੀਂ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਵਿਖੇ ਪਹੁੰਚਿਆ ਤਾਂ ਉਹ ਆਪਣੀ ਮਾਂ ਨੂੰ ਮਾਸ ਦਾ ਲੋਥੜਾ ਬਣਿਆ ਦੇਖ ਅੱਗ-ਬਬੂਲਾ ਹੋ ਉੱਠਿਆ। ਗੁੱਸੇ ਦੇ ਦੌਰੇ ਹੇਠ ਉਹਨੇ ਉੱਥੇ ਮੌਜੂਦ ਕਾਂਗਰਸੀ ਨੇਤਾਵਾਂ ਨੂੰ ਚਾਰ-ਚੁਫ਼ੇਰੇ ਖਿੰਡਰ ਕੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਹਿਦਾਇਤ ਕੀਤੀ। ਉਸ ਨੇ ਇਹ ਵੀ ਫ਼ਰਮਾਇਆ ਕਿ ਉਹ ਕਿਸੇ ਵੀ

ਸਿੱਖ ਦਾ ਚਿਹਰਾ ਨਹੀਂ ਦੇਖਣਾ ਚਾਹੁੰਦਾ। ਉਸ ਮੌਕੇ ਤੱਕ ਅਜੇ ਉਸ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਨਹੀਂ ਸੀ ਚੁਕਾਈ ਗਈ। ਸ਼ਾਇਦ ਇਸੇ ਕਾਰਨ ਹੀ ਕਾਂਗਰਸੀ ਹੇੜਾਂ ਨੇ ਉਸ ਦੇ ਤੁਅੱਸਬੀ ਫ਼ਰਮਾਨ ਵੱਲ ਗੰਭੀਰ ਤਵੱਜੋਂ ਨਾ ਦਿੱਤੀ। ਤਾਂ ਵੀ ਉਨ੍ਹਾਂ ਨੇ ਕਾਂਗਰਸੀ ਕਾਰਕੁੰਨਾਂ ਨੂੰ ਕੁਝ ਨਾ ਕੁਝ ਕਰਨ ਲਈ ਕਿਹਾ ਤਾਂ ਜੋ ਉਹ ਆਪਣੇ ਆਕਾ ਦੀ ਮਨੋ-ਇੱਛਾ ਨੂੰ ਸੰਤੁਸ਼ਟ ਕਰ ਸਕਣ। ਪਰ ਉਨ੍ਹਾਂ ਨੇ ਬੜੇ ਸਾਧਾਰਨ ਜਿਹੇ ਢੰਗ ਨਾਲ ਸਿੱਖ-ਰਾਹਗੀਰਾਂ ਦੀ ਖਿੱਚਾ-ਧੂਹੀ ਕੀਤੀ ਤੇ ਉਨ੍ਹਾਂ ਦੇ ਸਕੂਟਰਾਂ ਅਤੇ ਕਾਰਾਂ ਦੀ ਤੋੜ-ਭੰਨ ਕੀਤੀ ਅਤੇ ਨਸ਼ਟ ਕਰ ਦਿੱਤੇ, ਜਿਨ੍ਹਾਂ 'ਤੇ ਸਵਾਰ ਹੋ ਕੇ ਉਹ ਮੈਡੀਕਲ ਇੰਸਟੀਚਿਊਟ ਦੀ ਹਦੂਦ ਦੇ ਨੇੜਿਉਂ-ਤੇੜਿਉਂ ਗੁਜ਼ਰ ਰਹੇ ਸਨ। ਅਜਿਹੀਆਂ ਟਾਵੀਆਂ-ਟਾਵੀਆਂ ਵਾਰਦਾਤਾਂ ਦਿੱਲੀ ਦੇ ਹੋਰਨਾਂ ਹਿੱਸਿਆਂ 'ਚ ਵੀ ਵਾਪਰੀਆਂ। ਪਰ ਜਦੋਂ ਉਸੇ ਸ਼ਾਮ ਰਾਜੀਵ ਗਾਂਧੀ ਦਿੱਲੀ ਤਖ਼ਤ ਦਾ ਵਾਰਸ ਬਣ ਗਿਆ ਅਤੇ ਉਸ ਨੂੰ ਪ੍ਰਧਾਨ ਮੰਤਰੀ ਵਜੋਂ ਹਲਫ਼ ਦੁਆ ਦਿੱਤਾ ਗਿਆ ਤਾਂ ਸਥਿਤੀ ਨੇ ਦੁਖਦਾਈ ਮੋੜ ਅਖ਼ਤਿਆਰ ਕਰ ਲਿਆ। ਰਾਜੀਵ ਗਾਂਧੀ, ਆਪਣੀ ਮਾਂ ਦੇ ਕਤਲ ਦਾ ਬਦਲਾ ਲੈਣ ਦੇ ਇਰਾਦੇ ਨਾਲ, ਸਿੱਖਾਂ ਨੂੰ ਹਰ ਹੀਲੇ ਕੌੜਾ ਸਬਕ ਸਿਖਾਉਣ ਲਈ ਆਮਾਦਾ ਸੀ। ਹੁਣ ਕਾਂਗਰਸੀ ਮੰਤਰੀਆਂ ਅਤੇ ਹੋਰ ਨੇਤਾਵਾਂ ਨੂੰ ਚੰਗੀ ਤਰ੍ਹਾਂ ਸਮਝ ਪਈ ਕਿ ਉਨ੍ਹਾਂ ਨੂੰ ਖ਼ੂਨ ਦੇ ਪਿਆਸੇ ਆਪਣੇ ਨਵੇਂ ਪ੍ਰਧਾਨ ਮੰਤਰੀ ਨੂੰ ਖ਼ੁਸ਼ ਕਰਨ ਖ਼ਾਤਰ ਕੋਈ ਸਖ਼ਤ ਕਾਰਵਾਈ ਕਰਨੀ ਹੋਵੇਗੀ। ਉਨ੍ਹਾਂ ਨੇ ਰਾਤੋ-ਰਾਤ ਇੱਕ ਖ਼ਤਰਨਾਕ ਅਤੇ ਭਿਆਨਕ ਵਿਉਂਤ ਘੜੀ, ਜਿਸ ਨੂੰ ਕਿ ਅਗਲੀ ਸਵੇਰ ਅਮਲ ਵਿਚ ਲਿਆਂਦਾ ਜਾਣਾ ਸੀ। ਪ੍ਰਸਿੱਧ ਕਾਂਗਰਸੀ ਨੇਤਾ ਹਰਕਿਸ਼ਨ ਲਾਲ ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਲਲਿਤ ਮਾਕਨ, ਅਰਜਨ ਦਾਸ, ਧਰਮ ਦਾਸ ਸ਼ਾਸਤਰੀ ਅਤੇ ਅਜਿਹੇ ਹੋਰਨ੍ਹਾਂ ਨੂੰ ਆਪੋ-ਆਪਣੇ ਚੋਣ-ਹਲਕਿਆਂ ਦਾ ਇੰਚਾਰਜ ਥਾਪ ਦਿੱਤਾ ਗਿਆ ਅਤੇ ਸਪਸ਼ਟ ਰੂਪ 'ਚ ਸਮਝਾਈ ਗਈ ਵਿਉਂਤ ਅਨੁਸਾਰ ਡਿਊਟੀਆਂ ਸੌਂਪ ਦਿੱਤੀਆਂ ਗਈਆਂ ਤਾਂ ਜੋ ਸਿੱਖਾਂ ਦੀ 'ਨਸਲਕੁਸ਼ੀ' ਦੀ ਕਾਰਵਾਈ (ਅਪ੍ਰੇਸ਼ਨ ਜੀਨੋਸਾਈਡ) ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ।

ਇਹਨਾਂ ਕਾਂਗਰਸੀ ਮੰਤਰੀਆਂ ਨੇ ਸੈਂਕੜੇ ਜ਼ਰਾਇਮ ਪੇਸ਼ਾ, ਮੁਜ਼ਰਮ, ਲੁਟੇਰੇ ਅਤੇ ਡਕੈਤ 31 ਅਕਤੂਬਰ ਅਤੇ 1 ਨਵੰਬਰ ਦੀ ਦਰਮਿਆਨੀ ਰਾਤ ਨੂੰ ਇਕੱਠੇ ਕਰ ਲਏ ਅਤੇ 'ਅਪ੍ਰੇਸ਼ਨ ਨਸਲਕੁਸ਼ੀ' ਨੂੰ ਅਮਲ 'ਚ ਲਿਆਉਣ ਲਈ ਇਨ੍ਹਾਂ ਨੂੰ ਭੁੱਖੇ ਬਘਿਆੜਾਂ ਦੀ ਤਰ੍ਹਾਂ ਖੁੱਲ੍ਹੇ ਛੱਡ ਦਿੱਤਾ। ਸਿੱਖਾਂ ਦੀ ਮਲਕੀਅਤ ਵਾਲੇ ਰਿਹਾਇਸ਼ੀ ਮਕਾਨਾਂ, ਦੁਕਾਨਾਂ, ਕਾਰੋਬਾਰੀ ਅਤੇ ਵਪਾਰਕ ਜਾਇਦਾਦਾਂ ਦੀ ਨਿਸ਼ਾਨਦੇਹੀ ਕੀਤੀ ਗਈ ਅਤੇ ਅੱਗਾਂ ਲਾਉਣ ਵਾਲਿਆਂ, ਬਲਾਤਕਾਰੀਆਂ, ਹਤਿਆਰਿਆਂ ਅਤੇ ਲੁਟੇਰਿਆਂ ਦੇ ਹਮਲੇ ਦਾ ਨਿਸ਼ਾਨਾ ਬਣਾਉਣ ਲਈ ਚੁਣੇ ਗਏ। ਹਰ ਪ੍ਰਕਾਰ ਦੇ ਹਥਿਆਰ ਅਤੇ ਅੱਗ-ਲਾਊ ਸਮਗਰੀ ਭਾਰੀ ਮਾਤਰਾ 'ਚ ਇਕੱਤਰ ਕੀਤੀ ਗਈ ਅਤੇ ਇਸ ਵਹਿਸ਼ੀਆਨਾ ਸਾਜ਼ਿਸ਼ ਨੂੰ ਸਿਰੇ ਚਾੜ੍ਹਨ ਲਈ ਹਿੰਦੂ ਕਾਤਲਾਂ ਦੇ ਗ੍ਰੋਹਾਂ ਨੂੰ ਸੌਂਪ ਦਿੱਤੀ ਗਈ। ਮੁੱਕਦੀ ਗੱਲ ਕਿ ਰਾਤੋ-ਰਾਤ ਸਿੱਖਾਂ 'ਤੇ ਅਗਲੀ ਸਵੇਰ ਨੂੰ ਪ੍ਰਚੰਡ ਰੂਪ 'ਚ ਜ਼ੋਰਦਾਰ ਹੱਲਾ ਬੋਲਣ ਲਈ ਤਿਆਰੀ ਮੁਕੰਮਲ ਕਰ ਲਈ ਗਈ।

ਕਾਤਲ ਹਿੰਦੂ-ਗ੍ਰੋਹਾਂ ਨੂੰ ਖੁੱਲ੍ਹੀ ਛੁੱਟੀ ਦੇਣ ਦੇ ਇਰਾਦੇ ਨਾਲ ਦਿੱਲੀ ਪੁਲਿਸ ਅਤੇ ਸੀ.ਆਰ.ਪੀ.ਐਫ. ਨੂੰ ਇਨ੍ਹਾਂ ਅਪਰਾਧੀ-ਗ੍ਰੋਹਾਂ ਦੇ ਹਰਕਤ ਵਿਚ ਹੋਣ ਸਮੇਂ ਇਨ੍ਹਾਂ ਨੂੰ ਹੱਥ



ਉਹ ਹਾਸੇ ਜਿਨ੍ਹਾਂ ਅੰਦਰ ਬੁੱਕਲ ਦੇ ਸੱਪਾਂ ਵਾਲਾ ਜ਼ਹਿਰ ਲੁਕਿਆ ਹੋਇਆ ਸੀ।
ਸੰਤ ਜਰਨੈਲ ਸਿੰਘ ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ, ਬਲਵੰਤ ਸਿੰਘ ਰਾਮੂਵਾਲੀਆ ਅਤੇ ਸਾਬਕਾ ਵਿੱਤ ਮੰਤਰੀ ਬਲਵੰਤ ਸਿੰਘ ਦੀ ਧੋਖੇਬਾਜ਼ ਜੁੰਡਲੀ ਨਾਲ।



ਸੰਤ ਜਰਨੈਲ ਸਿੰਘ ਖ਼ਾਲਸਾ ਗੁਰੂ ਨਾਨਕ ਨਿਵਾਸ ਦੀ ਛੱਤ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ। ਉਨ੍ਹਾਂ ਦੇ ਬਿਲਕੁਲ ਨਾਲ ਖੱਬੇ ਬੈਠੇ ਹਨ ਸਾਬਕਾ ਆਈ. ਏ. ਐਸ. ਸਿਰਦਾਰ ਗੁਰਤੇਜ ਸਿੰਘ, ਨੈਸ਼ਨਲ ਪ੍ਰੋਫੈਸਰ ਆਫ਼ ਸਿੱਖਇਜ਼ਮ।



ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਪਰਿਵਾਰ: (ਖੱਬਿਓਂ ਸੱਜੇ) ਸੰਤਾਂ ਦੀ ਧਰਮ ਪਤਨੀ ਬੀਬੀ ਪ੍ਰੀਤਮ ਕੌਰ, ਸਪੁੱਤਰ ਇੰਦਰਜੀਤ ਸਿੰਘ, ਮਾਤਾ ਨਿਹਾਲ ਕੌਰ ਅਤੇ ਸਪੁੱਤਰ ਈਸ਼ਰ ਸਿੰਘ,

ਨਾ ਪਾਉਣ ਲਈ ਗੁਪਤ ਰੂਪ 'ਚ ਹਿਦਾਇਤਾਂ ਕੀਤੀਆਂ ਗਈਆਂ। ਇਸ ਤੋਂ ਵੀ ਅਗਾਂਹ, ਇਨ੍ਹਾਂ ਸੰਗਠਤ ਅਪਰਾਧੀ-ਗ੍ਰੋਹਾਂ ਨੂੰ ਆਪਣੇ ਜ਼ਿੰਮੇ ਲੱਗੇ ਦਰਿੰਦਗੀ ਭਰੇ ਕਾਰੇ ਨੂੰ ਸਿਰੇ ਚਾੜ੍ਹਨ ਲਈ ਢੁਕਵਾਂ ਸਮਾਂ ਮੁਹੱਈਆ ਕਰਨ ਵਾਸਤੇ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਨੂੰ ਤਿੰਨ ਦਿਨ ਲੋਕਾਂ ਦੇ ਦਰਸ਼ਨਾਂ ਅਤੇ ਸਰਧਾਂਜਲੀਆਂ ਲਈ 'ਤੀਨ-ਮੂਰਤੀ' ਵਿਖੇ ਰੱਖਿਆ ਜਾਵੇਗਾ ਅਤੇ ਇਸ ਦੇ ਨਾਲ-ਨਾਲ ਹੀ ਦਿੱਲੀ ਵਿਚ ਅਣਮਿਥੇ ਸਮੇਂ ਲਈ ਕਰਫ਼ਿਊ ਲਾ ਦਿੱਤਾ ਗਿਆ। ਇਸ ਸਾਰੀ ਖੇਡ ਪਿੱਛੇ ਗੁੱਝਾ ਉਦੇਸ਼ ਇਹ ਸੀ ਕਿ ਕਾਤਲ-ਗ੍ਰੋਹ ਬਿਨਾਂ ਰੁਕਾਵਟ ਸ਼ਹਿਰ 'ਚ ਘੁੰਮ ਸਕਣ ਅਤੇ ਜਿਹੜਾ ਕੋਈ ਹੋਰ ਸਿੱਖਾਂ ਨੂੰ ਸੁਰੱਖਿਆ ਪ੍ਰਦਾਨ ਕਰ ਸਕਦਾ ਸੀ, ਉਸ ਦੀ ਨਕਲੋ-ਹਰਕਤ ਨੂੰ ਰੋਕਿਆ ਜਾ ਸਕੇ।

ਦਿੱਲੀ ਵਿਚ 1 ਨਵੰਬਰ ਤੋਂ 5 ਨਵੰਬਰ ਤੱਕ ਜੋ ਕੁਝ ਵਾਪਰਿਆ ਉਹ ਇੱਕ ਖੌਫ਼ਨਾਕ ਘੱਲੂਘਾਰਾ ਸੀ। ਸਿੱਖਾਂ ਦੇ ਤਕਰੀਬਨ ਸਾਰੇ ਕਾਰੋਬਾਰੀ ਅਤੇ ਵਪਾਰਕ ਅਦਾਰਿਆਂ, ਦੁਕਾਨਾਂ ਅਤੇ ਉਦਯੋਗਾਂ ਦੀ ਪਹਿਲਾਂ ਲੁੱਟ-ਖਸੁੱਟ ਕੀਤੀ ਗਈ ਅਤੇ ਫ਼ਿਰ ਅੱਗ ਦੀ ਭੇਂਟ ਚੜ੍ਹਾ ਦਿੱਤੇ ਗਏ। ਹਜ਼ਾਰਾਂ ਬਦਕਿਸਮਤ ਅਤੇ ਨਿਰਦੋਸ਼, ਬੁੱਢੇ ਅਤੇ ਜਵਾਨ, ਸਭ ਸਿੱਖਾਂ ਦਾ ਬੇਰਹਿਮੀ ਨਾਲ ਕਤਲੇਆਮ ਕਰ ਦਿੱਤਾ ਗਿਆ। ਇਨ੍ਹਾਂ 'ਚੋਂ ਸੈਂਕੜਿਆਂ ਨੂੰ ਤਾਂ ਉਨ੍ਹਾਂ ਦੇ ਘਰਾਂ ਅੰਦਰ ਹੀ ਅਤੇ ਜਾਂ ਗਲੀਆਂ ਅਤੇ ਸੜਕਾਂ ਉਪਰ ਖੁੱਲ੍ਹੇਆਮ ਜਿਉਂਦੇ ਅੱਗ ਲਾ ਕੇ ਸਾੜਿਆ ਗਿਆ। ਵਹਿਸ਼ੀ ਹਿੰਦੂਆਂ ਨੇ ਸੜਦੇ ਅਤੇ ਕੁਰਲਾਉਂਦੇ ਹੋਏ ਸਿੱਖਾਂ ਦੇ ਦੁਆਲੇ ਇਉਂ ਜਨੂੰਨੀ ਲਹਿਜੇ ਵਿੱਚ ਗੀਤ ਗਾਏ ਅਤੇ ਭੰਗੜੇ ਪਾਏ ਜਿਵੇਂ ਕੋਈ ਤਿਉਹਾਰ ਮਨਾ ਰਹੇ ਹੋਣ। ਸੈਂਕੜੇ ਸਿੱਖ ਔਰਤਾਂ ਅਤੇ ਮੁਟਿਆਰਾਂ ਨਾਲ ਉਨ੍ਹਾਂ ਦੇ ਪਿਓਆਂ, ਭਰਾਵਾਂ, ਪੁੱਤਾਂ ਅਤੇ ਪਤੀਆਂ ਦੀਆਂ ਅੱਖਾਂ ਸਾਹਮਣੇ ਸਮੂਹਕ ਬਲਾਤਕਾਰ ਕੀਤਾ ਗਿਆ। ਫਿਰ ਜਬਰ-ਜ਼ਨਾਹ ਦਾ ਸ਼ਿਕਾਰ ਹੋਈਆਂ ਉਨ੍ਹਾਂ ਔਰਤਾਂ ਦੀਆਂ ਅੱਖਾਂ ਸਾਹਮਣੇ ਮਰਦਾਂ ਨੂੰ ਵਹਿਸ਼ੀਆਨਾ ਢੰਗ ਨਾਲ ਝਟਕਾਇਆ ਗਿਆ।

ਕੁਝ ਬਹਾਦਰ ਸਿੱਖਾਂ, ਜਿਨ੍ਹਾਂ ਕਾਤਲ-ਹਿੰਦੂ-ਗ੍ਰੋਹਾਂ ਦਾ ਮੁਕਾਬਲਾ ਕਰਨ ਅਤੇ ਲੜਨ ਦਾ ਸਾਹਸ ਕੀਤਾ, ਉੱਪਰ ਨੀਮ ਫੌਜੀ ਬਲਾਂ ਨੇ ਗੋਲੀ ਚਲਾਈ ਅਤੇ ਉਨ੍ਹਾਂ ਨੂੰ ਨਿਹੱਥੇ ਕਰ ਦਿੱਤਾ ਤਾਂ ਕਿ ਉਹ ਸੌਖੇ ਹੀ 'ਦੈਂਤਾਂ' ਦਾ ਸ਼ਿਕਾਰ ਬਣ ਸਕਣ। ਬਹੁਤ ਸਾਰੀਆਂ ਥਾਵਾਂ 'ਤੇ ਅਰਧ-ਸੈਨਿਕ ਬਲਾਂ ਨੇ ਸੰਗਠਤ-ਕਾਤਲਾਂ ਦੀਆਂ ਅੱਖਾਂ ਸਾਹਮਣੇ ਸਿੱਖਾਂ ਨੂੰ ਗੋਲੀ ਮਾਰ ਕੇ ਕਾਤਲਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਇਕ ਤਰ੍ਹਾਂ ਨਾਲ ਬਿਨਾਂ ਰੁਕਾਵਟ ਲੁੱਟ-ਖਸੁੱਟ ਅਤੇ ਕਤਲ ਕਰਨ ਲਈ ਉਨ੍ਹਾਂ ਨੂੰ ਸੰਕੇਤ ਦਿੱਤਾ।

ਇੱਕ ਗਿਣੀ-ਮਿਥੀ ਸਾਜ਼ਿਸ਼ ਅਧੀਨ ਦਿੱਲੀ ਵਿੱਚ ਫ਼ੌਜ ਨੂੰ ਸੱਦ ਲਿਆ ਗਿਆ ਅਤੇ ਸਾੜ-ਫੂਕ ਕਰਨ ਵਾਲਿਆਂ ਅਤੇ ਸਿੱਖਾਂ ਦੇ ਕਾਤਲਾਂ ਨੂੰ ਦੇਖਦਿਆਂ ਹੀ ਗੋਲੀ ਮਾਰ ਦੇਣ ਦੇ ਸਪਸ਼ਟ ਆਦੇਸ਼ ਦਿੱਤੇ ਗਏ ਪਰ ਫ਼ੌਜ ਨੇ ਪੂਰੇ ਚਾਰ ਦਿਨ ਤਾਇਨਾਤ ਰਹਿਣ ਦੇ ਸਮੇਂ ਦੌਰਾਨ ਇੱਕ ਵੀ ਗੋਲੀ ਨਾ ਚਲਾਈ। ਇਸ ਫ਼ੌਜ ਸਾਰੇ ਰਾਖਸ਼ੀ ਜੁਰਮਾਂ ਨੂੰ ਮੂਕ-ਦਰਸ਼ਕ ਬਣੀ ਦੇਖਦੀ ਰਹੀ। ਫ਼ੌਜ ਦੇ ਅਵੇਸਲੇ ਵਿਹਾਰ ਤੋਂ ਇਹ ਬਿਲਕੁਲ ਸਪਸ਼ਟ ਹੈ ਕਿ ਫ਼ੌਜ ਕੇਵਲ ਆਮ ਲੋਕਾਂ ਅਤੇ ਵੱਡੇ ਪੱਧਰ 'ਤੇ ਪੂਰੇ ਸੰਸਾਰ ਦੇ ਅੱਖੀਂ ਘੱਟਾ ਪਾ ਕੇ ਇਹ ਝੂਠਾ ਪ੍ਰਭਾਵ ਦੇਣ ਲਈ ਤਾਇਨਾਤ ਕੀਤੀ ਗਈ ਸੀ ਕਿ ਭਾਰਤ ਸਰਕਾਰ ਨੇ ਇਸ ਆਫ਼ਤ ਭਰਪੂਰ ਸਥਿਤੀ ਨੂੰ ਰੋਕਣ ਅਤੇ ਕੰਟਰੋਲ ਕਰਨ ਲਈ ਲੋੜੀਂਦੇ ਸਾਰੇ ਜ਼ਰੂਰੀ ਅਤੇ

ਇਹਤਿਆਤੀ ਕਦਮ ਉਠਾਏ ਸਨ।

ਨਿਹੱਥੇ ਨਿਰਦੋਸ਼ ਸਿੱਖਾਂ ਉੱਤੇ ਝਪਟਣ ਲਈ ਕੇਵਲ ਦਿੱਲੀ ਦੇ ਕਾਤਲ-ਹਿੰਦੂ-ਗੁੰਡਿਆਂ ਨੂੰ ਹੀ ਪਾਗਲ ਅਤੇ ਵਹਿਸ਼ੀ ਕੁੱਤਿਆਂ ਵਾਂਗ ਖੁੱਲ੍ਹੇ ਨਹੀਂ ਸੀ ਛੱਡਿਆ ਗਿਆ ਸਗੋਂ ਕਾਂਗਰਸੀ ਨੇਤਾਵਾਂ ਨੇ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਦਿੱਲੀ ਦੀ ਹੱਦ ਨਾਲ ਲਗਦੇ ਪਿੰਡਾਂ 'ਚੋਂ ਬੱਸਾਂ ਅਤੇ ਟਰੱਕਾਂ ਉਪਰ ਇਸ ਬਹਾਨੇ ਸੈਂਕੜਿਆਂ ਦੀ ਗਿਣਤੀ 'ਚ ਖ਼ੂਨੀ ਬਘਿਆੜ ਇਸ ਬਹਾਨੇ ਢੋਏ ਕਿ ਇਹ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਆਏ ਹਨ। ਪਰ ਅਸਲ ਵਿੱਚ ਇਨ੍ਹਾਂ ਨੂੰ 3 ਨਵੰਬਰ ਨੂੰ ਇੰਦਰਾ ਗਾਂਧੀ ਦੇ ਅੰਤਮ-ਸੰਸਕਾਰ ਤੱਕ ਸਿੱਖਾਂ ਦੀ ਨਸਲਕੁਸ਼ੀ ਦੀ ਮੁਹਿੰਮ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਲਿਆਂਦਾ ਗਿਆ ਸੀ। ਮੈਂ ਦੇਖਿਆ* ਕਿ ਇਨ੍ਹਾਂ ਕਾਤਲਾਂ ਦੇ ਚਿਹਰਿਆਂ 'ਤੇ ਦੁੱਖ ਅਤੇ ਸਦਮੇ ਦਾ ਮਾਮੂਲੀ ਜਿਹਾ ਵੀ ਪ੍ਰਭਾਵ ਨਹੀਂ ਸੀ ਸਗੋਂ ਉਹ ਇਸ ਤਰ੍ਹਾਂ ਖ਼ੁਸ਼ ਹੋ ਰਹੇ ਸਨ ਅਤੇ ਨੱਚ-ਟੱਪ ਰਹੇ ਸਨ ਜਿਵੇਂ ਕਿਸੇ ਮੇਲੇ 'ਚ ਆਏ ਹੋਣ।

ਕੇਵਲ ਦਿੱਲੀ ਵਿੱਚ ਹੀ ਸਿੱਖਾਂ ਦਾ ਬੇਰਹਿਮੀ ਨਾਲ ਕਤਲੇਆਮ ਨਹੀਂ ਸੀ ਕੀਤਾ ਗਿਆ। ਅਜਿਹੇ ਹੀ ਨੰਗੇ ਵਹਿਸ਼ੀਪੁਣੇ ਦਾ ਦਿਖਾਵਾ ਹੋਰਨਾਂ ਸੂਬਿਆਂ 'ਚ ਵੀ ਕੀਤਾ ਗਿਆ, ਖ਼ਾਸਕਰ, ਜਿਥੇ ਕਾਂਗਰਸ ਪਾਰਟੀ ਦਾ ਸ਼ਾਸਨ ਸੀ।

ਕੇਵਲ ਦਿੱਲੀ 'ਚ ਹੀ ਪੰਜ ਹਜ਼ਾਰ ਸਿੱਖਾਂ ਦੀ ਕਤਲੋਗਾਰਤ ਕੀਤੀ ਗਈ, ਜਿੰਨੇ ਕਿ ਅਪ੍ਰੇਸ਼ਨ ਨੀਲਾ ਤਾਰਾ ਦੌਰਾਨ ਭਾਰਤੀ ਫ਼ੌਜ ਵੱਲੋਂ ਮਾਰੇ ਗਏ ਸਨ।

ਸਿੱਖਾਂ ਦੀ ਇਹ ਨਸਲਕੁਸ਼ੀ ਵਹਿਸ਼ੀ ਹਿੰਦੂਆਂ ਨੇ ਪੰਜਾਬ ਅੰਦਰ ਕਿਸੇ ਵੀ ਪ੍ਰਤੀਕਰਮ ਦੀ ਸੰਭਾਵਨਾ ਦੇ ਡਰ ਤੋਂ ਬਿਨਾਂ ਕੀਤੀ ਕਿਉਂਕਿ ਪੰਜਾਬ ਪਹਿਲਾਂ ਹੀ ਫ਼ੌਜ ਦੇ ਅੱਤਿਆਚਾਰੀ ਸ਼ਾਸਨ ਹੇਠੋਂ ਗੁਜ਼ਰ ਰਿਹਾ ਸੀ।

ਇਹ ਕਹਿਣਾ ਕੇਵਲ ਅੰਸ਼ਕ ਸੱਚ ਹੀ ਹੋਵੇਗਾ ਕਿ ਕਾਂਗਰਸ ਦੇ ਕੁਝ ਕੁ ਮੰਤਰੀਆਂ ਅਤੇ ਨੇਤਾਵਾਂ ਨੇ ਹੀ ਸਿੱਖਾਂ ਦੀ ਨਸਲਕੁਸ਼ੀ ਦਾ ਵਿਉਂਤਬੱਧ ਸੰਚਾਲਨ ਕੀਤਾ। ਇਸ ਮਹਾਂ-ਘੱਲੂਘਾਰੇ ਪਿੱਛੇ ਅਸਲ ਅਤੇ ਅਦਿੱਖ ਸ਼ਕਤੀ ਭਾਰਤ ਦਾ ਜ਼ਾਲਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਖ਼ੁਦ ਸੀ। ਇਸ ਤੱਥ ਦੀ ਪੁਸ਼ਟੀ ਉਸ ਦੇ ਆਪਣੇ ਹੀ ਇਕਬਾਲੀਆ ਬਿਆਨ ਤੋਂ ਹੁੰਦੀ ਹੈ, ਜੋ ਉਸ ਨੇ ਜਨਤਕ ਤੌਰ 'ਤੇ ਦਿੱਤਾ, ਕਿ ਜਦੋਂ 'ਵੱਡਾ ਦਰਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ'। ਜੇ ਇਸ ਅਢੁਕਵੀਂ ਦਲੀਲ ਨੂੰ ਫ਼ਰਜ਼ੀ ਤੌਰ 'ਤੇ ਉਚਿਤ ਮੰਨ ਲਿਆ ਜਾਵੇ ਤਾਂ ਫ਼ਿਰ ਸਵਾਲਾਂ ਦਾ ਸਵਾਲ ਉੱਠਦਾ ਹੈ ਕਿ ਜਦੋਂ 30 ਜਨਵਰੀ, 1948 ਨੂੰ ਮੋਹਨ ਦਾਸ ਕਰਮ ਚੰਦ ਗਾਂਧੀ ਨੂੰ ਇੱਕ ਮਰਾਠੀ ਬ੍ਰਾਹਮਣ ਨੱਥੂ ਰਾਮ ਗੌਡਸੇ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ ਤਾਂ ਉਦੋਂ ਧਰਤੀ ਕਿਉਂ ਨਹੀਂ ਸੀ ਹਿੱਲੀ? ਕੀ ਇਹ ਸਮਝ ਲਿਆ ਜਾਵੇ ਕਿ ਇੰਦਰਾ ਗਾਂਧੀ ਕਾਂਗਰਸ ਵੱਲੋਂ ਰਾਸ਼ਟਰ-ਪਿਤਾ ਵਜੋਂ ਸਤਿਕਾਰੇ ਅਤੇ ਯਾਦ ਕੀਤੇ ਜਾਂਦੇ ਮੋਹਨ ਦਾਸ ਕਰਮ ਚੰਦ ਗਾਂਧੀ ਨਾਲੋਂ ਵੀ ਮਹਾਨ ਸੀ? ਕਤਲ ਕੀਤੇ ਜਾਣ ਦੀ ਗੱਲ ਤਾਂ ਦੂਰ ਰਹੀ, ਕਿਸੇ ਮਰਾਠੀ ਬ੍ਰਾਹਮਣ ਦੀ ਖਿੱਚ-ਧੂਹ ਤੱਕ ਵੀ ਨਹੀਂ ਸੀ ਕੀਤੀ ਗਈ। ਕਿਉਂ? ਕਿਉਂਕਿ ਉਸ ਘਟਨਾ 'ਚ ਕਾਤਲ ਅਤੇ ਮਕਤੂਲ ਦੋਵੇਂ ਹਿੰਦੂ ਅਤੇ ਬ੍ਰਾਹਮਣ ਸਨ। ਇਹ ਸਾਰਾ ਕੁਝ ਸਿੱਧ ਕਰਦਾ ਹੈ ਕਿ ਸਿੱਖਾਂ ਦੀ ਨਸਲਕੁਸ਼ੀ ਨੂੰ ਖ਼ੁਦ ਰਾਜੀਵ ਗਾਂਧੀ ਨੇ ਵਿਉਂਤਬੱਧ ਅਤੇ ਸੰਚਾਲਤ ਕੀਤਾ।

---

* ਲੇਖਕ 31 ਅਕਤੂਬਰ, 1984 ਤੋਂ 3 ਨਵੰਬਰ, 1984 ਤੱਕ ਦਿੱਲੀ 'ਚ ਹੀ ਰਿਹਾ।

ਸਿੱਖਾਂ ਦੀ ਨਸਲਕੁਸ਼ੀ ਨੂੰ ਅੰਜਾਮ ਦੇਣ ਲਈ ਤੁਅੱਸਬੀ ਹਿੰਦੂਆਂ ਵੱਲੋਂ ਬਰਬਰਤਾ, ਅੱਤਿਆਚਾਰ ਅਤੇ ਦਰਿੰਦਗੀ ਦਾ ਇਹ ਸਾਰਾ ਨੰਗਾ ਨਾਚ ਇਨ੍ਹਾਂ ਦੀ ਖ਼ਸਲਤ ਅਤੇ ਸੱਭਿਆਚਾਰ ਵਿਚ ਗੈਰ-ਹਿੰਦੂਆਂ ਪ੍ਰਤੀ ਵਰਤਾਓ ਦੀ ਕੋਈ ਨਵੀਂ ਘਟਨਾ ਨਹੀਂ ਹੈ। ਉਨ੍ਹਾਂ ਨੇ ਆਪਣੀ ਖ਼ਸਲਤ ਦੇ ਇਹ ਅਪਰਾਧੀ ਅਤੇ ਅੱਤਿਆਚਾਰੀ ਤੱਤ ਆਪਣੇ ਦੁਰੇਡੇ ਵੱਡੇ ਵਡੇਰਿਆਂ—ਇੰਡੋ-ਆਰੀਅਨਾਂ, ਜਿਨ੍ਹਾਂ 1500 ਬੀ.ਸੀ. ਵਿੱਚ ਹਿੰਦ-ਪਾਕਿ ਉਪ-ਮਹਾਂਦੀਪ 'ਤੇ ਧਾਵਾ ਕੀਤਾ ਸੀ ਅਤੇ ਇਸ ਨੂੰ ਜਿੱਤ ਕੇ ਇਸ ਨੂੰ ਆਪਣੀ ਮਾਤ-ਭੂਮੀ ਬਣਾ ਲਿਆ ਸੀ, ਤੋਂ ਜਮਾਂਦਰੂ ਹੀ ਵਿਰਾਸਤ ਵਿੱਚ ਪ੍ਰਾਪਤ ਕੀਤੇ ਹਨ। ਭਾਰਤ 'ਚ ਆ ਕੇ ਵੱਸੇ ਆਰੀਅਨਾਂ ਦੇ ਸੰਬੰਧ 'ਚ ਇਨ੍ਹਾਂ ਦੀ ਈਰਾਨ 'ਚ ਰਹਿ ਗਈ ਆਰੀਅਨ ਨਸਲ ਵੱਲੋਂ ਪ੍ਰਗਟਾਏ ਵਿਚਾਰ ਇਨ੍ਹਾਂ ਦੇ ਅਸਲ ਰੂਪ ਦਾ ਪਰਦਾ ਫ਼ਾਸ਼ ਕਰਦੇ ਹਨ। ਜਦੋਂ ਆਰੀਅਨ ਲੋਕ ਮੱਧ-ਏਸ਼ੀਆ ਤੋਂ ਉੱਤਰੀ ਈਰਾਨ 'ਚ ਆ ਵੱਸੇ ਤਾਂ ਉਥੇ ਰਹਿੰਦਿਆਂ ਇਨ੍ਹਾਂ ਦੇ ਦੋ ਧੜੇ ਹੋ ਗਏ ਸਨ। ਇੱਕ ਧੜੇ ਦਾ ਆਗੂ ਜ਼ਰਥੁਸ਼ਟਰ (Zarthustra) ਸੀ ਜਿਸ ਨੇ ਆਪਣੇ ਹੀ ਆਰੀਅਨ ਲੋਕਾਂ ਦੀਆਂ ਹੈਵਾਨੀ ਕਾਰਵਾਈਆਂ ਦੇ ਖ਼ਿਲਾਫ਼ ਸੁਧਾਰਵਾਦੀ ਲਹਿਰ ਚਲਾਈ। ਸਿੱਟੇ ਵਜੋਂ ਇਨ੍ਹਾਂ ਧੜਿਆਂ ਦੀਆਂ ਆਪੋ ਵਿੱਚ ਲੜਾਈਆਂ ਹੋਣ ਲੱਗੀਆਂ। ਕਈ ਵਰ੍ਹੇ ਲੜਦੇ ਰਹਿਣ ਪਿੱਛੋਂ ਹੈਵਾਨੀ ਬਿਰਤੀਆਂ ਵਾਲਾ ਧੜਾ ਉੱਥੋਂ ਕੂਚ ਕਰਨ ਲੱਗਾ ਅਤੇ ਅੰਤ ਭਾਰਤ ਵਿਚ ਆਣ ਟਿਕਿਆ। ਇਨ੍ਹਾਂ ਨੂੰ ਹੀ ਇੰਡੋ-ਆਰੀਅਨ ਕਿਹਾ ਜਾਂਦਾ ਹੈ। ਜ਼ਰਥੁਸ਼ਟਰ ਨੂੰ ਉਹ ਈਰਾਨੀ-ਆਰੀਅਨ ਆਪਣਾ ਪੈਗੰਬਰ ਮੰਨਦੇ ਹਨ ਅਤੇ ਉਸ ਵੱਲੋਂ ਲਿਖਿਆ ਗਿਆ ਗ੍ਰੰਥ 'ਜ਼ੰਦ-ਅਵਸਥਾ' ਉਨ੍ਹਾਂ ਦਾ ਧਰਮ-ਗ੍ਰੰਥ ਹੈ। 'ਜ਼ੰਦ-ਅਵਸਥਾ' ਵਿਚ ਜ਼ਰਥੁਸ਼ਟਰ ਇੰਡੋ-ਆਰੀਅਨਾਂ ਵੱਲ ਸੰਕੇਤ ਕਰਦਿਆਂ ਲਿਖਦਾ ਹੈ ਕਿ :

1. "ਤੁਸੀਂ 'ਦੇਵ', ਬਦਰੂਹਾਂ ਤੋਂ ਉਤਪੰਨ ਹੋਏ ਹੋ, ਜਿਹੜੀਆਂ ਸ਼ਰਾਬ ਦੇ ਨਸ਼ੇ ਰਾਹੀਂ ਤੁਹਾਨੂੰ ਵੱਸ ਵਿਚ ਕਰਦੀਆਂ ਹਨ, ਤੁਹਾਨੂੰ ਮਨੁੱਖੀ ਜਾਤੀ ਨਾਲ ਦਗਾ ਕਰਨ ਅਤੇ ਇਸ ਨੂੰ ਤਬਾਹ ਕਰਨ ਦੀ ਬਹੁ-ਸੰਪੰਨ ਕਲਾ ਸਿਖਾਉਂਦੀਆਂ ਹਨ, ਜਿਨ੍ਹਾਂ ਦੁਸ਼ਟ-ਕਲਾਵਾਂ ਲਈ ਤੁਸੀਂ ਹਰ ਜਗ੍ਹਾ ਬਦਨਾਮ ਹੋ।"

2. "ਮੈਂ 'ਦੇਵਾਂ' ਨੂੰ ਤਿਆਗਦਾ ਹਾਂ ਜਿਹੜੇ ਦੁਰਾਚਾਰੀ, ਭੈੜੇ, ਝੂਠੇ, ਕੂੜਿਆਰੇ, ਸ਼ਰਾਰਤ ਦੀ ਜੜ੍ਹ ਹਨ ਅਤੇ ਜ਼ਹਿਰੀਲੇ, ਤਬਾਹਕਾਰੀ ਅਤੇ ਕੁੱਲ ਹਯਾਤੀ ਵਿੱਚ ਅਤਿ ਕਮੀਨੇ ਹਨ।"

ਇਥੇ 'ਦੇਵ' ਸ਼ਬਦ ਇੰਡੋ-ਆਰੀਅਨਾਂ ਵੱਲ ਸੰਕੇਤ ਹੈ, ਜਿਨ੍ਹਾਂ ਦੇ ਦੁਰੇਡੇ ਵੰਸ਼ਜ਼ (ਸੰਤਾਨ) ਅਜੋਕੇ ਹਿੰਦੂ ਹਨ।

ਜਦੋਂ ਇਹ ਕਿਸੇ ਵੱਡੀ ਤਾਕਤ ਵੱਲੋਂ ਕਾਬੂ ਕਰਕੇ ਗੁਲਾਮ ਬਣਾ ਲਏ ਜਾਂਦੇ ਹਨ ਤਾਂ ਇਨ੍ਹਾਂ ਦਾ ਹੈਵਾਨੀ ਰੂਪ ਦੱਬਿਆ ਰਹਿੰਦਾ ਹੈ ਪਰ ਜਿਉਂ ਹੀ ਇਨ੍ਹਾਂ ਨੂੰ ਮੁੜ ਆਜ਼ਾਦੀ ਪ੍ਰਾਪਤ ਹੋਏ ਅਤੇ ਇਹ ਹੁਕਮਰਾਨ ਬਣ ਜਾਣ ਤਾਂ ਇਨ੍ਹਾਂ ਦਾ ਇਹ ਜਮਾਂਦਰੂ ਸੁਭਾਅ ਪ੍ਰਗਟ ਹੋਣ ਲੱਗ ਪੈਂਦਾ ਹੈ। ਸਿੱਖਾਂ ਦੀ ਜ਼ਾਲਮਾਨਾ ਨਸਲਕੁਸ਼ੀ ਨੇ ਇਸ ਗੱਲ ਨੂੰ ਸਪਸ਼ਟ ਪ੍ਰਗਟ ਕੀਤਾ ਹੈ। ਇਸ ਲਈ ਇਹ ਉਨ੍ਹਾਂ ਦੀ ਵਹਿਸ਼ਤ ਵਿੱਚ ਅਚਾਨਕ ਆਈ ਤੇਜ਼ੀ ਨਹੀਂ ਹੈ। ਦਰਅਸਲ, ਇਹ ਤਾਂ ਹਿੰਦੂਆਂ ਦੀ ਪੁਰਾਣੀ ਹੈਵਾਨੀ ਪ੍ਰਵਿਰਤੀ ਹੈ ਜੋ ਬਾਰ ਬਾਰ ਦੁਹਰਾਈ ਜਾਂਦੀ ਰਹੇਗੀ, ਜਦ ਤੱਕ ਕਿ ਇਹ ਮੁੜ ਕਿਸੇ ਭਵਿੱਖੀ ਵੱਡੀ ਤਾਕਤ ਵੱਲੋਂ ਗੁਲਾਮ ਨਹੀਂ ਬਣਾ ਲਏ ਜਾਂਦੇ।

ਅਧਿਆਇ 11

# ਅਪ੍ਰੇਸ਼ਨ ਨੀਲਾ-ਤਾਰਾ, ਵੁੱਡ-ਰੋਜ਼ ਅਤੇ ਨਸਲਕੁਸ਼ੀ ਤੋਂ ਪਿੱਛੋਂ

ਸਰਕਾਰ ਵੱਲੋਂ ਦਰਬਾਰ ਸਾਹਿਬ ਸਮੂਹ 'ਤੇ ਫ਼ੌਜੀ ਹਮਲੇ ਦਾ ਕੋਡ-ਨਾਮ ਸਿੱਖਾਂ ਦਾ ਮੂੰਹ ਚਿੜਾਉਣ ਦੀ ਭਾਵਨਾ ਨਾਲ ਅਪ੍ਰੇਸ਼ਨ ਨੀਲਾ ਤਾਰਾ ਰੱਖਿਆ ਗਿਆ ਕਿਉਂਕਿ ਅਕਾਲੀ ਵਰਕਰ, ਸੰਤ ਭਿੰਡਰਾਂਵਾਲੇ ਅਤੇ ਉਸ ਦੇ ਸਮਰਥਕ ਅਤੇ ਸਿੱਖ ਆਮ ਕਰਕੇ ਨੀਲੀਆਂ ਪੱਗਾਂ ਬੰਨ੍ਹਦੇ ਹਨ ਅਤੇ ਸਰਕਾਰ ਨਾ ਸਿਰਫ਼ ਉਨ੍ਹਾਂ ਦੀਆਂ ਨੀਲੀਆਂ ਦਸਤਾਰਾਂ ਉਤਾਰਨੀਆਂ ਚਾਹੁੰਦੀ ਸੀ ਸਗੋਂ ਉਨ੍ਹਾਂ ਦੇ ਸਿਰ ਵੀ ਲਾਹੁਣੇ ਚਾਹੁੰਦੀ ਸੀ। ਇਵੇਂ ਹੀ ਨਾਲ ਦੀ ਨਾਲ ਪਿੰਡਾਂ 'ਚ ਚਲਾਈ ਗਈ ਸਿੱਖਾਂ ਦੀ 'ਸਫ਼ਾਇਆ-ਮੁਹਿੰਮ' ਦਾ ਕੋਡ-ਨਾਮ 'ਅਪ੍ਰੇਸ਼ਨ ਵੁੱਡ-ਰੋਜ਼' ਰੱਖਿਆ ਗਿਆ ਕਿਉਂਕਿ ਸਿੱਖ ਨੌਜਵਾਨ ਗੁਲਾਬ ਦੇ ਫੁੱਲ (ਰੋਜ਼) ਸਨ ਪਰ ਸਰਕਾਰ ਦੀ ਨਜ਼ਰ 'ਚ ਇਹ ਜੰਗਲਾਂ 'ਚ ਉੱਗੇ ਜੰਗਲੀ-ਫੁੱਲ ਸਨ। ਇਨ੍ਹਾਂ ਦੋਹਾਂ ਲਹੂ-ਵੀਟਵੀਆਂ ਕਾਰਵਾਈਆਂ ਨੂੰ ਇੰਤਕਾਮ ਦੀ ਅੰਨ੍ਹੀ ਭਾਵਨਾ ਨਾਲ ਅੰਜਾਮ ਦਿੱਤਾ ਗਿਆ। ਇਨ੍ਹਾਂ ਕਾਰਵਾਈਆਂ ਨੇ ਸਿੱਖਾਂ ਦੇ ਮਨਾਂ 'ਚ ਸਰਕਾਰ ਵਿਰੁੱਧ ਡੂੰਘਾ ਰੋਸ, ਘਿਰਣਾ ਅਤੇ ਪ੍ਰਤੀਕਰਮ ਦੇ ਭਾਵ ਉਤਪੰਨ ਕਰ ਦਿੱਤੇ। ਇਸ ਲਈ ਨਿਸ਼ਠਾਵਾਨ ਸਿੱਖ ਨੌਜਵਾਨ ਸੱਚਮੁੱਚ ਬਦਲੇ ਦੀ ਅੱਗ 'ਚ ਜਲ ਉੱਠੇ ਅਤੇ ਉਨ੍ਹਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ 'ਅਕਾਲ ਤਖਤ ਦੇ ਕਤਲ' ਦਾ ਬਦਲਾ ਲੈਣ ਦਾ ਪ੍ਰਣ ਲਿਆ। ਉਸਦਾ ਪਾਪ ਕਾਬਲ-ਏ-ਮੁਆਫ਼ੀ ਅਤੇ ਪਸ਼ਚਾਤਾਪ ਕਰਨ ਯੋਗ ਨਹੀਂ ਸੀ। ਇਸ ਲਈ ਮਲਕੁਲ-ਮੌਤ ਨਾਲ ਉਸਦਾ ਮਿਲਾਪ ਹੋਣਾ ਨਿਸ਼ਚਤ ਸੀ ਅਤੇ ਇਹ ਮਿਲਨ 31 ਅਕਤੂਬਰ, 1984 ਨੂੰ ਉਸ ਵੱਲੋਂ ਦਰਬਾਰ ਸਾਹਿਬ ਸਮੂਹ 'ਤੇ ਹਮਲਾ ਕਰਨ ਦੇ ਆਤਮਘਾਤੀ ਕਦਮ ਤੋਂ ਕੇਵਲ 5 ਕੁ ਮਹੀਨੇ ਮਗਰੋਂ ਹੋ ਗਿਆ। ਭਾਵੇਂ ਉਸ ਦੇ ਕਤਲ ਦੇ ਨਤੀਜੇ ਵਜੋਂ ਸਿੱਖਾਂ ਦੀ ਨਸਲਕੁਸ਼ੀ ਹੋਈ, ਤਾਂ ਵੀ ਇਸ ਘਟਨਾ ਨਾਲ ਖ਼ਾਲਸੇ ਦਾ ਸਿਰ ਉੱਚਾ ਹੋਇਆ ਅਤੇ ਉਨ੍ਹਾਂ ਦਾ ਮਾਨ-ਸਨਮਾਨ ਬਹਾਲ ਹੋਇਆ।

## ਗੱਦਾਰਾਂ ਦੀ ਚੜ੍ਹਤ ਅਤੇ ਪਤਨ

1985 ਦੇ ਆਰੰਭ ਵਿੱਚ ਹੀ ਭਾਵੇਂ ਸਾਰੇ ਅਕਾਲੀ ਨੇਤਾਵਾਂ ਨੂੰ ਜੇਲ੍ਹਾਂ 'ਚੋਂ ਰਿਹਾਅ ਕਰ ਦਿੱਤਾ ਗਿਆ ਸੀ ਪਰ ਸਿੱਖ-ਅਵਾਮ ਅਜੇ ਵੀ ਕਿਸੇ ਨੇਤਾ ਤੋਂ ਵਿਹੂਣਾ ਪ੍ਰਤੀਤ ਹੋ ਰਿਹਾ ਸੀ ਕਿਉਂਕਿ ਰਿਹਾਅ ਹੋਏ ਨੇਤਾਵਾਂ ਨੇ ਆਪਣੀਆਂ ਹੀ ਕਾਲੀਆਂ ਕਰਤੂਤਾਂ ਸਦਕਾ ਆਪਣੀ ਸਾਖ ਨੂੰ ਬੁਰੀ ਤਰ੍ਹਾਂ ਮਿੱਟੀ ਵਿਚ ਰੋਲ ਲਿਆ ਸੀ। ਇਸ ਲਈ ਉਨ੍ਹਾਂ ਸੰਤ ਭਿੰਡਰਾਂਵਾਲੇ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਨੂੰ ਅਪੀਲ ਕੀਤੀ ਅਤੇ ਨਿਰਉਤਸ਼ਾਹਤ 'ਤੇ ਸਿਥਲ ਹੋਈ ਕੌਮ ਨੂੰ ਅਗਵਾਈ ਦੇਣ ਲਈ ਮਨਾ ਲਿਆ। ਇਵੇਂ ਉਸ ਨੂੰ ਅਕਾਲੀ ਦਲ ਦੀ ਅਗਵਾਈ ਸੰਭਾਲਣ ਲਈ ਮਜਬੂਰ ਕਰ ਦਿੱਤਾ ਗਿਆ। ਫਲਸਰੂਪ, ਲੌਂਗੋਵਾਲ ਨੇ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਤਲਵੰਡੀ ਨੇ ਵੀ ਆਪਣਾ ਵੱਖਰਾ ਧੜਾ ਭੰਗ ਕਰ ਦਿੱਤਾ। ਇਸ ਨਾਲ ਅਕਾਲੀਆਂ ਦਰਮਿਆਨ ਏਕਤਾ

ਦਾ ਰਾਹ ਪੱਧਰਾ ਹੋ ਗਿਆ ਅਤੇ ਬਾਬਾ ਜੋਗਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਸੰਯੁਕਤ ਅਕਾਲੀ ਦਲ ਹੋਂਦ ਵਿਚ ਆ ਗਿਆ।

ਇਹ ਨਵਾਂ ਇੰਤਜ਼ਾਮ ਲੌਂਗੋਵਾਲ-ਲਾਣੇ, ਖ਼ਾਸਕਰ, ਲੌਂਗੋਵਾਲ ਦੇ ਮੁੱਖ ਸਲਾਹਕਾਰ ਬਲਵੰਤ ਸਿੰਘ ਅਤੇ ਉਸ ਤੋਂ ਇਲਾਵਾ ਪੰਜਾਬ ਦਾ ਮੁੱਖ ਮੰਤਰੀ ਬਣਨ ਦੇ ਸੁਪਨੇ ਲੈ ਰਹੇ ਸੁਰਜੀਤ ਸਿੰਘ ਬਰਨਾਲਾ ਦੀਆਂ ਅੱਖਾਂ ਵਿਚ ਵੱਡਾ ਫੋੜਾ ਸੀ। ਆਪਣੇ ਸੁਪਨਿਆਂ ਨੂੰ ਖੇਰੂੰ-ਖੇਰੂੰ ਹੁੰਦਾ ਦੇਖ ਕੇ ਉਨ੍ਹਾਂ ਲੌਂਗੋਵਾਲ ਨੂੰ ਆਪਣਾ ਅਸਤੀਫ਼ਾ ਵਾਪਸ ਲੈਣ ਲਈ ਕਾਇਲ ਕੀਤਾ, ਜਿਸ ਨੇ ਕਿ ਤੁਰੰਤ ਉਹਨਾਂ ਨੂੰ ਖੁਸ਼ ਕਰ ਦਿੱਤਾ ਕਿਉਂਕਿ ਖ਼ੁਦ ਉਹਦੇ ਅੰਦਰ ਵੀ ਸੱਤਾ ਦੀ ਲਾਲਸਾ ਉੱਸਲਵੱਟੇ ਲੈ ਰਹੀ ਸੀ।

ਇਸ ਤਿੱਕੜੀ ਨੇ ਅਪ੍ਰੇਸ਼ਨ ਨੀਲਾ ਤਾਰਾ ਤੋਂ ਪਹਿਲਾਂ ਕੇਂਦਰ ਸਰਕਾਰ ਨਾਲ ਗੱਲਬਾਤ ਕਰਦੇ ਸਮੇਂ ਸੰਤ ਭਿੰਡਰਾਂਵਾਲੇ ਨੂੰ ਆਪਣੇ ਰਾਹ ਦਾ ਰੋੜਾ ਮਿਥਿਆ ਸੀ ਕਿਉਂਕਿ ਸੰਤ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣ ਤੋਂ ਘੱਟ ਕੁਝ ਵੀ ਪ੍ਰਵਾਨ ਕਰਨ ਲਈ ਤਿਆਰ ਨਹੀਂ ਸੀ ਜਦੋਂ ਕਿ ਇਹ ਤਿੱਕੜੀ ਸੱਤਾ ਹਾਸਲ ਕਰਨ ਬਦਲੇ ਮਤੇ ਦੀ ਮੰਗ ਛੱਡਣ ਲਈ ਤਿਆਰ ਸੀ। ਮੋਰਚੇ ਦੇ ਸ਼ੁਰੂ 'ਚ ਜਦੋਂ ਸਰਕਾਰ ਨਾਲ ਤ੍ਰੈ-ਧਿਰੀ ਗੱਲਬਾਤ ਚੱਲ ਰਹੀ ਸੀ ਤਾਂ ਇੰਦਰਾ ਗਾਂਧੀ ਅਕਾਲੀਆਂ ਨੂੰ ਕੇਵਲ ਦਰਬਾਰ ਸਾਹਿਬ ਤੋਂ ਕੀਰਤਨ ਦਾ ਇਕ ਘੰਟਾ ਜਲੰਧਰ ਰੇਡੀਓ ਰਾਹੀਂ ਪ੍ਰਸਾਰਨ ਕਰਾਉਣਾ ਮੰਨ ਕੇ ਅਤੇ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਨੇੜਲੇ ਥੋੜ੍ਹੇ ਜਿਹੇ ਇਲਾਕੇ 'ਚ ਮੀਟ, ਤੰਬਾਕੂ ਅਤੇ ਸ਼ਰਾਬ ਆਦਿ ਦੀ ਵਿਕਰੀ ਅਤੇ ਵਰਤੋਂ 'ਤੇ ਪਾਬੰਦੀ ਲਾਉਣਾ ਮੰਨ ਕੇ ਹੀ ਠੁੱਠ ਵਿਖਾ ਰਹੀ ਸੀ ਅਤੇ ਅਕਾਲੀ ਇਹ ਵੀ ਪ੍ਰਵਾਨ ਕਰਨ ਨੂੰ ਤਿਆਰ ਸਨ। ਇਥੇ ਇਸ ਗੱਲ ਦਾ ਉਚੇਚਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਸਰਕਾਰ ਉਦੋਂ ਵੀ ਇਨ੍ਹਾਂ ਨਾਲ ਅੰਤਮ ਫ਼ੈਸਲਾ ਕਰਨ ਨੂੰ ਸਾਰਥਕ ਨਹੀਂ ਸੀ ਸਮਝਦੀ। ਇਸ ਲਈ ਇੰਦਰਾ ਗਾਂਧੀ ਨੇ ਗੱਲਬਾਤ 'ਚ ਸ਼ਾਮਲ ਅਕਾਲੀ ਟੀਮ ਨੂੰ ਕਿਹਾ ਕਿ ਉਹ ਜਾ ਕੇ ਗੱਲਬਾਤ ਦੇ ਵੇਰਵੇ ਸਹਿਤ ਸੰਤ ਭਿੰਡਰਾਂਵਾਲੇ ਨੂੰ ਮਿਲਣ ਅਤੇ ਉਸ ਨੂੰ ਮਨਾਉਣ। ਇਸ ਸੰਬੰਧੀ ਗੁਰੂ ਨਾਨਕ ਨਿਵਾਸ 'ਚ ਸੰਤ ਨਾਲ ਮੀਟਿੰਗ ਕੀਤੀ ਗਈ ਜਿਥੇ ਤਲਵੰਡੀ, ਟੌਹੜਾ, ਬਾਦਲ, ਬਰਨਾਲਾ, ਬਲਵੰਤ ਸਿੰਘ ਸਮੇਤ ਲੌਂਗੋਵਾਲ ਵੀ ਹਾਜ਼ਰ ਸੀ। ਬਹੁਤ ਧਿਆਨਦੇਣ ਯੋਗ ਤੱਥ ਹੈ ਕਿ ਇਸ ਮੀਟਿੰਗ 'ਚ ਬਰਨਾਲਾ ਸਮੇਤ ਕੁਝ ਹੋਰ ਨੇਤਾਵਾਂ ਨੇ ਆਪਣੇ ਮਨ ਦੀਆਂ ਜ਼ਾਹਰ ਕਰ ਦਿੱਤੀਆਂ ਅਤੇ ਸਰਕਾਰ ਨਾਲ ਸਮਝੌਤੇ ਦੀ ਇੱਛਾ ਦਾ ਪ੍ਰਗਟਾਵਾ ਕੀਤਾ। ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਫਿਰ "ਆਨੰਦਪੁਰ ਸਾਹਿਬ ਮਤੇ ਦਾ ਕੀ ਬਣੂੰ? ਜਿਸ ਦੀ ਪ੍ਰਾਪਤੀ ਤੱਕ ਮੋਰਚਾ ਜਾਰੀ ਰੱਖਣ ਦੀ ਅਰਦਾਸ ਕੀਤੀ ਹੈ? ਲੋਕਾਂ ਨੂੰ ਕੀ ਜਵਾਬ ਦਿਆਂਗੇ?" ਤਾਂ ਬਰਨਾਲਾ ਸਾਹਿਬ ਦਾ ਜਵਾਬ ਸੀ, "ਸੰਤ ਜੀ, ਲੋਕਾਂ ਦਾ ਕੀ ਐ? ਚਾਰ ਨਾਅਰੇ ਮਾਰੋ, ਮਗਰ ਤੁਰ ਪੈਂਦੇ ਹਨ।" ਇਸ ਤੇ ਸੰਤ ਭਿੰਡਰਾਂਵਾਲਾ ਇਹ ਕਹਿ ਕੇ ਮੀਟਿੰਗ 'ਚੋਂ ਵਾਕ-ਆਊਟ ਕਰ ਗਿਆ ਸੀ ਕਿ ਇਹ ਲੋਕਾਂ ਨਾਲ ਧੋਖਾ ਹੈ। ਫ਼ਲਸਰੂਪ, ਕੇਂਦਰ ਸਰਕਾਰ ਅਕਾਲੀਆਂ ਨਾਲ ਕੋਈ ਗੱਲ ਨਾ ਮੁਕਾ ਸਕੀ ਕਿਉਂਕਿ ਉਸ ਨੂੰ ਭਲੀਭਾਂਤ ਪਤਾ ਸੀ ਕਿ ਸੰਤ ਦੇ ਹੁੰਦਿਆਂ ਸਿੱਖਾਂ ਨੂੰ ਅਕਾਲੀਆਂ ਨਾਲ ਕੀਤੇ ਸਮਝੌਤੇ ਨਾਲ ਸਹਿਮਤ ਨਹੀਂ ਕੀਤਾ ਜਾ ਸਕਦਾ ਅਤੇ ਅਜਿਹੇ ਸਮਝੌਤੇ ਦੇ ਬਾਵਜੂਦ ਮੋਰਚਾ ਜਾਰੀ ਰਹੇਗਾ।

ਹੁਣ, ਜਦੋਂ ਕਿ ਉਪਰੋਕਤ ਤਿੱਕੜੀ ਦੇ ਰਾਹ ਦਾ ਰੋੜਾ ਲਾਂਭੇ ਹੋ ਚੁੱਕਾ ਸੀ ਤਾਂ ਇਨ੍ਹਾਂ ਨੇ ਸਰਕਾਰ ਨਾਲ ਗੱਲਬਾਤ ਮੁੜ ਚਾਲੂ ਕਰਨ ਲਈ ਤਿਆਰੀਆਂ ਆਰੰਭ ਲਈਆਂ। ਦੂਜੇ ਪਾਸੇ ਸਰਕਾਰ ਆਪਣੇ ਪਿਛਲੇ ਤਜਰਬੇ ਦੇ ਮੱਦੇਨਜ਼ਰ ਅਕਾਲੀਆਂ ਨਾਲ ਗੱਲ ਕਰਨ ਦੀ ਬਜਾਏ ਸਿੱਖ-ਸ਼ਕਤੀ ਦੇ ਧੁਰੇ ਵਜੋਂ ਉਭਰੀਆਂ ਧਿਰਾਂ ਨਾਲ ਗੱਲਬਾਤ ਕਰਨ ਦੀ ਇੱਛਕ ਸੀ। ਇਸ ਮੰਤਵ ਲਈ ਸਰਕਾਰ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਦੇ ਨੁਮਾਇੰਦਿਆਂ ਨਾਲ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤਾ। ਇਸ ਸੰਬੰਧੀ ਫ਼ੈਡਰੇਸ਼ਨ ਦੀ ਜੋਧਪੁਰ ਜੇਲ੍ਹ 'ਚ ਨਜ਼ਰਬੰਦ ਲੀਡਰਸ਼ਿਪ ਨਾਲ ਗੱਲਬਾਤ ਦੇ ਉਦੇਸ਼ ਨਾਲ ਫ਼ੈਡਰੇਸ਼ਨ ਪ੍ਰਧਾਨ ਭਾਈ ਮਨਜੀਤ ਸਿੰਘ ਅਤੇ ਜਨਰਲ ਸਕੱਤਰ ਭਾਈ ਹਰਮਿੰਦਰ ਸਿੰਘ ਸੰਧੂ ਨੂੰ ਤਿੰਨ ਵਾਰ ਗੱਲਬਾਤ ਲਈ ਦਿੱਲੀ ਲੈ ਜਾਇਆ ਗਿਆ। ਬਾਹਰ ਲਾਮਬੰਦ ਹੋਏ ਟਕਸਾਲ ਅਤੇ ਫ਼ੈਡਰੇਸ਼ਨ ਦੇ ਨੁਮਾਇੰਦਿਆਂ ਨੇ ਵੀ ਸਰਕਾਰ ਨਾਲ ਕਿਸੇ ਸਮਝੌਤੇ ਦੀ ਸੰਭਾਵਨਾ ਨੂੰ ਲੈ ਕੇ ਗੱਲਬਾਤ ਲਈ ਇੱਕ ਟੀਮ ਨਿਰਧਾਰਤ ਕੀਤੀ ਤੇ ਇਸ ਵਿਚ ਭਾਗਲਪੁਰ ਜੇਲ੍ਹ 'ਚ ਬੰਦ ਸ. ਸਿਮਰਨਜੀਤ ਸਿੰਘ ਮਾਨ, ਸਾਗਰ ਜੇਲ੍ਹ 'ਚ ਬੰਦ ਸੰਤ ਭਿੰਡਰਾਂਵਾਲੇ ਦੇ ਭਤੀਜੇ ਭਾਈ ਜਸਬੀਰ ਸਿੰਘ ਰੋਡੇ, ਭਾਈ ਮਨਜੀਤ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਸੰਧੂ ਨੂੰ ਨਾਮਜ਼ਦ ਕੀਤਾ ਗਿਆ। ਪਰ ਇਨ੍ਹਾਂ ਚਾਰਾਂ ਨੂੰ ਇਕੱਠੇ ਕਦੇ ਨਾ ਬੁਲਾਇਆ ਗਿਆ। ਫ਼ੈਡਰੇਸ਼ਨ ਦੇ ਦੋਹਾਂ ਨੇਤਾਵਾਂ ਨਾਲ ਚਲਦੀ ਗੱਲਬਾਤ ਦਾ ਦਾਰੋਮਦਾਰ ਹਰਮਿੰਦਰ ਸਿੰਘ ਸੰਧੂ 'ਤੇ ਹੀ ਸੀ ਕਿਉਂਕਿ ਭਾਈ ਮਨਜੀਤ ਸਿੰਘ ਰਾਜਨੀਤੀ 'ਚ ਅਜੇ ਨਵਾਂ-ਨਵਾਂ ਦਾਖ਼ਲ ਹੋਇਆ ਸੀ। ਸੰਧੂ ਨੇ ਕਿਸੇ ਵੀ ਸਮਝੌਤੇ ਤੋਂ ਪਹਿਲਾਂ ਸਰਕਾਰ ਨੂੰ ਅਗਾਊਂ ਪੰਜ ਸ਼ਰਤਾਂ ਮੰਨਣ ਲਈ ਕਿਹਾ ਅਤੇ ਇਨ੍ਹਾਂ ਤੋਂ ਬਿਨਾ ਸਮਝੌਤੇ ਲਈ ਕਿਸੇ ਵੀ ਤਰ੍ਹਾਂ ਦੀ ਵਾਰਤਾ ਤੋਂ ਇਨਕਾਰ ਕਰ ਦਿੱਤਾ। ਇਹ ਪੰਜ ਪੂਰਵ ਸ਼ਰਤਾਂ ਸਨ :

1. ਪ੍ਰਧਾਨ-ਮੰਤਰੀ ਅਪ੍ਰੇਸ਼ਨ ਬਲੂ-ਸਟਾਰ ਲਈ ਦਰਬਾਰ ਸਾਹਿਬ ਆ ਕੇ ਮੁਆਫ਼ੀ ਮੰਗੇ,

2. ਸੰਘਰਸ਼ ਨਾਲ ਸੰਬੰਧਤ ਸਮੁੱਚੇ ਕੈਦੀਆਂ ਨੂੰ ਭਾਰਤ ਦੀਆਂ ਤਮਾਮ ਜੇਲ੍ਹਾਂ 'ਚੋਂ ਰਿਹਾ ਕੀਤਾ ਜਾਵੇ,

3. ਚੰਡੀਗੜ੍ਹ ਤੁਰੰਤ ਪੰਜਾਬ ਦੇ ਹਵਾਲੇ ਕੀਤਾ ਜਾਵੇ,

4. ਪੰਜਾਬ ਨੂੰ ਜੰਮੂ-ਕਸ਼ਮੀਰ ਵਾਂਗ ਧਾਰਾ 370 ਤਹਿਤ ਵਿਸ਼ੇਸ਼ ਦਰਜਾ ਦਿੱਤਾ ਜਾਵੇ ਅਤੇ

5. ਬਲੂ-ਸਟਾਰ ਦੇ ਰੋਸ ਵਿਚ ਬੈਰਕਾਂ ਛੱਡ ਕੇ ਭੱਜੇ ਸਿੱਖ ਫ਼ੌਜੀਆਂ ਨੂੰ ਮੁੜ ਨੌਕਰੀਆਂ 'ਤੇ ਬਹਾਲ ਕੀਤਾ ਜਾਵੇ।

ਸਰਕਾਰ ਅੱਧ-ਮੰਨੇ ਜਿਹੇ ਇਰਾਦੇ ਨਾਲ ਗੱਲਬਾਤ ਜਾਰੀ ਰੱਖ ਰਹੀ ਸੀ ਅਤੇ ਇਨ੍ਹਾਂ ਨੂੰ ਦੇਸ਼ ਦੀ ਏਕਤਾ-ਅਖੰਡਤਾ ਬਾਰੇ ਲਿਖਤੀ ਭਰੋਸਾ ਦਿਵਾਉਣ ਅਤੇ ਉਪਰੋਕਤ ਅਗਾਊਂ-ਸ਼ਰਤਾਂ ਨੂੰ ਢਿੱਲੀਆਂ ਕਰਨ ਲਈ ਮਨਾਉਣ ਦੇ ਯਤਨ ਵਿਚ ਸੀ ਪਰ ਸੰਧੂ ਹੁਰਾਂ ਨੇ ਸਖ਼ਤ ਸਟੈਂਡ ਲਈ ਰੱਖਿਆ। ਦੂਜੇ ਪਾਸੇ ਸਰਕਾਰ ਨੇ ਨਾਲ ਦੀ ਨਾਲ ਲੌਂਗੋਵਾਲ ਤਿੱਕੜੀ ਨਾਲ ਵੀ ਗੱਲ ਤੋਰ ਲਈ ਸੀ ਕਿਉਂਕਿ ਇਹ ਤਿੱਕੜੀ ਉਪਰੋਕਤ ਗੱਲਬਾਤ ਦੀ ਭਿਣਕ ਪੈਣ 'ਤੇ ਸਰਗਰਮ ਹੋ ਚੁੱਕੀ ਸੀ ਅਤੇ ਉਹਨਾਂ ਤੁਰੰਤ ਦਿੱਲੀ ਨਾਲ ਸੰਪਰਕ ਕਰ ਲਿਆ ਸੀ।

ਕੇਂਦਰ ਸਰਕਾਰ ਦਾ ਮੰਤਵ ਵੀ ਇਮਾਨਦਾਰਨਾ ਨਹੀਂ ਸੀ ਸਗੋਂ ਉਹ ਉਸ ਧਿਰ ਨਾਲ ਸਮਝੌਤਾ ਕਰਨਾ ਚਾਹੁੰਦੀ ਸੀ ਜੋ ਘੱਟ ਤੋਂ ਘੱਟ ਸ਼ਰਤਾਂ ਲਾਵੇ ਅਤੇ ਘੱਟ ਤੋਂ ਘੱਟ ਮੰਗਾਂ ਮੰਨਵਾਏ।

ਅਕਾਲੀ ਤਿੱਕੜੀ ਨੇ ਰਾਜੀਵ ਗਾਂਧੀ ਅਤੇ ਹੋਰ ਸਰਕਾਰੀ ਨੁਮਾਇੰਦਿਆਂ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਕਿ ਦੂਜੀਆਂ ਧਿਰਾਂ ਨਾਲ ਸਮਝੌਤਾ ਬਹੁਤ ਖ਼ਤਰਨਾਕ ਸਾਬਤ ਹੋਵੇਗਾ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਖਤਰੇ 'ਚ ਪੈ ਜਾਵੇਗੀ। ਸਿੱਟੇ ਵਜੋਂ ਸਰਕਾਰ ਨੇ ਸਾਰੀ ਯੋਜਨਾ ਵਿਚਾਲੇ ਤਿਆਗ ਦਿੱਤੀ ਅਤੇ ਸਸਤੇ ਸੌਦੇ ਦੇ ਵਣਜਾਰਿਆਂ ਦੇ ਸਨਮੁਖ ਹੋ ਗਈ। ਉਪਰੰਤ ਇਸ ਤਿੱਕੜੀ ਨੇ ਅਪ੍ਰੇਸ਼ਨ ਨੀਲਾ ਤਾਰਾ ਤੋਂ ਪਹਿਲਾਂ ਗੱਲਬਾਤ ਦੀ ਤੰਦ ਜਿਥੋਂ ਛੱਡੀ ਸੀ ਉਥੋਂ ਹੀ ਫ਼ੇਰ ਪਕੜ ਲਈ ਅਤੇ ਟੌਹੜਾ, ਬਾਦਲ ਅਤੇ ਤਲਵੰਡੀ ਵਰਗੇ ਮਹਾਂਰਥੀਆਂ ਨੂੰ ਵੀ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰ ਦਿੱਤਾ। ਕੇਂਦਰ ਸਰਕਾਰ ਨੇ ਗੱਲਬਾਤ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਸੁਖਾਲਾ ਬਣਾਉਣ ਹਿਤ ਪਹਿਲਾਂ ਹੀ ਅਰਜਨ ਸਿੰਘ ਨੂੰ ਪੰਜਾਬ ਦਾ ਗਵਰਨਰ ਲਾ ਦਿੱਤਾ ਸੀ, ਜਿਸਦੇ ਇਸ ਤਿੱਕੜੀ ਨਾਲ ਕਾਫ਼ੀ ਸੰਬੰਧ ਸਨ ਅਤੇ ਉਹ ਪਹਿਲਾਂ ਦੂਜੀਆਂ ਧਿਰਾਂ ਨਾਲ ਗੱਲਬਾਤ 'ਚ ਵੀ ਮੁੱਖ ਰੋਲ ਨਿਭਾ ਚੁੱਕਾ ਸੀ।

ਟੌਹੜਾ, ਤਲਵੰਡੀ ਅਤੇ ਬਾਦਲ ਨੂੰ ਭਾਵੇਂ ਸਰਕਾਰ ਨਾਲ ਲੌਂਗੋਵਾਲ ਅਤੇ ਉਸਦੀ ਜੁੰਡਲੀ ਦੀ ਅੰਦਰਖ਼ਾਤੇ ਚੱਲ ਰਹੀ ਗੱਲਬਾਤ ਦੀ ਭਿਣਕ ਸੀ, ਪਰ ਫ਼ਿਰ ਵੀ ਉਹ ਇਹ ਨਹੀਂ ਸੀ ਜਾਣਦੇ ਕਿ ਸਮਝੌਤੇ ਦੀਆਂ ਮੰਗਾਂ ਦਾ ਠੋਸ ਫ਼ਾਰਮੂਲਾ ਕੀ ਹੋਵੇਗਾ।

ਪਰ 23 ਜੁਲਾਈ, 1985 ਦੀ ਸ਼ਾਮ ਨੂੰ ਸਰਕਾਰ ਵੱਲੋਂ ਅਚਨਚੇਤ ਕੀਤੇ ਗਏ ਇੱਕ ਐਲਾਨ ਨੇ ਅਕਾਲੀ ਦਲ ਅਤੇ ਆਮ ਲੋਕਾਂ ਨੂੰ ਚੌਂਕਾ ਦਿੱਤਾ। ਇਸ ਵਿੱਚ ਕਿਹਾ ਗਿਆ ਸੀ ਕਿ ਲੌਂਗੋਵਾਲ 24 ਜੁਲਾਈ, 1985 ਨੂੰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮਿਲੇਗਾ। ਇਹ ਸਪਸ਼ਟ ਸੰਕੇਤ ਸੀ ਕਿ ਉਹਨਾਂ ਦਰਮਿਆਨ ਕੋਈ ਨਾ ਕੋਈ ਸਮਝੌਤਾ ਹੋ ਚੁੱਕਾ ਸੀ। ਜਿਵੇਂ ਉਮੀਦ ਸੀ ਸਰਕਾਰ ਵਲੋਂ 24 ਜੁਲਾਈ ਨੂੰ ਐਲਾਨ ਕੀਤਾ ਗਿਆ ਕਿ ਰਾਜੀਵ ਗਾਂਧੀ ਅਤੇ ਲੌਂਗੋਵਾਲ ਵੱਲੋਂ ਇਕ "ਸਮਝੌਤੇ ਦੇ ਦਸਤਾਵੇਜ਼" 'ਤੇ ਦਸਤਖ਼ਤ ਕੀਤੇ ਗਏ ਹਨ। ਇਸ ਤਰ੍ਹਾਂ ਲੌਂਗੋਵਾਲ ਨੇ ਇਕ ਵਾਰ ਫ਼ਿਰ ਅਕਾਲੀ ਦਲ ਅਤੇ ਸਿੱਖ ਅਵਾਮ ਦੀ ਪਿੱਠ ਵਿੱਚ ਛੁਰਾ ਮਾਰ ਦਿੱਤਾ। ਉਸ ਮੌਕੇ ਲੌਂਗੋਵਾਲ ਸਿੱਖ-ਅਵਾਮ ਜਾਂ ਅਕਾਲੀ ਦਲ ਦੀ ਅਗਵਾਈ ਨਹੀਂ ਸੀ ਕਰਦਾ। ਉਹ ਕੇਵਲ ਅਕਾਲੀਆਂ ਦੇ ਇੱਕ ਟੁੱਟਵੇਂ ਧੜੇ ਦਾ ਨੇਤਾ ਸੀ ਜਦੋਂ ਕਿ ਉਨ੍ਹਾਂ ਦੀ ਬਹੁ-ਗਿਣਤੀ ਦੀ ਅਗਵਾਈ ਬਾਬਾ ਜੋਗਿੰਦਰ ਸਿੰਘ ਕਰਦਾ ਸੀ। ਪਰ ਫਿਰ ਵੀ, ਲੌਂਗੋਵਾਲ ਵੱਲੋਂ ਬਾਬੇ ਤੱਕ ਨੂੰ ਵੀ ਭਰੋਸੇ ਵਿੱਚ ਨਹੀਂ ਸੀ ਲਿਆ ਗਿਆ। ਨਤੀਜੇ ਵਜੋਂ, ਸਾਰੇ ਚੋਟੀ ਦੇ ਅਕਾਲੀ ਨੇਤਾਵਾਂ ਨੇ "ਸਮਝੌਤੇ ਦੇ ਦਸਤਾਵੇਜ਼" ਨੂੰ ਖ਼ਾਲਸਾ ਪੰਥ ਨਾਲ ਵੱਡਾ ਵਿਸ਼ਵਾਸਘਾਤ ਗਰਦਾਨਦੇ ਹੋਏ ਸਪਸ਼ਟ ਰੂਪ ਵਿੱਚ ਰੱਦ ਕਰ ਦਿੱਤਾ।

'ਸਮਝੌਤੇ' ਦੇ ਇਸ ਜਾਅਲੀ ਜਿਹੇ ਦਸਤਾਵੇਜ਼ ਵਿੱਚ ਕੁਝ ਵੀ ਨਵਾਂ ਨਹੀਂ ਹੈ ਕਿਉਂਕਿ ਅਜਿਹੀਆਂ ਪੇਸ਼ਕਸ਼ਾਂ ਸਰਕਾਰ ਵੱਲੋਂ ਦਰਬਾਰ ਸਾਹਿਬ ਸਮੂਹ 'ਤੇ ਫ਼ੌਜੀ ਹਮਲੇ ਤੋਂ ਪਹਿਲਾਂ ਵੀ ਹੁੰਦੀਆਂ ਰਹੀਆਂ ਸਨ ਅਤੇ ਇਨ੍ਹਾਂ ਨੂੰ ਸੰਤ ਭਿੰਡਰਾਂਵਾਲੇ ਵੱਲੋਂ ਰੱਦ ਕਰ ਦਿੱਤਾ ਗਿਆ ਸੀ। ਜੇ ਇਨ੍ਹਾਂ ਪੁਰਾਣੇ ਦਗੇਬਾਜ਼ਾਂ ਨੇ ਇਸੇ 'ਖਿਡੌਣੇ' ਨਾਲ ਹੀ ਰੀਝ ਜਾਣਾ

ਸੀ ਅਤੇ ਉਹ ਵੀ ਏਨੀ ਉਥਲ-ਪੁਥਲ ਅਤੇ ਬਰਬਾਦੀ ਤੋਂ ਪਿੱਛੋਂ, ਤਾਂ ਫ਼ਿਰ ਇਹਨਾਂ ਨੇ ਸਰਕਾਰ ਨੂੰ ਦਰਬਾਰ ਸਾਹਿਬ ਸਮੂਹ ਦੀ ਤਬਾਹੀ ਅਤੇ ਬੇਹੁਰਮਤੀ ਦੀ ਇਜਾਜ਼ਤ ਕਿਉਂ ਦਿੱਤੀ? ਜਿਸ ਨਾਲ ਜਾਨ-ਮਾਲ ਦੀ ਅਥਾਹ ਬਰਬਾਦੀ ਹੋਈ ਸੀ। ਬਿਲਕੁਲ ਸਪਸ਼ਟ ਹੈ ਕਿ ਇਹਨਾਂ ਗੱਦਾਰਾਂ ਨੇ ਨਿਸ਼ਠਾਵਾਨ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਅਜਾਈਂ ਗਵਾ ਦਿੱਤਾ ਸੀ।

ਇਸ ਸਮਝੌਤੇ ਦੇ ਦਸਤਾਵੇਜ਼ ਦੀਆਂ ਮੱਦਾਂ ਅਨੁਸਾਰ ਅਨੰਦਪੁਰ ਸਾਹਿਬ ਦੇ ਮਤੇ ਦੀ ਮੁੱਖ ਮੰਗ ਨੂੰ ਹਮੇਸ਼ਾਂ ਲਈ ਡੂੰਘੇ ਸਮੁੰਦਰ 'ਚ ਸੁੱਟ ਦਿੱਤਾ ਗਿਆ ਹੈ, ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਮੁੱਦਾ ਹੁਣ ਮੁਰਦਾ ਹੋ ਚੁੱਕਾ ਹੈ, ਦਰਿਆਈ ਪਾਣੀਆਂ ਦੇ ਝਗੜੇ ਅਤੇ ਹੋਰ ਮਸਲੇ ਹਵਾ 'ਚ ਉਡਾ ਦਿੱਤੇ ਗਏ ਹਨ। ਇਵੇਂ ਇਹ ਦਸਤਾਵੇਜ਼ ਮੁਕੰਮਲ ਰੂਪ 'ਚ ਨਕਾਰਾਤਮਕ ਵਸਤੂ ਸਿੱਧ ਹੋਇਆ ਹੈ ਅਤੇ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਨੂੰ ਪੱਕੇ ਤੌਰ 'ਤੇ ਦਫ਼ਨਾ ਦਿੱਤਾ ਗਿਆ ਹੈ।

## ਏਕਤਾ ਲਈ ਆਖਰੀ ਯਤਨ

ਮੈਂ ਉਪਰੋਕਤ ਸਾਰੇ ਘਟਨਾਕ੍ਰਮ ਤੋਂ ਮਾਯੂਸ ਹੋ ਉੱਠਿਆ, ਪ੍ਰੰਤੂ ਫਿਰ ਵੀ, ਮੈਂ ਇਸ ਭਰਮ ਦਾ ਸ਼ਿਕਾਰ ਹੋ ਕੇ ਅਕਾਲੀ ਨੇਤਾਵਾਂ ਨੂੰ ਇੱਕ ਪਲੇਟਫ਼ਾਰਮ ਤੇ ਇਕੱਠਿਆਂ ਕਰਨ ਲਈ ਸੋਚਣ ਲੱਗਾ ਕਿ ਸ਼ਾਇਦ ਇਹਨਾਂ ਨੇ ਆਪਣੀ ਗਲਤੀ ਦਾ ਅਹਿਸਾਸ ਕਰ ਲਿਆ ਹੋਵੇਗਾ ਅਤੇ ਇਕੱਠੇ ਹੋ ਕੇ, ਪਿਛਲੀਆਂ ਭੁੱਲਾਂ ਤੇ ਪਸ਼ਚਾਤਾਪ ਕਰਦੇ ਹੋਏ, ਸਿੱਖ ਕੌਮ ਦੀ ਵਿਗੜੀ ਸੰਵਾਰਨ ਲਈ ਕੁਝ ਅਕਲ ਤੋਂ ਕੰਮ ਲੈਣਗੇ। ਇਸ ਲਈ ਮੈਂ ਏਕਤਾ ਲਈ ਯਤਨ ਆਰੰਭੇ।

ਖੁਸ਼ਕਿਸਮਤੀ ਨਾਲ ਮੇਰੇ ਚੋਟੀ ਦੇ ਅਕਾਲੀ ਨੇਤਾਵਾਂ, ਖ਼ਾਸਕਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਅਤੇ ਬਾਬਾ ਜੋਗਿੰਦਰ ਸਿੰਘ ਨਾਲ ਬਹੁਤ ਨੇੜਲੇ ਅਤੇ ਨਿੱਘੇ ਸੰਬੰਧ ਸਨ। ਇਸ ਲਈ ਮੈਂ ਇਹਨਾਂ ਦਰਮਿਆਨ ਏਕਤਾ ਕਰਾਉਣ ਲਈ ਸੁਖਾਵਾਂ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ। ਮੈਂ ਸਾਰੇ ਚੋਟੀ ਦੇ ਨੇਤਾਵਾਂ ਨੂੰ ਮਿਲਿਆ। ਉਹ ਸਾਰੇ ਹੀ ਏਕਤਾ ਲਈ ਤਿਆਰ ਸਨ ਪਰ ਤੌਖ਼ਲੇ ਵਿਚ ਸਨ। ਤਾਂ ਵੀ, ਮੈਂ ਇਸ ਸੰਬੰਧੀ ਲੁਧਿਆਣਾ ਵਿਖੇ 18 ਅਗਸਤ, 1985 ਨੂੰ ਬਲਵੰਤ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਨਾਲ ਆਖ਼ਰੀ ਮੀਟਿੰਗ ਕੀਤੀ। ਅਸੀਂ ਏਕਤਾ ਲਈ ਵੱਖ ਵੱਖ ਫ਼ਾਰਮੂਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਪਰ ਬਲਵੰਤ ਸਿੰਘ ਇੱਕੋ ਹੀ ਰਾਗ ਅਲਾਪਦਾ ਰਿਹਾ ਕਿ ਲੌਂਗੋਵਾਲ ਤੋਂ ਛੁੱਟ ਉਸ ਨੂੰ ਹੋਰ ਕੋਈ ਵੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਸਵੀਕਾਰ ਨਹੀਂ ਸੀ। ਇਸ 'ਤੇ ਮੈਨੂੰ ਤੁਰੰਤ ਇੱਕ ਵਿਚਾਰ ਅਹੁੜਿਆ ਅਤੇ ਮੈਂ ਅਕਾਲੀ ਦਲ ਦੀ ਪ੍ਰਧਾਨਗੀ ਲਈ ਬਰਨਾਲੇ ਦਾ ਨਾਂ ਸੁਝਾਇਆ। ਇਸ ਸੁਝਾਅ ਨਾਲ ਬਰਨਾਲਾ ਚਮਕ ਉਠਿਆ ਪਰ ਬਲਵੰਤ ਸਿੰਘ ਦਾ ਚਿਹਰਾ ਪੀਲਾ ਪੈ ਗਿਆ। ਖ਼ੈਰ, ਉਸ ਨੇ ਆਪਣੀ ਘਬਰਾਹਟ 'ਤੇ ਕਾਬੂ ਪਾਉਂਦਿਆਂ ਮੈਨੂੰ ਸਵਾਲ ਕੀਤਾ ਕਿ ਕੀ ਇਹ ਤਜਵੀਜ਼ ਤਲਵੰਡੀ ਨੂੰ ਪ੍ਰਵਾਨ ਹੋਵੇਗੀ। "ਅਵੱਸ਼ ਹੀ" ਮੈਂ ਪੂਰੇ ਯਕੀਨ ਨਾਲ ਕਿਹਾ ਅਤੇ ਜਦੋਂ ਉਹ ਆਨੰਦਮਈ ਅਵਸਥਾ 'ਚ ਆਏ ਤਾਂ ਮੈਂ ਤਲਵੰਡੀ ਨੂੰ ਇਹ ਸ਼ੁੱਭ ਸਮਾਚਾਰ ਦੇਣ ਲਈ ਉਨ੍ਹਾਂ ਕੋਲੋਂ ਅਲਵਿਦਾ ਲਈ। ਬਲਵੰਤ ਸਿੰਘ ਗੇਟ ਤੱਕ ਮੇਰੇ ਪਿੱਛੇ ਆਇਆ ਅਤੇ ਬੜੇ ਖ਼ਰੇ ਸ਼ਬਦਾਂ 'ਚ ਮੈਨੂੰ ਕਿਹਾ ਕਿ ਉਸ ਨੂੰ ਪ੍ਰਧਾਨਗੀ ਲਈ ਬਰਨਾਲਾ ਤੱਕ ਵੀ ਪ੍ਰਵਾਨ ਨਹੀਂ ਸੀ। ਜਦੋਂ

ਮੈਂ ਉਸ ਨੂੰ ਪੁੱਛਿਆ ਕਿ ਉਸ ਨੇ ਬਰਨਾਲੇ ਨੂੰ ਇਵੇਂ ਕਿਉਂ ਨਹੀਂ ਕਿਹਾ ਤਾਂ ਉਸ ਨੇ ਜਵਾਬ ਦਿੱਤਾ, "ਮੈਂ ਉਸ ਦੇ ਮੂੰਹ 'ਤੇ ਇਸ ਤਰ੍ਹਾਂ ਕਿਵੇਂ ਕਹਿ ਸਕਦਾ ਸੀ।" ਇਥੇ ਹੀ ਅਕਾਲੀ ਦਲ 'ਚ ਏਕਤਾ ਲਈ ਆਖ਼ਰੀ ਯਤਨ ਸਮਾਪਤ ਹੋ ਗਏ। ਇਸ ਉਪਰੰਤ ਮੈਨੂੰ ਇਹ ਪੱਕਾ ਯਕੀਨ ਹੋ ਗਿਆ ਕਿ ਇਹ ਲੋਕ ਕੇਂਦਰ ਦੇ ਏਜੰਟ ਹਨ ਅਤੇ ਸਿੱਖਾਂ ਨਾਲ ਇਨ੍ਹਾਂ ਦਾ ਕੋਈ ਲਗਾਓ ਨਹੀਂ ਹੈ। ਦੋ ਦਿਨ ਮਗਰੋਂ ਕਿਸੇ ਨਿਸ਼ਠਾਵਾਨ ਸਿੱਖ ਨੌਜਵਾਨ ਨੇ ਲੌਂਗੋਵਾਲ ਨੂੰ ਉਸ ਦੇ ਹੀ ਜ਼ਿਲ੍ਹੇ ਸੰਗਰੂਰ ਵਿਚ ਗੋਲੀ ਮਾਰ ਕੇ ਕਤਲ ਕਰ ਦਿੱਤਾ। ਜਦੋਂ ਉਸ ਦੀ ਦੇਹ ਨੂੰ ਅਗਨੀ ਦਿਖਾਈ ਗਈ ਤਾਂ ਬਲਵੰਤ ਸਿੰਘ, ਜੋ ਬਹੁਤ ਉਦਾਸੀ 'ਚ ਸੀ, ਸਬੱਬੀਂ ਮੇਰੇ ਸਾਹਮਣੇ ਆ ਗਿਆ। ਉਸ ਨੇ ਮੇਰੇ ਨਾਲ ਘੁਸਰ-ਮੁਸਰ ਕਰਦਿਆਂ ਕਿਹਾ ਕਿ ਉਹ ਬਰਬਾਦ ਹੋ ਗਿਆ ਸੀ। ਮੈਂ ਉਸ ਨੂੰ 18 ਅਗਸਤ ਨੂੰ ਉਸ ਵੱਲੋਂ ਦਿਖਾਈ ਗਈ ਅੜੀ ਯਾਦ ਕਰਾਈ ਅਤੇ ਹੌਲੀ ਜਿਹੇ ਉਸ ਨੂੰ ਪੁੱਛਿਆ ਕਿ ਕੀ ਹੁਣ ਇਸ ਨੂੰ (ਲੌਂਗੋਵਾਲ) ਮੜ੍ਹੀ 'ਚੋਂ ਉਠਾ ਕੇ ਖੜ੍ਹਾ ਕੀਤਾ ਜਾਵੇ?

ਜਿਵੇਂ ਕਿ ਸੰਭਾਵਨਾ ਸੀ ਬਰਨਾਲਾ ਨੂੰ ਅਕਾਲੀ ਦਲ ਦਾ ਪ੍ਰਧਾਨ ਥਾਪਿਆ ਗਿਆ। ਜਿਵੇਂ ਕਿ ਰਾਜੀਵ ਗਾਂਧੀ ਨੇ ਵਾਅਦਾ ਕੀਤਾ ਸੀ ਅਕਾਲੀ ਦਲ (ਬਰਨਾਲਾ) ਨੂੰ ਕਾਂਗਰਸ ਨੇ 1985 'ਚ ਚੋਣਾਂ ਜਿੱਤਣ ਅਤੇ ਸਰਕਾਰ ਬਨਾਉਣ 'ਚ ਮਦਦ ਦਿੱਤੀ। ਪ੍ਰੰਤੂ ਤਾਂ ਵੀ, ਬਰਨਾਲਾ ਕੇਵਲ ਕਾਨੂੰਨੀ ਤੌਰ 'ਤੇ ਮੁੱਖ ਮੰਤਰੀ ਸੀ ਤੇ ਅਸਲ ਵਿੱਚ ਮੁੱਖ ਮੰਤਰੀ ਬਲਵੰਤ ਸਿੰਘ ਹੀ ਸੀ।

ਰਾਜੀਵ ਗਾਂਧੀ ਹੁਣ ਬਰਨਾਲਾ ਸਰਕਾਰ ਰਾਹੀਂ ਇੱਕ ਨਵੀਂ ਕਿਸਮ ਦਾ ਲਾਹਾ ਲੈਣਾ ਚਾਹੁੰਦਾ ਸੀ। ਉਹ ਇਹ ਜਾਣ ਚੁੱਕਾ ਸੀ ਕਿ ਅਪ੍ਰੇਸ਼ਨ ਬਲੂ-ਸਟਾਰ ਕਾਰਨ ਸਿੱਖ ਕਾਂਗਰਸ ਵਿਰੁੱਧ ਗੁੱਸੇ ਨਾਲ ਬੁਰੀ ਤਰ੍ਹਾਂ ਭੜਕੇ ਹੋਏ ਹਨ ਅਤੇ ਉਹਨਾਂ ਅੰਦਰ ਵਿਆਪਕ ਪੱਧਰ 'ਤੇ ਰਾਜਸੀ ਉਭਾਰ ਆ ਚੁੱਕਾ ਸੀ ਅਤੇ ਉਹ ਸੰਤ ਭਿੰਡਰਾਂਵਾਲਾ-ਸਿਆਸਤ ਦੀ ਨੁਮਾਇੰਦਗੀ ਕਰਦੀਆਂ ਧਿਰਾਂ ਅਧੀਨ ਲਾਮਬੰਦ ਹੋ ਰਹੇ ਸਨ। ਇਹ ਸਫਬੰਦੀ ਬਰਨਾਲੇ ਹੁਰਾਂ ਦੇ ਰਾਜਸੀ ਹਿੱਤਾਂ ਲਈ ਵੀ ਨੁਕਸਾਨਦੇਹ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਉਪਰੋਕਤ ਧਿਰਾਂ ਵੱਲੋਂ ਦਰਬਾਰ ਸਾਹਿਬ ਸਮੂਹ 'ਚੋਂ ਅਕਾਲ ਤਖ਼ਤ ਸਾਹਿਬ ਤੋਂ ਚਲਾਈਆਂ ਜਾ ਰਹੀਆਂ ਰਾਜਸੀ ਸਰਗਰਮੀਆਂ ਨੂੰ ਰੋਕਣ ਦੇ ਬਹਾਨੇ ਜੇ ਬਰਨਾਲਾ ਸਰਕਾਰ ਦਰਬਾਰ ਸਾਹਿਬ 'ਚ ਪੁਲੀਸ ਦਾਖਲ ਕਰ ਦੇਵੇ ਤਾਂ ਉਸਦੀ ਮਾਂ ਇੰਦਰਾ ਗਾਂਧੀ ਵੱਲੋਂ ਕੀਤੀ ਫ਼ੌਜੀ ਕਾਰਵਾਈ 'ਤੇ ਵੀ ਮੋਹਰ ਲੱਗ ਜਾਵੇਗੀ, ਅਗਾਂਹ ਲਈ ਵੀ ਰਾਹ ਪੱਧਰਾ ਹੋ ਜਾਵੇਗਾ ਅਤੇ ਸਿੱਖ ਵੀ ਭੰਬਲਭੂਸੇ ਵਿਚ ਪਏ ਰਹਿਣਗੇ। ਉਸ ਨੇ ਮੌਕਾ ਤਾੜ ਕੇ ਬਰਨਾਲੇ ਨੂੰ ਸਖ਼ਤ ਕਾਰਵਾਈ ਕਰਨ ਲਈ ਕਿਹਾ। ਬਰਨਾਲਾ ਪਹਿਲਾਂ ਹੀ ਤਿਆਰੀ ਕਰ ਰਹੇ ਸਨ ਕਿਉਂਕਿ ਧਰਮ ਨਾਲੋਂ ਕੁਰਸੀ ਵੱਧ ਪਿਆਰੀ ਸੀ। ਉਹਨਾਂ ਰਾਜੀਵ ਦੀ ਇੱਛਾ ਪੂਰਤੀ ਕਰਨ ਲਈ ਅਤੇ ਆਪਣੀ ਰਾਜਸੀ ਵਿਰੋਧਤਾ ਨੂੰ ਕੁਚਲਣ ਲਈ 30 ਅਪ੍ਰੈਲ, 1986 ਨੂੰ ਦਰਬਾਰ ਸਾਹਿਬ 'ਚ ਪੁਲੀਸ ਭੇਜ ਦਿੱਤੀ ਅਤੇ ਨਾਲ ਹੀ ਬਰਨਾਲੇ ਦੇ ਲੜਕੇ ਨੇ ਵੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਗੁੰਡਾਗਰਦੀ ਕੀਤੀ। ਕੇਂਦਰ ਸਰਕਾਰ ਅਤੇ ਅਖੌਤੀ ਅਕਾਲੀ ਲੀਡਰਸ਼ਿਪ ਇਹਨਾਂ ਸਾਰੇ ਹੱਥਕੰਡਿਆਂ ਦੇ ਬਾਵਜੂਦ ਜੂਨ 1984 'ਚ ਕੀਤੀ ਗਈ ਫ਼ੌਜੀ ਕਾਰਵਾਈ ਨੂੰ ਜਾਇਜ਼ ਨਾ ਠਹਿਰਾ ਸਕੇ ਅਤੇ ਨਾ ਹੀ ਇਨ੍ਹਾਂ ਦਾ ਕੂੜ ਪ੍ਰਚਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਖ਼ਸੀਅਤ ਦੇ ਤੇਜ-ਪ੍ਰਤਾਪ ਅੱਗੇ ਟਿਕ ਸਕਿਆ।

ਉਪਰੋਕਤ ਪੁਲੀਸ ਦਾਖ਼ਲੇ ਤੋਂ ਛੇਤੀ ਬਾਅਦ ਹੀ 1987 ਵਿੱਚ ਬਰਨਾਲਾ ਸਰਕਾਰ ਬਰਖ਼ਾਸਤ ਕਰ ਦਿੱਤੀ ਗਈ ਅਤੇ ਬਲਵੰਤ ਸਿੰਘ ਦਾ ਗੱਦਾਰਾਂ ਵਾਲਾ ਹਸ਼ਰ ਹੋਇਆ ਜਿਹਾ ਕਿ ਉਸ ਦੇ ਮੁਰਸ਼ਦ ਲੌਂਗੋਵਾਲ ਦਾ ਹੋਇਆ ਸੀ। ਇਵੇਂ ਇਨ੍ਹਾਂ ਗੱਦਾਰਾਂ ਦੀ ਘਟੀਆ ਅਤੇ ਨੀਚ ਕਹਾਣੀ ਦਾ ਇੱਕ ਅਧਿਆਇ ਸਮਾਪਤ ਹੋ ਗਿਆ।

## ਛਪਦੇ-ਛਪਦੇ

ਮੌਜੂਦਾ ਰਾਜਸੀ-ਧਾਰਮਿਕ ਸਥਿਤੀ ਦੀ ਚਰਚਾ ਅਤੇ ਮੁਲਾਂਕਣ ਕੀਤੇ ਬਿਨਾਂ ਇਹ ਪੁਸਤਕ ਕੁਝ ਨਾ ਕੁਝ ਅਧੂਰੀ ਪ੍ਰਤੀਤ ਹੁੰਦੀ ਹੈ। ਅੱਜ ਫਿਰ ਸਿੱਖ ਧਰਮ ਦੀ ਪਹਿਲ ਤਾਜ਼ਗੀ, ਸਿੱਖੀ ਸਿਧਾਂਤਾਂ ਅਤੇ ਰਵਾਇਤਾਂ ਉੱਤੇ ਸੰਕਟ ਦੇ ਬਦਲ ਛਾਏ ਹੋਏ ਹਨ। ਸਿੱਖ ਇਕ ਵਾਰ ਫਿਰ ਆਪਣੇ ਆਪ ਨੂੰ ਲਵਾਰਸ ਅਤੇ ਆਗੂ ਹੀਣ ਮਹਿਸੂਸ ਕਰ ਰਹੇ ਹਨ। ਸਿੱਖ ਰਾਜਨੀਤੀ ਦੀ ਅਜੋਕੀ ਸਥਿਤੀ ਸਦਕਾ ਫਿਰਕਾਪ੍ਰਸਤ ਹਿੰਦੂ ਹੁਕਮਰਾਨਾਂ ਅਤੇ ਦੇਹਧਾਰੀ ਗੁਰੂਡੰਮ ਦੀਆਂ ਦੁਕਾਨਾਂ ਚਲਾਉਣ ਵਾਲੇ ਸਿੱਖਾਂ ਦੇ ਸਿਧਾਂਤਕ ਦੁਸ਼ਮਣਾਂ ਦੀ ਪੰਜਾਬ 'ਚ ਚੜ੍ਹ ਮਚੀ ਹੋਈ ਹੈ। ਸਿੱਖ ਆਗੂਆਂ ਦੀ ਖ਼ੁਦਗਰਜ਼ ਅਤੇ ਮੌਕਾਪ੍ਰਸਤ ਢਾਣੀ ਪੂਰੀ ਤਰ੍ਹਾਂ ਭਾਜਪਾ ਸਰਕਾਰ ਦੀ ਪਨਾਹ 'ਚ ਹੈ। ਪੰਜਾਬ 'ਚ ਮੌਜੂਦਾ ਸਮੇਂ ਸਿੱਖ ਜਵਾਨੀ ਦੇ ਕਤਲੇਆਮ ਦਾ ਦੌਰ ਭਾਵੇਂ ਠਲ੍ਹ ਚੁੱਕਾ ਹੈ ਪਰ ਸਿੱਖ ਜਵਾਨੀ ਨੂੰ ਸਿੱਖੀ ਵਿਹੂਣੇ ਕਰਨ ਦੀ ਸਾਜਿਸ਼ ਨੂੰ ਬਹੁਤ ਹੀ ਸੂਖਮ ਤਰੀਕਿਆਂ ਨਾਲ ਲਾਗੂ ਕੀਤਾ ਜਾ ਰਿਹਾ ਹੈ। ਸਭ ਤੋਂ ਦੁਖਦਾਈ ਸਥਿਤੀ ਇਹ ਹੈ ਕਿ ਇਸ ਸਾਜ਼ਿਸ਼ ਨੂੰ ਸਿੱਖਾਂ ਦੇ ਧਾਰਮਿਕ 'ਰਹਿਬਰਾਂ' ਅਤੇ ਉਹਨਾਂ ਦੇ ਰਾਜਸੀ ਹੋਣੀ ਦੇ 'ਠੇਕੇਦਾਰਾਂ' ਹੱਥੋਂ ਪ੍ਰਵਾਨ ਚੜ੍ਹਾਇਆ ਜਾ ਰਿਹਾ ਹੈ। ਸਿੱਖੀ ਦੀਆਂ ਉਨ੍ਹਾਂ ਰਵਾਇਤਾਂ ਅਤੇ ਸੰਸਥਾਵਾਂ ਨੂੰ ਪ੍ਰਭਾਵਹੀਣ ਕਰਨ ਦੀਆਂ ਚਾਲਾਂ ਚਲੀਆਂ ਜਾ ਰਹੀਆਂ ਹਨ, ਜਿਹਨਾਂ ਤੋਂ ਪ੍ਰੇਰਨਾ ਲੈ ਕੇ ਸਿੱਖ ਆਪਣੇ ਧਰਮ ਉਪਰ ਆਏ ਕਿਸੇ ਵੀ ਸੰਕਟ ਖਿਲਾਫ ਲੜਦੇ ਹੋਏ ਆਪਣੀ ਜਾਨ ਦੀ ਬਾਜ਼ੀ ਤਕ ਲਾਉਣ ਨੂੰ ਆਪਣਾ ਫਰਜ਼ ਸਮਝਦੇ ਰਹੇ ਹਨ। ਪੰਥਕ ਸ਼ਕਤੀ ਦੇ ਸ੍ਰੋਤ ਪੂਰੀ ਤਰ੍ਹਾਂ ਸਿਧਾਂਤਕ ਸੰਕਟ ਦਾ ਸ਼ਿਕਾਰ ਹੋ ਚੁੱਕੇ ਹਨ। ਪੰਜਾਬ ਦੀ ਕਿਸਾਨੀ ਜੋ ਹਮੇਸ਼ਾਂ ਪੰਥਕ ਜਜ਼ਬੇ ਦਾ ਮੁੱਖ ਅਧਾਰ ਰਹੀ ਹੈ, ਲਗਾਤਾਰ ਗੂਹੜੇ ਆਰਥਿਕ ਸੰਕਟ ਵੱਲ ਵੱਧ ਰਹੀ ਹੈ। ਸਿਖਿਆ ਦੇ ਖੇਤਰ ਵਿਚ ਪੰਜਾਬ ਦੀ ਪਿੰਡਾਂ 'ਚ ਵੱਸਣ ਵਾਲੀ ਸਿੱਖ (ਜੱਟ) ਵਸੋਂ ਲੱਗਭੱਗ ਘਸਿਆਰਿਆਂ ਵਾਲੀ ਸਥਿਤੀ 'ਚ ਪੁਜ ਚੁੱਕੀ ਹੈ। ਅਨਪੜ੍ਹਤਾ ਅਤੇ ਆਰਥਿਕਤਾ 'ਚੋਂ ਉਪਜੀਆਂ ਮਜਬੂਰੀਆਂ ਨੇ ਬਹਾਦਰ ਸਿੱਖਾਂ ਨੂੰ ਐਨਾ ਜ਼ਿਆਦਾ ਲਾਚਾਰ ਅਤੇ ਨਿਮਾਣੇ ਬਣਾ ਦਿੱਤਾ ਹੈ, ਜਿਸ ਦੀ ਮਿਸਾਲ ਸਿੱਖ ਇਤਿਹਾਸ 'ਚ ਇਸ ਤੋਂ ਪਹਿਲਾਂ ਕਿਤੇ ਨਹੀਂ ਮਿਲਦੀ। ਕਿਸਾਨਾਂ ਅਤੇ ਪੰਥਕ ਹਿਤਾਂ ਲਈ ਲੜਨ ਦਾ ਪਾਖੰਡ ਕਰਨ ਵਾਲੀਆਂ ਜਥੇਬੰਦੀਆਂ ਜਾਂ ਤਾਂ ਬ੍ਰਾਹਮਣਵਾਦੀ ਹੱਥਾਂ 'ਚ ਵਿਕਾਊ ਹੋ ਚੁੱਕੀਆਂ ਹਨ ਜਾਂ ਫਿਰ ਉਹਨਾਂ ਕੋਲ ਕੋਈ ਉਸਾਰੂ ਪ੍ਰੋਗਰਾਮ ਹੀ ਨਹੀਂ ਹੈ। ਦੇਸ਼ ਪੱਧਰ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੇ ਆਪਣੀ ਫਿਤਰਤ ਮੁਤਾਬਕ ਪੰਜਾਬ ਅਤੇ ਸਿੱਖ ਹਿੱਤਾਂ ਨਾਲ ਗੱਦਾਰੀ ਕਰਨ ਵਾਲਾ ਰਾਹ ਅਜੇ ਤਿਆਗਿਆ ਨਹੀਂ ਹੈ। ਹੁਕਮਰਾਨ ਅਕਾਲੀ ਧੜੇ ਕੋਲ ਸਿੱਖ ਹਿੱਤਾਂ ਨੂੰ ਪੂਰੀ ਤਰ੍ਹਾਂ ਵਿਸਾਰ ਕੇ ਫਿਰਕਾਪ੍ਰਸਤ ਕੱਟੜ ਜਮਾਤ ਭਾਜਪਾ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਇਕ ਨੁਕਾਤੀ ਟੀਚਾ ਹੀ ਰਹਿ ਗਿਆ ਲੱਗਦਾ ਹੈ। ਆਪਣੇ ਆਪ ਨੂੰ ਪੰਥਕ ਕਹਾਉਣ ਵਾਲੇ ਛੋਟੇ-ਛੋਟੇ ਅਕਾਲੀ ਗੁੱਟਾਂ ਦੀ ਸਥਿਤੀ ਹੋਰ ਵੀ ਜ਼ਿਆਦਾ ਬਦਤਰ ਹੈ। ਇਹਨਾਂ ਧੜਿਆਂ ਦੀ ਸਿੱਖ ਹੱਕਾਂ ਖਾਤਰ ਲੜਾਈ ਕੇਵਲ ਅਖਬਾਰੀ ਬਿਆਨਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਧਰਮ ਨੂੰ ਪ੍ਰਾਥਮਿਕਤਾ ਦੇ ਕੇ ਆਪਣਾ ਧੜਾ ਤਿਆਗਣ ਨੂੰ ਇਹਨਾਂ 'ਚ ਕੋਈ ਵੀ ਤਿਆਰ ਨਹੀਂ ਹੈ। ਇਹਨਾਂ ਧੜਿਆਂ ਦੀ ਮੁਹਰੈਲ ਲੀਡਰਸ਼ਿਪ ਹੌਲੀ ਹੌਲੀ ਸਿਆਸੀ ਤੌਰ 'ਤੇ ਖਤਮ ਹੋਈ ਜਾ ਰਹੀ ਹੈ। ਪਰ ਇਹਨਾਂ ਵਿਚ ਆਪਣੇ ਸਿਆਸੀ ਵਿਰੋਧੀ ਅਤੇ ਪੰਥਕ

ਰਵਾਇਤਾਂ ਅਤੇ ਸਿਧਾਂਤਾ ਨੂੰ ਰੋਲਣ ਵਾਲੇ ਸ. ਬਾਦਲ ਨੂੰ ਪੰਥਕ ਸਫਾਂ 'ਚੋਂ ਸਮੇਟਣ ਲਈ ਇਕ ਆਗੂ ਦੀ ਅਗਵਾਈ ਵਿਚ ਇਕੱਠੇ ਹੋਣ ਦੀ ਸਿਆਸੀ ਸੋਝੀ ਨਹੀਂ ਹੈ। ਨਿਰਸੰਦੇਹ ਇਤਨੀਆਂ ਕੁਰਬਾਨੀਆਂ ਅਤੇ ਕੌਮੀ ਨੁਕਸਾਨ ਦੇ ਬਾਵਜੂਦ ਕੋਈ ਪ੍ਰਾਪਤੀ ਨਾ ਹੋਣ ਕਾਰਨ ਸਿੱਖ ਸਫਾਂ 'ਚੋਂ ਉਪਰਾਮਤਾ ਅਤੇ ਨਿਰਾਸ਼ਤਾ ਆ ਗਈ ਹੈ। ਸਰਕਾਰੀ ਦਹਿਸ਼ਤ ਅਤੇ ਆਪਣਿਆਂ ਦੀ ਬੇਇਨਸਾਫੀ ਅਤੇ ਨਾਅਹਿਲੀਅਤ ਰੂਪੀ ਚੱਕੀ ਦੇ ਪੁੜਾਂ 'ਚ ਲੰਬਾ ਸਮਾਂ ਪਿਸਦੀ ਰਹਿਣ ਕਾਰਨ ਸਿੱਖ ਮਾਨਸਿਕਤਾ ਦੀ ਸਥਿਤੀ ਬਹੁਤ ਗੁੰਝਲਦਾਰ ਨਜ਼ਰ ਆ ਰਹੀ ਹੈ। ਇਹ ਬੜੀ ਵਿਡੰਬਨਾ ਹੈ ਕਿ ਇਤਿਹਾਸ ਇੰਨੀ ਜਲਦੀ ਆਪਣੇ ਆਪ ਨੂੰ ਮੁੜ ਦੁਹਰਾਉਣ ਦੀ ਤਿਆਰੀ ਕਰੀ ਬੈਠਾ ਹੈ। ਠੀਕ ਵੀਹ-ਬਾਈ ਵਰ੍ਹੇ ਪਹਿਲਾਂ ਪੰਜਾਬ 'ਚ ਲਗਭਗ ਅਜਿਹੀ ਹੀ ਰਾਜਸੀ-ਧਾਰਮਿਕ ਸਥਿਤੀ ਸੀ। ਉਸ ਸਮੇਂ ਵੀ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਹਿੰਦੂ ਮੂਲਵਾਦੀਆਂ ਦੀ ਜਮਾਤ ਜਨਸੰਘ ਦੀ ਭਾਈਵਾਲੀ ਨਾਲ ਸਰਕਾਰ ਚਲਾ ਰਿਹਾ ਸੀ।

ਦੇਸ਼ ਦਾ ਸ਼ਾਸਨ, ਉਸ ਸਮੇਂ ਵੀ, ਰਾਜਸੀ ਪਾਰਟੀਆਂ ਦੇ ਅਜਿਹੇ ਹੀ ਗੱਠ-ਜੋੜ ਦੇ ਹੱਥ ਸੀ। ਉਸ ਸਮੇਂ ਵੀ ਧਰਮ-ਨਿਰਪੱਖ ਜਾਂ ਨਰਮ-ਖਿਆਲੀ ਅਕਾਲੀ ਨੇਤਾਵਾਂ ਦਾ ਇਹੀ ਟੋਲਾ ਕੱਟੜ ਹਿੰਦੂਆਂ ਦੇ ਹੱਥਾਂ 'ਚ ਖੇਡਿਆ ਸੀ ਅਤੇ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਖਰਾਬ ਕੀਤਾ ਸੀ। ਹੁਣ ਵੀਹ-ਬਾਈ ਸਾਲਾਂ ਮਗਰੋਂ, ਸਿੱਟਿਆਂ ਦੀ ਪਰਵਾਹ ਕੀਤੇ ਬਿਨਾ, ਇਹ ਫ਼ਿਰ ਉਹੀ ਖੇਡ ਖੇਡ ਰਹੇ ਹਨ।

ਇਹ ਬੜੀ ਵਿਡੰਬਨਾ ਹੈ ਹੁਣ ਫ਼ਿਰ ਫੇਲ੍ਹ ਅਤੇ ਨਕਾਰੇ ਹੋਏ ਅਕਾਲੀ ਨੇਤਾਵਾਂ ਦਾ ਉਹੀ ਟੋਲਾ ਪੰਜਾਬ ਅੰਦਰ ਸੱਤਾ 'ਚ ਹੈ ਜੋ ਵੀਹ-ਬਾਈ ਸਾਲ ਪਹਿਲਾਂ ਸੱਤਾ 'ਚ ਸੀ ਅਤੇ, ਇਹ ਬੜਾ ਹੀ ਦੁਖਾਂਤ ਹੈ ਕਿ ਇਹ ਫ਼ਿਰ ਖਾਲਸਾ ਪੰਥ ਦੀ ਅਸਲ ਲੀਡਰਸ਼ਿਪ ਵਿਰੁੱਧ ਲਾਮਬੰਦ ਹਨ। ਇਕ ਗਿਣੀ-ਮਿਥੀ ਸਾਜ਼ਿਸ਼ ਰਾਹੀਂ ਇਨ੍ਹਾਂ ਨੇ ਅਕਾਲ ਤਖ਼ਤ ਦੀ ਸਰਵਉੱਚਤਾ, ਇਸਦੇ ਗੌਰਵ ਅਤੇ ਪ੍ਰੰਪਰਾਵਾਂ ਨੂੰ ਮਿੱਟੀ-ਘੱਟੇ ਰੋਲਣਾ ਸ਼ੁਰੂ ਕੀਤਾ ਹੋਇਆ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਸਿਆਸਤ ਦਾ ਅਖਾੜਾ ਬਣਾ ਰੱਖਿਆ ਹੈ, ਇਸਦੇ ਪ੍ਰਧਾਨਗੀ ਪਦ ਨੂੰ ਨਿੱਜੀ ਜਾਇਦਾਦ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਆਰ.ਐਸ.ਐਸ. ਦੀਆਂ ਸਰਗਰਮੀਆਂ ਵੱਲੋਂ ਅੱਖਾਂ ਮੀਚੀਆਂ ਹੋਈਆਂ ਹਨ। ਖਾਲਸਾ ਪੰਥ ਦੀ ਗੈਰਤ ਲਈ ਮਰ ਮਿਟਣ ਵਾਲਿਆਂ ਅਤੇ ਪੰਜਾਬ ਅਤੇ ਸਿੱਖਾਂ ਦੀਆਂ ਮੰਗਾਂ ਅਤੇ ਆਨੰਦਪੁਰ ਮਤੇ ਪ੍ਰਤੀ ਵਚਨਬੱਧ ਲੋਕਾਂ ਨੂੰ 'ਕਾਂਗਰਸ ਦੇ ਏਜੰਟ' ਜਾਂ 'ਵਿਦੇਸ਼ੀ ਏਜੰਟ' ਜਿਹੇ ਭੱਦੇ ਨਾਵਾਂ ਨਾਲ ਸੰਬੋਧਨ ਕਰਨਾ ਇਨ੍ਹਾਂ ਦਾ ਤਕੀਆ-ਕਲਾਮ ਬਣ ਚੁੱਕਾ ਹੈ। ਵੀਹ-ਬਾਈ ਸਾਲ ਪਹਿਲਾਂ ਇਨ੍ਹਾਂ ਨੇ ਸੰਤ ਭਿੰਡਰਾਂਵਾਲੇ ਨੂੰ ਅੱਖਾਂ ਦਿਖਾਈਆਂ ਸਨ, ਆਪਣੇ ਸਾਧਨਾਂ ਅਤੇ ਸ਼ਕਤੀਆਂ ਨੂੰ ਉਹਦੇ ਵਿਰੁੱਧ ਅਤੇ ਦਮਦਮੀ ਟਕਸਾਲ ਵਿਰੁੱਧ ਲਾਮਬੰਦ ਕੀਤਾ ਸੀ ਪਰ ਬਹਾਦਰ ਸੰਤ ਨੇ ਇਨ੍ਹਾਂ ਦੀ ਬੁਰੀ ਤਰ੍ਹਾਂ ਖੁੰਬ ਠੱਪੀ ਸੀ ਅਤੇ ਅਖੀਰ ਇਨ੍ਹਾਂ ਨੇ ਕੇਂਦਰ ਸਰਕਾਰ ਦੀ ਮਦਦ ਮੰਗੀ ਸੀ, ਜਿਸ ਨੇ ਕਿ ਖਾਲਸਾ ਪੰਥ ਦੇ 'ਜਾਂਬਾਜ਼ ਰਾਖੇ' ਦਾ ਗੜ੍ਹ ਤੋੜਨ ਲਈ ਅਤੇ 'ਮਹਾਨ ਗੱਦਾਰ' (ਹਰਚੰਦ ਸਿੰਘ ਲੌਂਗੋਵਾਲ) ਨੂੰ ਬਚਾਉਣ ਲਈ ਦਰਬਾਰ ਸਹਿਬ ਸਮੂਹ 'ਤੇ ਹਮਲਾ ਕੀਤਾ।

ਅੱਜ ਫਿਰ ਪੰਥ ਵਿਰੋਧੀ ਤਾਕਤਾਂ ਨੇ ਸਿੱਖੀ ਅਤੇ ਅਕਾਲ ਤਖ਼ਤ ਦੇ ਖਿਲਾਫ ਮੁਹਿੰਮ ਛੇੜ ਰੱਖੀ ਹੈ ਅਤੇ ਇਹਨਾਂ ਦੀ ਨਿਵੇਕਲੀ ਦਿੱਖ ਨੂੰ ਮਿਟਾਉਣ ਦੇ ਸਿਰਤੋੜ ਯਤਨ ਕੀਤੇ

ਜਾ ਰਹੇ ਹਨ। ਅਕਾਲ ਤਖ਼ਤ ਦੀ ਜੱਥੇਦਾਰੀ ਦੇ ਅਹੁਦੇ ਨੂੰ ਇਕ ਗਿਣੀ-ਮਿਥੀ ਚਾਲ ਰਾਹੀਂ ਵਿਵਾਦਗ੍ਰਸਤ ਬਣਾ ਕੇ, ਇਸਦੀ ਦੁਰਵਰਤੋਂ ਕਰਕੇ ਇਸ ਰੁਤਬੇ ਦੇ ਮਾਨ-ਸਨਮਾਨ ਨੂੰ ਢਾਹ ਲਾ ਕੇ ਅਕਾਲ ਤਖ਼ਤ ਦੀ ਪ੍ਰਭੁਤਾ ਉੱਪਰ ਸੱਟ ਮਾਰੀ ਜਾ ਰਹੀ ਹੈ ਅਤੇ ਸਿੱਖੀ ਦੇ ਇਨਕਲਾਬੀ ਤੱਤ ਨੂੰ ਮੂਲੋਂ ਨਾਸ ਕਰਨ ਦੀਆਂ ਵਿਉਂਤਾ ਘੜੀਆਂ ਜਾ ਰਹੀਆਂ ਹਨ। ਇਹ ਪੰਥ ਵਿਰੋਧੀ ਸ਼ਕਤੀਆਂ ਉਸੇ ਅੰਦਾਜ਼ ਵਿਚ ਕ੍ਰਿਆਸ਼ੀਲ ਹਨ ਜਿਵੇਂ ਸੰਤ ਭਿੰਡਰਾਂਵਾਲੇ ਦੇ ਸਮੇਂ ਸਨ।

ਪ੍ਰੰਤੂ, ਬਾਦਲ ਨੂੰ ਪਦਾਰਥਵਾਦੀ ਦਾਵੰਦਵਾਦ ਸਿਧਾਂਤ ਦੇ ਬੁਨਿਆਦੀ ਨਿਯਮਾਂ (Dialectical Materialism) ਦਾ ਸਾਵਧਾਨੀ ਨਾਲ ਅਧਿਅਨ ਕਰਨਾ ਚਾਹੀਦਾ ਹੈ ਅਤੇ ਬੀਤੇ ਦੀਆਂ ਘਟਨਾਵਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਉਸ ਨੂੰ ਆਪਣੀਆਂ ਨੀਤੀਆਂ ਘੜਨ ਸਮੇਂ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਉਹ ਸਿੱਖਾਂ ਦੀਆਂ ਵੋਟਾਂ ਲੈਣ ਸਮੇਂ ਜਿਸ ਫ਼ੌਜੀ ਕਾਰਵਾਈ ਵਿਰੁੱਧ ਰੌਲਾ ਪਾ ਕੇ ਅਤੇ ਜਿਸ ਕਾਂਗਰਸ ਦੇ ਪੰਜਾਹ ਸਾਲਾਂ ਦੇ ਜ਼ੁਲਮਾਂ ਦਾ ਢੰਡੋਰਾ ਪਿੱਟ ਕੇ ਲੋਕਾਂ ਨੂੰ ਜਜ਼ਬਾਤੀ ਕਰਦਾ ਹੈ ਉਸੇ ਕਾਂਗਰਸ ਅਤੇ ਅਪ੍ਰੇਸ਼ਨ ਬਲੂ-ਸਟਾਰ ਰਾਹੀਂ ਸਿੱਖਾਂ ਦੀ ਹਸਤੀ ਮਿਟਾਉਣ ਦਾ ਨਾਕਾਮ ਯਤਨ ਕਰਨ ਵਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਬੇਹੱਦ ਪ੍ਰਸ਼ੰਸਕ, ਅਜੋਕੇ ਪ੍ਰਧਾਨ ਮੰਤਰੀ, ਸ੍ਰੀ ਅਟਲ ਬਿਹਾਰੀ ਵਾਜਪਾਈ ਹਨ। ਬਾਦਲ ਸਾਹਿਬ ਨੂੰ ਵਾਜਪਾਈ ਜੀ ਦੇ ਸੋਹਲੇ ਗਾਉਣ ਸਮੇਂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇੰਦਰਾ ਗਾਂਧੀ ਨੂੰ 1971 ਦੀ ਬੰਗਲਾ ਦੇਸ਼ ਜੰਗ ਮਗਰੋਂ ਵਾਜਪਾਈ ਨੇ ਹੀ ਦੁਰਗਾ ਮਾਤਾ ਦਾ ਖਿਤਾਬ ਦਿੱਤਾ ਸੀ ਅਤੇ ਜੂਨ 1984 'ਚ ਅਪ੍ਰੇਸ਼ਨ ਬਲੂ-ਸਟਾਰ ਸਮੇਂ ਪਾਰਲੀਮੈਂਟ 'ਚ ਵਾਜਪਾਈ ਜੀ ਨੇ ਹੀ ਕਿਹਾ ਸੀ ਕਿ "ਇਹ ਕਾਰਵਾਈ (ਅਪ੍ਰੇਸ਼ਨ ਬਲੂ-ਸਟਾਰ) ਛੇ ਮਹੀਨੇ ਪਹਿਲਾਂ ਹੋਣੀ ਚਾਹੀਦੀ ਸੀ।" ਇਸ ਲਈ ਬਾਦਲ ਨੂੰ ਪਿਛਲੀਆਂ ਗਲਤੀਆਂ ਸੁਧਾਰਨ ਉਪਰੰਤ ਮੌਜੂਦਾ ਨੀਤੀਆਂ ਘੜਨੀਆਂ ਚਾਹੀਦੀਆਂ ਹਨ ਅਤੇ ਭਵਿੱਖ ਨੂੰ ਮੱਦੇਨਜ਼ਰ ਰੱਖਦਿਆਂ ਕਾਰਗਰ ਯੋਜਨਾਵਾਂ ਉਲੀਕਣੀਆਂ ਚਾਹੀਦੀਆਂ ਹਨ, ਕਿਤੇ ਅਜਿਹਾ ਨਾ ਹੋਵੇ ਕਿ ਇਤਿਹਾਸ ਮੁੜ ਦੁਹਰਾਇਆ ਜਾਵੇ।

ਅੰਤਿਕਾ

# ਆਨੰਦਪੁਰ ਸਾਹਿਬ ਦਾ ਮਤਾ

ਜਦੋਂ ਕਿ ਭਾਰਤ ਦੇ ਸਿੱਖ, ਸਤਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ, ਖਾਲਸਾ ਪੰਥ ਦੀ ਸਾਜਣਾ ਦੇ ਸਮੇਂ ਤੋਂ ਹੀ, ਇਤਿਹਾਸਕ ਤੌਰ 'ਤੇ ਇਕ ਰਾਜਨੀਤਕ ਕੌਮ ਵਜੋਂ ਤਸਲੀਮ ਕੀਤੇ ਗਏ ਹਨ, ਅਤੇ ਜਦੋਂ ਕਿ ਸਿੱਖ ਕੌਮ ਦਾ ਇਹ ਰੁਤਬਾ, ਕੌਮਾਂਤਰੀ ਪੱਧਰ 'ਤੇ, ਯੂਰਪ ਅਤੇ

ਏਸ਼ੀਆ ਦੀਆਂ ਪ੍ਰਮੁੱਖ ਸ਼ਕਤੀਆਂ, ਜਿਵੇਂ ਕਿ ਫਰਾਂਸ, ਇੰਗਲੈਂਡ, ਇਟਲੀ, ਰੂਸ ਚੀਨ, ਤਿੱਬਤ ਪਰਸ਼ੀਆ (ਈਰਾਨ), ਅਫਗਾਨਿਸਤਾਨ, ਨੇਪਾਲ ਅਤੇ ਕੰਪਨੀ ਬਹਾਦਰ, ਫੋਰਟ ਵਿਲੀਅਮ, ਕਲਕੱਤਾ ਵਲੋਂ ਉਨ੍ਹੀਵੀਂ ਸਦੀ ਦੇ ਅੱਧ ਤੱਕ, ਅਤੇ ਫਿਰ ਮੁਲਕ ਛੱਡ ਕੇ ਜਾਂਦੇ ਫਰੰਗੀ, ਹਿੰਦੂ ਕਾਂਗਰਸ ਅਤੇ ਭਾਰਤੀ ਮੁਸਲਮ ਲੀਗ ਵਲੋਂ ਵੀਹਵੀਂ ਸਦੀ ਦੇ ਅੱਧ ਵਿਚ ਤਸਲੀਮ ਕੀਤਾ ਅਤੇ ਕਬੂਲਿਆ ਜਾ ਚੁੱਕਾ ਹੈ, ਅਤੇ

ਜਦੋਂ ਕਿ ਹਿੰਦੁਸਤਾਨ ਦੀ ਧੱਕੜ ਬਹੁਗਿਣਤੀ ਨੇ 1950 ਵਿਚ ਮੁਲਕ 'ਤੇ ਇਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ, ਜਿਸ ਨੇ ਕਿ ਸਿੱਖਾਂ ਨੂੰ ਉਹਨਾਂ ਦੀ ਰਾਜਸੀ ਪਛਾਣ ਅਤੇ ਸਭਿਾਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ, ਇਸ ਤਰ੍ਹਾਂ ਸਿੱਖਾਂ ਨੂੰ ਰਾਜਸੀ ਤੌਰ 'ਤੇ ਖਤਮ ਕਰਕੇ ਅਤੇ ਉਹਨਾਂ ਨੂੰ ਆਤਮਕ ਅਤੇ ਸਭਿਆਚਰਕ ਗਿਰਾਵਟ ਦੇ ਕੰਢੇ ਲਿਆ ਕੇ, ਬੇਸਿਰ ਪੈਰੇ ਹਿੰਦੂ ਧਰਮ ਦੇ ਖਾਰੇ ਸਾਗਰ ਵਿਚ, ਹਰ ਹੀਲੇ ਡੁੱਬ ਜਾਣ ਅਤੇ ਸਦਾ ਲਈ ਤਬਾਹ ਹੋ ਜਾਣ ਦੀ ਨੌਬਤ ਤੱਕ ਲੈ ਆਂਦਾ ਹੈ, ਅਤੇ

ਜਦੋਂ ਕਿ ਸਿਖਾਂ ਨਾਲ ਪਹਿਲੋਂ ਕੀਤੇ ਸੰਜੀਦਾ ਇਕਰਾਰਨਾਮੇ ਅਤੇ ਸ਼ਰੇਆਮ ਕੀਤੇ ਵਾਅਦਿਆਂ ਨੂੰ ਬੇਲਿਹਾਜ਼ੀ ਨਾਲ ਤੋੜ ਕੇ, ਸਿੱਖਾਂ ਨੂੰ ਜਕੜ ਕੇ ਗੁਲਾਮ ਬਣਾ ਲਿਆ ਗਿਆ ਹੈ, ਜਦ ਕਿ 1950 ਵਿਚ, ਵਿਧਾਨ ਘਾੜਨੀ ਸਭਾ ਵਿਚ ਸਿੱਖਾਂ ਦੇ ਨੁਮਾਇੰਦਿਆਂ ਨੇ ਅਜਿਹੇ ਸੰਵਿਧਾਨਕ ਇੰਤਜਾਮ ਨੂੰ ਪ੍ਰਵਾਨ ਕਰਨ ਵਾਲੀ ਧਿਰ ਬਣਨ ਤੋਂ ਨਾਂਹ ਕਰ ਦਿੱਤੀ ਗਈ ਸੀ ਅਤੇ ਸੰਵਿਧਾਨ ਦੀ ਮੂਲ ਦਸਤਾਵੇਜ਼ ਉੱਤੇ ਆਪਣੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਤਰਫੋਂ ਅਤੇ ਉਹਨਾਂ ਦੇ ਨਾਂ 'ਤੇ ਐਲਾਨ ਕਰਦਾ ਹੈ ਕਿ ਸਿੱਖ ਆਪਣੇ ਆਪ ਨੂੰ ਹਰ ਵਾਜਬ ਢੰਗ ਨਾਲ ਇਸ ਜਿੱਲਤ ਭਰੀ ਅਤੇ ਵਿਨਾਸ਼ਕਾਰੀ ਸਥਿਤੀ ਵਿੱਚੋਂ ਬਚਾਉਣ ਅਤੇ ਅਜ਼ਾਦ ਹੋਣ ਲਈ ਦ੍ਰਿੜ ਸੰਕਲਪ ਹਨ, ਤਾਂ ਕਿ ਉਹ ਮਾਣ ਨਾਲ ਜਿਊਣ ਨੂੰ ਪੱਕੇ ਤੌਰ 'ਤੇ ਯਕੀਨੀ ਬਣਾ ਸਕਣ ਅਤੇ ਭਾਰਤ ਵਿਚ ਆਪਣੀ ਅਣਖ ਅਤੇ ਸੰਸਾਰ ਦੇ ਇਤਿਹਾਸ ਦੀ ਮੁੱਖ ਧਾਰਾ ਵਿਚ ਸਹੀ ਯੋਗਦਾਨ ਪਾ ਸਕਣ ਦੇ ਆਪਣੇ ਜਮਾਂਦਰੂ ਹੱਕ ਨੂੰ ਬਹਾਲ ਕਰ ਸਕਣ।

ਇਸ ਲਈ ਸਿੱਖ ਮੰਗ ਕਰਦੇ ਹਨ ਕਿ ਸਭ ਤੋਂ ਪਹਿਲਾਂ ਬਿਨਾਂ ਦੇਰ ਕੀਤਿਆਂ ਭਾਰਤ ਦੇ ਉੱਤਰ ਵਿਚ ਇਕ ਖੁਦਮੁਖਤਿਆਰ ਖਿੱਤਾ ਕਾਇਮ ਕੀਤਾ ਜਾਵੇ, ਜਿੱਥੇ ਕਿ ਦੇਸ਼ ਦੀ ਬੁਨਿਆਦੀ ਨੀਤੀ ਵਜੋਂ, ਸਿੱਖ ਹਿੱਤਾਂ ਦੀ ਸੰਵਿਧਾਨਕ ਤੌਰ 'ਤੇ ਪ੍ਰਮੁੱਖ ਅਤੇ ਖ਼ਾਸ ਅਹਿਮੀਅਤ ਤਸਲੀਮ ਕੀਤੀ ਜਾਵੇ।

ਦੂਸਰਾ, ਇਸ ਖੁਦ ਮੁਖਤਿਆਰ ਖਿੱਤੇ ਵਿੱਚ ਮੌਜੂਦਾ ਭਾਰਤੀ, ਪੰਜਾਬ ਅਤੇ ਹਰਿਆਣਾ

ਦੇ ਕਰਨਾਲ, ਥਨੇਸਰ ਅਤੇ ਅੰਬਾਲਾ ਜ਼ਿਲ੍ਹੇ, ਚੰਡੀਗੜ੍ਹ, ਹਿਮਾਚਲ ਦੇ ਕਾਂਗੜਾ ਜ਼ਿਲ੍ਹੇ ਦੇ ਸਮੇਤ, ਹਰਿਆਣਾ ਅਤੇ ਹਿਮਾਚਲ ਦੇ ਪਿੰਜੌਰ, ਕਾਲਕਾ, ਡਲਹੌਜ਼ੀ, ਨਾਲਾਗੜ ਦੇਸ਼, ਸਿਰਸਾ, ਗੂਹਲਾ ਅਤੇ ਰਤੀਆ ਇਲਾਕੇ ਅਤੇ ਰਜਾਸਥਾਨ ਦਾ ਗੰਗਾਨਗਰ ਜ਼ਿਲ੍ਹਾ, ਤਾਂ ਜੋ ਸਿੱਖਾਂ ਦੀਆਂ ਨਾਲੋ ਨਾਲ ਲਗਦੀਆਂ, ਪ੍ਰਮੁੱਖ ਅਬਾਦੀਆਂ ਅਤੇ ਜੱਦੀ ਪੁਸ਼ਤੀ ਸਿੱਖ ਇਲਾਕੇ, ਭਾਰਤ ਦੇ ਅਟੁੱਟ ਹਿੱਸੇ ਵਜੋਂ ਇਸ ਖ਼ੁਦਮੁਖਤਿਆਰ ਸਿੱਖ ਖਿੱਤੇ ਵਿਚ ਸ਼ਾਮਲ ਕੀਤੇ ਜਾਣ ਅਤੇ

ਤੀਸਰਾ ਇਸ ਖ਼ੁਦਮੁਖਤਿਆਰ ਸਿੱਖ ਖਿੱਤੇ ਨੂੰ, ਬਦੇਸ਼ੀ ਮਾਮਲੇ, ਸੁਰੱਖਿਆ, ਕਰੰਸੀ ਅਤੇ ਆਮ ਸੰਚਾਰ ਦੇ ਮਹਿਕਮਿਆਂ ਨੂੰ ਫੈਡਰਲ ਭਾਰਤ ਸਰਕਾਰ ਦੇ ਅਧਿਕਾਰ ਵਿਚ ਛੱਡ ਕੇ, ਸੰਪੂਰਨ ਸੱਤਾ ਨੂੰ ਆਪਣੇ ਹੱਥ ਵਿਚ ਰੱਖਣ ਖ਼ਾਤਰ, ਆਪਣਾ ਅੰਦਰੂਨੀ ਸੰਵਿਧਾਨ ਆਪ ਘੜਨ ਦਾ ਅਧਿਕਾਰੀ ਐਲਾਨ ਕੀਤਾ ਜਾਵੇ।

*ਸਾਹਿਬ ਦਸਮ ਪਾਤਸ਼ਾਹ ਸਭ ਥਾਈ ਹੋਹੁ ਸਹਾਇ।*

# ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਪਾਲਿਸੀ-ਪ੍ਰੋਗਰਾਮ

(ਜੋ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 16, 17 ਅਕਤੂਬਰ 1973 ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਅਸਥਾਨ ਵਿਖੇ ਹੋਈ ਇਕੱਤਰਤਾ ਵਿਚ ਪ੍ਰਵਾਨ ਕੀਤਾ ਤੇ ਅਕਾਲੀ ਦਲ ਦੇ ਜਨਰਲ ਇਜਲਾਸ ਦੀ ਪ੍ਰਵਾਨਗੀ ਨਾਲ ਪਾਸ ਕੀਤਾ ਗਿਆ।)

## ਸਿੱਖ ਪੰਥ ਦਾ ਰਾਜਸੀ ਨਿਸ਼ਾਨਾ

"ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਨਿਸ਼ਚੇ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ "ਮਨ-ਮੰਦਰ" ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ-ਬਾਲੇ ਹੈ।"

ਖਾਲਸਾ ਜੀ ਦੇ ਇਸ ਜਨਮ-ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"

## ਅਕਾਲੀ ਦਲ ਦਾ ਆਰਥਕ ਨਿਸ਼ਾਨਾ

"ਅਕਾਲੀ ਦਲ ਦਾ ਨਿਸ਼ਾਨਾ ਹੈ ਕਿ ਹਰ ਵੇਹਲੇ ਨੂੰ ਰੁਜ਼ਗਾਰ 'ਤੇ ਲਾਉਣਾ, ਹਰ ਮੂੰਹ ਲਈ ਰੋਟੀ, ਹਰ ਤਨ ਲਈ ਕੱਪੜਾ, ਰਹਿਣ ਲਈ ਮਕਾਨ, ਚੜ੍ਹਨ ਲਈ ਸਵਾਰੀ ਅਤੇ ਉਹਨਾਂ ਸਾਰੀਆਂ ਸਭਿਆਚਾਰਕ ਲੋੜਾਂ ਦੀ ਪੂਰਤੀ ਲਈ ਵਸੀਲੇ ਪੈਦਾ ਕਰਨੇ, ਜਿਨ੍ਹਾਂ ਬਗੈਰ ਜੀਵਨ ਅਧੂਰਾ ਜਾਪਦਾ ਹੈ।"

## "ਖਾਲਸਾ ਪੰਥ ਦਾ ਵਿਦਿਅਕ ਨਿਸ਼ਾਨਾ"

"ਸ਼੍ਰੋਮਣੀ ਅਕਾਲੀ ਦਲ, ਸਿੱਖ ਕੌਮ ਨੂੰ ਇਕ ਮਜ਼ਬੂਤ, ਪੜ੍ਹੀ ਲਿਖੀ, ਸੁਘੜ, ਆਪਣੇ ਹੱਕਾਂ ਤੋਂ ਜਾਣੂ, ਅੱਡੋ ਅੱਡ ਹੁਨਰ, ਵਿਚ ਪ੍ਰਬੀਨ ਅਤੇ ਉਹਨਾਂ ਦੀ ਕਦਰਦਾਨ ਵੇਖਣਾ ਚਾਹੁੰਦਾ ਹੈ। ਅਕਾਲੀ ਦਲ, ਸਿੱਖ ਕੌਮ ਦੇ ਵਿਦਿਅਕ ਮਾਹਿਰਾਂ, ਸਾਇੰਸਦਾਨਾਂ, ਫਿਲਾਸਫਰਾਂ, ਕਵੀਆਂ, ਲਿਖਾਰੀਆਂ ਤੇ ਕਲਾਕਾਰਾਂ ਆਦਿ ਨੂੰ ਕੌਮ ਦੀ ਬਹੁਮੁੱਲੀ ਪੂੰਜੀ ਸਮਝਦਾ ਹੈ। ਅਕਾਲੀ ਦਲ, ਪੇਂਡੂ ਤੇ ਪਛੜੇ ਵਰਗ ਦੇ ਵਿਦਿਆਰਥੀਆਂ ਨੂੰ ਉੱਚ ਵਿੱਦਿਆ ਪ੍ਰਾਪਤੀ ਲਈ ਉਤਸ਼ਾਹਿਤ ਕਰੇਗਾ।"

1. ਸ਼੍ਰੋਮਣੀ ਅਕਾਲੀ ਦਲ ਹਰ ਮੁਮਕਿਨ ਤਰੀਕੇ ਨਾਲ ਇਸ ਪ੍ਰਯੋਜਨ ਦੀ ਪੂਰਤੀ ਲਈ ਯਤਨ ਤੇ ਜਦੋਜਹਿਦ ਕਰੇਗਾ ਕਿ –

(ੳ) ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਤੇ ਜਾਣ ਬੁੱਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਜ਼ਿਲ੍ਹੇ 'ਚ ਡਲਹੌਜ਼ੀ, ਅੰਬਾਲਾ ਜ਼ਿਲ੍ਹੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ ਨਾਲਾਗੜ੍ਹ ਦਾ 'ਦੇਸ' ਨਾਮੀ ਇਲਾਕਾ, ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਤੇ ਹਿਸਾਰ ਜ਼ਿਲ੍ਹੇ ਦੀ ਟੋਹਾਨਾਂ ਸਬ-ਤਹਿਸੀਲਾਂ, ਰਤੀਆ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਿਸਥਾਨ ਤੇ ਗੰਗਾਨਗਰ ਦੇ ਜ਼ਿਲ੍ਹੇ ਦੀਆਂ 6 ਤਹਿਸੀਲਾਂ ਅਤੇ ਇਹਨਾਂ ਦੇ ਨਾਲ ਲਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇਕੋ ਇੰਤਜ਼ਾਮੀਆਂ ਇਕਾਈ ਬਣ ਜਾਣ, ਜਿਸ ਵਿਚ ਸਿੱਖੀ ਤੇ ਸਿੱਖਾਂ ਦੇ ਹਿਤ ਵਿਸ਼ੇਸ਼ ਸੁਰਖਿਅਤ ਰਹਿਣ।

(ਅ) ਇਸ ਨਵੇਂ ਪੰਜਾਬ ਵਿਚ ਕੇਂਦਰ ਦਾ ਦਖਲ ਕੇਵਲ ਦੇਸ ਦੇ ਡੀਫੈਂਸ, ਪ੍ਰਦੇਸੀ ਮਾਮਲਿਆਂ, ਤਾਰ, ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੱਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ, ਇਹਨਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨ ਆਪ ਬਨਾਉਣ ਦਾ ਪੂਰਨ ਅਧਿਕਾਰ ਹੋਵੇ। ਇਹਨਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨੈਂਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ਵਿਚ ਆਪਣੇ ਨੁਮਾਇੰਦਿਆਂ ਦੀ ਗਿਣਤੀ ਤੇ ਤਨਾਸਬ ਅਨੁਸਾਰ, ਖੁਦ ਆਪ ਹੀ ਅਦਾ ਕਰੇ।

(ੲ) ਪੰਜਾਬੋਂ ਬਾਹਰ ਵੱਸਣ ਵਾਲੀ ਸਿੱਖ ਵਸੋਂ ਅਤੇ ਹੋਰ ਧਾਰਮਕ ਘੱਟਗਿਣਤੀਆਂ ਦੀ ਮੁਅਸਰ ਤਹੱਫਜਾਤ (ਸੁਰੱਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।

2. ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੋਸਤਾਨ ਦਾ ਵਿਧਾਨ ਸਹੀ ਅਰਥਾਂ ਵਿਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।

3. ਸ਼੍ਰੋਮਣੀ ਅਕਾਲੀ ਦਲ ਕਾਂਗਰਸੀ ਸਰਕਾਰ ਦੀ ਉਲੀਕੀ ਹੋਈ ਭਾਰਤ ਦੀ ਮੌਜੂਦਾ ਵਿਦੇਸੀ ਪਾਲਿਸੀ ਨੂੰ ਸਖਤ ਨਖਿੱਧ, ਨਿਕੰਮੀ ਅਤੇ ਦੇਸ, ਕੌਮ ਤੇ ਇਨਸਾਨੀਅਤ ਲਈ ਹਾਨੀਕਾਰਕ ਸਮਝਦਾ ਹੈ। ਸ਼੍ਰੋਮਣੀ ਅਕਾਲੀ ਦਲ ਭਾਰਤ ਦੀ ਅਜਿਹੀ ਵਿਦੇਸ਼ੀ ਨੀਤੀ ਦੀ ਹਿਮਾਇਤ ਕਰੇਗਾ ਜੋ ਅਮਨ ਪਸੰਦੀ ਉਤੇ ਆਧਾਰਤ ਅਤੇ ਕੌਮੀ ਮੁਫਾਦ ਦੇ ਅਨੁਕੂਲ ਹੋਵੇ ਅਤੇ ਖਾਸ ਕਰਕੇ ਭਾਰਤ ਦੇ ਸਾਰੇ ਗਵਾਂਢੀ ਦੇਸਾਂ ਵੱਲ ਤੇ ਸਿੱਖ ਵਸੋਂ ਵਾਲੇ ਤੇ ਸਿੱਖ ਗੁਰਧਾਮਾਂ ਵਾਲੇ ਦੇਸਾਂ ਵੱਲ ਪ੍ਰੇਮ ਤੇ ਸਦਭਾਵਨਾ ਵਾਲੀ ਹੋਵੇ। ਸ਼੍ਰੋਮਣੀ ਅਕਾਲੀ ਦਲ ਦੀ ਇਹ ਨੀਤੀ ਹੈ ਕਿ ਸਾਡੀ ਵਿਦੇਸ਼ ਨੀਤੀ ਕਿਸੇ ਹੋਰ ਦੇਸ ਦੀ ਨੀਤੀ ਨਾਲ ਗਲਜੋਟੀ ਹੋਈ ਨਾ ਹੋਵੇ।

4. ਸ਼੍ਰੋਮਣੀ ਅਕਾਲੀ ਦਲ ਸੂਬਾ ਜਾਂ ਕੇਂਦਰ ਸਰਕਾਰ ਦੇ ਕਿਸੇ ਵੀ ਸਿੱਖ (ਅਤੇ ਜਾਂ ਹੋਰ ਮੁਲਾਜ਼ਮ ਵਿਰੁੱਧ) ਕਿਸੇ ਵੀ ਤਰ੍ਹਾਂ ਦੇ ਕੀਤੇ ਜਾਂਦੇ ਵਿਤਕਰੇ ਵਿਰੁੱਧ ਦ੍ਰਿੜਤਾ ਨਾਲ ਅਵਾਜ਼ ਉਠਾਏਗਾ। ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਮਹਿਕਮਾ ਡੀਫੈਂਸ ਦੀ ਹਰ ਬਾਹੀ ਵਿਚ ਸਿੰਘਾਂ ਦੀ ਰਵਾਇਤੀ ਪੋਜੀਸ਼ਨ ਕਾਇਮ ਰੱਖਣ ਲਈ ਯਤਨ ਕਰੇਗਾ ਅਤੇ ਯਤਨ ਕਰੇਗਾ ਕਿ ਫੌਜੀ ਸਿੰਘਾਂ ਦੀਆਂ ਲੋੜਾਂ ਪੰਥ ਦੇ ਵੱਧ ਤੋਂ ਵੱਧ ਧਿਆਨ ਵਿਚ ਰਹਿਣ। ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ 'ਕਿਰਪਾਨ' ਸਿੱਖ ਫੌਜੀਆਂ ਦੀ ਵਰਦੀ ਦਾ ਇਕ ਹਿੱਸਾ ਬਣ ਜਾਵੇ।

5. ਮਹਿਕਮਾ ਡੀਫੈਂਸ ਦੇ ਸਾਬਕਾ ਕਰਮਚਾਰੀਆਂ ਨੂੰ ਸਿਵਲ ਜ਼ਿੰਦਗੀ ਵਿਚ ਮੁੜ ਸ਼ਾਮਲ ਹੋਣ ਲਈ ਬੇਹਤਰ ਹਾਲਾਤ ਪੈਦਾ ਕਰਨੇ ਤੇ ਮਾਕੂਲ ਰਵਾਇਤਾਂ ਅਤੇ ਮੁਨਾਸਬ ਤੁਹੱਫਜ਼ਾਤ ਦਿਵਾਉਣਾ ਅਤੇ ਉਹਨਾਂ ਦੇ ਹੱਕਾਂ ਸਵੈ-ਸਤਿਕਾਰ ਅਤੇ ਸਵੈ-ਅਭਿਮਾਨ ਦੀ ਰਾਖੀ ਲਈ ਉਹਨਾਂ ਨੂੰ ਜਥੇਬੰਦ ਕਰਨਾ ਅਤੇ ਉਹਨਾਂ ਦੀ ਆਪਣੀ ਅਵਾਜ਼ ਨੂੰ ਪੁਰ ਅਸਰ ਬਨਾਉਣ ਲਈ ਯਤਨ ਕਰਨਾ, ਸ਼੍ਰੋਮਣੀ ਅਕਾਲੀ ਦਲ ਆਪਣਾ ਪਰਮ ਕਰਤੱਵ ਸਮਝਦਾ ਹੈ।

6. ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤਰੀ ਜਾਂ ਪੁਰਸ਼ ਲਈ ਜਿਸ

ਨੂੰ ਕਿਸੇ ਇਖ਼ਲਾਕੀ ਜੁਰਮ ਵਿਚ ਅਦਾਲਤ ਵਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ, ਛੋਟੇ ਸ਼ਸਤਰ ਰਿਵਾਲਵਰ, ਬੰਦੂਕ ਅਤੇ ਪਿਸਤੌਲ ਰਾਈਫਲ, ਕਾਰਬਾਈਨ ਤੇ (ਸਮਾਲ ਆਰਮਜ਼) ਆਦਿਕ ਰੱਖਣ ਦੀ ਪੂਰੀ ਖੁੱਲ੍ਹ ਹੋਵੇ ਤੇ ਕੋਈ ਲਾਇਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟਰੇਸ਼ਨ ਕਾਫ਼ੀ ਸਮਝੀ ਜਾਵੇ।

7. ਸ਼੍ਰੋਮਣੀ ਅਕਾਲੀ ਦਲ ਸ਼ਰਾਬ ਤੇ ਹੋਰ ਨਸ਼ਿਆਂ ਦੀ ਮਨਾਹੀ ਚਾਹੁੰਦਾ ਹੈ ਅਤੇ ਪਬਲਿਕ ਥਾਵਾਂ 'ਤੇ ਨਸ਼ਿਆਂ ਦੀ ਵਰਤੋਂ ਤੇ ਤਮਾਕੂ ਪੀਣ ਦੀ ਮਨਾਹੀ ਦਾ ਮੁਦੱਈ ਹੈ ਅਤੇ ਇਸ 'ਤੇ ਪਾਬੰਦੀ ਲਈ ਯਤਨ ਕਰੇਗਾ।

*ਗਿਆਨੀ ਅਜਮੇਰ ਸਿੰਘ*
*ਸਕੱਤਰ, ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ*

ੴ ਵਾਹਿਗੁਰੂ ਜੀ ਕੀ ਫ਼ਤਹ

## ਸ੍ਰੀ ਅਕਾਲ ਜੀ ਸਹਾਇ॥

# ਹੁਕਮਨਾਮਾ

# ਸ੍ਰੀ ਅਕਾਲ ਤਖ਼ਤ ਸਾਹਿਬ

ਦੇਗ ਤੇਗ ਫ਼ਤਹ ਨੁਸਰਤ ਬੇ ਦਰੰਗ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਸਰਬੱਤ ਖਾਲਸਾ ਸੰਸਾਰ ਭਰ ਦੇ ਮਾਈ ਭਾਈ ਦੀ ਕਲਿਆਣ ਸ੍ਰੀ ਗੁਰੂ ਅਕਾਲ ਪੁਰਖ ਦੇ ਹੁਕਮ ਨੂੰ ਸਵੀਕਾਰ ਕਰਨ ਵਿਚ ਹੈ। ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਦਯਾ-ਨਿਧਿ ਹੈ, ਅਤੇ ਉਸ ਦੀ ਰਜ਼ਾ ਵਿਚ ਸਰਬ ਸੁਖ ਦਾਤਾ, ਜਗਤ ਭਰ ਦੇ ਮਨੁੱਖ ਮਾਤਰ ਲਈ ਕਲਿਆਣਕਾਰੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਮਤ ਦਾ ਪਰਕਾਸ਼ ਹੋਇਆ ਹੈ, ਅਤੇ ਖਾਲਸੇ ਦਾ ਬਿਰਦ ਹੈ :

ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥

ਕੁਝ ਸਮੇਂ ਤੋਂ ਸਾਡੇ ਦੇਸ਼ ਵਿਚ ਅਖੌਤੀ 'ਨਿਰੰਕਾਰੀ ਦਿੱਲੀ' ਦੀ ਸੰਗਿਆ ਹੇਠ ਚਲ ਰਹੀ ਲਹਿਰ ਜਿਸ ਦਾ ਮੁਖੀ ਗੁਰਬਚਨ ਸਿੰਘ ਹੈ, ਉਸਦਾ ਨਿਸ਼ਾਨਾ ਧਰਮ ਤੇ ਸਦਾਚਾਰ ਨੂੰ ਵਿਨਾਸ਼ ਕਰਨਾ ਤਾਂ ਹੈ ਹੀ, ਪਰ ਉਹ ਸਿੱਖੀ ਤੇ ਖਾਲਸੇ ਦੇ ਸਿਧਾਂਤਾਂ, ਰਹੁਰੀਤਾਂ ਤੇ ਗੌਰਵ ਉਤੇ ਵਿਸ਼ੇਸ਼ ਕਰਕੇ ਪਰਚੰਡ ਹਮਲੇ ਕਰ ਰਿਹਾ ਹੈ। ਜਿਸ ਦੇ ਪਰਣਾਮ ਕਾਰਨ ਦੇਸ਼ ਵਿਚ ਕਈ ਥਾਵਾਂ ਉਤੇ ਗੰਭੀਰ ਫਸਾਦ ਹੋ ਚੁੱਕੇ ਹਨ, ਅਤੇ ਪਿਛਲੀ ਵਿਸਾਖੀ ੧੩ ਅਪ੍ਰੈਲ ਸੰਨ ੧੯੭੮ ਨੂੰ ਇਸੇ ਕਾਰਨ ਸ੍ਰੀ ਅੰਮ੍ਰਿਤਸਰ ਵਿਚ ਅਨੇਕ ਸਿੰਘ ਧਰਮ ਹੇਤ ਜ਼ਖਮੀ ਤੇ ਸ਼ਹੀਦ ਹੋਏ।

ਧਰਮ ਤੇ ਸਿੱਖੀ ਦੇ ਇਹ ਸ਼ਤਰੂ ਆਪਣੇ ਆਪ ਨੂੰ 'ਸੰਤ ਨਿਰੰਕਾਰੀ' ਕਹਾਉਂਦੇ ਹਨ ਅਤੇ ਇਨ੍ਹਾਂ ਦਾ ਆਗੂ ਗੁਰਬਚਨ ਸਿੰਘ ਈਸ਼ਵਰ ਦਾ ਅਵਤਾਰ ਹੋਣ ਦਾ ਦਾਹਵਾ ਕਰਦਾ ਹੈ। ਇਹ ਸਰੀਰਕ ਤ੍ਰਿਪਤੀਆਂ ਤੇ ਸੁੱਖਾਂ ਨੂੰ ਹੀ ਮਨੁੱਖਾ ਜਨਮ ਦਾ ਮੁਖ ਮੰਤਵ ਸਮਝਦੇ ਹਨ। ਇਹ ਧਰਮ ਦੇ ਉੱਚਤਮ ਸਿਧਾਂਤ ਸ਼ਬਦ ਗੁਰੂ ਤੋਂ ਮੁਨਕਰ ਹੋ ਕੇ ਦੇਹਧਾਰੀ ਮਨੁੱਖਾਂ ਦੀ ਪੂਜਾ ਦਾ ਪਰਚਾਰ ਕਰਦੇ ਹਨ ਅਤੇ ਸਦਾਚਾਰ ਦਾ ਵਿਰੋਧ, ਇਹ ਕਹਿ ਕੇ ਕਰਦੇ ਹਨ ਕਿ ਪਾਪ ਤੇ ਪੁੰਨ ਐਵੇਂ ਮਨੋਕਲਪਤ ਹਨ। ਇਨ੍ਹਾਂ ਦਾ ਇਹ ਪਰਚਾਰ ਸੰਸਾਰ ਭਰ ਦੇ ਧਰਮਾਂ, ਅਤੇ ਸਦਾਚਾਰਕ ਵਿਧਾਨਾਂ ਵਾਸਤੇ ਇਕ ਮਾਰੂ ਹਮਲਾ ਹੈ। ਸਿੱਖ ਪੰਥ ਇਸ ਚੈਲੰਜ ਨੂੰ ਚਣੌਤੀ ਦਿੱਤੇ ਬਿਨਾਂ ਬਚ ਨਹੀਂ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਸਿੱਖ ਮਾਈ ਭਾਈ ਅਤੇ ਹਰ ਇਕ ਪ੍ਰਾਣੀ ਮਾਤਰ ਲਈ ਹੈ ਕਿ ਇਸ ਧਰਮ-ਸ਼ਤਰੂ ਅਤੇ ਮਨੁੱਖ ਮਾਤਰ

ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ, ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿਚ ਵਧਣ ਫੈਲਣ ਨਾ ਦਿੱਤਾ ਜਾਵੇ। ਜੋ ਸਿੱਖ ਇਸ ਦੰਭੀ ਤੇ ਪਖੰਡੀ ਅਖੌਤੀ ਨਿਰੰਕਾਰੀ ਸੰਸਥਾ ਦਾ, ਅੰਗ ਬਣ ਚੁੱਕੇ ਹਨ, ਉਹਨਾਂ ਅਤੇ ਉਹਨਾਂ ਦੇ ਆਗੂ, ਗੁਰਬਚਨ ਸਿੰਘ ਨਾਲ 'ਖਾਲਸਾ ਪੰਥ' ਹਰ ਤਰ੍ਹਾਂ ਦਾ ਮੇਲ ਜੋਲ ਤੇ ਸੰਸਾਰਕ ਸੰਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ।

ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੈ,
ਜੋ ਮੰਨੇਗਾ ਉਸ ਦਾ ਲੋਕ ਪ੍ਰਲੋਕ ਦੋਹੀਂ ਥਾਈਂ ਭਲਾ ਹੋਵੇਗਾ।

ਗੁਰੂ ਕੀ ਆਗਿਆ ਹੈ :
ਪੂਜਾ ਅਕਾਲ ਪੁਰਖ ਕੀ॥
ਪਰਚਾ ਸ਼ਬਦ ਕਾ॥
ਦਰਸ਼ਨ ਖਾਲਸੇ ਕਾ॥

ਮਿਤੀ ੨੮ ਜੇਠ, ਸੰ. ਨਾਨਕਸ਼ਾਹੀ ੫੦੯
੧੦ ਜੂਨ, ੧੯੭੮

ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

# ਰਾਜੀਵ-ਲੌਂਗੋਵਾਲ ਸਮਝੌਤਾ

ਕੇਂਦਰ ਸਰਕਾਰ ਅਤੇ ਅਕਾਲੀਆਂ ਵਿਚਾਲੇ ਹੋਏ ਸਮਝੌਤੇ ਦਾ ਮੂਲ-ਪਾਠ

**1. ਨਿਰਦੋਸ਼ ਮਾਰੇ ਗਏ ਵਿਅਕਤੀਆਂ ਲਈ ਮੁਆਵਜ਼ਾ**

ਅੰਦੋਲਨ ਦੌਰਾਨ ਜਾਂ 1.8.82 ਮਗਰੋਂ ਕਿਸੇ ਕਾਰਵਾਈ ਦੌਰਾਨ ਮਰਨ ਵਾਲੇ ਨਿਰਦੋਸ਼ ਵਿਅਕਤੀਆਂ ਦੇ ਮੁਆਵਜ਼ੇ ਵਜੋਂ ਐਕਸ-ਗਰੇਸ਼ੀਆਂ ਦੇ ਨਾਲ ਨਾਲ ਜਾਇਦਾਦ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਦਿੱਤਾ ਜਾਏਗਾ।

**2. ਫੌਜ ਵਿਚ ਭਰਤੀ**

ਦੇਸ਼ ਦੇ ਹਰ ਨਾਗਰਿਕ ਨੂੰ ਫੌਜ ਵਿਚ ਭਰਤੀ ਹੋਣ ਦਾ ਹੱਕ ਹਾਸਲ ਹੈ ਅਤੇ ਯੋਗਤਾ ਹੀ ਚੋਣ ਦਾ ਆਧਾਰ ਰਹੇਗੀ।

**3. ਨਵੰਬਰ ਦੀਆਂ ਘਟਨਾਵਾਂ ਦੀ ਪੜਤਾਲ**

ਦਿੱਲੀ ਵਿਚ ਹੋਏ ਨਵੰਬਰ ਦੇ ਫਸਾਦਾਂ ਦੀ ਜਾਂਚ ਕਰ ਰਹੇ ਸ੍ਰੀ ਜਸਟਿਸ ਰੰਗਨਾਥਨ ਮਿਸ਼ਰਾ ਕਮਿਸ਼ਨ ਦਾ ਕਾਰਜ ਖੇਤਰ ਵਧਾ ਦਿੱਤਾ ਜਾਵੇਗਾ ਅਤੇ ਉਹ ਬੋਕਾਰੋ ਅਤੇ ਕਾਨ੍ਹਪੁਰ ਦੀ ਗੜਬੜ ਦੀ ਜਾਂਚ ਵੀ ਕਰ ਸਕਣਗੇ।

**4. ਨੌਕਰੀਓਂ ਕੱਢੇ ਫੌਜੀਆਂ ਦਾ ਮੁੜ ਵਸੇਬਾ**

ਫੌਜ ਵਿੱਚੋਂ ਕੱਢੇ ਗਏ ਤਮਾਮ ਫੌਜੀਆਂ ਦੇ ਮੁੜ ਵਸੇਬੇ ਲਈ ਅਤੇ ਉਨ੍ਹਾਂ ਨੂੰ ਲਾਹੇਵੰਦ ਨੌਕਰੀ ਦਿਵਾਉਣ ਲਈ ਯਤਨ ਕੀਤੇ ਜਾਣਗੇ।

**5. ਆਲ ਇੰਡੀਆ ਗੁਰਦਵਾਰਾ ਐਕਟ**

ਭਾਰਤ ਸਰਕਾਰ ਆਲ-ਇੰਡੀਆ ਗੁਰਦਵਾਰਾ ਐਕਟ ਬਣਾਉਣ ਸਬੰਧੀ ਵਿਚਾਰ ਕਰਨ ਲਈ ਸਹਿਮਤ ਹੈ। ਇਸ ਮਕਸਦ ਹਿੱਤ ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਸਬੰਧਤ ਧਿਰਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਅਤੇ ਜਰੂਰੀ ਸੰਵਿਧਾਨਕ ਲੋੜਾਂ ਪੂਰੀਆਂ ਕਰਨ ਉਪਰੰਤ ਬਿੱਲ ਪੇਸ਼ ਕੀਤਾ ਜਾਵੇਗਾ।

***6. ਕੇਸਾਂ ਦਾ ਨਿਪਟਾਰਾ***

6.1 ਪੰਜਾਬ ਵਿਚ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ ਲਾਗੂ ਕਰਨ ਬਾਰੇ ਨੋਟੀਫਿਕੇਸ਼ਨ ਵਾਪਸ ਲੈ ਲਿਆ ਜਾਵੇਗਾ। ਸਥਾਪਤ ਵਿਸ਼ੇਸ਼ ਅਦਾਲਤਾਂ ਕੇਵਲ ਹੇਠਲੀ ਕਿਸਮ ਦੇ ਜੁਰਮਾਂ ਦਾ ਨਿਪਟਾਰਾ ਕਰਨਗੀਆਂ।

(ੳ) ਜੰਗ ਛੇੜਨ ਬਾਰੇ (ਅ) ਹਵਾਈ ਜਹਾਜ਼ ਅਗਵਾ ਕਰਨ ਬਾਰੇ

6.2 ਹੋਰ ਸਾਰੇ ਕੇਸ ਆਮ ਅਦਾਲਤਾਂ ਵਿਚ ਤਬਦੀਲ ਕਰ ਦਿੱਤੇ ਜਾਣਗੇ ਅਤੇ ਇਸ ਮੰਤਵ ਲਈ ਜੋ ਕੋਈ ਕਾਨੂੰਨ ਬਣਾਉਣ ਦੀ ਲੋੜ ਪਈ ਤਾਂ ਪਾਰਲੀਮੈਂਟ ਦੇ ਇਸੇ ਸੈਸ਼ਨ ਵਿਚ ਬਣਾ ਦਿੱਤਾ ਜਾਵੇਗਾ।

**7. ਇਲਾਕਾਈ ਹੱਦਾਂ ਬਾਰੇ**

7.1 ਚੰਡਗੜ੍ਹ ਦਾ ਕੈਪੀਟਲ ਪ੍ਰਾਜੈਕਟ ਏਰੀਆ ਪੰਜਾਬ ਨੂੰ ਮਿਲੇਗਾ। ਕੁੱਝ ਨਾਲ ਲੱਗਦੇ ਲਿਾਕੇ ਜੋ ਪਹਿਲਾਂ ਹਿੰਦੀ ਖੇਤਰ ਜਾਂ ਪੰਜਾਬੀ ਖੇਤਰ ਵਿਚ ਸਨ, ਕੇਂਦਰੀ ਸ਼ਾਸ਼ਤ ਇਲਾਕੇ ਵਿਚ ਸ਼ਾਮਲ ਕਰ ਦਿੱਤੇ ਗਏ ਸਨ। ਕੈਪੀਟਲ ਰੀਜਨ ਪੰਜਾਬ ਵਿਚ ਜਾਣ ਕਰਕੇ ਜਿਹੜੇ ਇਲਾਕੇ ਪੁਰਾਣੇ ਪੰਜਾਬ ਦੇ ਪੰਜਾਬੀ ਖੇਤਰ ਵਿੱਚੋਂ ਲੈ ਕੇ ਕੇਂਦਰੀ ਇਲਾਕੇ ਨਾਲ ਜੋੜੇ ਗਏ ਸਨ ਉਹ ਪੰਜਾਬ ਨੂੰ ਮਿਲ ਜਾਣਗੇ ਅਤੇ ਹਿੰਦੀ ਖੇਤਰ ਦੇ ਇਲਾਕੇ ਹਰਿਆਣੇ

ਨੂੰ। ਸਾਰੀ ਸੁਖਨਾ ਝੀਲ ਚੰਡਗੜ੍ਹ ਦਾ ਹਿੱਸਾ ਬਣੀ ਰਹੇਗੀ 'ਤੇ ਇਵੇਂ ਇਹ ਪੰਜਾਬ ਨੂੰ ਮਿਲੇਗੀ।

7.2 ਸ਼੍ਰੀਮਤੀ ਇੰਦਰਾ ਗਾਂਧੀ ਦਾ ਸਦਾ ਇਹ ਵਿਚਾਰ ਰਿਹਾ ਹੈ ਕਿ ਜਦੋਂ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇਗਾ ਤਾਂ ਪੰਜਾਬ ਵਿੱਚਲੇ ਕੁੱਝ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦਿੱਤੇ ਜਾਣਗੇ। ਚੰਡੀਗੜ੍ਹ ਬਦਲੇ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਵਿਸ਼ੇਸ਼ ਹਿੰਦੀ ਬੋਲਦੇ ਇਲਾਕਿਆਂ ਦਾ ਪਤਾ ਲਾਉਣ ਲਈ ਕਮਿਸ਼ਨ ਬਣਾਇਆ ਜਾਵੇਗਾ।

ਭੂਗੋਲਕ ਨਿਕਟਤਾ ਅਤੇ ਪਿੰਡ ਨੂੰ ਇਕਾਈ ਮੰਨਕੇ ਭਾਸ਼ਾਈ ਸਾਂਝ ਦੇ ਆਧਾਰ 'ਤੇ ਹੀ ਇਸਦਾ ਨਿਰਣਾ ਕੀਤਾ ਜਾਵੇਗਾ। ਕਮਿਸ਼ਨ ਆਪਣਾ ਨਿਰਣਾ 31 ਦਸੰਬਰ 1985 ਤੱਕ ਦੇ ਦੇਵੇਗਾ ਅਤੇ ਦੋਵੇਂ ਧਿਰਾਂ ਇਸ ਨੂੰ ਮੰਨਣ ਲਈ ਪਾਬੰਦ ਹੋਣਗੀਆਂ। ਕਮਿਸ਼ਨ ਦਾ ਕਾਰਜ ਖੇਤਰ ਕੇਵਲ ਇੱਥੋਂ ਤੱਕ ਹੀ ਸੀਮਤ ਹੋਵੇਗਾ ਅਤੇ ਇਹ ਆਮ ਭੂਗੋਲਕ ਹੱਦਾਂ ਸਬੰਧੀ ਦਾਅਵਿਆਂ ਤੋਂ ਵੱਖ ਰਹੇਗਾ, ਜਿਨ੍ਹਾਂ ਦਾ ਫੈਸਲਾ ਕਿ ਦੂਸਰਾ ਕਮਿਸ਼ਨ ਕਰੇਗਾ ਜਿਸਦਾ ਜ਼ਿਕਰ ਪੈਰ੍ਹਾ 7.4 ਵਿਚ ਕੀਤਾ ਗਿਆ ਹੈ।

7.3 ਚੰਡੀਗੜ੍ਹ ਨੂੰ ਅਮਲੀ ਤੌਰ ਤੇ ਪੰਜਾਬ ਹਵਾਲੇ ਅਤੇ ਇਸ ਦੇ ਇਵਜ਼ ਵਿਚ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਇਲਾਕਿਆਂ ਦਾ ਵਟਾਂਦਰਾ 26 ਜਨਵਰੀ, 1986 ਨੂੰ ਇਕੱਠਿਆਂ ਹੀ ਕਰ ਦਿੱਤਾ ਜਾਵੇਗਾ।

7.4 ਮੌਜੂਦਾ ਪੰਜਾਬ ਹਰਿਆਣਾ ਦੀਆਂ ਸਰਹੱਦਾਂ ਵਿਚ ਤਬਦੀਲੀ ਕਰਨ ਬਾਰੇ ਹੋਰ ਦਾਅਵੇ ਅਤੇ ਪ੍ਰਤੀ ਦਾਅਵੇ ਵੀ ਹਨ। ਸਰਕਾਰ ਇਨ੍ਹਾਂ ਮਾਮਲਿਆਂ ਤੇ ਵਿਚਾਰ ਕਰਨ ਲਈ ਕਿ ਹੋਰ ਕਮਿਸ਼ਨ ਗਠਿਤ ਕਰੇਗੀ ਜੋ ਇਨ੍ਹਾਂ ਬਾਰੇ ਨਿਰਣਾ ਦੇਵੇਗਾ। ਦੋਵੇਂ ਧਿਰਾਂ ਇਸ ਨਿਰਣੇ ਨੂੰ ਮੰਨਣ ਲਈ ਪਾਬੰਦ ਹੋਣਗੀਆਂ। ਪਿੰਡ ਨੂੰ ਇਕਾਈ ਮੰਨਣਾ, ਭਾਸ਼ਾਈ ਸਾਂਝ ਅਤੇ ਭੂਗੋਲਕ ਨੇੜਤਾ ਹੀ ਪੜਤਾਲ ਦਾ ਅਸੂਲੀ ਆਧਾਰ ਹੋਣਗੇ।

**8. ਕੇਂਦਰ-ਰਾਜ ਸਬੰਧ**

8.1 ਸ਼੍ਰੋਮਣੀ ਅਕਾਲੀ ਦਲ ਦਾ ਮੱਤ ਹੈ ਕਿ ਅਨੰਦਪੁਰ ਦਾ ਮਤਾ ਪੂਰੀ ਤਰ੍ਹਾਂ ਭਾਰਤੀ ਸੰਵਿਧਾਨ ਦੇ ਦਾਇਰੇ 'ਚ ਆਉਂਦਾ ਹੈ; ਅਤੇ ਇਹ ਕੇਂਦਰ ਰਾਜ ਸਬੰਧਾਂ ਦੀ ਇਸ ਤਰ੍ਹਾਂ ਵਿਆਖਿਆ ਕਰਦਾ ਹੈ ਜਿਸ ਨਾਲ ਸਾਡੇ ਏਕਾਤਮਕ ਸੰਵਿਧਾਨ ਨੂੰ ਸਹੀ ਅਰਥਾਂ ਵਿਚ ਸੰਘੀ ਢਾਂਚਾ ਪ੍ਰਦਾਨ ਕੀਤਾ ਜਾ ਸਕੇ; ਅਤੇ ਮਤੇ ਦਾ ਅਸਲ ਮਨੋਰਥ ਰਾਜਾਂ ਨੂੰ ਵਧੇਰੇ ਖੁਦਮੁਖਤਾਰੀ ਦੇ ਕੇ ਦੇਸ਼ ਦੀ ਏਕਤਾ 'ਤੇ ਅਖੰਡਤਾ ਨੂੰ ਮਜ਼ਬੂਤ ਕਰਨਾ ਹੈ ਕਿਉਂਕਿ ਸਾਡੀ ਕੌਮੀ ਏਕਤਾ ਦਾ ਆਧਾਰ ਅਨੇਕਤਾ ਵਿਚ ਏਕਤਾ ਹੈ।

8.2 ਉਪਰੋਕਤ ਦੇ ਮੱਦੇਨਜ਼ਰ ਅਨੰਦਪੁਰ ਮਤਾ, ਜਿੱਥੋਂ ਤੱਕ ਕਿ ਇਹ ਕੇਂਦਰ-ਰਾਜ ਸਬੰਧਾਂ ਦੀ ਗੱਲ ਕਰਦਾ ਹੈ, ਸਰਕਾਰੀਆਂ ਕਮਿਸ਼ਨ ਨੂੰ ਸੌਂਪਿਆਂ ਜਾਂਦਾ ਹੈ।

**9. ਦਰਿਆਈ ਪਾਣੀਆਂ ਵੰਡ**

9.1 ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨ ਜਿੰਨਾਂ ਪਾਣੀ 1.7.1985 ਨੂੰ ਰਾਵੀ ਬਿਆਸ ਤੋਂ ਵਰਤ ਰਹੇ ਸਨ, ਓਨਾ ਪਾਣੀ ਉਨਾਂ ਨੂੰ ਮਿਲਦਾ ਰਹੇਗਾ। ਖਪਤ ਲਈ ਵਰਤਿਆ ਜਾਂਦਾ ਪਾਣੀ ਵੀ ਜਿਉਂ ਦਾ ਤਿਉਂ ਮਿਲਦਾ ਰਹੇਗਾ। ਵਰਤੋਂ ਦੀ ਮਿਕਦਾਰ ਬਾਰੇ ਕੀਤੇ ਦਾਅਵੇ ਦੀ ਪੜਤਾਲ ਹੇਠਾਂ ਪੈਰ੍ਹਾ 9.2 ਵਿੱਚ ਦੱਸੇ ਟ੍ਰਿਬਿਊਨਲ ਵੱਲੋਂ ਕੀਤੀ ਜਾਵੇਗੀ।

9.2 ਬਾਕੀ ਦੇ ਪਾਣੀ ਬਾਰੇ ਹਰਿਆਣੇ ਅਤੇ ਪੰਜਾਬ ਦੇ ਦਾਅਵਿਆਂ ਨੂੰ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਵਾਲੇ ਟ੍ਰਿਬਿਊਨਲ ਕੋਲ ਅੰਤਮ ਨਿਰਣੇ ਲਈ ਸੌਂਪਿਆਂ ਜਾਵੇਗਾ।

ਇਹ ਟ੍ਰਿਬਿਊਨਲ 6 ਮਹੀਨਿਆਂ ਦੇ ਅੰਦਰ ਅੰਦਰ ਫੈਸਲਾ ਦੇ ਦੇਵੇਗਾ ਜੋ ਦੋਹਾਂ ਧਿਰਾਂ ਲਈ ਮੰਨਣਾ ਲਾਜ਼ਮੀ ਹੋਵੇਗਾ। ਇਸ ਸਬੰਧੀ ਲੋੜੀਂਦੇ ਕਾਨੂੰਨੀ ਅਤੇ ਸੰਵਿਧਾਨਕ ਕਦਮ ਛੇਤੀ ਤੋਂ ਛੇਤੀ ਚੁੱਕੇ ਜਾਣਗੇ।

9.3 ਸਤਲੁਜ ਜਮਨਾ ਲਿੰਕ ਨਹਿਰ ਦੀ ਉਸਾਰੀ ਜਾਰੀ ਰਹੇਗੀ। ਨਹਿਰ 15 ਅਗਸਤ, 1986 ਤੱਕ ਮੁਕੰਮਲ ਕਰ ਦਿੱਤੀ ਜਾਵੇਗੀ।

**10. ਘੱਟ ਗਿਣਤੀਆਂ ਦੇ ਹਿੱਤ**

ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਲਈ ਪਹਿਲਾਂ ਤੋਂ ਮੌਜੂਦ ਹਦਾਇਤਾਂ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਭੇਜੀਆਂ ਜਾਣਗੀਆਂ (ਪ੍ਰਧਾਨ-ਮੰਤਰੀ ਸਾਰੇ ਮੁੱਖ ਮੰਤਰੀਆਂ ਨੂੰ ਲਿਖਣਗੇ।)

**11. ਪੰਜਾਬੀ ਭਾਸ਼ਾ ਦੇ ਵਿਕਾਸ ਸਬੰਧੀ**

ਕੇਂਦਰ ਸਰਕਾਰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੁੱਝ ਕਦਮ ਚੁੱਕ ਸਕਦੀ ਹੈ।

ਇਸ ਸਮਝੌਤੇ ਦੇ ਨਾਲ ਹੀ ਟਕਰਾਅ ਦਾ ਦੌਰ ਖਤਮ ਹੁੰਦਾ ਹੈ ਅਤੇ ਦੋਸਤੀ, ਖੈਰ ਸਗਾਲੀ ਅਤੇ ਸਹਿਯੋਗ ਦਾ ਦੌਰ ਸ਼ੁਰੂ ਹੁੰਦਾ ਹੈ ਜਿਸ ਨਾਲ ਭਾਰਤ ਦੀ ਏਕਤਾ ਤੇ ਅਖੰਡਤਾ ਹੋਰ ਮਜ਼ਬੂਤ ਹੋਵੇਗੀ।

(ਦਸਤਖਤ)
ਰਾਜੀਵ ਗਾਂਧੀ
ਪ੍ਰਧਾਨ ਮੰਤਰੀ,
ਭਾਰਤ।

(ਦਸਤਖਤ)
ਸੰਤ ਹਰਚੰਦ ਸਿੰਘ ਲੌਂਗੋਵਾਲ,
ਪ੍ਰਧਾਨ,
ਸ਼੍ਰੋਮਣੀ ਅਕਾਲੀ ਦਲ।



ਅੱਜ ਤੱਪਦੀ ਭੱਠੀ ਬਣ ਗਈ
ਮੇਰੇ ਵਿਹੜੇ ਦੀ ਹਰ ਇੱਟ
ਜਿੱਥੇ ਦੁਨੀਆ ਮੱਥਾ ਟੇਕਦੀ
ਉਥੇ ਬੂਟਾਂ ਛੱਡੀ ਭਿੱਟ।

ਮੇਰੇ ਬੁਰਜ ਮੁਨਾਰੇ ਢਾਹ ਦਿੱਤੇ
ਢਾਹ ਦਿੱਤਾ ਤਖ਼ਤ ਅਕਾਲ
ਮੇਰੇ ਸੋਨੇ ਰੰਗਾ ਰੰਗ ਅੱਜ
ਮੇਰੇ ਲਹੂ ਨਾਲ ਲਾਲੋ ਲਾਲ ।